ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 27 | 09 July 2021 to 15 July 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਅਫ਼ਗਾਨਿਸਤਾਨ ਤੋਂ ਰਾਤੋ ਰਾਤ-ਗਾਇਬ ਹੋਇਆ ਅਮਰੀਕਾ ਝੱਲ ਰਿਹਾ ਹੈ ਸ਼ਰਮਿੰਦਗੀ

**ਅਫ਼ਗਾਨਿਸਤਾਨ/ਏ.ਟੀ.ਨਿਊਜ਼** : ਲਗਭਗ ਪਿਛਲੇ 20 ਸਾਲਾਂ ਤੋਂ ਅਫ਼ਗਾਨਿਸਤਾਨ ਵਿਚ ਆਪਣੇ ਕਿਲੇ ਬਰਗਾਮ 'ਤੇ ਰਾਜ ਕਰਨ ਵਾਲੇ ਅਮਰੀਕੀ ਸੈਨਿਕ 07 ਜੁਲਾਈ 2021 ਨੂੰ ਲਗਭਗ ਤੜਕੇ ਤਿੰਨ ਵਜੇ ਬਰਗਾਮ ਏਅਰਬੇਸ ਤੋਂ ਚੁੱਪ ਚੁਪੀਤੇ ਨਿਕਲ ਗਏ। ਏਨਾ ਹੀ ਨਹੀਂ ਅਮਰੀਕਾ ਸੈਨਾ ਨੇ ਇਸ ਬਾਰੇ ਅਫ਼ਗਾਨ ਸੁਰੱਖਿਆ ਬਲਾਂ ਨੂੰ ਵੀ ਨਹੀਂ ਦੱਸਿਆ। ਜਾਂਦੇ ਜਾਂਦੇ ਅਮਰੀਕੀ ਸੈਨਿਕ ਆਪਣਾ ਬਹੁਤ ਸਾਰਾ ਫੌਜੀ ਸਾਜੋ ਸਾਮਾਨ ਬਰਗਾਮ ਏਅਰਬੇਸ 'ਤੇ ਛੱਡ ਗਏ। ਅਮਰੀਕੀ ਸੈਨਿਕਾਂ ਵਲੋਂ ਛੱਡਿਆ ਬਹੁਤ ਸਾਰਾ ਫੌਜੀ ਸਾਜੋ ਸਾਮਾਨ ਸਥਾਨਕ ਲੋਕਾਂ ਨੇ ਲੁੱਟ ਲਿਆ। ਸਥਾਨਕ ਲੋਕਾਂ ਵਲੋਂ ਲੁੱਟਿਆ ਇਹ ਸਮਾਨ ਜਨਤਕ ਤੌਰ 'ਤੇ ਵਿਕਣ ਲਈ ਲਾਏ ਦੀਆਂ ਤਸਵੀਰਾਂ ਆਮ ਦਿਖਾਈ ਦੇ ਰਹੀਆਂ ਹਨ। ਇਸੇ ਕਰਕੇ ਅਮਰੀਕਾ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੋ ਨਹੀਂ ਉਸ ਨੂੰ ਇਹ ਵੀ ਡਰ ਸਤਾ ਰਿਹਾ ਹੈ ਕਿ ਅਫ਼ਗਾਨਿਸਤਾਨ ਇਕ ਵਾਰ ਫਿਰ ਗ੍ਰਹਿਯੁੱਧ ਵੱਲ ਵਧ ਰਿਹਾ ਹੈ।

ਤਾਲਿਬਾਨ ਦੇ ਸਾਹਮਣੇ ਅਫ਼ਗਾਨ ਸੁਰੱਖਿਆ ਬਲਾਂ ਵਲੋਂ ਬਿਨਾਂ ਲੜੇ ਗੋਡੇ ਟੇਕਣ ਦੀਆਂ ਤਸਵੀਰਾਂ ਅਤੇ ਬਰਗਾਮ ਏਅਰਪੋਰਟ 'ਤੇ ਜਿਵੇਂ ਦੇ ਹਾਲਾਤ ਹਨ ਦੀਆਂ ਤਸਵੀਰਾਂ ਦੇਖ ਕੇ ਅਮਰੀਕੀ ਸੰਸਦ ਸੁਰੱਖਿਆ ਵਿਸ਼ਲੇਸ਼ਕ ਸਕਤੇ ਵਿਚ ਆ ਗਏ ਹਨ। ਇਹ ਸਾਰਾ ਕੁਝ ਇਸ ਲਈ ਹੋਇਆ ਕਿ ਬਾਈਡਨ ਪ੍ਰਸ਼ਾਸਨ ਨੇ ਅਫ਼ਗਾਨਿਸਤਾਨ ਤੋਂ ਅਮਰੀਕੀ ਫੌਜਾਂ ਦੀ ਵਾਪਸੀ ਵਿਚ ਜ਼ਰੂਰਤ ਤੋਂ ਜ਼ਿਆਦਾ ਤੇਜ਼ੀ



ਦਿਖਾ ਦਿੱਤੀ।

ਅੰਤਰਰਾਸ਼ਟਰੀ ਪੱਧਰ 'ਤੇ ਹੋਈ ਇਸੇ ਸ਼ਰਮਿੰਦਗੀ ਦੇ ਕਾਰਨ ਹੁਣ ਵਾਈਟ ਹਾਊਸ ਨੇ ਅਮਰੀਕੀ ਰੱਖਿਆ ਮੰਤਰਾਲੇ ਪੇਂਟਾਗਨ ਨੂੰ ਸਲਾਹ ਦਿੱਤੀ ਹੈ ਕਿ ਉਹ ਅਮਰੀਕੀ ਫੌਜਾਂ ਦੀ ਅਫ਼ਗਾਨਿਸਤਾਨ ਤੋਂ ਵਾਪਸੀ ਦੀ ਗਤੀ ਧੀਮੀ ਕਰ ਦੇਵੇ। ਪੇਂਟਾਗਨ ਨੇ ਅਫ਼ਗਾਨਿਸਤਾਨ ਵਿਚ ਅਮਰੀਕੀ ਕਮਾਂਡਰ ਜਨਰਲ ਆਸਟਿਨ ਮਿਲਰ ਅਤੇ ਉਨਾਂ ਦੇ ਸੈਂਕੜੇ ਸੈਨਿਕਾਂ ਨੂੰ ਹਾਲੇ ਉਥੇ ਰੁਕੇ ਰਹਿਣ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਫੌਜਾਂ ਅਫ਼ਗਾਨਿਸਤਾਨ ਦੇ ਬਰਗਾਮ ਏਅਰਬੇਸ ਤੋਂ 7 ਜੁਲਾਈ ਨੂੰ ਲਗਭਗ ਤੜਕੇ ਤਿੰਨ ਵਜੇ ਚੁੱਪ ਚੁਪੀਤੇ ਨਿਕਲ ਗਈਆਂ ਸਨ।




## ਕਰਤਾਰਪੁਰ ਸਾਹਿਬ ਲਾਂਘਾ ਨਾ ਖੋਲਣ 'ਤੇ ਕੇਂਦਰ ਤੋਂ ਨਰਾਜ਼ ਨੇ ਜਥੇਦਾਰ ਅਕਾਲ ਤਖਤ



**ਤਲਵੰਡੀ ਸਾਬੋ/ਏ.ਟੀ.ਨਿਊਜ਼** : ਕੋਰੋਨਾ ਕਾਲ ਦੀ ਪਹਿਲੀ ਲਹਿਰ ਦੇ ਸਮੇਂ ਤੋਂ ਬੰਦ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਵੀ ਨਾ ਖੋਲੇ ਜਾਣ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਦੀ ਨੀਅਤ 'ਤੇ ਸ਼ੱਕ ਪ੍ਰਗਟ ਕੀਤਾ ਹੈ। ਦਮਦਮਾ ਸਾਹਿਬ ਵਿਖੇ ਆਪਣੀ ਰਿਹਾਇਸ਼ 'ਤੇ ਗੱਲ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਰੋਨਾ ਦੀ ਪਹਿਲੀ ਲਹਿਰ ਮੌਕੇ ਹੀ ਦੇਸ਼ ਦੇ ਹੋਰਨਾਂ ਧਾਰਮਿਕ ਅਸਥਾਨਾਂ ਵਾਂਗ ਸਿੱਖਾਂ ਲਈ ਅਤਿ ਮਹੱਤਵਪੂਰਨ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਵੀ ਬੰਦ ਕਰ ਦਿੱਤਾ ਗਿਆ ਸੀ, ਪਰ ਪਿਛਲੇ ਸਮੇਂ ਵਿਚ ਕੋਰੋਨਾ ਲਹਿਰ ਦੇ ਮੱਠਾ ਪੈਂਦਿਆਂ ਹੀ, ਜਿੱਥੇ ਦੇਸ਼ ਦੇ ਬਾਕੀ ਧਾਰਮਿਕ ਅਸਥਾਨਾਂ ਨੂੰ ਖੋਲ ਦਿੱਤਾ ਗਿਆ ਤਾਂ ਅਜਿਹੇ ਵਿਚ ਕਰੀਬ ਡੇਢ ਸਾਲ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਕਰਤਾਰਪੁਰ ਸਾਹਿਬ ਲਾਂਘਾ ਨਾ ਖੋਲਣਾ ਦਰਸਾਉਂਦਾ ਹੈ ਕਿ ਕੇਂਦਰ ਸਰਕਾਰ ਦੀ ਨੀਅਤ ਕਿਤੇ ਨਾ ਕਿਤੇ ਸ਼ੱਕੀ ਹੈ। ਉਨਾਂ ਕਿਹਾ ਕਿ ਭਾਰਤ ਸਰਕਾਰ ਜੇ ਸੰਜੀਦਾ ਹੈ ਤਾਂ ਤੁਰੰਤ ਕਰਤਾਰਪੁਰ ਸਾਹਿਬ ਲਾਂਘਾ ਖੋਲਣ ਦਾ ਐਲਾਨ ਕਰੇ।

## ਪੰਜਾਬ ਭਾਜਪਾ 'ਚ ਵੱਡੇ ਧਮਾਕੇ ਹੋਣ ਦੀ ਸੰਭਾਵਨਾ

**✪ ਖੇਤੀ ਕਾਨੂੰਨਾਂ ਖਿਲਾਫ ਸਟੈਂਡ ਤੋਂ ਔਖੇ ਕਈ ਸੀਨੀਅਰ ਲੀਡਰ ✪ ਪਾਰਟੀ ਵਿਚ ਹਿੱਲਜੁਲ ਵਧਣ ਮਗਰੋਂ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਖਤੀ ਦੇ ਦਿੱਤੇ ਸੰਕੇਤ ✪ ਅਨਿਲ ਜੋਸ਼ੀ ਨੂੰ ਭਾਰੀ ਪਿਆ ਕਿਸਾਨਾਂ ਦਾ ਪੱਖ ਪੂਰਨਾ ✪ ਪਾਰਟੀ ਨੇ ਭੇਜਿਆ ਕਾਰਨ ਦੱਸੋ ਨੋਟਿਸ ✪ ਕਿਸਾਨ ਭਾਜਪਾ ਦੀ ਕਰਨ ਲਗੇ ਨਾਕਾਬੰਦੀ**

**ਚੰਡੀਗੜ/ਏ.ਟੀ.ਨਿਊਜ਼** : ਪੰਜਾਬ ਭਾਜਪਾ ਅੰਦਰ ਆਉਣ ਵਾਲੇ ਦਿਨਾਂ ਵਿਚ ਵੱਡਾ ਧਮਾਕਾ ਹੋ ਸਕਦਾ ਹੈ। ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਕਰਕੇ ਬਹੁਤ ਸਾਰੇ ਬੀਜੇਪੀ ਲੀਡਰ ਆਪਣੀ ਹੀ ਪਾਰਟੀ ਦੇ ਸਟੈਂਡ ਤੋਂ ਖਫਾ ਹਨ। ਪਿਛਲੇ ਦਿਨੀਂ ਕਈ ਸੀਨੀਅਰ ਲੀਡਰਾਂ ਨੇ ਬੇਬਾਕ ਹੋ ਕੇ ਬਿਆਨਬਾਜ਼ੀ ਵੀ ਕੀਤੀ ਸੀ। ਪਹਿਲਾਂ ਇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਪਰ ਹਿੱਲਜੁਲ ਵਧਣ ਮਗਰੋਂ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਖਤੀ ਦੇ ਸੰਕੇਤ ਦਿੱਤੇ ਹਨ।

ਇਸ ਤਹਿਤ ਬੀਜੇਪੀ ਨੇ ਆਪਣੇ ਬਾਗ਼ੀ ਆਗੂ ਤੇ ਸਾਬਕਾ ਮੰਤਰੀ ਅਨਿਲ ਜੋਸ਼ੀ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਹੈ। ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜੋਸ਼ੀ ਵੱਲੋਂ ਪਿਛਲੇ ਦਿਨਾਂ ਤੋਂ ਕੀਤੀ ਜਾ ਰਹੀ ਬਿਆਨਬਾਜ਼ੀ ਨੇ ਪਾਰਟੀ ਦਾ ਨੁਕਸਾਨ ਕੀਤਾ ਹੈ। ਇਸ ਲਈ ਉਨਾਂ ਨੂੰ ਦੋ ਦਿਨਾਂ ਦੇ ਅੰਦਰ-ਅੰਦਰ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਗਿਆ ਹੈ। ਉਨਾਂ ਕਿਹਾ ਕਿ ਸਾਬਕਾ ਮੰਤਰੀ ਵੱਲੋਂ ਇੱਕ ਵਾਰੀ ਨਹੀਂ ਬਲਕਿ ਪਾਰਟੀ ਵਿਰੋਧੀ ਬਿਆਨਬਾਜ਼ੀ ਨੂੰ ਦੁਹਰਾਇਆ ਗਿਆ ਹੈ। ਪਾਰਟੀ ਦੇ ਸੂਬਾ ਪ੍ਰਧਾਨ ਵੱਲੋਂ ਕੀਤੀ ਇਸ ਕਾਰਵਾਈ ਨਾਲ ਭਾਜਪਾ ਦਾ ਨਵਾਂ ਅੰਦਰੂਨੀ ਸੰਕਟ ਸ਼ੁਰੂ ਹੋਣ ਦੇ ਆਸਾਰ ਹਨ ਕਿਉਂਕਿ




ਅਨਿਲ ਜੋਸ਼ੀ ਸਮੇਤ ਹੋਰਨਾਂ ਕਈ ਆਗੂਆਂ ਨੇ ਵੀ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਸੂਬਾਈ ਅਤੇ ਕੇਂਦਰੀ ਲੀਡਰਸ਼ਿਪ ਨੂੰ ਸ਼ੀਸ਼ਾ ਦਿਖਾਉਣ ਦੇ ਯਤਨ ਕੀਤੇ ਸਨ। ਸੰਸਦ ਵੱਲੋਂ ਖੇਤੀ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਭਾਜਪਾ ਨੂੰ ਪੰਜਾਬ ਵਿੱਚ ਲਗਾਤਾਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਹੀ ਨਹੀਂ ਕੀਤਾ ਹੋਇਆ ਸਗੋਂ ਭਾਜਪਾ ਨੂੰ ਸਿਆਸੀ ਗਤੀਵਿਧੀਆਂ ਕਰਨੀਆਂ ਵੀ ਦੁੱਭਰ ਹੋਈਆਂ ਪਈਆਂ ਹਨ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹੋਣ ਕਾਰਨ ਭਾਜਪਾ ਦੀ ਸਥਿਤੀ ਬੇਹੱਦ ਨਾਜ਼ੁਕ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਅਨਿਲ ਜੋਸ਼ੀ ਵੱਲੋਂ ਪਿਛਲੇ ਇੱਕ ਮਹੀਨੇ ਦੇ ਵੀ ਵੱਧ ਸਮੇਂ ਤੋਂ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਪਾਰਟੀ ਆਗੂਆਂ ਦੇ ਵਿਵਹਾਰ ਦੀ ਨਿੰਦਾ ਕੀਤੀ ਜਾ ਰਹੀ ਸੀ ਤੇ ਕਿਸਾਨ ਅੰਦੋਲਨ ਦੇ ਹੱਲ ਲਈ ਕਿਸਾਨਾਂ ਦੀ ਗੱਲ ਸੁਣਨ ਦੀ ਵਕਾਲਤ ਕੀਤੀ ਗਈ ਸੀ। ਉਨਾਂ ਇਹ ਵੀ ਕਿਹਾ ਸੀ ਕਿ ਪਾਰਟੀ ਦੀ ਕੌਮੀ ਲੀਡਰਸ਼ਿਪ ਜ਼ਮੀਨੀ ਹਾਲਤ ਸਮਝ ਨਹੀਂ ਰਹੀ। ਉਨਾਂ ਤਾਂ ਇੱਥੋਂ ਤੱਕ ਆਖ ਦਿੱਤਾ ਸੀ ਕਿ ਲੋਕ ਸਾਨੂੰ ਬਾਹਰ ਨਹੀਂ ਨਿਕਲਣ ਦੇ ਰਹੇ ਤੇ ਅਸੀਂ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੇ ਹਾਂ। ਜ਼ਿਕਰਯੋਗ ਹੈ ਕਿ ਭਾਜਪਾ ਦੇ ਇੱਕ ਹੋਰ ਆਗੂ ਕੇ ਡੀ ਭੰਡਾਰੀ ਨੇ ਵੀ ਅਨਿਲ ਜੋਸ਼ੀ ਦੀ ਸੁਰ 'ਚ ਸੁਰ ਮਿਲਾਉਂਦਿਆਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਅੰਦੋਲਨ ਦਾ ਸਾਰਥਕ ਹੱਲ ਕੱਢਣ ਦਾ ਮਸ਼ਵਰਾ ਦਿੱਤਾ ਸੀ। ਸ੍ਰੀ ਜੋਸ਼ੀ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਮੰਤਰੀ ਰਹੇ ਹਨ ਤੇ ਅੰਮ੍ਰਿਤਸਰ ਸ਼ਹਿਰ ਦੇ ਇੱਕ ਹਲਕੇ ਦੀ ਨੁਮਾਇੰਦਗੀ ਕਰਦੇ ਸਨ ਜਦਕਿ ਸ੍ਰੀ ਭੰਡਾਰੀ ਜਲੰਧਰ ਉੱਤਰੀ ਹਲਕੇ ਤੋਂ ਦੋ ਵਾਰ ਵਿਧਾਇਕ ਰਹੇ ਹਨ। ਮੰਨਿਆ ਜਾ ਰਿਹਾ ਹੈ ਪਾਰਟੀ ਦੇ ਸੂਬਾ ਪ੍ਰਧਾਨ ਵੱਲੋਂ ਕੀਤੀ ਇਸ ਕਾਰਵਾਈ ਨਾਲ ਪੰਜਾਬ ਬੀਜੇਪੀ ਦਾ ਨਵਾਂ ਅੰਦਰੂਨੀ ਸੰਕਟ ਸ਼ੁਰੂ ਹੋਣ ਦੇ ਆਸਾਰ ਹਨ। ਅਨਿਲ ਜੋਸ਼ੀ ਸਮੇਤ ਹੋਰਨਾਂ ਕਈ ਆਗੂਆਂ ਨੇ ਵੀ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਸੂਬਾਈ ਤੇ ਕੇਂਦਰੀ ਲੀਡਰਸ਼ਿਪ ਨੂੰ ਸ਼ੀਸ਼ਾ ਦਿਖਾਉਣ ਦੇ ਯਤਨ ਕੀਤੇ ਸਨ।

ਬਾਕੀ ਸਫ਼ਾ 9 'ਤੇ

## ਚਲ ਵਸੇ ਅਦਾਕਾਰ ਦਲੀਪ ਕੁਮਾਰ



**ਮੁੰਬਈ/ਏ.ਟੀ.ਨਿਊਜ਼** : ਉੱਘੇ ਅਦਾਕਾਰ ਦਲੀਪ ਕੁਮਾਰ ਦਾ ਇਥੇ ਦੇਹਾਂਤ ਹੋ ਗਿਆ। ਉਹ 98 ਸਾਲਾਂ ਦੇ ਸਨ। ਸਾਹ ਲੈਣ ਵਿਚ ਤਕਲੀਫ ਕਰ ਕੇ ਉਹ ਪਿਛਲੇ ਕਈ ਦਿਨਾਂ ਤੋਂ ਹਿੰਦੂਜਾ ਹਸਪਤਾਲ ਵਿਚ ਦਾਖਲ ਸਨ। ਉਨਾਂ ਮੁਗਲ-ਏ-ਆਜ਼ਮ, ਗੰਗਾ ਜਮੁਨਾ, ਨਯਾ ਦੌਰ, ਕਰਮਾ, ਸ਼ਕਤੀ ਸਮੇਤ ਕਈ ਫ਼ਿਲਮਾਂ ਵਿਚ ਸ਼ਾਨਦਾਰ ਭੂਮਿਕਾ ਨਿਭਾਈ ਸੀ। ਮਹਾਨ ਅਦਾਕਾਰ ਦਲੀਪ ਕੁਮਾਰ ਦੀ ਮੌਤ ਸਭਿਆਚਾਰ ਜਗਤ ਲਈ ਬਹੁਤ ਵੱਡਾ ਘਾਟਾ ਹੈ।

# ਸਿੱਖ ਭਾਈਚਾਰੇ ਨੇ ਅਮਰੀਕਾ ਦੇ 245ਵੇਂ ਅਜ਼ਾਦੀ ਦਿਹਾੜੇ ਦੇ ਜਸ਼ਨਾਂ ਵਿੱਚ ਕੀਤੀ ਸ਼ਮੂਲੀਅਤ




**ਡੇਟਨ, (ਅਮਰੀਕਾ) /ਏ.ਟੀ.ਨਿਊਜ਼ :** ਅਮਰੀਕਾ ਦੇ ਇਤਿਹਾਸ ਵਿੱਚ 4 ਜੁਲਾਈ ਦਾ ਦਿਨ ਬਹੁਤ ਹੀ ਮਹੱਤਵਪੂਰਨ ਹੈ। ਇਸ ਦਿਨ 1776 ਵਿੱਚ ਅਮਰੀਕਾ ਨੂੰ ਬਰਤਾਨੀਆ ਤੋਂ ਅਜ਼ਾਦੀ ਹਾਸਲ ਹੋਈ ਸੀ ਅਤੇ ਇਸ ਦਿਨ ਨੂੰ ਹਰ ਸਾਲ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰੇਡ ਵੀ ਕੱਢੀ ਜਾਂਦੀ ਹੈ, ਜਿਸ ਵਿੱਚ ਵੱਖ ਵੱਖ ਵਿਭਾਗ, ਵਪਾਰਕ ਅਤੇ ਹੋਰ ਅਦਾਰਿਆਂ ਦੀਆਂ ਝਾਕੀਆਂ ਸਮੇਤ ਵਿੱਦਿਅਕ ਅਦਾਰਿਆਂ ਦੇ ਬੈਂਡ ਭਾਗ ਲੈਂਦੇ ਹਨ।

ਬੀਤੇ ਦਿਨੀਂ ਇਸ ਮੌਕੇ 'ਤੇ ਓਹਾਇਓ ਸੂਬੇ ਵਿੱਚ ਹਵਾਈ ਜਹਾਜ਼ ਦੀ ਜਨਮ ਭੂਮੀ ਵਜੋਂ ਜਾਣੇ ਜਾਂਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਵੀ ਇਸ ਦਿਨ ਦੇ ਜਸ਼ਨਾਂ ਵਿੱਚ ਆਪਣਾ ਯੋਗਦਾਨ ਪਾਇਆ। ਬੀਵਰਕਰੀਕ ਦੀ ਪ੍ਰੇਡ ਵਿੱਚ ਸਿੱਖ ਭਾਈਚਾਰੇ ਨੇ ਵੱਡੀ ਗਿਣਤੀ ਵਿੱਚ ਬਹੁਤ ਹੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਪ੍ਰੇਡ ਦੀ ਸ਼ੁਰੂਆਤ ਬੀਵਰਕਰੀਕ ਪੁਲਿਸ ਅਤੇ ਸਮੰਦਰੀ ਫੌਜ ਵਲੋਂ ਕੀਤੀ ਗਈ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈ ਗਈ ਸਿੱਖ ਝਾਕੀ ਦਾ ਸੜਕਾਂ ਕੰਢੇ ਪ੍ਰਵਾਰ ਸਮੇਤ ਬੈਠੇ ਹਜ਼ਾਰਾਂ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ। ਫਲੋਟ ਉਪਰ ਲਗਾਏ ਬੈਨਰਾਂ ਰਾਹੀਂ ਸਿੱਖਾਂ ਦੀ ਤਰਫੋਂ ਸਭ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹੈਪੀ ਫੋਰਥ ਜੁਲਾਈ, ਹੈਪੀ ਇੰਡੀਪੈਂਨਡੈਂਨਸ ਡੇਅ ਕਹਿ ਕੇ ਸੁਆਗਤ ਕਰ ਰਹੇ ਸਨ।

ਸਿੱਖਾਂ ਦੀ ਨਵੇਕਲੀ ਪਛਾਣ ਵੀ ਪਰੇਡ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ ਅਤੇ ਕਈਆ ਨੇ ਇਸ ਬਾਰੇ ਜਾਣਕਾਈ ਲੈਣ ਵਿਚ ਦਿਲਚਸਪੀ ਦਿਖਾਈ। ਸਿੱਖਾਂ ਬਾਰੇ ਜਾਣਕਾਰੀ ਵਧਾਉਣ ਲਈ ਲਿਟਰੇਚਰ ਵੀ ਵੰਡਿਆ ਗਿਆ। ਅਮਰੀਕਾ ਵਿੱਚ ਨਿਕਲਦੀਆਂ ਪ੍ਰੇਡਾਂ ਵਿਚ ਸਿੱਖ ਭਾਈਚਾਰੇ ਅਤੇ ਸੰਸਥਾਵਾਂ ਨੂੰ ਵੱਖ-ਵੱਖ ਦਿਵਸਾਂ ਨਾਲ ਸਬੰਧਤ ਫਲੋਟ ਤਿਆਰ ਕਰਕੇ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਨਾਲ ਅਮਰੀਕੀ ਲੋਕਾਂ ਨੂੰ ਸਿੱਖਾਂ ਬਾਰੇ ਅਤੇ ਉਨਾਂ ਵਲੋਂ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਵੀ ਜਾਣੂ ਕਰਾਇਆ ਜਾ ਸਕਦਾ ਹੈ।

ਅਮਰੀਕੀ ਝੰਡਿਆਂ ਦਾ ਇੱਥੇ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਹਰ ਅਦਾਰੇ ਅੰਦਰ ਭਾਵੇਂ ਕਿ ਉਹ ਧਾਰਮਿਕ ਸਥਾਨ ਹੀ ਹੋਏ, ਅਮਰੀਕੀ ਝੰਡਾ ਝੂਲਦਾ ਨਜ਼ਰ ਆਵੇਗਾ। ਪ੍ਰੇਡ ਸਮੇਂ ਵੀ ਹਰ ਵਿਅਕਤੀ ਦੇ ਹੱਥ ਵਿੱਚ ਝੰਡਾ ਲਹਿਰਾ ਰਿਹਾ ਸੀ ਅਤੇ ਮੇਲੇ ਵਰਗਾ ਮਾਹੌਲ ਸੀ। ਇਸ ਮੌਕੇ ਏ.ਐਂਡ.ਏ. ਫੋਟੋਗ੍ਰਾਫੀ ਤੋਂ ਸੁਨੀਲ ਮੱਲੀ ਨੇ ਇਨਾਂ ਯਾਦਗਾਰੀ ਪਲਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਨਿਭਾਈ।



# ਭੂਤਾਂ ਕਿਵੇਂ ਵੋਟਾਂ ਪਾ ਗਈਆਂ ਦੇ ਰੌਲੇ ਦਾ ਸੱਚ : ਕਿਸ਼ਤ 5

## (ਸੰਗਤ ਮੈਂਬਰਾਂ ਨੂੰ ਭੂਤਾਂ ਦੱਸ ਕੇ ਕੀਤਾ ਨਿਰਾਦਰ, ਮੌਤਾਂ ਅਸਲ ਵਿੱਚ ਚੋਣਾਂ ਤੋਂ ਬਾਅਦ ਹੋਈਆਂ)

**ਫਰੀਮਾਂਟ/ਏ.ਟੀ.ਨਿਊਜ਼:** ਹਰ ਹਫ਼ਤੇ ਸਿੱਖ ਪੰਚਾਇਤ ਵੱਲੋਂ ਹਰਜੀਤ ਸਿੰਘ ਦੀ ਗਵਾਈ ਵਿੱਚੋਂ ਹਵਾਲੇ ਦੇ ਕੇ ਫਰੀਮਾਂਟ ਦੀ ਸੰਗਤ ਨੂੰ ਇਹ ਜਾਣੂ ਕਰਵਾਇਆ ਜਾਂਦਾ ਹੈ ਕਿ ਬਾਸਾ-ਗੁਰਮੀਤ ਧੜਾ ਖ਼ਾਸ ਕਰ ਹਰਜੀਤ ਨੇ ਸੰਗਤ ਨੂੰ ਕਿਵੇਂ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਰਜੀਤ ਸਿੰਘ ਵਲੋਂ ਕੋਰਟ ਵਿੱਚ ਦਿੱਤੇ ਹਲਫ਼ੀਆ ਬਿਆਨ, ਗਵਾਹੀ ਤੇ ਸੰਗਤ ਨੂੰ ਅਖ਼ਬਾਰਾਂ ਅਤੇ ਸੋਸ਼ਲ ਮੀਡੀਏ ਰਾਹੀਂ ਦਿੱਤੀ ਜਾਣਕਾਰੀ ਬਿਲਕੁਲ ਮੇਲ ਨਹੀਂ ਖਾਂਦੀ।

ਸੰਗਤ ਨੇ ਅਖ਼ਬਾਰਾਂ ਅਤੇ ਸੋਸ਼ਲ ਮੀਡੀਏ ਵਿੱਚ ਦੇਖਿਆ ਹੋਵੇਗਾ ਕਿ ਫਰੀਮਾਂਟ ਦੀਆਂ ਵੋਟਾਂ ਵਿੱਚ ਮਰੇ ਬੰਦੇ ਵੋਟਾਂ ਪਾ ਗਏ। ਐਸ ਪੀ ਨੇ ਮਸਕਰੀ ਕਰਦੇ ਇਸ ਬਾਰੇ ਲਿਖਿਆ ਕਿ 'ਭੂਤਾਂ ਵੋਟਾਂ ਪਾ ਗਈਆਂ', ਫ਼ਿਲਮੀ ਡਾਇਲਾਗ ਮਾਰੇ ਕਿ ਅੱਬ ਤੇਰਾ ਕਿਆ ਹੋਗਾ ਕਾਲੀਆ ਆਦਿ।

ਪਰ ਜਦੋਂ ਕਚਹਿਰੀ ਵਿੱਚ ਗਵਾਈ ਹੋਈ ਤਾਂ ਸਾਡੇ ਵਕੀਲ ਨੇ ਹਰਜੀਤ ਨੂੰ ਪੁੱਛਿਆ ਕਿ ਤੂੰ ਡੀ ਐਮ ਵੀ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਹੈ ਕਿ 9 ਮਰੇ ਹੋਏ ਵਿਅਕਤੀ ਵੋਟ ਪਾ ਗਏ ਹਨ ਤਾਂ ਹਰਜੀਤ ਦਾ ਜੁਆਬ ਸੀ, 'ਹਾਂ'।

ਦੂਜਾ ਸੁਆਲ ਵਕੀਲ ਨੇ ਪੁੱਛਿਆ ਕਿ ਤੈਨੂੰ ਇਹ ਨਹੀਂ ਪਤਾ ਕਿ ਅਸਲ ਵਿੱਚ ਇਨਾਂ ਦੀ ਕਦੋਂ ਮੌਤ ਹੋਈ ਤਾਂ ਇਹਦਾ ਜੁਆਬ ਸੀ ਕਿ ਇਹ ਠੀਕ ਹੈ।

ਤੀਜਾ ਸੁਆਲ ਸੀ ਕਿ ਤੂੰ ਸਮਾਂ ਕੱਢ ਕੇ ਉਨਾਂ ਦੇ ਮਰਨ ਦੀ ਤਾਰੀਖ਼ ਦੇਖੀ ਤਾਂ ਇਹਦਾ ਜੁਆਬ ਸੀ, ਨਹੀਂ, ਮੈਂ ਨਹੀਂ ਦੇਖੀ।

ਇਸ ਤੋਂ ਬਾਅਦ ਸਿੱਖ ਪੰਚਾਇਤ ਦੇ ਭਾਈ ਐਚ ਪੀ ਸਿੰਘ ਨੂੰ ਵਕੀਲ ਵੱਲੋਂ ਇਸ ਮੁੱਦੇ ਬਾਰੇ ਸੁਆਲ ਹੋਏ। ਭਾਈ ਐਚ ਪੀ ਸਿੰਘ ਨੇ ਕੋਰਟ ਨੂੰ ਦੱਸਿਆ ਕਿ ਇਨਾਂ 9 ਵਿਅਕਤੀਆਂ ਦੀ ਮੌਤ ਚੋਣਾਂ ਤੋਂ ਬਾਅਦ ਹੋਈ ਹੈ ਅਤੇ ਅਸੀਂ ਇਸ ਦੀ ਆਪ ਸ਼ਨਾਖ਼ਤ ਕੀਤੀ ਹੈ। ਉਸ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਉਨਾਂ ਵਿੱਚੋਂ ਪੰਜਾਂ ਦੀ ਆਖਰੀ ਅਰਦਾਸ ਵੀ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਹੀ ਹੋਈ ਹੈ।





**Harjeet's Testimony in the Court**

Question: In your summary of the DMV records you pointed out that there were nine deceased voters. Do you recall that?

A. Yes

Q. So as you sit here today, you have no personal knowledge as to when any of those individuals who are identified as deceased actually died. Correct?

A. Yeah, that's correct.

Q. Did you take the time to look up their date of their death?

A. No, I didn't.

**HP Singh's Testimony**

Q. And then lastly, we've got these deceased people. You looked into these people. And give me your explanation briefly on these.

A. I really want to trust this one. If you go to the deceased tab, so these are the nine people which we say they're deceased after elections. Eight of the nine people, we verified they actually passed away after elections.

And what kind of is bothersome is that five of the eight had their last prayer in Sikh temple Fremont.



Sikh Sangat Bay Area

April 13, 2020

Dead People Voting Proof at Fremont Gurdwara Elections

ਜਦੋਂ ਅਕਾਲ ਚਲਣਾ ਕਰ ਗਏ ਵੀ ਵੋਟਾਂ ਪਾ ਜਾਣ ਫੇਰ ਪਤਾ ਲੱਗਦਾ ਹੈ ਕੇ ਸਾਡੀ ਗੁਰਦਵਾਰਿਆਂ ਤੇ ਕਾਬਜ਼ ਹੋਣ ਦੀ ਲਾਲਸਾ ਸਾਨੂੰ ਕਿੱਥੇ ਤੱਕ ਡੇਗ ਸਕਦੀ ਹੈ। Sikh Sangat Bay Area Team will bring to light all the possible frauds which happened on Mar08 Fremont Gurdwara Elections. All the probable challenge votes had been submitted to court per original Court procedure order. This is just a finger of the dead skeletons in the closet. Full skeletons will be exposed in coming days...Stay Tuned...

2 ਕਾਫ਼ਲਾ 08-14 April, 2020

ਭੂਤਾਂ ਦੇ ਸਿਰ 'ਤੇ ਜਿੱਤਣ ਦੀ ਕੋਸ਼ਿਸ਼ ਕਰਨ ਵਾਲੇ ਘੜੰਮ ਚੌਧਰੀਆਂ ਦਾ ਸੱਚ ਜਲਦ ਆਵੇਗਾ ਸਾਹਮਣੇ!

3 ਕਾਫ਼ਲਾ 25 Nov-01 Dec, 2020

ਫਰੀਮਾਂਟ ਚੋਣਾਂ: ਅਬ ਤੇਰਾ ਕਿਆ ਹੋਗਾ ਕਾਲੀਆ!

* ਚੋਣਾਂ 'ਚ ਧਾਂਦਲੀਆਂ ਕਰਨ ਵਾਲਿਆਂ ਦੇ ਚਿਹਰੇ ਡੀ.ਐੱਮ.ਵੀ. ਨੇ ਕੀਤੇ ਨੰਗੇ, ਹੁਣ ਫੈਸਲਾ ਸੰਗਤ ਦੇ ਹੱਥ!

* ਜਾਅਲੀ ਵੋਟਾਂ ਪਾਉਣ ਤੇ ਪਵਾਉਣ ਵਾਲਿਆਂ ਦੇ ਗਲਮੇਂ ਨੂੰ ਪਵੇਗਾ ਕਾਨੂੰਨੀ ਹੱਥ!

---

# ਸਿੱਖ ਸੋਸਾਇਟੀ ਡੇਟਨ ਨੇ ਅਮਰੀਕਾ ਦੇ ਅਜ਼ਾਦੀ ਦਿਵਸ 'ਤੇ ਝੰਡਾ ਲਹਿਰਾਇਆ



**ਡੇਟਨ, ਅਮਰੀਕਾ/ਏ.ਟੀ.ਨਿਊਜ਼:** ਬੀਤੀ 4 ਜੁਲਾਈ ਨੂੰ ਅਮਰੀਕਾ ਦਾ ਅਜ਼ਾਦੀ ਦਿਵਸ ਦੇਸ਼ ਵਿੱਚ ਅਮਰੀਕਨ ਝੰਡੇ ਲਹਿਰਾ ਕੇ ਅਤੇ ਪਰੇਡਾਂ ਕੱਢ ਕੇ ਬਹੁਤ ਹੀ ਜੋਸ਼ ਨਾਲ ਮਨਾਇਆ ਗਿਆ। ਉੱਥੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਵੱਲੋਂ ਵੀ ਗੁਰਦੁਆਰਾ ਸਿੱਖ ਸੋਸਾਇਟੀ ਡੇਟਨ ਦੇ ਮੈਦਾਨ ਵਿੱਚ ਅਮਰੀਕਾ ਦਾ ਝੰਡਾ ਲਹਿਰਾ ਕੇ ਸਲਾਮੀ ਦਿੱਤੀ ਗਈ। ਇਸ ਮੌਕੇ ਡਾ. ਦਰਸ਼ਨ ਸਿੰਘ ਸਹਿਬੀ ਵੱਲੋਂ ਸ਼ਹਿਰ ਦੇ ਪਤਵੰਤੇ ਸੱਜਣ ਅਤੇ ਲੀਡਰ ਸਾਹਿਬਾਨ ਨੂੰ ਸੱਦਾ ਪੱਤਰ ਵੀ ਦਿੱਤਾ ਗਿਆ ਸੀ ਜਿਨਾਂ ਵਿੱਚ ਗਰੀਨ ਕਾਊਂਟੀ ਦੇ ਕਮਿਸ਼ਨਰ ਅਤੇ ਓਹਾਇਓ ਸੂਬੇ ਦੇ ਸਾਬਕਾ ਕੰਗਰਸਮੈਨ ਰਿੱਕ ਪਰੈਲਸ, ਇਸਾਈ ਭਾਈਚਾਰੇ ਤੋਂ ਡਾ. ਪ੍ਰਮੋਦ, ਹਿੰਦੂ ਭਾਈਚਾਰੇ ਤੋਂ ਰਾਕੇਸ਼ ਅਰੋੜਾ, ਅਹਿਮਦੀਆ ਮੁਸਲਿਮ ਕਮਿਊਨਿਟੀ ਦੇ ਮਿਰਜ਼ਾ ਅਹਿਮਦ ਤੇ ਅੱਤਾਹ ਜੀ ਅਤੇ ਡੇਟਨ ਫੋਰਮ ਤੋਂ ਸ਼ਾਰਲੀਨ ਬੇਅਲਸ ਸ਼ਾਮਿਲ ਹੋਏ।

ਇਸ ਮੌਕੇ ਕਮਿਸ਼ਨਰ ਪਰੈਲਸ ਨੇ ਕਿਹਾ ਕਿ ਸਿੱਖਾਂ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿੱਚ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ। ਇਸ ਲਈ ਸਾਨੂੰ ਸਭਨਾਂ ਨੂੰਇਸ ਤੇ ਮਾਣ ਹੈ। ਸਿੱਖਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜਨੀਤੀ, ਫੌਜ ਅਤੇ ਹੋਰਨਾਂ ਖੇਤਰਾਂ ਵਿੱਚ ਅੱਗੇ ਆਉਣਾ ਚਾਹੀਦਾ ਹੈ। ਉਨਾਂ ਨੂੰ ਖ਼ੁਸ਼ੀ ਹੈ ਕਿ ਸਿੱਖ ਹੁਣ ਦਸਤਾਰ ਅਤੇ ਦਾੜ੍ਹੀ ਰੱਖ ਕੇ ਅਮਰੀਕੀ ਫੌਜ ਵਿੱਚ ਸ਼ਾਮਲ ਹੋ ਸਕਦੇ ਹਨ।

ਹੋਰਨਾਂ ਪਤਵੰਤੇ ਲੀਡਰਾਂ ਨੇ ਵੀ ਸਿੱਖ ਭਾਈਚਾਰੇ ਵੱਲੋਂ ਹਰ ਵਰਗ ਦੇ ਨੁਮਾਇੰਦਿਆਂ ਨੂੰ ਆਪਣੇ ਵਿਚਕਾਰ ਬੁਲਾ ਕੇ ਸਨਮਾਨ ਦੇਣ ਲਈ ਸਿੱਖ ਸੰਗਤ ਦਾ ਧੰਨਵਾਦ ਵੀ ਕੀਤਾ। ਸਿੱਖ ਸੋਸਾਇਟੀ ਡੇਟਨ ਤੋਂ ਪਿਆਰਾ ਸਿੰਘ, ਅਵਤਾਰ ਸਿੰਘ ਸਪਰਿੰਗਫੀਲਡ, ਪਰਮਿੰਦਰ ਸਿੰਘ ਬਾਸੀ ਅਤੇ ਲਖਵਿੰਦਰ ਸਿੰਘ ਮੱਟੂ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ।

ਸਿੱਖ ਸੋਸਾਇਟੀ ਡੇਟਨ ਵਲੋਂ ਗੁਰਦੁਆਰਾ ਸਾਹਿਬ ਦੇ ਨਾਲ ਸਥਾਪਿਤ ਕੀਤੀ ਗਈ ਨਵੀਂ ਸੇਵਾ ਕਲੀਨਿਕ ਦਾ ਵੀ ਕਮਿਸ਼ਨਰ ਪਰੈਲਸ ਨੇ ਉਦਘਾਟਨ ਕੀਤਾ। ਆਏ ਮਹਿਮਾਨਾਂ ਨੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਵੀ ਛਕਿਆ। ਅਜ਼ਾਦੀ ਦਿਹਾੜੇ ਤੇ ਸ਼ਾਮ ਨੂੰ ਸਿੱਖ ਭਾਈਚਾਰੇ ਵੱਲੋਂ ਡੇਟਨ ਸ਼ਹਿਰ ਵਿੱਚ ਕੱਢੀ ਜਾ ਰਹੀ ਅਜ਼ਾਦੀ ਦਿਵਸ ਦੀ ਪ੍ਰੇਡ ਵਿੱਚ ਵੀ ਸ਼ਮੂਲੀਅਤ ਕੀਤੀ ਗਈ।




# ਮਿਲਪੀਟਸ ਵਿੱਚ ਸਿੱਖ ਸੈਂਟਰ ਦੀ ਸਥਾਪਨਾ





**ਮਿਲਪੀਟਸ/ਏ.ਟੀ.ਨਿਊਜ਼ :** ਸਿੱਖ ਨੌਜਵਾਨਾਂ ਅਤੇ ਕੌਮੀ ਲੋੜਾਂ ਨੂੰ ਮੁੱਖ ਰੱਖਦੇ ਹੋਏ ਮਿਲਪੀਟਸ ਵਿੱਚ ਸਿੱਖ ਸੈਂਟਰ ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਪੰਜਾਬ ਤੋਂ ਨਵੇਂ ਆਏ ਨੌਜਵਾਨਾਂ ਦੀਆਂ ਜਰੂਰਤਾਂ, ਬੀਬੀਆਂ ਨੂੰ ਸਿੱਖ ਸੰਸਥਾਵਾਂ ਅਤੇ ਪੰਥਕ ਕੰਮਾਂ ਲਈ ਉਤਸਾਹਿਤ ਕਰਨਾ, ਨੌਜਵਾਨਾਂ ਲਈ ਵਿੱਦਿਅਕ ਮਦਦ ਅਤੇ ਸਿੱਖ ਕੌਮ ਨੂੰ ਦਰਵੇਸ ਮੁਸਕਲਾਂ ਅਤੇ ਭਵਿੱਖ ਲਈ ਖਾਲਸਾ ਰਾਜ ਦੀ ਪ੍ਰਾਪਤੀ ਲਈ ਸੈਮੀਨਾਰ ਅਤੇ ਵਰਕਸਾਪਾਂ ਕਰਾਉਣੇ ਹੋਵੇਗਾ। ਸਿੱਖ ਸੈਂਟਰ ਦੀ ਪਹਿਲੀ ਮਿਲਨੀ ਵਿੱਚ ਅਮਰੀਕਾ ਦੀ ਮਸਹੂਰ ਕੰਪਨੀ ਅਲਰਟ ਇੰਟਰਪ੍ਰਾਈਜ ਦੇ ਮਾਲਕ ਭਾਈ ਜਸਬੀਰ ਸਿੰਘ ਗਿੱਲ ਨੇ ਸਿੱਖ ਨੌਜਵਾਨਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਜਿਵੇਂ ਇਤਿਹਾਸ ਵਿੱਚ ਸਿੱਖ ਬਹਾਦਰੀ ਤੇ ਜੰਗਾਂ ਵਿੱਚ ਮੋਹਰੀ ਰਹੇ ਹਨ ਇਸੇ ਤਰਾਂ ਅੱਜ ਦੀ ਜੰਗ ਸਾਈਬਰ ਦੀ ਹੈ ਅਤੇ ਸਾਡੀ ਕੌਮ ਸਿੱਖ ਸਾਈਬਰ ਵਾਰੀਅਰ ( ) ਵਜੋਂ ਉੱਭਰ ਕੇ ਸਾਹਮਣੇ ਆ ਸਕਦੀ ਹੈ। ਉਹਨਾਂ ਨੇ ਪੰਜਾਬ ਅਤੇ ਅਮਰੀਕਾ ਵਿੱਚ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਵੀ ਇਸ ਖੇਤਰ ਵਿੱਚ ਜਾਣ ਦਾ ਇੱਛਕ ਹੈ ਉਹ ਸਿੱਖ ਸੈਂਟਰ ਨਾਲ ਸੰਪਰਕ ਕਰੇ ਤਾਂ ਜੋ ਉਸਨੂੰ ਲੋੜੀਂਦੀ ਪੜ੍ਹਾਈ ਤੇ ਨੌਕਰੀ ਦੇ ਪ੍ਰਬੰਧ ਕਰਵਾਏ ਜਾ ਸਕਣ। ਭਾਈ ਜਸਜੀਤ ਸਿੰਘ ਨੇ ਨੌਜਵਾਨਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਸੈਂਟਰ ਪੰਜਾਬ ਤੋਂ ਆਏ ਨੌਜਵਾਨਾਂ ਲਈ 'ਵੱਡੇ ਭਰਾ-ਵੱਡੇ ਭੈਣ' ਵਾਲਾ ਕੰਮ ਕਰੇਗਾ ਜਿਸ ਵਿੱਚ ਉਹਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਤਾਂ ਜੋ ਉਹ ਤਜੁਰਬਾ ਕਰਨ ਵਿੱਚ ਆਪਣਾ ਸਮਾਂ ਬਰਬਾਦ ਨਾਂ ਕਰਣ। ਨੌਜਵਾਨਾਂ ਵੱਲੋਂ ਰਲ ਕੇ ਅਖੰਡ ਸਾਹਿਬ ਕਰਵਾਏ ਗਏ ਅਤੇ ਉਹਨਾਂ ਵੱਲੋਂ ਕੀਤੀ ਸੇਵਾ ਲਈ ਵੀ ਧੰਨਵਾਦ ਕੀਤਾ ਗਿਆ। ਸੈਂਟਰ ਲਈ ਵਧੇਰੇ ਜਾਣਕਾਰੀ ਲਈ . ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਵੱਲੋਂ ਕਾਬੁਲ ਵਿਚਲਾ ਦੂਤਘਰ ਖਾਲੀ ਕਰਨ ਲਈ ਹੰਗਾਮੀ ਯੋਜਨਾ ਤਿਆਰ

## ਅਫਗਾਨਿਸਤਾਨ ਵਿਚੋਂ ਸੈਨਿਕਾਂ ਦੀ ਵਾਪਸੀ ਉਪਰੰਤ ਤਾਲਿਬਾਨ ਦੇ ਹਮਲੇ ਵਧਣ ਦੀ ਸੰਭਾਵਨਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਏ.ਟੀ.ਨਿਊਜ਼ : ਅਫਗਾਨਿਸਤਾਨ ਵਿਚੋਂ ਅਮਰੀਕੀ ਸੈਨਿਕਾਂ ਦੀ ਵਾਪਸੀ ਤਕਰੀਬਨ ਮੁਕੰਮਲ ਹੋਣ ਦੇ ਨੇੜੇ ਹੈ ਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਅਮਰੀਕੀ ਸੈਨਿਕਾਂ ਦੀ ਵਾਪਸੀ ਤੋਂ ਬਾਅਦ ਅਫਗਾਨਿਸਤਾਨ ਵਿਚ ਹਿੰਸਾ ਵਧ ਜਾਵੇਗੀ ਜਿਸ ਨਾਲ ਨਜਿੱਠਣ ਲਈ ਇਕ ਹੰਗਾਮੀ ਯੋਜਨਾ ਤਿਆਰ ਕੀਤੀ ਗਈ ਹੈ। ਇਹ ਪ੍ਰਗਟਾਵਾ ਅਮਰੀਕੀ ਅਧਿਕਾਰੀਆਂ ਤੇ ਸੂਤਰਾਂ ਨੇ ਕਰਦਿਆਂ ਕਿਹਾ ਹੈ ਕਿ ਅਮਰੀਕੀ ਸੈਨਿਕਾਂ ਦੀ ਮੁਕੰਮਲ ਵਾਪਸੀ ਉਪਰੰਤ ਪੈਦਾ ਹੋਣ ਵਾਲੇ ਹਾਲਾਤ ਦੇ ਮੱਦੇਨਜ਼ਰ ਕਾਬੁਲ ਵਿਚਲੇ ਅਮਰੀਕੀ ਸਫਾਰਤਖਾਨੇ ਨੂੰ ਖਾਲੀ ਕਰਨ ਲਈ ਇਕ ਹੰਗਾਮੀ ਯੋਜਨਾ ਨੂੰ ਪੂਰੀ ਸਰਗਰਮੀ ਨਾਲ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਹਾਲਾਂਕਿ ਵਿਦੇਸ਼ ਵਿਭਾਗ ਵਿਸ਼ਵ ਵਿਆਪੀ ਆਪਣੇ ਦੂਤਘਰਾਂ ਲਈ ਹੰਗਾਮੀ ਯੋਜਨਾ ਦਾ ਨਿਰੰਤਰ ਜਾਇਜ਼ਾ ਲੈਂਦਾ ਰਹਿੰਦਾ ਹੈ ਪ੍ਰੰਤੂ ਕਾਬੁਲ ਵਿਚਲੇ ਦੂਤਘਰ ਲਈ ਹੰਗਾਮੀ ਯੋਜਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਕਿਉਂਕਿ ਅਮਰੀਕੀ ਸੈਨਿਕਾਂ ਦੀ ਵਾਪਸੀ ਕਾਰਨ ਹਾਲਾਤ ਬਦਲ ਸਕਦੇ ਹਨ ਤੇ ਤਾਲਿਬਾਨ ਦੇ ਹਮਲੇ ਵਧ ਸਕਦੇ ਹਨ। ਸੂਤਰਾਂ ਨੇ ਦਸਿਆ ਕਿ ਦੂਤਘਰ ਦੀ ਰਖਿਆ ਲਈ ਅਮਰੀਕੀ ਸੈਨਿਕ ਤਾਇਨਾਤ ਹਨ ਤੇ ਜਮੀਨੀ ਪੱਧਰ ਉਪਰ ਨਿੱਜੀ ਸੁਰੱਖਿਆ ਵੀ ਮੌਜੂਦ ਹੈ। ਇਸ ਤੋਂ ਇਲਾਵਾ ਕਾਬੁਲ ਹਵਾਈ ਅੱਡੇ ਸਮੇਤ ਨਾਲ ਲੱਗਦੇ ਕਤਰ ਵਰਗੇ ਦੇਸ਼ਾਂ ਵਿਚ ਤਾਇਨਾਤ ਅਮਰੀਕੀ ਸੈਨਿਕ ਹੰਗਾਮੀ ਸਥਿਤੀ ਵਿਚ ਮੱਦਦ ਕਰਨ ਲਈ ਤਿਆਰ ਬਰ ਤਿਆਰ ਹਨ। ਸੂਤਰਾਂ ਅਨੁਸਾਰ 'ਹੰਗਾਮੀ ਯੋਜਨਾ ਨੂੰ ਬਗਰਾਮ ਹਵਾਈ ਟਿਕਾਣੇ ਤੋਂ ਸਾਰੇ ਅਮਰੀਕੀ ਫੌਜੀਆਂ ਦੀ ਵਾਪਸੀ ਸੰਕਟ ਵਿਚ ਪਾ



ਰਹੀ ਹੈ ਕਿਉਂਕਿ ਹੁਣ ਵਿਦੇਸ਼ ਵਿਭਾਗ ਇਸ ਫੌਜੀ ਟਿਕਾਣੇ ਉਪਰ ਨਿਰਭਰ ਨਹੀਂ ਕਰ ਸਕਦਾ। ਪਹਿਲਾਂ ਹੀ ਹਵਾਈ ਟਿਕਾਣਿਆਂ ਦੀ ਵਰਤੋਂ ਨਹੀਂ ਹੋ ਰਹੀ ਤੇ ਕਾਬੁਲ ਹਵਾਈ ਅੱਡੇ ਉਪਰ ਵੀ ਸੁਰੱਖਿਆ ਸਬੰਧੀ ਬੇਯਕੀਨੀ ਵਾਲੇ ਹਾਲਾਤ ਹਨ ਤੇ ਹੁਣ ਬਗਰਾਮ ਟਿਕਾਣਾ ਬੰਦ ਹੋਣ ਨਾਲ ਹੰਗਾਮੀ ਯੋਜਨਾ ਬਾਰੇ ਨਾ ਸੋਚਣਾ ਮੂਰਖਾਂ ਵਾਲੀ ਗੱਲ ਹੋਵੇਗੀ।' ਇਕ ਸੀਨੀਅਰ ਅਮਰੀਕੀ ਰਖਿਆ ਅਧਿਕਾਰੀ ਨੇ ਕਿਹਾ ਕਿ ਕਾਬੁਲ ਵਿਚਲਾ ਦੂਤਘਰ ਖਾਲੀ ਕਰਨ ਬਾਰੇ ਯੋਜਨਾ ਜ਼ਮੀਨ ਉਪਰ ਪੈਦਾ ਹੋਣ ਵਾਲੇ ਹਾਲਾਤ ਨੂੰ ਮੁੱਖ ਰਖਦਿਆਂ ਲਾਗੂ ਕੀਤੀ ਜਾਵੇਗੀ ਤੇ ਇਸ ਵਿਚ ਨਿਰੰਤਰ ਤਬਦੀਲੀ ਹੋ ਸਕਦੀ ਹੈ। ਯੋਜਨਾ ਦਾ ਹਰ ਦਿਨ ਦੀਆਂ ਤਬਦੀਲੀਆਂ ਦੇ ਆਧਾਰ 'ਤੇ ਜਾਇਜ਼ਾ ਲਿਆ ਜਾ ਰਿਹਾ ਹੈ।

ਫੋਟੋ ਕੈਪਸ਼ਨ: ਅਫਗਾਨਿਸਤਾਨ ਵਿਚੋਂ ਅਮਰੀਕੀ ਸੈਨਿਕਾਂ ਦੀ ਵਾਪਸੀ ਤਕਰੀਬਨ ਮੁਕੰਮਲ ਹੋਣ ਦੇ ਨੇੜੇ ਹੈ

# ਫਾਈਜ਼ਰ ਜਾਂ ਮੋਡਰਨਾ ਕੋਵਿਡ ਵੈਕਸੀਨ ਦੇ ਦੂਜੇ ਸ਼ਾਟ ਨੂੰ ਨਾ ਭੁੱਲੋ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕੈਲੀਫੋਰਨੀਆ ਦੇ 60% ਲੋਕਾਂ ਨੂੰ ਪੂਰੀ ਤਰਾਂ ਟੀਕਾ ਲਗਾਇਆ ਗਿਆ, ਪਰ ਸਿਰਫ 10 ਪ੍ਰਤੀਸ਼ਤ ਤੋਂ ਵੱਧ ਅੰਸ਼ਕ ਤੌਰ 'ਤੇ ਟੀਕਾ ਲਗਾਇਆ- ਭਾਵ ਕੈਲੀਫੋਰਨੀਆ ਦੇ ਪਬਲਿਕ ਹੈਲਥ ਵਿਭਾਗ ਦੇ ਅੰਕੜਿਆਂ ਅਨੁਸਾਰ, ਉਨਾਂ ਨੇ ਅਜੇ ਤੱਕ ਫਾਈਜ਼ਰ ਜਾਂ ਮੋਡਰਨਾ ਕੋਵਿਡ-19 ਟੀਕਾ ਪ੍ਰਾਪਤ ਨਹੀਂ ਕੀਤਾ ਹੈ। ਡਾਕਟਰ ਕਹਿੰਦੇ ਹਨ ਕਿ ਦੂਜਾ ਸ਼ਾਟ ਲੈਣਾ ਮਹੱਤਵਪੂਰਨ ਹੈ ਕਿਉਂਕਿ ਇਨਾਂ ਟੀਕਿਆਂ ਦੀ ਇਕ ਖੁਰਾਕ ਦੋ ਖੁਰਾਕਾਂ ਦੀ ਪ੍ਰਭਾਵਸ਼ੀਲਤਾ ਪ੍ਰਦਾਨ ਨਹੀਂ ਕਰਦੀ, ਖ਼ਾਸਕਰ ਨਵੇਂ ਰੂਪਾਂ ਦੇ ਵਿਰੁੱਧ।

ਇਨਾਂ ਪ੍ਰਸ਼ਨਾਂ ਵਿੱਚ, ਕੈਲੀਫੋਰਨੀਆ, ਸੈਨ ਫ੍ਰਾਂਸਿਸਕੋ ਵਿੱਚ ਮੈਡੀਸਨ ਵਿਭਾਗ ਦੇ ਚੇਅਰਮੈਨ, ਡਾ. ਰਾਬਰਟ ਵਾਛਟਰ, ਇਸ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ ਕਿ ਇਨਾਂ ਟੀਕਿਆਂ ਦਾ ਦੂਜਾ ਸ਼ਾਟ ਬਿਲਕੁਲ ਜ਼ਰੂਰੀ ਕਿਉਂ ਹੈ, ਖ਼ਾਸਕਰ ਡੈਲਟਾ ਰੂਪ ਦੇ ਤੇਜ਼ੀ ਨਾਲ ਫੈਲਣ ਦੀ ਰੋਸ਼ਨੀ ਵਿੱਚ, ਜਿਸ ਦੀ ਪਹਿਲਾਂ ਪਛਾਣ ਭਾਰਤ ਵਿਚ ਕੀਤੀ ਗਈ।



**ਐਥਨਿਕ ਮੀਡੀਆ ਸੇਵਾਵਾਂ :** ਫਾਈਜ਼ਰ ਜਾਂ ਮੋਡਰਨ ਟੀਕੇ ਦੀ ਜ਼ਰੂਰੀ ਦੂਜੀ ਖੁਰਾਕ ਲੈਣ ਬਾਰੇ ਲੋਕਾਂ ਨੂੰ ਕੀ ਚਿੰਤਾ ਹੈ? ਤੁਸੀਂ ਉਨਾਂ ਚਿੰਤਾਵਾਂ ਨੂੰ ਕਿਵੇਂ ਹੱਲ ਕਰੋਗੇ, ਖ਼ਾਸਕਰ ਕਿਉਂਕਿ ਮਹਾਂਮਾਰੀ ਅਜੇ ਖਤਮ ਨਹੀਂ ਹੋਈ ਹੈ?

ਡਾ. ਰਾਬਰਟ ਵਾਚਟਰ : ਬਹੁਤ ਸਾਰੇ ਲੋਕ ਜੋ ਦੋ-ਸ਼ਾਟ ਟੀਕੇ ਲਗਾ ਰਹੇ ਹਨ ਨੂੰ ਆਪਣੀ ਦੂਜੀ ਸ਼ਾਟ ਮਿਲਦੀ ਹੈ। ਲਗਭਗ 10% ਲੋਕ ਦੂਜਾ ਟੀਕਾ ਨਹੀਂ ਲਗਵਾਉਂਦੇ ਕਿਉਂਕਿ ਉਹ ਲੋਕ ਵਿਸ਼ਵਾਸ ਕਰਦੇ ਹਨ ਕਿ ਉਨਾਂ ਨੂੰ ਖੁਰਾਕ 1 ਤੋਂ ਮਿਲੀ ਸੁਰੱਖਿਆ ਕਾਫ਼ੀ ਹੈ, ਸ਼ਾਇਦ ਉਨਾਂ ਦੀ ਪਹਿਲੀ ਖੁਰਾਕ ਤੋਂ ਬਾਅਦ ਕੁਝ ਲੋਕਾਂ ਉਤੇ ਬੁਰਾ ਪ੍ਰਭਾਵ ਪਿਆ ਹੋਵੇ ਅਤੇ ਕੁਝ ਸ਼ਾਇਦ ਭੁੱਲ ਜਾਣਗੇ ਜਾਂ ਪ੍ਰੇਸ਼ਾਨ ਨਹੀਂ ਹੋ ਸਕਦੇ ਟੀਕਾ ਲਗਵਾਉਣ ਦੇ ਲਈ, ਪਰ ਸਮੱਸਿਆ ਇਹ ਹੈ : ਖ਼ਾਸਕਰ ਡੈਲਟਾ ਵੇਰੀਐਂਟ ਦੇ ਨਾਲ, ਸਾਨੂੰ ਲੋਕਾਂ ਨੂੰ ਉਨਾਂ ਦੇ ਦੂਜੇ ਸ਼ਾਟ ਲੈਣ ਦੀ ਜ਼ਰੂਰਤ ਹੈ।

ਸਿਰਫ ਇਕ ਸ਼ਾਟ ਲੈਣਾ ਇਕ ਬਹੁਤ ਹੀ ਮਾੜੀ ਰਣਨੀਤੀ ਹੈ, ਦੂਜਾ ਸ਼ਾਟ ਵਧੇਰੇ ਮਜ਼ਬੂਤ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ।

**ਈਐਮਐਸ:** ਕੀ ਉਹ ਲੋਕ ਜਿਨਾਂ ਨੂੰ ਬੁਖਾਰ, ਗਲੇ ਵਿੱਚ ਖਰਾਸ਼ ਅਤੇ ਮਾਸਪੇਸ਼ੀ ਦੇ ਦਰਦ ਤੋਂ ਬਾਅਦ ਪਹਿਲੇ ਸ਼ਾਟ ਦੇ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਇਆ ਹੈ, ਨੂੰ ਦੂਜੀ ਖੁਰਾਕ ਲੈਣੀ ਚਾਹੀਦੀ ਹੈ?

**ਬਾਕੀ ਸਫ਼ਾ 30 'ਤੇ**

# ਹੰਗਾਮੀ ਹਾਲਤ ਵਿਚ ਸਮੁੰਦਰ 'ਚ ਉਤਾਰਨਾ ਪਿਆ ਮਾਲ ਜਹਾਜ਼



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇਕ ਮਾਲ ਜਹਾਜ਼ ਬੋਇੰਗ-737 ਨੂੰ ਹੰਗਾਮੀ ਹਾਲਤ ਵਿਚ ਹੋਨੋਲੂਲੂ, ਹਵਾਈ ਦੇ ਤੱਟ ਨੇੜੇ ਪਾਣੀ ਵਿਚ ਉਤਾਰਨਾ ਪਿਆ। ਹੋਨੋਲੂਲੂ ਤੋਂ ਉਡਾਨ ਭਰਨ ਦੇ ਛੇਤੀ ਬਾਅਦ ਪਾਇਲਟ ਨੇ ਟ੍ਰੈਫਿਕ ਕੰਟਰੋਲਰ ਨੂੰ ਦਸਿਆ ਕਿ ਇਕ ਇੰਜਣ ਫੇਲ ਹੋ ਗਿਆ ਹੈ ਤੇ ਉਹ ਹੋਨੋਲੂਲੂ ਦੇ ਹਵਾਈ ਅੱਡੇ ਉਪਰ ਵਾਪਸ ਆਉਣ ਦਾ ਯਤਨ ਕਰ ਰਹੇ ਹਨ। ਫੈਡਰਲ ਐਵੀਏਸ਼ਨ ਪ੍ਰਸ਼ਾਸ਼ਨ ਅਨੁਸਾਰ ਪਾਇਲਟ ਨੂੰ ਮਜ਼ਬੂਰਨ ਜਹਾਜ਼ ਨੂੰ ਸਮੁੰਦਰ ਵਿਚ ਉਤਾਰਨਾ ਪਿਆ। ਪਾਇਲਟ ਨੂੰ ਸ਼ੱਕ ਸੀ ਕਿ ਦੂਸਰਾ ਇੰਜਣ ਵੀ ਫੇਲ ਹੋ ਸਕਦਾ ਹੈ। ਦੋਨਾਂ ਪਾਇਲਟਾਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਹੈ। ਮਾਮਲੇ ਦੀ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਜਾਂਚ ਕਰੇਗਾ।

# ਸ੍ਰੀਨਗਰ ਵਿੱਚ ਵੀ ਡਰੋਨਾਂ 'ਤੇ ਲੱਗੀ ਪਾਬੰਦੀ



**ਸ੍ਰੀਨਗਰ/ਏ.ਟੀ.ਨਿਊਜ਼ :** ਜੰਮੂ ਵਿੱਚ ਹਵਾਈ ਸੈਨਾ ਦੇ ਬੇਸ 'ਤੇ ਡਰੋਨਾਂ ਨਾਲ ਕੀਤੇ ਦਹਿਸ਼ਤੀ ਹਮਲੇ ਤੋਂ ਹਫ਼ਤੇ ਮਗਰੋਂ ਅਥਾਰਿਟੀਜ਼ ਨੇ ਸ੍ਰੀਨਗਰ ਵਿੱਚ ਡਰੋਨਾਂ ਦੀ ਵਿਕਰੀ, ਇਨਾਂ ਨੂੰ ਆਪਣੇ ਕਬਜ਼ੇ ਵਿੱਚ ਰੱਖਣ ਤੇ ਵਰਤੋਂ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਹੈ। ਇਸ ਤੋਂ ਪਹਿਲਾਂ ਜੰਮੂ ਖੇਤਰ 'ਚ ਪੈਂਦੇ ਸਰਹੱਦੀ ਜ਼ਿਲਿਆਂ ਰਾਜੌਰੀ ਤੇ ਕਠੂਆ ਵਿੱਚ ਡਰੋਨਾਂ ਦੀ ਵਰਤੋਂ 'ਤੇ ਪਹਿਲਾਂ ਹੀ ਪਾਬੰਦੀਆਂ ਆਇਦ ਕੀਤੀਆਂ ਜਾ ਚੁੱਕੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Designer: Balbir Singh

Proof Editor: Prabhjot Kaur Online Interview Host: Balraj Pannu Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members. All legal disputes must be handled in the courts of State of Punjab in India.

# ਅਮਰੀਕੀ ਅਰਥ ਵਿਵਸਥਾ ਨੇ ਇਤਿਹਾਸਕ ਪ੍ਰਗਤੀ ਕੀਤੀ : ਜੋ ਬਾਈਡਨ

## ✪ ਕੋਰੋਨਾ ਮਹਾਂਮਾਰੀ ਤੋਂ ਬਾਅਦ ਤੇਜ਼ੀ ਨਾਲ ਉਭਰ ਰਹੀ ਹੈ ਅਰਥ ਵਿਵਸਥਾ
## ✪ ਜੂਨ ਵਿਚ ਸਾਢੇ 8 ਲੱਖ ਨੌਕਰੀਆਂ ਹੋਈਆਂ ਪੈਦਾ




ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਕੋਰੋਨਾ ਮਹਾਂਮਾਰੀ ਤੋਂ ਬਾਅਦ ਉਭਰ ਰਹੀ ਅਰਥਵਿਵਸਥਾ ਬਾਰੇ ਗੱਲ ਕਰਦਿਆਂ ਕਿਹਾ ਕਿ ਜੂਨ ਵਿਚ 8,50,000 ਨੌਕਰੀਆਂ ਪੈਦਾ ਹੋਈਆਂ ਹਨ ਤੇ ਅਮਰੀਕੀ ਅਰਥ ਵਿਵਸਥਾ ਤੇਜੀ ਨਾਲ ਪ੍ਰਗਤੀ ਕਰ ਰਹੀ ਹੈ। ਵਾਇਟ ਹਾਊਸ ਵਿਖੇ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਇਹ ਇਤਿਹਾਸਕ ਪ੍ਰਗਤੀ ਹੈ ਤੇ ਪਿਛਲੇ 100 ਸਾਲਾਂ ਦੇ ਸਮੇਂ ਦੌਰਾਨ ਪਹਿਲੀ ਵਾਰ ਪੈਦਾ ਹੋਏ ਡੂੰਘੇ ਸੰਕਟ ਵਿਚੋਂ ਅਰਥ ਵਿਵਸਥਾ ਨੂੰ ਬਾਹਰ ਕੱਢਣਾ ਕੋਈ ਮਾਮੂਲੀ ਗੱਲ ਨਹੀਂ ਹੈ। ਬਾਈਡਨ ਨੇ ਕਿਹਾ ਕਿ ਅਮਰੀਕੀਆਂ ਦੇ ਟੀਕਾਕਰਨ ਰਿਕਾਰਡ ਪੱਧਰ ਉਪਰ ਹੋਇਆ ਹੈ ਤੇ ਅਸੀਂ ਮਹਾਂਮਾਰੀ ਉਪਰ ਕਾਬੂ ਪਾਉਣ ਵਿੱਚ ਸਫਲ ਹੋਏ ਹਾਂ। ਉਨਾਂ ਕਿਹਾ ਜੂਨ ਵਿਚ ਅਰਥ ਸਾਸ਼ਤਰੀਆਂ ਦੀ ਆਸ ਨਾਲੋਂ ਵੱਧ ਨੌਕਰੀਆਂ ਪੈਦਾ ਹੋਈਆਂ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਕੋਰੋਨਾ ਮਹਾਂਮਾਰੀ ਤੋਂ ਬਾਅਦ ਅਰਥ ਵਿਵਸਥਾ ਉਭਰ ਰਹੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਪਿਛਲੇ ਹਫਤੇ ਬੁਨਿਆਦੀ ਢਾਂਚੇ ਵਿਚ 10 ਖਰਬ ਡਾਲਰ ਦੇ ਨਿਵੇਸ਼ ਦੀ ਤਜਵੀਜ਼ ਬਾਰੇ ਸੈਨੇਟਰਾਂ ਦੇ ਇਕ ਸਮੂਹ ਨਾਲ ਮੇਰੀ ਸਹਿਮਤੀ ਬਣੀ ਹੈ । ਇਸ ਤੋਂ ਇਲਾਵਾ ਸਮਾਜਿਕ ਸੁਰੱਖਿਆ ਦਾ ਦਾਇਰਾ ਹੋਰ ਮੋਕਲਾ ਕਰਨ ਲਈ ਨਿਵੇਸ਼ ਕੀਤਾ ਜਾ ਰਿਹਾ ਹੈ। ਬਾਇਡਨ ਨੇ ਕਿਹਾ ਕਿ 'ਸਾਡੇ ਕੋਲ ਹੁਣ ਆਰਥਿਕ ਪ੍ਰਗਤੀ ਨੂੰ ਹੋਰ ਮਜਬੂਤੀ ਨਾਲ ਅੱਗੇ ਵਧਾਉਣ ਦਾ ਅਵਸਰ ਹੈ। ਹੁਣ ਇਹ ਸਪੱਸ਼ਟ ਹੈ ਕਿ ਅਸੀਂ ਪਟੜੀ ਉਪਰ ਪੈ ਗਏ ਹਾਂ ਤੇ ਸਹੀ ਦਿਸ਼ਾ ਵੱਲ ਅੱਗੇ ਵਧ ਰਹੇ ਹਾਂ। ਸਾਡੀ ਯੋਜਨਾ ਕੰਮ ਕਰ ਰਹੀ ਹੈ ਤੇ ਹੁਣ ਅਸੀਂ ਰੁਕਾਂਗੇ ਨਹੀਂ।' ਰਾਸ਼ਟਰਪਤੀ ਨੇ ਕਿਹਾ 'ਆਰਥਕ ਪੁਨਰ ਸੁਰਜੀਤੀ 'ਬਚਾਅ ਯੋਜਨਾ' ਦਾ ਸਿੱਟਾ ਹੈ। 19 ਖਰਬ ਡਾਲਰਾਂ ਦੇ ਕੋਵਿਡ ਐਮਰਜੈਂਸੀ ਰਾਹਤ ਪੈਕਜ ਨੇ ਇਸ ਨੂੰ ਸੰਭਵ ਬਣਾਇਆ ਹੈ ਜੋ ਰਿਪਬਲੀਕਨਾਂ ਦੇ ਸਮਰਥਨ ਤੋਂ ਬਿਨਾਂ ਕਾਂਗਰਸ ਵੱਲੋਂ ਪਾਸ ਕੀਤਾ ਗਿਆ ਸੀ।' ਉਨਾਂ ਕਿਹਾ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਰਹਿੰਦੇ ਅਮਰੀਕਨਾਂ ਦੇ ਕੋਵਿਡ-19 ਟੀਕਾਕਰਨ ਕਰਨਾ ਹੈ ਤੇ ਹੋਰ ਅਮਰੀਕੀਆਂ ਨੂੰ ਕੰਮ ਉਪਰ ਵਾਪਿਸ ਲਿਆਉਣਾ ਹੈ। ਇਥੇ ਜ਼ਿਕਰਯੋਗ ਹੈ ਕਿ ਨਵੀਆਂ ਨੌਕਰੀਆਂ ਪੈਦਾ ਹੋਣ ਦੇ ਬਾਵਜੂਦ ਬੇਰੁਜ਼ਗਾਰੀ ਦਰ ਘਟਣ ਦੀ ਬਜਾਏ ਵਧੀ ਹੈ। 'ਬਿਊਰੋ ਆਫ ਲੇਬਰ ਸਟੈਟਿਸਟਿਕਸ' ਅਨੁਸਾਰ ਮਈ ਵਿਚ ਬੇਰੁਜ਼ਗਾਰੀ ਦਰ 5.8% ਸੀ ਜੋ ਵਧ ਕੇ 5.9% ਹੋ ਗਈ ਹੈ। ਮਹਿਮਾਨ ਨਿਵਾਜ਼ੀ ਤੇ ਐਸ਼ੋ ਅਰਾਮ ਦੇ ਖੇਤਰ ਵਿਚ ਤੇਜੀ ਨਾਲ ਵਿਕਾਸ ਹੋਇਆ ਹੈ। ਜੂਨ ਵਿਚ ਅੱਧਿਉਂ ਵਧ ਨੌਕਰੀਆਂ ਰੈਸਟੋਰੈਂਟਾਂ ਤੇ ਬਾਰਾਂ ਵਿਚ ਪੈਦਾ ਹੋਈਆਂ ਹਨ।

# ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਨੇ 300 ਅਫਗਾਨੀ ਸਿੱਖ ਪਰਿਵਾਰਾਂ ਦਾ ਮੁੱਦਾ ਚੁੱਕਿਆ



ਨਿਊਜਰਸੀ/ਰਾਜ ਗੋਗਨਾ:-ਅਮਰੀਕੀ ਫ਼ੌਜੀਆਂ ਦੀ ਸਤੰਬਰ ਤੋਂ ਅਫਗਾਨਿਸਤਾਨ ਤੋਂ ਵਾਪਸੀ ਨਾਲ ਜਿੱਥੇ ਤਾਲਿਬਾਨ ਨੇ ਆਪਣੇ ਨਿਯਮਾਂ ਨੂੰ ਮੁੜ ਲਾਗੂ ਕਰਨ ਸ਼ੁਰੂ ਕਰ ਦਿੱਤਾ ਹੈ। ਉੱਥੇ ਰਹਿ ਰਹੇ 300 ਦੇ ਕਰੀਬ ਅਫਗਾਨੀ ਸਿੱਖ ਪਰਿਵਾਰਾਂ ਨੂੰ ਅਲਕਾਇਦਾ ਦੇ ਅੱਤਵਾਦੀਆਂ ਤੋਂ ਉਨਾਂ ਦੀ ਜਾਨ ਦੇ ਖ਼ਤਰੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨਾਂ ਨੇ ਕਿਹਾ ਕਿ ਇਨਾਂ 300 ਦੇ ਕਰੀਬ ਪਰਿਵਾਰਾਂ ਨੇ ਕਿਸੇ ਹੋਰ ਦੇਸ਼ ਵਿੱਚ ਰਿਹਾਇਸ਼ ਦੀ ਮੰਗ ਕੀਤੀ ਹੈ। ਖੜੌਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਸ਼ਟਰਪਤੀ ਜੋਅ ਬਾਈਡਨ ਨੇ ਸਤੰਬਰ 11, 2021 ਤੱਕ ਅਮਰੀਕਾ ਦੀਆਂ ਫ਼ੌਜਾਂ ਨੂੰ ਪੂਰਨ ਤੌਰ 'ਤੇ ਅਫਗਾਨਿਸਤਾਨ ਵਿਚੋਂ ਵਾਪਸ ਬਲਾਉਣ ਦਾ ਜੋ ਫ਼ੈਸਲਾ ਲਿਆ ਹੈ ਉਸ ਦੇ ਮੱਦੇਨਜ਼ਰ ਤਾਲਿਬਾਨ ਨੇ ਅਫਗਾਨਿਸਤਾਨ ਦੇ ਉਨਾਂ ਇਲਾਕਿਆਂ ਵਿੱਚ ਆਪਣੀ ਪਕੜ ਨੂੰ ਮਜ਼ਬੂਤ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਤਰਾਂ ਦਾ ਘਾਤਕ ਹਮਲਾ ਅਫਗਾਨੀ ਸਿੱਖਾਂ 'ਤੇ ਪਿਛਲੇ ਸਾਲ ਵੀ ਹੋ ਚੁੱਕਾ ਹੈ ਜਿਸ ਹਮਲੇ ਵਿੱਚ ਬਹੁਤ ਕੀਮਤੀ ਜਾਨਾਂ ਚਲੀਆਂ ਗਈਆਂ ਸਨ। ਪਿਛਲੇ ਕਈ ਸਾਲਾਂ ਵਿਚ ਸਿੱਖ ਅਤੇ ਹੋਰ ਘੱਟ ਗਿਣਤੀ ਪਰਿਵਾਰਾਂ 'ਤੇ ਜਾਨਲੇਵਾ ਹਮਲੇ ਦੇ ਮੱਦੇਨਜ਼ਰ ਰੱਖਦਿਆਂ ਪਿਛਲੇ ਸਾਲ ਅਮਰੀਕਾ ਦੇ ਕਾਂਗਰਸਮੈਨ ਅਤੇ ਫੈਡਰਲ ਦੇ ਸੈਨੇਟਰਾਂ ਨੇ ਉਸ ਸਮੇਂ ਦੀ ਟਰੰਪ ਸਰਕਾਰ ਨੂੰ ਸੁਚੇਤ ਕੀਤਾ ਸੀ। ਅਮਰੀਕੀ ਫ਼ੌਜ ਦੀ ਵਾਪਸੀ ਦੇ ਨਾਲ ਹੁਣ ਉੱਥੇ ਘੱਟ ਗਿਣਤੀ ਦੀਆਂ ਕੌਮਾਂ 'ਤੇ ਹੋਰ ਹਮਲੇ ਹੋਣ ਦਾ ਖਦਸ਼ਾ ਹੈ। ਇਸ ਨੂੰ ਮੁੱਖ ਰੱਖਦਿਆਂ ਹੋਇਆ ਉਨਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਨੇ ਫੌਰਨ ਰਿਲੇਸ਼ਨ ਦੇ ਲੀਡ ਸੈਨੇਟਰਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਅਫਗਾਨੀ ਸਿੱਖ ਅਤੇ ਘੱਟ ਗਿਣਤੀ ਦੇ ਇਨਾਂ ਪਰਿਵਾਰਾਂ ਨੂੰ ਕਿਸੇ ਹੋਰ ਦੇਸ਼ ਵਿਚ ਰਿਹਾਇਸ਼ ਅਤੇ ਸੁਰੱਖਿਆ ਦੇਣ। ਅਸੀਂ ਉਮੀਦ ਕਰਦੇ ਹਾਂ ਕਿ

ਬਾਕੀ ਸਫ਼ਾ 30 'ਤੇ

# ਕਾਊਂਟਰੀ ਕਲੱਬ ਵਿਚ ਹੋਈ ਗੋਲੀਬਾਰੀ,
## ਗੋਲਫ਼ਰ ਮਾਹਿਰ ਸਮੇਤ 3 ਮੌਤਾਂ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਜਾਰਜੀਆ ਦੇ ਇਕ ਕਾਊਂਟਰੀ ਕਲੱਬ ਵਿਚ ਅਣਪਛਾਤੇ ਬੰਦੂਕਧਾਰੀ ਵੱਲੋਂ ਕੀਤੀ ਗੋਲੀਬਾਰੀ ਵਿਚ 3 ਵਿਅਕਤੀ ਮਾਰੇ ਗਏ ਹਨ ਜਿਨਾਂ ਵਿਚ ਗੋਲਫ਼ਰ ਪ੍ਰੋਫੈਸਰ ਜੈਨ ਸਿਲਰ ਵੀ ਸ਼ਾਮਲ ਹੈ। ਪੁਲਿਸ ਅਨੁਸਾਰ ਹਮਲਾਵਰ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਪੁਲਿਸ ਨੂੰ ਦੁਪਹਿਰ ਬਾਅਦ ਪਾਈਨਟਰੀ ਕਾਊਂਟਰੀ ਕਲੱਬ ਵਿਖੇ ਗੋਲਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜਦੋਂ ਮੌਕੇ ਉਪਰ ਪੁਲਿਸ ਅਧਿਕਾਰੀ ਪੁੱਜੇ ਤਾਂ ਉਨਾਂ ਨੇ 41 ਸਾਲਾ ਕਲੱਬ ਮੁਲਾਜ਼ਮ ਜੈਨ ਸਿਲਰ ਨੂੰ ਜ਼ਖ਼ਮੀ ਹਾਲਤ ਵਿਚ ਪਾਇਆ ਜਿਸ ਦੇ ਸਿਰ ਵਿਚ ਗੋਲੀ ਵੱਜੀ ਸੀ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਸਿਲਰ ਕਲੱਬ ਦਾ ਗੋਲਫ਼ ਡਾਇਰੈਕਟਰ ਸੀ ਤੇ ਦੋ ਬੱਚਿਆਂ ਦਾ ਬਾਪ ਸੀ। ਦੋ ਹੋਰ ਵਿਅਕਤੀ ਗੋਲੀਆਂ ਵੱਜਣ ਕਾਰਨ ਬਿਸਤਰੇ ਉਪਰ ਹੀ ਮ੍ਰਿਤਕ ਪਾਏ ਗਏ ਜਿਨਾਂ ਵਿਚੋਂ ਇਕ ਦੀ ਪਛਾਣ ਟਰੱਕ ਮਾਲਕ ਪਾਲ ਪੀਅਰਸਨ ਵਜੋਂ



ਹੋਈ ਹੈ। ਅਜਿਹਾ ਲੱਗਦਾ ਹੈ ਕਿ ਉਨਾਂ ਨੂੰ ਬਿਸਤਰੇ ਉਪਰ ਹੀ ਗੋਲੀਆਂ ਮਾਰੀਆਂ ਗਈਆਂ ਸਨ। ਕਲੱਬ ਦੇ ਇਕ ਮੈਂਬਰ ਨੇ ਦਸਿਆ ਕਿ ਹਮਲਾਵਰ ਮੈਦਾਨ ਦੀ 10 ਵੀਂ ਖੁੱਤੀ ਨੇੜਿਉਂ ਕਲੱਬ ਵਿਚ ਦਾਖਲ ਹੋਇਆ। ਸਿਲਰ ਇਹ ਵੇਖਣ ਗਿਆ ਸੀ ਕਿ ਬਾਹਰ ਕੀ ਹੋ ਰਿਹਾ ਹੈ ਜਿਸ ਦੌਰਾਨ ਉਹ ਗੋਲੀਆਂ ਵੱਜਣ ਕਾਰਨ ਮਾਰਿਆ ਗਿਆ। ਪਾਈਨਟਰੀ ਕਾਊਂਟਰੀ ਕਲੱਬ ਐਟਲਾਂਟਾ ਦੇ ਉੱਤਰ ਵਿਚ ਤਕਰੀਬਨ 25 ਕਿਲੋਮੀਟਰ ਦੀ ਦੂਰੀ ਉਪਰ ਸਥਿਤ ਹੈ। ਇਹ ਕਲੱਬ ਕੈਨੇਸਾਅ ਸਟੇਟ ਯੂਨੀਵਰਸਿਟੀ ਦੇ ਨਾਲ ਹੈ। ਪੁਲਿਸ ਅਨੁਸਾਰ ਯੂਨੀਵਰਸਿਟੀ ਕੈਂਪਸ ਵਿਚ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ ਹੈ। ਪੀ ਜੀ ਏ ਦੇ ਪ੍ਰਧਾਨ ਜਿਮ ਰਿਚਰਸਨ ਨੇ ਕਿਹਾ ਹੈ ਕਿ ਸਿਲਰ ਦੀ ਮੌਤ ਦੀ ਖਬਰ ਸੁਣ ਕੇ ਬਹੁਤ ਦੁੱਖ ਹੋਇਆ ਹੈ। ਪੁਲਿਸ ਵੱਲੋਂ ਸ਼ੱਕੀ ਦੀ ਭਾਲ ਲਈ ਸੀ ਸੀ ਟੀ ਵੀ ਵੀਡੀਓ ਦੀ ਮੱਦਦ ਲਈ ਜਾ ਰਹੀ ਹੈ। ਪੁਲਿਸ ਨੇ ਨੇੜੇ ਰਹਿੰਦੇ ਲੋਕਾਂ ਨੂੰ ਵੀ ਸ਼ੱਕੀ ਦੀ ਭਾਲ ਵਿੱਚ ਮਦਦ ਕਰਨ ਲਈ ਕਿਹਾ ਹੈ।

# ਫਲੋਰਿਡਾ ਵਿਚ ਡਿੱਗੀ ਇਮਾਰਤ ਦੇ ਮਲਬੇ ਵਿਚੋਂ 4 ਲਾਸ਼ਾਂ ਹੋਰ ਮਿਲੀਆਂ, ਮੌਤਾਂ ਦੀ ਗਿਣਤੀ 28 ਹੋਈ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਫਲੋਰਿਡਾ ਵਿਚ ਸਰਫਸਾਈਡ ਵਿਖੇ ਡਿੱਗੀ ਬਹੁਮੰਜ਼ਿਲੀ ਇਮਾਰਤ ਦੇ ਮਲਬੇ ਵਿਚੋਂ 4 ਹੋਰ ਲਾਸ਼ਾਂ ਮਿਲਣ ਨਾਲ ਇਸ ਘਟਨਾ ਵਿਚ ਮਰਨ ਵਾਲਿਆਂ ਦੀ ਗਿਣਤੀ 28 ਹੋ ਗਈ ਹੈ ਜਦਕਿ ਤਕਰੀਬਨ 100 ਤੋਂ ਵਧ ਲੋਕਾਂ ਦੇ ਅਜੇ ਵੀ ਮਲਬੇ ਵਿਚ ਦੱਬੇ ਹੋਣ ਦੀ ਸ਼ੰਕਾ ਹੈ। ਇਮਾਰਤ ਦਾ ਖੜਾ ਹਿੱਸਾ ਢਾਹੁਣ ਤੋਂ ਬਾਅਦ ਰਾਹਤ ਕਾਰਜ ਮੁੜ ਸ਼ੁਰੂ ਕਰਨ ਦੇ ਕੁਝ ਹੀ ਘੰਟਿਆਂ ਬਾਅਦ 4 ਹੋਰ ਲਾਸ਼ਾਂ ਬਰਾਮਦ ਹੋਈਆਂ। ਮਿਆਮੀ ਡੇਡ ਕਾਊਂਟੀ ਦੇ ਮੇਅਰ ਡੈਨੀਲਾ ਲੇਵਾਈਨ ਕਾਵਾ ਨੇ ਦੱਸਿਆ ਕਿ ਕੁਲ 117 ਵਿਅਕਤੀ ਲਾਪਤਾ ਹਨ। ਉਨਾਂ ਕਿਹਾ ਕਿ ਜਦੋਂ ਤੱਕ ਲਾਪਤਾ ਵਿਅਕਤੀਆਂ ਦਾ ਪਤਾ ਨਹੀਂ ਲਾ ਲਿਆ ਜਾਂਦਾ ਜਾਂ ਲਾਸ਼ਾਂ ਨਹੀਂ ਲੱਭ ਲਈਆਂ ਜਾਂਦੀਆਂ ਰਾਹਤ ਤੇ ਬਚਾਅ ਕਾਰਜ ਜਾਰੀ ਰਹਿਣਗੇ।

## ਮਾਮਲਾ ਗਣਤੰਤਰ ਦਿਵਸ ਹਿੰਸਾ ਦਾ
# ਬੂਟਾ ਸਿੰਘ ਤੇ ਮਨਿੰਦਰ ਸਿੰਘ ਦੀ ਹੋਈ ਜ਼ਮਾਨਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੀ ਅਦਾਲਤ ਨੇ ਇਸ ਸਾਲ ਗਣਤੰਤਰ ਦਿਵਸ 'ਤੇ ਕਿਸਾਨ ਰੋਸ ਰੈਲੀ ਦੌਰਾਨ ਲਾਲ ਕਿਲੇ 'ਤੇ ਹੋਈ ਹਿੰਸਾ ਅਤੇ ਭੰਨ-ਤੋੜ ਵਿਚ ਕਥਿਤ ਤੌਰ 'ਤੇ ਸ਼ਾਮਿਲ ਦੋ ਵਿਅਕਤੀਆਂ ਨੂੰ ਜ਼ਮਾਨਤ ਦੇ ਦਿੱਤੀ ਹੈ। ਵਧੀਕ ਸੈਸ਼ਨ ਜੱਜ ਕਾਮਿਨੀ ਨੇ ਬੂਟਾ ਸਿੰਘ ਤੇ ਮਨਿੰਦਰ ਸਿੰਘ ਨੂੰ 50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਏਨੀ ਹੀ ਰਾਸ਼ੀ ਦੀ ਇਕ ਸਥਾਨਕ ਜ਼ਮਾਨਤ 'ਤੇ ਜ਼ਮਾਨਤ ਦੇ ਦਿੱਤੀ। ਦਿੱਲੀ ਪੁਲਿਸ ਅਨੁਸਾਰ ਗਣਤੰਤਰ ਦਿਵਸ 'ਤੇ ਲਾਲ ਕਿਲੇ 'ਤੇ ਬੂਟਾ ਨੇ ਭੰਨ-ਤੋੜ ਕੀਤੀ ਅਤੇ ਪੁਲਿਸ ਕਰਮੀਆਂ 'ਤੇ ਹਮਲਾ ਕੀਤਾ, ਜਦਕਿ ਮਨਿੰਦਰ ਨੇ ਸਮਾਰਕ ਦੀਆਂ ਦੋ ਤਲਵਾਰਾਂ ਲਈਆਂ ਅਤੇ ਉਸ ਨਾਲ ਡਿਊਟੀ 'ਤੇ ਤੈਨਾਤ ਪੁਲਿਸ ਕਰਮੀਆਂ 'ਤੇ ਹਮਲਾ ਕੀਤਾ। ਜੱਜ ਨੇ ਰਾਹਤ ਦਿੰਦਿਆਂ ਕਿਹਾ ਕਿ ਮਾਮਲੇ ਵਿਚ ਸਰਕਾਰੀ ਪੱਖ ਵਲੋਂ ਪੇਸ਼ ਕੀਤੀਆਂ ਤਸਵੀਰਾਂ ਤੇ ਵੀਡੀਓ ਵਿਚ ਮਨਿੰਦਰ ਦਾ ਚਿਹਰਾ ਸਪੱਸ਼ਟ ਨਹੀਂ ਹੋ ਰਿਹਾ ਹੈ। ਬੂਟਾ ਦੇ ਮਾਮਲੇ ਵਿਚ ਅਦਾਲਤ ਨੇ ਕਿਹਾ ਕਿ ਵੀਡੀਓ ਤੇ ਤਸਵੀਰਾਂ 'ਚ ਕੇਵਲ ਲਾਲ ਕਿਲੇ ਵਿਚ ਉਸ ਦੀ ਮੌਜੂਦਗੀ ਦਿਖਾਈ ਦੇ ਰਹੀ ਹੈ ਪਰ ਕੋਈ ਸਬੂਤ ਨਹੀਂ ਹੈ ਕਿ ਉਹ ਕਿਸੇ ਤਰਾਂ ਦੀ ਹਿੰਸਾ ਜਾਂ ਪੁਲਿਸ ਕਰਮੀਆਂ 'ਤੇ ਹਮਲਾ ਕਰਨ ਵਿਚ ਸ਼ਾਮਿਲ ਸੀ।

# ਭਾਰਤ ਵਿਚ ਹੁਣ ਹੱਡੀਆਂ ਗਲਾਉਣ ਵਾਲੀ ਬੀਮਾਰੀ ਦਾ ਹਮਲਾ
## ਮੁੰਬਈ 'ਚ ਮਿਲੇ 3 ਮਰੀਜ਼



ਮੁੰਬਈ/ਏ.ਟੀ.ਨਿਊਜ਼ : ਬਲੈਕ ਫੰਗਸ ਤੋਂ ਬਾਅਦ ਕੋਰੋਨਾ ਤੋਂ ਠੀਕ ਹੋਏ ਮਰੀਜ਼ਾਂ 'ਚ ਹੁਣ ਅਵੈਸਕੁਲਰ ਨੇਕਰੋਸਿਸ ਭਾਵ ਬੋਨ ਡੈੱਥ ਦੇ ਨਵੇਂ ਮਾਮਲੇ ਦੇਖਣ ਨੂੰ ਮਿਲ ਰਹੇ ਹਨ। ਇਸ ਨਵੀਂ ਬੀਮਾਰੀ 'ਚ ਲੋਕਾਂ ਦੇ ਸਰੀਰ ਦੀਆਂ ਹੱਡੀਆਂ ਗਲ਼ਣ ਲੱਗਦੀਆਂ ਹਨ। ਮੁੰਬਈ 'ਚ ਅਵੈਸਕੁਲਰ ਨੇਕਰੋਸਿਸ ਦੇ 3 ਮਾਮਲੇ ਸਾਹਮਣੇ ਆਏ ਹਨ। 36 ਸਾਲਾਂ ਦੇ ਇਕ ਮਰੀਜ਼ ਨੂੰ ਕੋਰੋਨਾ ਤੋਂ ਠੀਕ ਹੋਣ ਦੇ 67 ਦਿਨ ਬਾਅਦ ਅਵੈਸਕੁਲਰ ਨੇਕਰੋਸਿਸ ਦੀ ਸ਼ਿਕਾਇਤ ਹੋਈ ਜਦਕਿ 2 ਹੋਰਨਾਂ 'ਚ ਕ੍ਰਮਵਾਰ 57 ਤੇ 55 ਦਿਨਾਂ ਬਾਅਦ ਇਸ ਦੇ ਲੱਛਣ ਦਿਖਾਈ ਦਿੱਤੇ। ਇਸ ਨਵੀਂ ਬੀਮਾਰੀ ਨੇ ਡਾਕਟਰਾਂ ਦੀ ਚਿੰਤਾ ਵਧਾ ਦਿੱਤੀ ਹੈ।




### ਕਸ਼ਮੀਰ ਵਿਚ ਦੋ ਸਿੱਖ ਕੁੜੀਆਂ ਦੇ ਅਗਵਾ ਤੇ ਕਥਿਤ ਧਰਮ ਪਰਿਵਰਤਨ ਦਾ ਮਾਮਲਾ

# ਸਿਰਸਾ ਉਪਰ ਲੱਗੇ ਦੋਸ਼ ਕਸ਼ਮੀਰੀ ਸਿੱਖ ਲੜਕੀਆਂ ਦਾ ਮਾਮਲਾ ਵਧਾ ਚੜ੍ਹਾ ਕੇ ਪੇਸ਼ ਕੀਤਾ

## ✪ ਕਸ਼ਮੀਰੀ ਸਿੱਖ ਸਿਰਸੇ ਤੋਂ ਨਿਰਾਸ਼, ਕਿਹਾ ਕਿ ਬੰਦੂਕ ਦੇ ਜ਼ੋਰ ਉਪਰ ਵਿਆਹ ਨਹੀਂ ਹੋਏ ✪ ਦਲ ਖ਼ਾਲਸਾ ਨੇ ਇਸ ਸਮੁੱਚੇ ਮਸਲੇ ਨੂੰ ਨਿੱਜੀ ਤੇ ਸਮਾਜਿਕ ਮਸਲਾ ਦੱਸਿਆ, ਜਿਸ ਦਾ ਸਿਆਸੀਕਰਨ ਨਾ ਹੋਵੇ

**ਜਲੰਧਰ/ਏ.ਟੀ.ਨਿਊਜ਼ :** ਕੁਝ ਦਿਨ ਪਹਿਲਾਂ ਕਸ਼ਮੀਰ ਦੇ ਸਿੱਖ ਭਾਈਚਾਰੇ ਵਿੱਚੋਂ ਕੁਝ ਜਣਿਆਂ ਨੇ ਇਲਜ਼ਾਮ ਲਗਾਇਆ ਕਿ ਉਨਾਂ ਦੇ ਭਾਈਚਾਰੇ ਦੀਆਂ ਦੋ ਕੁੜੀਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ ਹੈ ਅਤੇ ਮੁਸਲਮਾਨਾਂ ਨਾਲ ਵਿਆਹ ਕਰਵਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ। ਸਿੱਖ ਭਾਈਚਾਰੇ ਦੇ ਲੋਕਾਂ ਨੇ ਇਹ ਇਲਜ਼ਾਮ ਇਸ ਲਈ ਲਗਾਏ ਹਨ ਕਿਉਂਕਿ ਪਿਛਲੇ ਹਫ਼ਤੇ ਦੋ ਸਿੱਖ ਕੁੜੀਆਂ ਦੇ ਕਥਿਤ ਧਰਮ ਬਦਲੀ ਕਰਨ ਅਤੇ ਧੱਕੇ ਨਾਲ ਨਿਕਾਹ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਬਾਰੇ ਸਿੱਖਾਂ ਨੇ ਜੰਮੂ-ਕਸ਼ਮੀਰ ਸਮੇਤ ਦਿੱਲੀ ਵਿੱਚ ਵੀ ਰੋਸ ਪ੍ਰਦਰਸ਼ਨ ਕੀਤਾ ਅਤੇ ਨਾਲ ਹੀ ਮੰਗ ਰੱਖੀ ਹੈ ਕਿ ਦੋਵੇਂ ਕੁੜੀਆਂ ਨੂੰ ਉਨਾਂ ਦੇ ਮਾਪਿਆਂ ਨੂੰ ਸੌਂਪ ਦਿੱਤਾ ਜਾਵੇ।

ਮਾਮਲਾ ਦਨਮੀਤ ਕੌਰ ਦਾ

28 ਸਾਲਾ ਦਨਮੀਤ ਕੌਰ ਦੇ ਘਰਵਾਲਿਆਂ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਦਨਮੀਤ ਕੌਰ ਬੀਤੀ 6 ਜੂਨ ਨੂੰ ਆਪਣੇ ਘਰੋਂ ਨਿਕਲੀ ਸੀ ਤੇ ਕੁਝ ਮਿੰਟਾਂ ਬਾਅਦ ਹੀ ਉਸ ਨੇ ਆਪਣੀ ਭੈਣ ਨੂੰ ਫੋਨ ਕਰਕੇ ਕਿਹਾ, 'ਮੈਨੂੰ ਲੱਭਣ ਦੀ ਕੋਸ਼ਿਸ਼ ਨਾ ਕਰਨਾ।'

ਦਨਮੀਤ ਦੇ ਚਾਚਾ ਹਕੂਮਤ ਸਿੰਘ ਦਾ ਕਹਿਣਾ ਹੈ ਕਿ ਇਹ ਗੱਲ ਬੀਤੀ 6 ਜੂਨ ਦੀ ਹੈ। ਦਨਮੀਤ ਸ਼ਾਮ ਵੇਲੇ ਘਰੋਂ ਬਾਹਰ ਗਈ ਤੇ ਆਪਣੀ ਭੈਣ ਨੂੰ ਫੋਨ ਕਰਕੇ ਰੌਂਦਿਆਂ ਹੋਇਆ ਕਿਹਾ ਕਿ ਮੈਨੂੰ ਹੁਣ ਲੱਭਣ ਦੀ ਕੋਸ਼ਿਸ਼ ਨਾ ਕਰਿਓ। ਪਰ ਇਕ ਘੰਟੇ ਦੇ ਅੰਦਰ ਹੀ ਅਸੀਂ ਪੁਲਿਸ ਦੀ ਮਦਦ ਨਾਲ ਦਨਮੀਤ ਨੂੰ ਸ੍ਰੀਨਗਰ ਦੇ ਬਗਾਤ ਇਲਾਕੇ ਵਿੱਚ ਉਸ ਦੇ 'ਪ੍ਰੇਮੀ' ਮੁਜ਼ੱਫ਼ਰ ਸ਼ਾਬਾਨ ਦੇ ਘਰੋਂ ਬਰਾਮਦ ਕਰ ਲਿਆ ਸੀ।'

'ਪੁਲਿਸ ਕੁੜੀ ਨੂੰ ਸ੍ਰੀਨਗਰ ਦੇ ਸਦਰ ਥਾਣੇ ਵਿੱਚ ਲੈ ਗਈ। ਉਸ ਸਮੇਂ ਦਨਮੀਤ ਨੇ ਕਿਹਾ ਸੀ ਕਿ ਮੈਂ ਆਪਣੇ ਮਾਤਾ-ਪਿਤਾ ਨਾਲ ਹੀ ਰਹਾਂਗੀ।'

ਹਕੂਮਤ ਸਿੰਘ ਨੇ ਪੁਲਿਸ 'ਤੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਐੱਸਐੱਚਓ ਦਨਮੀਤ ਨੂੰ ਆਪਣੇ ਨਾਲ ਦਫ਼ਤਰ ਲੈ ਗਏ ਸੀ ਤੇ ਉੱਥੇ ਹੀ ਉਸ ਦਾ 'ਬ੍ਰੇਨਵਾਸ਼' ਕੀਤਾ ਗਿਆ ਹੈ। ਹਕੂਮਤ ਸਿੰਘ ਦੇ ਮੁਤਾਬਕ ਦੋ ਘੰਟਿਆਂ ਬਾਅਦ ਕੁੜੀ ਦੇ ਤੇਵਰ, ਰਵੱਈਆ ਪੂਰੀ ਤਰਾਂ ਨਾਲ ਬਦਲਿਆ ਹੋਇਆ ਸੀ ਤੇ ਉਸ ਨੇ ਕਿਹਾ ਕਿ ਉਹ ਆਪਣੇ ਮਾਤਾ-ਪਿਤਾ ਦੇ ਘਰ ਅਸੁਰੱਖਿਅਤ ਮਹਿਸੂਸ ਕਰਦੀ ਹੈ।




ਦਨਮੀਤ ਦੇ ਚਾਚਾ ਹਕੂਮਤ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਨੇ ਪੂਰੀ ਰਾਤ ਦਨਮੀਤ ਨੂੰ ਮਹਿਲਾ ਥਾਣੇ ਵਿੱਚ ਰੱਖਿਆ ਅਤੇ ਅਗਲੇ ਦਿਨ ਕੁੜੀ ਨੂੰ ਰਿਹਾਅ ਕਰਕੇ ਪਰਿਵਾਰ ਦੇ ਹਵਾਲੇ ਕਰ ਦਿੱਤਾ।

ਦਨਮੀਤ ਦੇ ਪਰਿਵਾਰਕ ਮੈਂਬਰ ਲਗਭਗ ਚਾਰ ਦਿਨਾਂ ਬਾਅਦ ਉਸ ਨੂੰ ਜੰਮੂ ਲੈ ਗਏ ਅਤੇ ਕੁਝ ਦਿਨਾਂ ਬਾਅਦ ਉਹ ਦਨਮੀਤ ਨੂੰ ਵਾਪਸ ਸ੍ਰੀਨਗਰ ਲੈ ਕੇ ਆਏ। ਦਨਮੀਤ ਨੇ ਕੁਝ ਦਿਨਾਂ ਬਾਅਦ ਕਿਹਾ ਕਿ ਮੈਂ ਅੰਮ੍ਰਿਤਸਰ ਸਥਿਤ ਹਰਿਮੰਦਰ ਸਾਹਿਬ ਜਾਣਾ ਚਾਹੁੰਦੀ ਹਾਂ। ਦਨਮੀਤ ਦੀ ਇਸ ਇੱਛਾ ਨੂੰ ਪੂਰਾ ਕਰਨ ਲਈ ਉਸ ਦੇ ਮਾਪੇ ਉਸ ਨੂੰ ਹਰਿਮੰਦਰ ਸਾਹਿਬ ਲੈ ਗਏ ਅਤੇ ਕੁਝ ਦਿਨਾਂ ਬਾਅਦ ਜੰਮੂ ਵਾਪਸ ਲੈ ਕੇ ਆਏ ਸਨ।

ਜੰਮੂ ਵਾਪਸ ਪਰਤਣ ਤੋਂ ਬਾਅਦ, ਪੁਲਿਸ ਦੀ ਇਕ ਟੀਮ ਰਾਤ ਦੇ ਦੋ ਵਜੇ ਦਨਮੀਤ ਦੇ ਘਰ ਜੰਮੂ ਜਾਨੀਪੁਰਾ ਇਲਾਕੇ ਵਿੱਚ ਪਹੁੰਚੀ ਅਤੇ ਪਹੁ ਫੁੱਟਦੇ ਹੀ ਪੁਲਿਸ ਦੇ ਘੱਟੋ-ਘੱਟ 20 ਮੁਲਾਜ਼ਮ ਘਰ ਦੇ ਅੰਦਰ ਆ ਵੜੇ ਅਤੇ ਕੁੜੀ ਨੂੰ ਜ਼ਬਰਦਸਤੀ ਗੱਡੀ ਵਿੱਚ ਬਿਠਾ ਕੇ ਸ੍ਰੀਨਗਰ ਲੈ ਗਏ ਅਤੇ ਫਿਰ ਸ੍ਰੀਨਗਰ ਦੀ ਇਕ ਹੇਠਲੀ ਅਦਾਲਤ ਵਿੱਚ ਪੇਸ਼ ਕੀਤਾ।

ਦਨਮੀਤ ਦੇ ਵੱਡੇ ਚਾਚਾ ਹਰਭਜਨ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਮੁਜ਼ੱਫ਼ਰ ਸ਼ਾਬਾਨ (ਜਿਸ ਨਾਲ ਕਿ ਦਨਮੀਤ ਨੇ ਵਿਆਹ ਕਰਵਾਉਣ ਦਾ ਦਾਅਵਾ ਕੀਤਾ ਹੈ) ਨੂੰ ਵੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮੁਜ਼ੱਫ਼ਰ ਦੇ ਨਾਲ ਉਸ ਦੇ ਪਰਿਵਾਰ ਦੇ ਕਈ ਲੋਕ ਵੀ ਅਦਾਲਤ ਵਿਚ ਮੌਜੂਦ ਸਨ, ਪਰ ਦਨਮੀਤ ਦੇ ਪਰਿਵਾਰਕ ਮੈਂਬਰਾਂ ਨੂੰ ਅਦਾਲਤ ਦੇ ਅੰਦਰ ਹੀ ਨਹੀਂ ਜਾਣ ਦਿੱਤਾ ਗਿਆ।

ਹਰਭਜਨ ਸਿੰਘ ਦੱਸਦੇ ਹਨ, 'ਸਾਨੂੰ ਨਹੀਂ ਪਤਾ ਕਿ ਅਦਾਲਤ ਦੇ ਅੰਦਰ ਜੱਜ ਨੇ ਕੀ ਫ਼ੈਸਲਾ ਸੁਣਾਇਆ। ਅਦਾਲਤ ਦੇ ਅੰਦਰ ਹੀ ਦਨਮੀਤ ਨੂੰ ਮੁਜ਼ੱਫ਼ਰ ਦੇ ਹਵਾਲੇ ਕਰ ਦਿੱਤਾ ਗਿਆ ਤੇ ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਨਾਂ ਦੋਵਾਂ ਨੂੰ ਕਿਸ ਦਰਵਾਜ਼ੇ ਰਾਹੀਂ ਅਦਾਲਤ ਵਿੱਚੋਂ ਬਾਹਰ ਕੱਢਿਆ ਗਿਆ।'

ਕੁਝ ਦਿਨ ਪਹਿਲਾਂ ਦਨਮੀਤ ਦਾ ਇੱਕ ਵੀਡੀਓ ਵਾਇਰਲ ਹੋਇਆ ਸੀ ਕਿ ਅੱਜ ਕੱਲ ਜਿਨਾਂ ਦੋ ਸਿੱਖ ਕੁੜੀਆਂ ਦੇ ਕਥਿਤ ਜ਼ਬਰਦਸਤੀ ਧਰਮ ਬਦਲਣ ਤੇ ਜਬਰਨ ਵਿਆਹ ਦੀ ਗੱਲ ਸੋਸ਼ਲ ਮੀਡੀਆ ਉੱਤੇ ਹੋ ਰਹੀ ਹੈ, ਉਨਾਂ ਵਿੱਚੋਂ ਇੱਕ ਉਹ ਖ਼ੁਦ ਹੈ।ਉਸ ਨੇ ਅੱਗੇ ਕਿਹਾ ਕਿ ਜ਼ਬਰਦਸਤੀ ਵਿਆਹ ਅਤੇ ਇਸਲਾਮ ਕਬੂਲ ਕਰਨ ਦੀ ਗੱਲ ਬਿਲਕੁਲ ਝੂਠ ਹੈ।

ਉਸ ਦਾ ਦਾਅਵਾ ਹੈ ਕਿ ਉਸ ਨੇ ਸਾਲ 2012 ਵਿਚ ਇਸਲਾਮ ਕਬੂਲ ਕੀਤਾ ਸੀ ਤੇ ਸਾਲ 2014 ਵਿਚ ਉਸ ਨੇ ਆਪਣੇ ਸਹਿਪਾਠੀ ਮੁਜ਼ੱਫ਼ਰ ਨਾਲ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਸੀ ਅਤੇ ਉਨਾਂ ਅਨੁਸਾਰ ਉਨਾਂ ਕੋਲ ਇਨਾਂ ਸਾਰੇ ਦਾਅਵਿਆਂ ਦੇ ਦਸਤਾਵੇਜ਼ੀ ਸਬੂਤ ਵੀ ਹਨ। ਇਸ ਵੀਡੀਓ ਵਿੱਚ ਦਨਮੀਤ ਕੌਰ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਉਸ ਨੇ ਇਸੇ ਸਾਲ 6 ਜੂਨ ਨੂੰ ਆਪਣਾ ਘਰ ਛੱਡਿਆ ਸੀ ਅਤੇ ਆਪਣੇ ਘਰ ਵਾਲਿਆਂ ਨੂੰ ਫੋਨ ਕਰਕੇ ਕਹਿ ਦਿੱਤਾ ਸੀ ਕਿ ਉਹ ਉਸ ਦੀ ਭਾਲ ਨਾ ਕਰਨ ਕਿਉਂਕਿ ਉਹ ਆਪਣੀ ਮਰਜ਼ੀ ਨਾਲ ਘਰੋਂ ਗਈ ਹੈ। ਦਨਮੀਤ ਨੇ ਵੀਡੀਓ ਵਿੱਚ ਦਾਅਵਾ ਕੀਤਾ ਹੈ ਕਿ ਉਸ ਦੇ ਫੋਨ ਕਰਨ ਤੋਂ ਬਾਅਦ ਦੋ ਘੰਟਿਆਂ ਦੇ ਅੰਦਰ ਹੀ ਪੁਲਿਸ ਨੇ ਉਸ ਨੂੰ ਫੜ ਲਿਆ ਸੀ ਅਤੇ ਮਾਤਾ-ਪਿਤਾ ਦੇ ਹਵਾਲੇ ਕਰ ਦਿੱਤਾ ਸੀ। ਉਸ ਨੇ ਵੀਡੀਓ ਵਿੱਚ ਇਲਜ਼ਾਮ ਲਗਾਇਆ ਹੈ ਕਿ ਉਸ ਦੇ ਮਾਪੇ ਪਹਿਲਾਂ ਉਸ ਨੂੰ ਜੰਮੂ ਅਤੇ ਫਿਰ ਪੰਜਾਬ ਲੈ ਗਏ ਸਨ, ਜਿੱਥੇ ਉਸ ਨੂੰ ਕਈ ਸੰਗਠਨਾਂ ਦੇ ਨਾਲ ਮਿਲਾਇਆ ਗਿਆ ਅਤੇ ਉਸ ਦਾ 'ਬ੍ਰੇਨਵਾਸ਼' ਕਰਨ ਦਾ ਯਤਨ ਕੀਤਾ ਗਿਆ।

ਦਨਮੀਤ ਵੀਡੀਓ ਵਿੱਚ ਇਹ ਵੀ ਕਹਿੰਦੀ ਹੈ ਕਿ ਉਸ ਤੋਂ ਜ਼ਬਰਦਸਤੀ ਆਪਣੇ ਕਾਨੂੰਨੀ ਪਤੀ ਖ਼ਿਲਾਫ਼ ਵੀਡੀਓ ਬਿਆਨ ਜਾਰੀ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ, ਪਰ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।ਉਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਇਸ ਮਾਮਲੇ ਨੂੰ ਸਿਆਸੀ ਰੰਗ ਨਾ ਦਿੱਤਾ ਜਾਵੇ, ਕਿਉਂਕਿ ਉਹ 29 ਸਾਲਾਂ ਦੀ ਪੜ੍ਹੀ-ਲਿਖੀ ਕੁੜੀ ਹੈ ਅਤੇ ਆਪਣਾ ਸਹੀ-ਗ਼ਲਤ ਸਭ ਸਮਝਦੀ ਹੈ। ਦਨਮੀਤ ਨੇ ਇਹ ਵੀਡੀਓ 28 ਜੂਨ, 2021 ਨੂੰ ਬਣਾਇਆ ਸੀ। ਦਨਮੀਤ ਦੇ ਚਾਚਾ ਹਕੂਮਤ ਸਿੰਘ ਦਾ ਕਹਿਣਾ ਹੈ ਕਿ ਇਹ ਵੀਡੀਓ ਦਨਮੀਤ ਨੇ ਅਦਾਲਤ ਤੋਂ ਜਾਣ ਤੋਂ ਦੋ ਦਿਨ ਬਾਅਦ ਬਣਾਇਆ ਸੀ।

ਦਨਮੀਤ ਦੇ ਛੋਟੇ ਭਰਾ, 20 ਸਾਲਾ ਕਿਸ਼ਨ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਦੇ ਮਾਮਲੇ ਨੇ ਉਨਾਂ ਨੂੰ ਆਪਣੇ ਭਾਈਚਾਰੇ ਵਿਚ 'ਸਮਾਜਿਕ ਕਲੰਕ' ਵਰਗੀ ਸਥਿਤੀ ਦਾ ਸਾਹਮਣਾ ਕਰਨ ਦੀ ਕਗਾਰ 'ਤੇ ਖੜਾ ਕਰ ਦਿੱਤਾ ਹੈ। ਕਿਸ਼ਨ ਪੁੱਛਦੇ ਹਨ ਕਿ ਜੇਕਰ ਉਨਾਂ ਦੀ ਭੈਣ ਨੇ ਵੀਡੀਓ ਵਿੱਚ ਇਹ ਦਾਅਵਾ ਕੀਤਾ ਹੈ ਕਿ ਉਸ ਨੇ 2012 ਵਿੱਚ ਹੀ ਇਸਲਾਮ ਕਬੂਲ ਕਰ ਲਿਆ ਸੀ ਅਤੇ ਸਾਲ 2014 ਵਿੱਚ ਉਸ ਮੁਸਲਮਾਨ ਮੁੰਡੇ ਨਾਲ ਵਿਆਹ ਕਰ ਲਿਆ ਸੀ ਤਾਂ ਫਿਰ ਉਹ 2021 ਤੱਕ ਇਕ ਸਿੱਖ ਪਰਿਵਾਰ ਵਿੱਚ ਕਿਉਂ ਰਹਿ ਰਹੀ ਸੀ?

ਬਾਕੀ ਸਫ਼ਾ 30 'ਤੇ

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਮਾਮਲਾ ਆਈ.ਐਸ.ਆਈ. ਲਈ ਜਾਸੂਸੀ ਕਰਨ ਦਾ

## ਫ਼ੌਜ ਦੇ 2 ਜਵਾਨ ਗ੍ਰਿ.ਫ਼ਤਾਰ




**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਨੇ ਪਾਕਿਸਤਾਨ ਦੇ ਆਈ.ਐਸ.ਆਈ. ਲਈ ਜਾਸੂਸੀ ਕਰਨ ਤੇ ਕਲਾਸੀਫਾਈਡ ਦਸਤਾਵੇਜ਼ ਮੁਹੱਈਆ ਕਰਾਉਣ ਦੇ ਦੋਸ਼ ਵਿਚ ਫ਼ੌਜ ਦੇ 2 ਜਵਾਨਾਂ ਦੀ ਗ੍ਰਿਫ਼ਤਾਰੀ ਨਾਲ ਕ੍ਰੌਸ-ਬਾਰਡਰ ਦੇ ਜਾਸੂਸੀ ਨੈੱਟਵਰਕ ਦਾ ਪਰਦਾਫਾਸ਼ ਕੀਤਾ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਸਿਪਾਹੀ ਹਰਪ੍ਰੀਤ ਸਿੰਘ (23), ਜੋ ਅੰਮ੍ਰਿਤਸਰ ਦੇ ਪਿੰਡ ਚੀਚਾ ਦਾ ਰਹਿਣ ਵਾਲਾ ਹੈ ਤੇ ਅਨੰਤਨਾਗ ਵਿਚ ਤਾਇਨਾਤ ਸੀ, ਵਜੋਂ ਹੋਈ ਹੈ। ਉਹ 2017 ਵਿਚ ਭਾਰਤੀ ਫ਼ੌਜ 'ਚ ਭਰਤੀ ਹੋਇਆ ਸੀ ਤੇ 19 ਰਾਸ਼ਟਰੀ ਰਾਈਫਲਜ਼ ਨਾਲ ਸਬੰਧਤ ਹੈ। ਸਿਪਾਹੀ ਗੁਰਭੇਜ ਸਿੰਘ (23), ਤਰਨਤਾਰਨ ਦੇ ਪਿੰਡ ਪੂਨੀਆਂ ਦਾ ਵਸਨੀਕ ਹੈ, ਜੋ 18 ਸਿੱਖ ਲਾਈਟ ਇਨਫੈਂਟਰੀ ਨਾਲ ਸਬੰਧਤ ਹੈ ਅਤੇ ਕਾਰਗਿਲ ਵਿਚ ਕਲਰਕ ਵਜੋਂ ਕੰਮ ਕਰਦਾ ਸੀ । ਉਹ ਸਾਲ 2015 ਵਿਚ ਭਾਰਤੀ ਫੌਜ 'ਚ ਭਰਤੀ ਹੋਇਆ ਸੀ । ਇਹ ਜਾਣਕਾਰੀ ਸਾਂਝੀ ਕਰਦਿਆਂ ਡੀ.ਜੀ.ਪੀ. ਪੰਜਾਬ ਦਿਨਕਰ ਗੁਪਤਾ ਨੇ ਦੱਸਿਆ ਕਿ ਐਸ.ਐਸ.ਪੀ. ਨਵੀਨ ਸਿੰਗਲਾ ਦੀ ਅਗਵਾਈ ਵਿਚ ਜਲੰਧਰ ਦਿਹਾਤੀ ਪੁਲਿਸ ਨੇ ਐਨ.ਡੀ.ਪੀ.ਐਸ. ਕੇਸ ਦੀ ਜਾਂਚ ਕਰਦਿਆਂ, ਸਰਹੱਦ ਪਾਰ ਨਸ਼ਾ ਤਸਕਰ ਰਣਵੀਰ ਸਿੰਘ, ਜਿਸ ਨੂੰ 24 ਮਈ, 2021 ਨੂੰ 70 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ, ਤੋਂ ਭਾਰਤੀ ਫ਼ੌਜ ਦੀ ਕਾਰਜ ਪ੍ਰਣਾਲੀ ਤੇ ਤਾਇਨਾਤੀ ਸਬੰਧੀ ਗੁਪਤ ਦਸਤਾਵੇਜ਼ ਬਰਾਮਦ ਕੀਤੇ ਸਨ । ਉਨਾਂ ਦੱਸਿਆ ਕਿ ਪੁੱਛ-ਗਿੱਛ ਦੌਰਾਨ ਰਣਵੀਰ ਨੇ ਦਸਿਆ ਕਿ ਉਸ ਨੂੰ ਇਹ ਦਸਤਾਵੇਜ਼ ਸਿਪਾਹੀ ਹਰਪ੍ਰੀਤ ਸਿੰਘ, ਜੋ ਉਸ ਦਾ ਦੋਸਤ ਹੈ ਅਤੇ ਉਹ ਦੋਵੇਂ ਇੱਕੋ ਪਿੰਡ ਦੇ ਵਸਨੀਕ ਹਨ, ਤੋਂ ਮਿਲੇ ਹਨ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਕਿਹਾ ਕਿ ਰਣਵੀਰ ਨੇ ਸਿਪਾਹੀ ਹਰਪ੍ਰੀਤ ਸਿੰਘ ਨੂੰ ਫ਼ੌਜ ਨਾਲ ਸਬੰਧਤ ਦਸਤਾਵੇਜ਼ ਸਾਂਝੇ ਕਰਨ ਲਈ ਵਿੱਤੀ ਲਾਭ ਦੇਣ ਲਈ ਪ੍ਰੇਰਿਤ ਕੀਤਾ, ਜਿਸ ਤੋਂ ਬਾਅਦ ਉਸਨੇ ਆਪਣੇ ਦੋਸਤ ਸਿਪਾਹੀ ਗੁਰਭੇਜ ਨੂੰ ਇਨਾਂ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਿਲ ਕਰ ਲਿਆ। ਗੁਪਤਾ ਨੇ ਦੱਸਿਆ ਕਿਉਂਕਿ ਗੁਰਭੇਜ 121 ਇਨਫੈਂਟਰੀ ਬ੍ਰਿਗੇਡ ਹੈੱਡਕੁਆਰਟਰ, ਕਾਰਗਿਲ ਵਿਚ ਬਤੌਰ ਕਲਰਕ ਕੰਮ ਕਰ ਰਿਹਾ ਸੀ ਇਸ ਲਈ ਉਸ ਨੂੰ ਭਾਰਤੀ ਫ਼ੌਜ ਨਾਲ ਜੁੜੇ ਰਣਨੀਤਕ ਅਤੇ ਜੰਗੀ ਨੀਤੀਆਂ ਸਬੰਧੀ ਜਾਣਕਾਰੀ ਵਾਲੇ ਇਨਾਂ ਕਲਾਸੀਫਾਈਡ ਦਸਤਾਵੇਜ਼ਾਂ ਤੱਕ ਪਹੁੰਚ ਕਰਨੀ ਸੁਖਾਲੀ ਸੀ ।ਉਨਾਂ ਕਿਹਾ ਕਿ ਦੋਵੇਂ ਦੋਸ਼ੀ ਫ਼ੌਜੀਆਂ ਨੇ ਫਰਵਰੀ ਤੋਂ ਮਈ 2021 ਦਰਮਿਆਨ 4 ਮਹੀਨਿਆਂ 'ਚ ਦੇਸ਼ ਦੀ ਫ਼ੌਜ ਅਤੇ ਕੌਮੀ ਸੁਰੱਖਿਆ ਨਾਲ ਸਬੰਧਤ 900 ਤੋਂ ਵੱਧ ਕਲਾਸੀਫਾਈਡ ਦਸਤਾਵੇਜ਼ਾਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਨਾਂ ਨੂੰ ਦੋਸ਼ੀਆਂ ਨੇ ਅੱਗੇ ਪਾਕਿਸਤਾਨੀ ਖ਼ੁਫ਼ੀਆ ਜਾਣਕਾਰੀ ਅਧਿਕਾਰੀ ਹਵਾਲੇ ਕਰ ਦਿੱਤਾ ਸੀ । ਉਨਾਂ ਖੁਲਾਸਾ ਕੀਤਾ ਕਿ ਰਣਵੀਰ ਅੱਗੇ ਇਹ ਕਲਾਸੀਫਾਈਡ ਦਸਤਾਵੇਜ਼ ਜਾਂ ਤਾਂ ਪਾਕਿਸਤਾਨ ਆਈ.ਐਸ. ਆਈ. ਦੇ ਕਾਰਕੁੰਨਾਂ ਨੂੰ ਸਿੱਧੇ ਤੌਰ 'ਤੇ ਜਾਂ ਅੰਮ੍ਰਿਤਸਰ ਦੇ ਪਿੰਡ ਡੌਕੇ ਦੇ ਮੁੱਖ ਨਸ਼ਾ ਤਸਕਰ ਗੋਪੀ ਰਾਹੀਂ ਭੇਜਦਾ ਸੀ। ਦੱਸਣਯੋਗ ਹੈ ਕਿ ਗੋਪੀ, ਪਾਕਿਸਤਾਨ ਸਥਿਤ ਨਸ਼ਾ ਤਸਕਰੀ ਕਰਨ ਵਾਲੇ ਸਿੰਡੀਕੇਟ ਅਤੇ ਆਈ.ਐਸ.ਆਈ. ਅਧਿਕਾਰੀਆਂ ਦੇ ਸੰਪਰਕ ਵਿਚ ਸੀ ਅਤੇ ਉਨਾਂ ਨਾਲ ਮਿਲ ਕੇ ਕੰਮ ਕਰਦਾ ਸੀ। ਡੀ.ਜੀ.ਪੀ. ਨੇ ਅੱਗੇ ਦੱਸਿਆ ਕਿ ਰਣਵੀਰ ਦੇ ਖ਼ੁਲਾਸਿਆਂ ਤੋਂ ਬਾਅਦ, ਪੁਲਿਸ ਨੇ ਗੋਪੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਨੇ ਕਬੂਲਿਆ ਕਿ ਉਸਨੇ ਹੈਰੋਇਨ ਦੀ ਸਪਲਾਈ ਅਤੇ ਵਿੱਤੀ ਲਾਭ ਦੇ ਬਦਲੇ ਵਿਚ ਕਲਾਸੀਫਾਈਡ ਦਸਤਾਵੇਜ਼ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਕੋਠਾਰ ਅਤੇ ਇਕ ਕਥਿਤ ਪਾਕਿ ਆਈ.ਐਸ.ਆਈ. ਕਾਰਕੁੰਨ ਸਿਕੰਦਰ ਨੂੰ ਉਪਲਬਧ ਕਰਵਾਏ ਸਨ। ਉਨਾਂ ਅੱਗੇ ਦੱਸਿਆ ਕਿ ਇਹ ਸਾਰੀਆਂ ਤਸਵੀਰਾਂ ਇਨਕ੍ਰਿਪਟਡ ਐਪਸ ਰਾਹੀਂ ਭੇਜੀਆਂ ਗਈਆਂ ਸਨ । ਉਨਾਂ ਦੱਸਿਆ ਕਿ ਮੁੱਢਲੀ ਪੜਤਾਲ ਮੁਤਾਬਿਕ ਹਰਪ੍ਰੀਤ ਸਿੰਘ ਅਤੇ ਗੁਰਭੇਜ ਸਿੰਘ ਨੂੰ ਗੁਪਤ ਜਾਣਕਾਰੀ ਸਾਂਝੀ ਕਰਨ ਦੇ ਬਦਲੇ ਪੈਸੇ ਦਿੱਤੇ ਜਾਂਦੇ ਸਨ । ਉਨਾਂ ਕਿਹਾ ਕਿ ਰਣਵੀਰ ਸਿੰਘ ਵਲੋਂ ਹਰਪ੍ਰੀਤ ਸਿੰਘ ਨੂੰ ਪੈਸਾ ਭੇਜਿਆ ਜਾਂਦਾ ਸੀ ਜੋ ਅੱਗੇ ਇਸ ਨੂੰ ਗੁਰਭੇਜ ਦੇ ਖਾਤੇ ਵਿਚ ਟ੍ਰਾਂਸਫਰ ਕਰ ਦਿੰਦਾ ਸੀ ।

# ਬਲਾਤਕਾਰ ਮਾਮਲੇ ਵਿਚ ਸਿਮਰਜੀਤ ਬੈਂਸ ਖ਼ਿਲਾ.ਫ਼ ਕੇਸ ਦਰਜ ਕਰਨ ਦੇ ਹੁਕਮ



**ਲੁਧਿਆਣਾ/ਏ.ਟੀ.ਨਿਊਜ਼ :** ਇੱਥੋਂ ਦੀ ਇੱਕ ਅਦਾਲਤ ਨੇ 44 ਸਾਲ ਦੀ ਔਰਤ ਦੀ ਸ਼ਿਕਾਇਤ 'ਤੇ ਸਥਾਨਕ ਪੁਲਿਸ ਨੂੰ ਲੋਕ ਇਨਸਾ.ਫ਼ ਪਾਰਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਖ਼ਿਲਾ.ਫ਼ ਜਬਰ-ਜਨਾਹ ਦਾ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ। ਸਿਮਰਜੀਤ ਬੈਂਸ ਆਤਮ ਨਗਰ ਹਲਕੇ ਤੋਂ ਵਿਧਾਇਕ ਹਨ। ਇਸ ਔਰਤ ਨੇ ਪਿਛਲੇ ਸਾਲ 16 ਨਵੰਬਰ ਨੂੰ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਵਿਧਾਇਕ ਬੈਂਸ ਖ਼ਿਲਾ.ਫ਼ ਜਬਰ ਜਨਾਹ ਦਾ ਕੇਸ ਦਰਜ ਕਰਨ ਲਈ ਸ਼ਿਕਾਇਤ ਕੀਤੀ ਸੀ। ਉਸ ਨੇ ਇਨਸਾਫ਼ ਦੀ ਮੰਗ ਨੂੰ ਲੈ ਕੇ ਪੁਲਿਸ ਕਮਿਸ਼ਨਰ ਦੇ ਦਫ਼ਤਰ ਦੇ ਬਾਹਰ ਲੰਮਾ ਸਮਾਂ ਧਰਨਾ ਵੀ ਦਿੱਤਾ। ਪੁਲਿਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਤੇ ਉਸ ਨੇ ਅਦਾਲਤ ਦਾ ਦਰਵਾਜਾ ਖੜਕਾਇਆ। ਐਡੀਸ਼ਨਲ ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਹਰਸਿਮਰਨਜੀਤ ਸਿੰਘ ਨੇ ਪੁਲਿਸ ਨੂੰ ਹੁਕਮ ਜਾਰੀ ਕੀਤੇ ਹਨ ਕਿ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕਰ ਕੇ 15 ਜੁਲਾਈ ਤੱਕ ਅਦਾਲਤ ਨੂੰ ਜਵਾਬ ਦਿੱਤਾ ਜਾਵੇ।

# ਖ਼ੁਫੀਆ ਏਜੰਸੀਆਂ ਨੇ ਛੱਡੀ ਛੁਰਲੀ, ਅਖੇ ਪੰਜਾਬ 'ਚ 'ਖਾੜਕੂ ਹਮਲੇ' ਦੀ ਸੰਭਾਵਨਾ,

## ਪੁਲਿਸ ਨੂੰ ਕੀਤਾ ਅਲਰਟ

**ਲੁਧਿਆਣਾ/ਏ.ਟੀ.ਨਿਊਜ਼ :** ਇਕ ਹ.ਫ਼ਤੇ ਅੰਦਰ ਪਹਿਲਾਂ ਮੋਗਾ ਅਤੇ ਫਿਰ ਖੰਨਾ 'ਚ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ. ਐੱਲ. ਐੱਫ.) ਦੇ ਖਾੜਕੂ ਫੜੇ ਜਾਣ ਤੋਂ ਬਾਅਦ ਪੁਲਿਸ ਚੌਕੰਨੀ ਹੋ ਗਈ ਹੈ। ਪੁਲਿਸ ਸੂਤਰਾਂ ਮੁਤਾਬਕ ਪੁੱਛਗਿੱਛ 'ਚ ਸਾਹਮਣੇ ਆਇਆ ਸੀ ਕਿ ਇਹ ਲੋਕ ਪੰਜਾਬ ਵਿਚ ਟਾਰਗੈੱਟ ਕਿਲਿੰਗ ਅਤੇ ਹਿੰਸਕ ਗਤੀਵਿਧੀਆਂ ਲਈ ਰੇਕੀ ਕਰ ਰਹੇ ਸਨ। ਇਹ ਗੱਲ ਸਾਹਮਣੇ ਆਉਣ 'ਤੇ ਖ਼ੁਫ਼ੀਆ ਤੰਤਰ ਵੀ ਚੌਕਸ ਹੋ ਗਿਆ ਹੈ।

ਪਤਾ ਲੱਗਾ ਹੈ ਕਿ ਖ਼ੁਫ਼ੀਆ ਏਜੰਸੀਆਂ ਨੇ ਪੰਜਾਬ ਪੁਲਿਸ ਨੂੰ ਅਲਰਟ ਵੀ ਜਾਰੀ ਕੀਤਾ ਹੈ। ਉਨਾਂ ਨੂੰ ਇਨਪੁਟ ਮਿਲੇ ਹਨ ਕਿ ਲੁਧਿਆਣਾ ਦੇ ਬੱਸ ਅੱਡਾ, ਪਾਰਕਿੰਗ ਅਤੇ ਧਾਰਮਿਕ ਅਸਥਾਨ, ਰੇਲਵੇ ਸਟੇਸ਼ਨ, ਮਾਲਜ਼ ਅਤੇ ਹੋਰਨਾਂ ਭੀੜ ਵਾਲੀਆਂ ਥਾਵਾਂ 'ਤੇ ਅੱਤਵਾਦੀ ਗਤੀਵਿਧੀਆਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਲਈ ਪੰਜਾਬ ਦੇ ਨਾਲ-ਨਾਲ ਲੁਧਿਆਣਾ ਪੁਲਿਸ ਵੀ ਅਲਰਟ ਹੋ ਗਈ ਹੈ। ਪੁਲਿਸ ਨੇ ਉਕਤ ਥਾਵਾਂ 'ਤੇ ਚੈਕਿੰਗ ਤੇ ਸਰਚ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਹਮਲੇ ਸਬੰਧੀ ਅਜੇ ਕਿਸੇ ਉੱਚ ਅਧਿਕਾਰੀ ਨੇ ਸਪੱਸ਼ਟ ਨਹੀਂ ਕੀਤਾ ਹੈ।

ਏ. ਡੀ. ਸੀ. ਪੀ.-1 ਪ੍ਰਗਿਆ ਜੈਨ ਦੀ ਅਗਵਾਈ 'ਚ ਏ. ਸੀ. ਪੀ. (ਸੈਂਟਰਲ) ਵਰਿਆਮ ਸਿੰਘ, ਥਾਣਾ ਕੋਤਵਾਲੀ ਦੀ ਪੁਲਿਸ ਫੋਰਸ ਅਤੇ ਪੀ. ਸੀ. ਆਰ. ਟੀਮਾਂ ਨੇ ਸਵੇਰੇ ਰੇਲਵੇ ਸਟੇਸ਼ਨ 'ਤੇ ਚੈਕਿੰਗ ਕੀਤੀ, ਜਿਸ ਵਿਚ ਤਕਰੀਬਨ ਹਰ ਆਉਣ-ਜਾਣ

ਬਾਕੀ ਸਫ਼ਾ 30 'ਤੇ


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

### ਮਾਮਲਾ ਅੰਮ੍ਰਿਤ ਛਕਣ ਦਾ ਸਵਾਂਗ ਕਰ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ

# ਪੰਜਾਬ ਸਰਕਾਰ ਵੱਲੋਂ ਲੰਗਾਹ ਨੂੰ ਕਲੀਨ ਚਿੱਟ

## ਬੀਬੀ ਨਾਲ ਸਬੰਧਾਂ ਕਾਰਨ ਅਕਾਲ ਤਖਤ ਸਾਹਿਬ ਤੋਂ ਛੇਕਿਆ ਸੀ ਲੰਗਾਹ

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਸਰਕਾਰ ਦੇ ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਵਿਭਾਗ ਨੇ ਅੰਮ੍ਰਿਤ ਛਕਣ ਦਾ ਸਵਾਂਗ ਕਰ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਮਾਮਲੇ 'ਚ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਬਿਊਰੋ ਆਫ ਇਨਵੈਸੀਟੀਗੇਸ਼ਨ ਨੇ ਇਹ ਮਾਮਲਾ ਹੁਣ ਗ੍ਰਹਿ ਵਿਭਾਗ ਪੰਜਾਬ ਨੂੰ ਭੇਜ ਦਿੱਤਾ ਹੈ, ਜਿਸ 'ਚ ਐਡਵੋਕੇਟ ਜਨਰਲ ਦਾ ਮਸ਼ਵਰਾ ਲਏ ਜਾਣ ਦੀ ਗੱਲ ਵੀ ਆਖੀ ਗਈ ਹੈ।

ਲੰਗਾਹ ਨੇ ਹਾਲ ਹੀ ਵਿੱਚ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਾਣੇ-ਅਨਜਾਣੇ ਵਿਚ ਹੋਈਆਂ ਭੁੱਲਾਂ ਲਈ ਮੁਆਫ਼ ਕਰਨ ਦੀ ਅਪੀਲ ਕੀਤੀ ਸੀ। ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇੱਕ ਬੀਬੀ ਵੱਲੋਂ ਲਾਏ ਗਏ ਦੋਸ਼ਾਂ ਮਗਰੋਂ ਸੁੱਚਾ ਸਿੰਘ ਲੰਗਾਹ ਨੂੰ 6 ਅਗਸਤ 2017 ਨੂੰ ਸਿੱਖ ਪੰਥ 'ਚੋਂ ਛੇਕ ਦਿੱਤਾ ਸੀ। ਗੁਰਦਾਸਪੁਰ ਪੁਲਿਸ ਨੇ ਬੀਬੀ ਦੀ ਸ਼ਿਕਾਇਤ 'ਤੇ ਲੰਗਾਹ ਖ਼ਿਲਾਫ਼ 29 ਸਤੰਬਰ 2017 ਨੂੰ ਜਬਰ-ਜਨਾਹ ਦਾ ਕੇਸ ਦਰਜ ਕੀਤਾ ਸੀ। ਜ਼ਿਲਾ ਅਦਾਲਤ ਨੇ ਜੁਲਾਈ 2018 ਵਿਚ ਉਸ ਨੂੰ ਇਸ ਕੇਸ 'ਚੋਂ ਬਰੀ ਕਰ ਦਿੱਤਾ ਸੀ। ਤਿੰਨ ਅਗਸਤ 2020 ਨੂੰ ਗੁਰਦਾਸ ਨੰਗਲ ਦੇ ਗੁਰਦੁਆਰੇ 'ਚ ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ ਅੰਮ੍ਰਿਤ ਛਕਿਆ। ਇਸ ਮੌਕੇ ਲੰਗਾਹ ਨੂੰ ਸੇਵਾ ਵੀ ਲਾਈ ਗਈ ਸੀ। ਇਸ ਮਗਰੋਂ ਗੁਰਦਾਸਪੁਰ ਦੇ ਸਤਨਾਮ ਸਿੰਘ ਨੇ ਪੰਜਾਬ ਪੁਲਿਸ ਕੋਲ ਸੁੱਚਾ ਸਿੰਘ ਲੰਗਾਹ ਅਤੇ ਹੋਰਨਾਂ ਖ਼ਿਲਾਫ਼ ਸ਼ਿਕਾਇਤ ਕੀਤੀ ਸੀ ਅਤੇ ਇਵੇਂ ਹੀ ਇਹ ਮਾਮਲਾ ਅਕਾਲ ਤਖਤ ਦੇ ਜਥੇਦਾਰ ਕੋਲ ਪੁੱਜ ਗਿਆ ਸੀ। ਜਥੇਦਾਰ ਵੱਲੋਂ ਪੰਥ 'ਚੋਂ ਛੇਕੇ ਗਏ ਵਿਅਕਤੀ ਨਾਲ ਮਿਲਵਰਤਣ ਰੱਖੇ ਜਾਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ ਅਤੇ ਰਤਨ ਸਿੰਘ ਜਫਰਵਾਲ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਸੀ। ਦੂਸਰੇ ਪਾਸੇ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਸਤਨਾਮ ਸਿੰਘ ਦੀ ਸ਼ਿਕਾਇਤ 'ਤੇ ਪੜਤਾਲ ਸ਼ੁਰੂ ਕਰ ਦਿੱਤੀ ਸੀ। ਗ੍ਰਹਿ ਵਿਭਾਗ ਨੇ ਇਹ ਮਾਮਲਾ ਪ੍ਰਾਸੀਕਿਊਸ਼ਨ ਅਤੇ ਲਿਟੀਗੇਸ਼ਨ ਵਿਭਾਗ ਨੂੰ ਭੇਜ ਦਿੱਤਾ ਅਤੇ ਇਸ ਵਿਭਾਗ ਵੱਲੋਂ ਕਾਨੂੰਨੀ ਮਾਹਿਰਾਂ ਦੀ ਟੀਮ ਦਾ ਗਠਨ ਕਰ ਕੇ ਮਾਮਲੇ ਦੀ ਜਾਂਚ ਕੀਤੀ ਗਈ। ਸ਼ਿਕਾਇਤ 'ਚ ਕਿਹਾ ਗਿਆ ਕਿ ਪੰਥ 'ਚੋਂ ਛੇਕੇ ਕਿਸੇ ਵਿਅਕਤੀ ਨੂੰ ਪੰਥਕ ਪ੍ਰੰਪਰਾਵਾਂ ਅਨੁਸਾਰ ਉਦੋਂ ਤੱਕ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ, ਜਿੰਨਾ ਚਿਰ ਪੰਜ ਸਿੰਘ ਸਾਹਿਬਾਨ ਉਸ ਵਿਅਕਤੀ ਨੂੰ ਮੁੜ ਪੰਥ ਵਿਚ ਸ਼ਾਮਲ ਨਹੀਂ ਕਰ ਲੈਂਦੇ।

ਸ਼ਿਕਾਇਤਕਰਤਾ ਅਨੁਸਾਰ ਗੁਰਦਾਸ ਨੰਗਲ ਦੇ ਗੁਰਦੁਆਰੇ ਵਿਚ ਲੰਗਾਹ ਨੂੰ ਮੁੜ ਪੰਥ ਵਿੱਚ ਸ਼ਾਮਲ ਕਰ ਕੇ ਸਿੱਧੇ ਤੌਰ 'ਤੇ ਅਕਾਲ ਤਖ਼ਤ ਦੀ ਸਰਬਉੱਚਤਾ ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਮਾਮਲੇ ਵਿਚ ਸਾਬਕਾ ਚੇਅਰਮੈਨ ਜਗਰੂਪ ਸਿੰਘ ਸਣੇ 11 ਲੋਕਾਂ ਵੱਲੋਂ ਦਰਖਾਸਤ ਦਿੱਤੀ ਗਈ ਸੀ। ਮੌਜੂਦਾ ਪੜਤਾਲ ਰਿਪੋਰਟ ਅਨੁਸਾਰ ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਵਿਭਾਗ ਨੇ ਸੁੱਚਾ ਸਿੰਘ



ਲੰਗਾਹ ਤੇ ਹੋਰਨਾਂ ਨੂੰ ਧਾਰਾ 295-ਏ ਦੇ ਮਾਮਲੇ 'ਚ ਕਲੀਨ ਚਿੱਟ ਦੇ ਦਿੱਤੀ ਹੈ। ਵਿਭਾਗ ਨੇ ਕਿਹਾ ਹੈ ਕਿ ਜੇਕਰ ਸਰਕਾਰ ਚਾਹੇ ਤਾਂ ਐਡਵੋਕੇਟ ਜਨਰਲ ਤੋਂ ਵੀ ਇਸ ਬਾਰੇ ਕਾਨੂੰਨੀ ਰਾਇ ਲੈਣੀ ਉਚਿਤ ਹੋਵੇਗੀ। ਸਿੱਖ ਰਹਿਤ ਮਰਿਆਦਾ ਦੀ ਨੱਥੀ ਪੁਸਤਕਾ ਵਿਚ ਕੋਈ ਅਨੁਛੇਦ ਨਹੀਂ ਹੈ ਕਿ ਅਕਾਲ ਤਖਤ ਸਾਹਿਬ ਦੀ ਮਨਜ਼ੂਰੀ ਦੇ ਬਿਨਾਂ ਪੰਜ ਪਿਆਰਿਆਂ ਵੱਲੋਂ ਪੰਥ 'ਚੋਂ ਛੇਕੇ ਗਏ ਸਿੱਖ ਨੂੰ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ। ਇਸ ਕਰਕੇ ਇੱਥੇ ਸਿੱਖ ਰਹਿਤ ਮਰਿਆਦਾ ਦੀ ਕੋਈ ਉਲੰਘਣਾ ਨਹੀਂ ਹੋਈ ਹੈ। ਵਿਭਾਗੀ ਰਿਪੋਰਟ ਅਨੁਸਾਰ ਪੰਜ ਪਿਆਰਿਆਂ ਵੱਲੋਂ ਲੰਗਾਹ ਨੂੰ ਕਰਾਇਆ ਗਿਆ ਅੰਮ੍ਰਿਤਪਾਨ ਸਵਾਂਗ ਨਹੀਂ ਕਿਹਾ ਜਾ ਸਕਦਾ। ਇਹ ਸਭ ਸਿੱਖ ਪੰਥ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਜਾਪਦਾ ਹੈ ਅਤੇ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਨਹੀਂ ਕੀਤਾ ਜਾਪਦਾ। ਇਸ ਬਾਰੇ ਨਿਰਣਾ ਅਕਾਲ ਤਖ਼ਤ ਵੱਲੋਂ ਹੀ ਲਿਆ ਜਾ ਸਕਦਾ ਹੈ।

### ਮਾਮਲਾ ਜਬਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਜਾਣ ਦਾ

# ਬੀਬੀ ਕਿਰਨਜੋਤ ਕੌਰ ਤੇ ਹੋਰ ਸੰਗਤਾਂ ਨੇ ਦੋਸ਼ੀਆਂ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਰਣਜੀਤ ਐਵੇਨਿਊ ਦੇ ਇੱਕ ਸਿੱਖ ਪਰਿਵਾਰ ਦੇ ਘਰੋਂ ਜਬਰੀ ਸਰੂਪ ਲਿਜਾਣ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਅਤੇ ਸਤਿਕਾਰ ਕਮੇਟੀ ਮੁੜ ਆਹਮੋ-ਸਾਹਮਣੇ ਆ ਗਏ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਦੀ ਅਗਵਾਈ ਹੇਠ ਇਕ ਵਫ਼ਦ ਨੇ ਪੁਲਿਸ ਕਮਿਸ਼ਨਰ ਨੂੰ ਮਿਲਣ ਮਗਰੋਂ ਜਬਰੀ ਸਰੂਪ ਲਿਜਾਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ, ਸਰੂਪ ਸਿੱਖ ਪਰਿਵਾਰ ਨੂੰ ਵਾਪਸ ਦਿਵਾਉਣ ਅਤੇ ਧਾਰਮਿਕ ਮਾਮਲਿਆਂ ਵਿਚ ਪੁਲਿਸ ਦੀ ਦਖਲਅੰਦਾਜ਼ੀ ਬੰਦ ਕਰਵਾਉਣ ਦੀ ਅਪੀਲ ਕੀਤੀ।



ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਬੀਤੀ 2 ਜੂਨ ਨੂੰ ਸਤਿਕਾਰ ਕਮੇਟੀ ਦੇ 15-20 ਮੈਂਬਰ ਸਥਾਨਕ ਰਣਜੀਤ ਐਵੇਨਿਊ ਦੇ ਇੱਕ ਸਿੱਖ ਪਰਿਵਾਰ ਦੇ ਘਰ ਜਬਰੀ ਦਾਖ਼ਲ ਹੋਏ ਅਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਾਲ ਲੈ ਗਏ। ਇਹ ਸਰੂਪ ਨਾ ਤਾਂ ਅਕਾਲ ਤਖ਼ਤ ਅਤੇ ਨਾ ਹੀ ਗੁਰਦੁਆਰਾ ਰਾਮਸਰ ਸਾਹਿਬ ਪਹੁੰਚਾਇਆ ਗਿਆ। ਉਨਾਂ ਦੱਸਿਆ ਕਿ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪੜਤਾਲ ਕਰਵਾਈ ਗਈ, ਜਿਸ ਵਿਚ ਇਹ ਤੱਥ ਸਾਹਮਣੇ ਆਏ ਕਿ ਪਰਿਵਾਰ ਗੁਰਸਿੱਖ ਹੈ ਅਤੇ ਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਅਤੇ ਸੰਭਾਲ ਕਰ ਰਹੇ ਸਨ। ਉਨਾਂ ਕਿਹਾ ਕਿ ਸਤਿਕਾਰ ਕਮੇਟੀ ਦੇ ਆਗੂ ਤੇਜਬੀਰ ਸਿੰਘ ਨੂੰ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਇਲਾਕੇ ਦੇ ਐੱਸਐੱਚਓ ਦੀ ਸਹਿਮਤੀ ਨਾਲ ਇਸ ਘਰ ਵਿਚ ਦਾਖ਼ਲ ਹੋਏ ਸਨ। ਉਨਾਂ ਕਿਹਾ ਕਿ ਪੁਲਿਸ ਦਾ ਧਾਰਮਿਕ ਖੇਤਰ 'ਚ ਦਖ਼ਲ ਤੁਰੰਤ ਰੋਕਣਾ ਚਾਹੀਦਾ ਹੈ। ਸਾਡਾ ਪਖ ਹੈ ਕਿ ਇਹ ਸਤਿਕਾਰ ਕਮੇਟੀ ਦੀ ਗੈਰ ਸਿਧਾਂਤਕ ਕਾਰਵਾਈ ਹੈ। ਇਸ ਨਾਲ ਕੋਈ ਵੀ ਸਿੱਖ ਵਿਰੋਧੀ ਪੰਥ ਦੀ ਜਥੇਬੰਦੀ ਖੜੀ ਕਰਕੇ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਸਕਦੇ ਹਨ। ਨਾ ਪੁਲਿਸ ਕੋਲ ਅਧਿਕਾਰ ਹੋਵੇ ਕਿ ਉਹ ਸਿਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜੀ ਦੇਣ। ਇਹ ਜਿੰਮੇਵਾਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਸੰਭਾਲਣ ਦੀ ਲੋੜ ਹੈ।

ਇਸ ਮੌਕੇ ਪ੍ਰਿਤਪਾਲ ਸਿੰਘ, ਨਰਿੰਦਰ ਸਿੰਘ, ਪਲਵਿੰਦਰ ਸਿੰਘ, ਸੁਰਿੰਦਰ ਸਿੰਘ, ਪਰਉਪਕਾਰ ਸਿੰਘ, ਗੁਰਬਖ਼ਸ਼ ਸਿੰਘ ਬੇਦੀ ਤੇ ਹੋਰ ਹਾਜ਼ਰ ਸਨ।

# ਬਰਗਾੜੀ 'ਚ ਮੋਰਚਾ ਲਾਉਣ ਲੱਗੇ ਮਾਨ ਸਣੇ 40 ਸਿੰਘਾਂ ਨੂੰ ਹਿਰਾਸਤ 'ਚ ਲਿਆ

## ਮੰਡ ਅਤੇ ਦਾਦੂਵਾਲ ਮੋਰਚੇ ਤੋਂ ਗਾਇਬ



ਫਰੀਦਕੋਟ/ਏ.ਟੀ.ਨਿਊਜ਼ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਅਤੇ ਬਹਿਬਲ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪੰਥਕ ਧਿਰਾਂ ਦੇ ਬਰਗਾੜੀ ਵਿੱਚ ਲੱਗਣ ਵਾਲੇ ਇਨਸਾਫ਼ ਮੋਰਚੇ ਨੂੰ ਜ਼ਿਲਾ ਪੁਲਿਸ ਨੇ ਹਾਲ ਦੀ ਘੜੀ ਰੋਕ ਦਿੱਤਾ ਹੈ। ਬਰਗਾੜੀ ਪਿੰਡ ਵਿੱਚ ਮੋਰਚਾ ਸ਼ੁਰੂ ਕਰਨ ਵੇਲੇ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਆਪਣੇ ਕਰੀਬ 200 ਸਾਥੀਆਂ ਨਾਲ ਉਥੇ ਪੁੱਜੇ। ਆਪਣੇ ਸੰਬੋਧਨ ਦੌਰਾਨ ਜਦੋਂ ਉਹ ਪੱਕੇ ਮੋਰਚੇ ਦਾ ਐਲਾਨ ਕਰਨ ਲੱਗੇ ਤਾਂ ਪੁਲਿਸ ਨੇ ਸਿਮਰਨਜੀਤ ਸਿੰਘ ਮਾਨ ਅਤੇ ਭਾਈ ਕਾਹਨ ਸਿੰਘ ਸਮੇਤ 40 ਸਿੱਖ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨਾਂ ਨੂੰ ਸੈਨਿਕ ਰੈਸਟ ਹਾਊਸ ਵਿੱਚ ਰੱਖਿਆ ਗਿਆ। ਸਿਮਰਨਜੀਤ ਸਿੰਘ ਮਾਨ ਅਤੇ ਉਨਾਂ ਦੇ ਦੋ ਦਰਜਨ ਤੋਂ ਵੱਧ ਸਾਥੀਆਂ ਖ਼ਿਲਾਫ਼ ਬਾਜਾਖਾਨਾ ਪੁਲਿਸ ਨੇ ਧਾਰਾ 188 (ਪਾਬੰਦੀ ਦੇ ਹੁਕਮਾਂ ਦੀ ਉਲੰਘਣਾ) ਤਹਿਤ ਪਰਚਾ ਦਰਜ ਕੀਤਾ ਹੈ। ਹਿਰਾਸਤ 'ਚ ਲਏ ਗਏ ਸਾਰੇ ਵਿਅਕਤੀਆਂ ਨੂੰ ਪੁਲਿਸ ਨੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ। ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਕਿ ਬੇਅਦਬੀ ਅਤੇ ਉਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਵਿੱਚ ਬਾਦਲ ਪਰਿਵਾਰ ਅਤੇ ਸੁਮੇਧ ਸੈਣੀ ਦਾ ਹੱਥ ਹੈ। ਉਨਾਂ ਦੋਸ਼ ਲਾਇਆ ਕਿ ਸਿੱਖਾਂ ਨੂੰ ਆਪਣੇ ਹੀ ਸੂਬੇ ਵਿੱਚ ਇਨਸਾਫ਼ ਨਹੀਂ ਮਿਲ ਰਿਹਾ ਹੈ। ਉਨਾਂ ਐਲਾਨ ਕੀਤਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਹਰ ਹਾਲ ਵਿੱਚ ਸਜ਼ਾ ਦਿਵਾਈ ਜਾਵੇਗੀ। ਮੋਰਚੇ ਵਿੱਚ ਭਾਈ ਧਿਆਨ ਸਿੰਘ ਮੰਡ ਅਤੇ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਸ਼ਾਮਲ ਹੋਣ ਦੀ ਚਰਚਾ ਸੀ ਪਰੰਤੂ ਉਹ ਨਹੀਂ ਪੁੱਜੇ। ਦੱਸਣਯੋਗ ਹੈ ਕਿ ਪੰਥਕ ਧਿਰਾਂ ਨੇ ਐਲਾਨ ਕੀਤਾ ਸੀ ਕਿ ਜੇਕਰ 30 ਜੂਨ ਤੱਕ ਬੇਅਦਬੀ, ਕੋਟਕਪੂਰਾ ਅਤੇ ਬਹਿਬਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲਾਂ ਵਿੱਚ ਨਹੀਂ ਸੁੱਟਿਆ ਜਾਂਦਾ ਤਾਂ ਉਹ ਇਨਸਾਫ਼ ਲੈਣ ਲਈ ਪਿੰਡ ਬਰਗਾੜੀ ਵਿੱਚ ਪੱਕਾ ਮੋਰਚਾ ਸ਼ੁਰੂ ਕਰ ਦੇਣਗੇ।

# ਉਮਰਾਨੰਗਲ ਨਾਰਕੋ ਟੈਸਟ ਕਰਵਾਉਣ ਲਈ ਤਿਆਰ

## ਸੁਮੇਧ ਸੈਣੀ ਤੇ ਚਰਨਜੀਤ ਸ਼ਰਮਾ ਡਰੇ ਤੇ ਕੀਤੀ ਨਾਂਹ

**ਫ਼ਰੀਦਕੋਟ/ਏ.ਟੀ.ਨਿਊਜ਼:** ਏ.ਟੀ.ਨਿਊਜ਼ : ਬਹੁਚਰਚਿਤ ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ ਦੋਸ਼ੀ ਵਜੋਂ ਨਾਮਜ਼ਦ ਮੁਅੱਤਲ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਆਪਣਾ ਨਾਰਕੋ ਟੈਸਟ ਕਰਵਾਉਣ ਲਈ ਰਜ਼ਾਮੰਦੀ ਦੇ ਦਿੱਤੀ ਹੈ। ਏ.ਡੀ.ਜੀ.ਪੀ. ਐਲ.ਕੇ. ਯਾਦਵ ਦੀ ਅਗਵਾਈ ਵਿਚ ਬਣਾਈ ਨਵੀਂ ਐਸ.ਆਈ.ਟੀ. ਵਲੋਂ ਨਾਮਜ਼ਦ ਕਥਿਤ ਤਿੰਨ ਦੋਸ਼ੀਆਂ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਨਾਰਕੋ ਟੈਸਟ ਕਰਵਾਉਣ ਲਈ ਕਿਹਾ ਗਿਆ ਸੀ । ਸੁਮੇਧ ਸੈਣੀ ਤੇ ਚਰਨਜੀਤ ਸ਼ਰਮਾ ਨੇ ਤਾਂ ਨਾਰਕੋ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ ਜਦਕਿ ਪਰਮਰਾਜ ਸਿੰਘ ਉਮਰਾਨੰਗਲ ਨੇ ਨਾਰਕੋ ਟੈਸਟ ਲਈ ਰਜ਼ਾਮੰਦੀ ਦੇ ਦਿੱਤੀ ਹੈ। ਉਨਾਂ ਦੇ ਵਕੀਲ



ਗੁਰਸਾਹਿਬ ਸਿੰਘ ਬਰਾੜ ਨੇ ਦੱਸਿਆ ਕਿ ਉਮਰਾਨੰਗਲ 9 ਜੁਲਾਈ ਨੂੰ ਫ਼ਰੀਦਕੋਟ ਅਦਾਲਤ ਵਿਚ ਪੇਸ਼ ਹੋ ਕੇ ਨਾਰਕੋ ਟੈਸਟ ਸਬੰਧੀ ਆਪਣੀ ਲਿਖਤੀ ਰਜ਼ਾਮੰਦੀ ਦੇਣਗੇ। ਨਾਰਕੋ ਟੈਸਟ ਦੀ ਰਜ਼ਾਮੰਦੀ ਸਬੰਧੀ ਪਰਮਰਾਜ ਸਿੰਘ ਉਮਰਾਨੰਗਲ ਨੇ ਕਿਹਾ ਕਿ ਜੋ ਉਨਾਂ ਕਿਹਾ ਹੈ ਉਹੀ ਉਨਾਂ ਦੇ ਦਿਲ ਵਿਚ ਹੈ । ਉਹ ਬਿਲਕੁਲ ਬੇਕਸੂਰ ਹਨ। ਉਨਾਂ ਨੂੰ ਪੰਜਾਬ ਦੇ ਪੁਲਿਸ ਮੁਖੀ ਨੇ ਲੁਧਿਆਣਾ ਤੋਂ ਕੋਟਕਪੂਰਾ ਵਿਖੇ ਬੁਲਾਇਆ ਸੀ। ਇਸ ਕਰਕੇ ਕਿ ਉਹ ਇਸ ਜ਼ਿਲੇ ਵਿਚ ਐਸ.ਐਸ.ਪੀ. ਤੇ ਡੀ.ਆਈ.ਜੀ. ਦੇ ਅਹੁਦੇ 'ਤੇ ਤਾਇਨਾਤ ਰਹੇ ਹਨ । ਉਸ ਦਿਨ ਉਹ ਇਸ ਮਾਮਲੇ ਨੂੰ ਹੱਲ ਕਰਨ ਲਈ ਸੰਤਾਂ ਮਹਾਤਮਾਂ ਨਾਲ ਥਾਣੇ ਦੇ ਅੰਦਰ ਹੀ ਗੱਲ ਕਰ ਰਹੇ ਸਨ। ਨਾ ਤਾਂ ਉਹ ਘਟਨਾ ਸਥਾਨ 'ਤੇ ਸਨ ਤੇ ਨਾ ਹੀ ਉਨਾਂ ਪੁਲਿਸ ਨੂੰ ਗੋਲੀ ਚਲਾਉਣ ਦਾ ਕੋਈ ਹੁਕਮ ਦਿੱਤਾ ਹੈ। ਉਨਾਂ ਕਿਹਾ ਕਿ ਇਹੀ ਗੱਲਾਂ ਉਨਾਂ ਅਦਾਲਤਾਂ ਵਿਚ ਕਹੀਆਂ ਹਨ ਤੇ ਇਹੀ ਗੱਲ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਵੀ ਕਹਿ ਸਕਦੇ ਹਨ।

# ਪੰਜਾਬ ਤੇ ਹਰਿਆਣਾ 'ਚ ਜ਼ਮੀਨਦੋਜ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਡਿੱਗਿਆ : ਅਧਿਐਨ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਉੱਤਰ-ਪੱਛਮੀ ਭਾਰਤ ਖ਼ਾਸਕਰ ਪੰਜਾਬ ਅਤੇ ਹਰਿਆਣਾ ਵਿਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਹੇਠਾਂ ਚਲਾ ਗਿਆ ਹੈ। ਇਹ ਖ਼ੁਲਾਸਾ ਨਵੇਂ ਅਧਿਐਨ ਵਿਚ ਕੀਤਾ ਗਿਆ ਹੈ। ਆਈਆਈਟੀ ਕਾਨਪੁਰ ਦੁਆਰਾ ਪ੍ਰਕਾਸ਼ਤ ਖੋਜ ਪੱਤਰ ਵਿੱਚ ਉੱਤਰ ਪੱਛਮੀ ਭਾਰਤ ਵਿੱਚ 4,000 ਤੋਂ ਜ਼ਿਆਦਾ ਧਰਤੀ ਹੇਠਲੇ ਖੂਹਾਂ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਚਾਰ-ਪੰਜ ਦਹਾਕਿਆਂ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਰਾਜਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ 'ਤੇ ਆ ਗਿਆ ਹੈ। ਭਾਰਤ ਸਿੰਜਾਈ, ਘਰੇਲੂ ਅਤੇ ਉਦਯੋਗਿਕ ਜ਼ਰੂਰਤਾਂ ਲਈ ਧਰਤੀ ਹੇਠਲੇ ਪਾਣੀ ਦੀ ਦੁਨੀਆ ਵਿੱਚ ਸਭ ਤੋਂ ਵੱਧ ਵਰਤੋਂ ਕਰਦਾ ਹੈ। ਆਈਆਈਟੀ ਕਾਨਪੁਰ ਦੇ ਪ੍ਰੋਫੈਸਰ ਰਾਜੀਵ ਸਿਨਹਾ ਅਤੇ ਉਸ ਦੇ ਪੀਐੱਚਡੀ ਵਿਦਿਆਰਥੀ ਸੁਨੀਲ ਕੁਮਾਰ ਜੋਸ਼ੀ ਦੀ ਅਗਵਾਈ ਵਿਚ ਹੋਏ ਅਧਿਐਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਰਾਜ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ। ਇਸ ਅਨੁਸਾਰ ਧਰਤੀ ਹੇਠਲੇ ਪਾਣੀ 1974 ਦੌਰਾਨ ਜ਼ਮੀਨੀ ਪੱਧਰ ਤੋਂ 2 ਮੀਟਰ ਹੇਠਾਂ ਸੀ ਜੋ 2010 ਵਿੱਚ 30 ਮੀਟਰ ਹੋ ਗਿਆ। ਅਧਿਐਨ ਵਿਚ ਕਿਹਾ ਗਿਆ ਹੈ, 'ਉੱਤਰ ਪ੍ਰਦੇਸ਼ ਅਤੇ ਬਿਹਾਰ ਵਰਗੇ ਰਾਜਾਂ ਦੀ ਸਥਿਤੀ ਵੀ ਮਾੜੀ ਹੈ, ਜੋ ਕਿ ਖੇਤੀਬਾੜੀ ਰਾਜ ਹਨ ਅਤੇ ਜਿੱਥੇ ਧਰਤੀ ਹੇਠਲੇ ਪਾਣੀ ਪ੍ਰਬੰਧਨ

ਬਾਕੀ ਸਫ਼ਾ 30 'ਤੇ

# ਕੈਪਟਨ ਤੇ ਸਿੱਧੂ ਦਾ ਕਲੇਸ਼ ਬਰਕਰਾਰ

## ✪ ਕਲੇਸ਼ ਨਿਪਟਾਉਣ ਲਈ ਅਸਤੀਫ਼ਾ ਨਾਲ ਲੈ ਕੇ ਸੋਨੀਆ ਨੂੰ ਮਿਲਣ ਗਏ ਸਨ ਕੈਪਟਨ ✪ ਕੈਬਨਿਟ 'ਚ ਬਦਲਾਅ ਹੋਣ ਦੀ ਸੰਭਾਵਨਾ ਹਾਈਕਮਾਨ ਦੇ 'ਫ਼ਾਰਮੂਲੇ' ਨਾਲ ਕੈਪਟਨ ਸਹਿਮਤ

**ਚੰਡੀਗੜ/ਏ.ਟੀ.ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੀਤੇ ਮੰਗਲਵਾਰ ਨੂੰ ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਨੂੰ ਨਿਪਟਾਉਣ ਦੇ ਇਰਾਦੇ ਨਾਲ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਕਰਨ ਲਈ ਪੁੱਜੇ ਸਨ। ਲਗਭਗ ਡੇਢ ਘੰਟੇ ਤੱਕ ਚੱਲੀ ਬੈਠਕ ਤੋਂ ਬਾਅਦ ਕੈਪਟਨ ਨੇ ਜਿਸ ਤਰਾਂ ਬਾਹਰ ਆ ਕੇ ਮੀਡੀਆ ਨਾਲ ਜ਼ਿਆਦਾ ਗੱਲ ਨਹੀਂ ਕੀਤੀ, ਉਸ ਤੋਂ ਸਪੱਸ਼ਟ ਸੰਕੇਤ ਮਿਲ ਰਹੇ ਹਨ ਕਿ ਉਹ ਮੁਲਾਕਾਤ ਦੌਰਾਨ ਹੋਈ ਚਰਚਾ ਤੋਂ ਬਾਅਦ ਕਾਫੀ ਹੱਦ ਤੱਕ ਸੰਤੁਸ਼ਟ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਕੈਪਟਨ ਆਰ-ਪਾਰ ਦੀ ਲੜਾਈ ਦੇ ਮੂਡ 'ਚ ਸੋਨੀਆ ਗਾਂਧੀ ਨਾਲ ਮੁਲਾਕਾਤ ਕਰਨ ਪੁੱਜੇ ਸਨ ਤੇ ਆਪਣਾ ਅਸਤੀਫ਼ਾ ਵੀ ਨਾਲ ਲੈ ਕੇ ਗਏ ਸਨ, ਪਰ ਸੋਨੀਆ ਗਾਂਧੀ ਨਾਲ ਹੋਈ ਲੰਬੀ ਗੱਲਬਾਤ 'ਚ ਕੈਪਟਨ ਅਮਰਿੰਦਰ ਸਿੰਘ ਨੂੰ ਸੰਕੇਤ ਦਿੱਤੇ ਗਏ ਹਨ ਕਿ ਪੰਜਾਬ 'ਚ ਅਗਲੀਆਂ ਵਿਧਾਨ ਸਭਾ ਚੋਣਾਂ ਤਕ ਪਾਰਟੀ ਉਨਾਂ ਨਾਲ ਹੀ ਖੜੀ ਨਜ਼ਰ ਆਵੇਗੀ।

ਸੂਤਰਾਂ ਨੇ ਇਹ ਵੀ ਦੱਸਿਆ ਕਿ ਮੁੱਖ ਮੰਤਰੀ ਕੈਬਨਿਟ 'ਚ ਬਦਲਾਅ ਕਰਨ ਦੇ ਵੀ ਇੱਛੁਕ ਹਨ। ਉਹ ਮੰਤਰੀ ਮੰਡਲ 'ਚ ਬਦਲਾਅ ਬਾਰੇ ਇਕ ਸੂਚੀ ਨਾਲ ਲੈ ਗਏ ਸਨ। ਇਸ ਸੂਚੀ 'ਚ ਮਾਝਾ ਖੇਤਰ ਦੇ ਕੁਝ ਮੰਤਰੀਆਂ ਦੇ ਪਰ ਕੁਤਰਨ ਦੀ ਤਿਆਰੀ ਸੀ। ਮਾਝੇ ਤੋਂ ਹੀ ਕਾਂਗਰਸ ਸਰਕਾਰ 'ਚ ਸਭ ਤੋਂ ਜ਼ਿਆਦਾ ਮੰਤਰੀ ਹਨ ਜਿਨਾਂ 'ਚ ਸੁਖਵਿੰਦਰ ਸਿੰਘ ਸਰਕਾਰੀਆ, ਓਪੀ ਸੋਨੀ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਤੇ ਅਰੁਣਾ ਚੌਧਰੀ ਦੇ ਨਾਂ ਸ਼ਾਮਲ ਹਨ। ਇਹ ਪੰਜੇ ਮੰਤਰੀ ਸਿਰਫ ਦੋ ਜ਼ਿਲਿਆਂ ਅੰਮ੍ਰਿਤਸਰ ਤੇ ਗੁਰਦਾਸਪੁਰ ਨਾਲ ਸਬੰਧ ਰੱਖਦੇ ਹਨ ਤੇ ਕਿਸੇ ਸਮੇਂ ਕੈਪਟਨ ਅਮਰਿੰਦਰ ਸਿੰਘ ਦੇ ਖ਼ਾਸ ਰਹੇ ਹਨ ਪਰ ਹੁਣ ਉਨਾਂ ਦਾ ਵਿਰੋਧ ਕਰ ਰਹੇ ਹਨ। ਦੂਜੇ ਪਾਸੇ ਨਵਜੋਤ ਸਿੰਘ ਸਿੱਧੂ ਨੂੰ ਵੀ ਮਾਝੇ ਦੇ ਕੋਟੇ ਤੋਂ ਹੀ ਮੰਤਰੀ ਬਣਾਇਆ ਗਿਆ ਸੀ ਪਰ ਉਨਾਂ ਦੇ ਅਸਤੀਫ਼ਾ ਦੇਣ ਤੋਂ ਬਾਅਦ ਤੋਂ ਇਕ ਮੰਤਰੀ ਦਾ ਅਹੁਦਾ ਖ਼ਾਲੀ ਪਿਆ ਹੈ। ਅਕਾਲੀ-ਬਸਪਾ ਗੱਠਜੋੜ ਨੂੰ ਅਸਰਹੀਣ ਕਰਨ ਲਈ ਦਲਿਤ ਚਿਹਰਿਆਂ ਨੂੰ ਅਹਿਮ ਥਾਂ ਮਿਲੇਗੀ। ਉਪ ਮੁੱਖ ਮੰਤਰੀ ਦਾ ਅਹੁਦਾ ਵੀ ਦਲਿਤ ਨੂੰ ਦਿੱਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਕਾਂਗਰਸ ਦਾ ਵੀ ਪੁਨਰਗਠਨ ਹੋਵੇਗਾ ਅਤੇ ਮੁੱਖ ਮੰਤਰੀ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਦਲਿਤ ਜਾਂ ਹਿੰਦੂ ਚਿਹਰਾ ਦੇਖਣ ਦੇ ਇੱਛੁਕ ਹਨ ਜਦੋਂ ਕਿ ਰਾਹੁਲ ਗਾਂਧੀ ਤੇ ਪ੍ਰਿਅੰਕਾ ਵੱਲੋਂ ਨਵਜੋਤ ਸਿੱਧੂ ਨੂੰ ਇਹ ਕੁਰਸੀ ਦੇਣ ਲਈ ਜ਼ੋਰ ਲਾਇਆ ਜਾ ਸਕਦਾ ਹੈ। ਕੈਪਟਨ ਖੇਮੇ ਵੱਲੋਂ ਪ੍ਰਧਾਨਗੀ ਲਈ ਮਨੀਸ਼ ਤਿਵਾੜੀ, ਵਿਜੈਇੰਦਰ ਸਿੰਗਲਾ, ਚੌਧਰੀ ਸੰਤੋਖ ਸਿੰਘ ਆਦਿ ਦੇ ਨਾਵਾਂ ਦੀ ਚਰਚਾ ਕੀਤੀ ਜਾ ਰਹੀ ਹੈ।

ਕੈਪਟਨ ਜਿਸ ਸਮੇਂ ਸੋਨੀਆ ਗਾਂਧੀ ਨਾਲ ਬੈਠਕ ਕਰਨ ਉਨਾਂ ਦੀ ਰਿਹਾਇਸ਼ 'ਤੇ ਜਾ ਰਹੇ ਸਨ ਤਾਂ ਕੈਪਟਨ ਦੇ ਨਾਲ ਦਿੱਲੀ ਗਏ ਅੰਮ੍ਰਿਤਸਰ ਤੋਂ ਦਲਿਤ ਨੇਤਾ ਤੇ ਵਿਧਾਇਕ ਡਾ. ਰਾਜ ਕੁਮਾਰ ਵੇਰਕਾ ਨੇ ਸੰਕੇਤ ਦਿੱਤੇ ਕਿ ਕੈਬਨਿਟ 'ਚ ਵੱਡਾ ਬਦਲਾਅ ਹੋ ਸਕਦਾ ਹੈ। ਉਨਾਂ ਪਾਰਟੀ ਦੇ ਸੰਗਠਨ 'ਚ ਵੀ ਵੱਡੇ ਬਦਲਾਅ ਦੇ ਸੰਕੇਤ ਦਿੱਤੇ ਪਰ ਕੈਪਟਨ ਅਮਰਿੰਦਰ ਸਿੰਘ ਨੇ ਬੈਠਕ ਤੋਂ ਬਾਅਦ ਮੀਡੀਆ ਨਾਲ ਗੱਲਬਾਤ 'ਚ ਇਸ ਬਾਰੇ ਕੁਝ ਨਹੀਂ ਕਿਹਾ। ਕੈਪਟਨ ਨੇ ਸਿਰਫ ਇਹੀ ਕਿਹਾ ਕਿ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਜੋ ਵੀ ਫ਼ੈਸਲਾ ਕਰੇਗੀ, ਉਹ ਉਨਾਂ ਨੂੰ ਮਨਜ਼ੂਰ ਹੋਵੇਗਾ।

ਕੈਪਟਨ ਵੱਲੋਂ ਕਾਂਗਰਸ ਦੇ ਹਿੰਦੂ ਨੇਤਾਵਾਂ ਨੂੰ ਆਪਣੇ ਨਾਲ ਲੈ ਕੇ ਜਾਣ ਦੇ ਸਬੰਧ 'ਚ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਇਹ ਇਸ ਗੱਲ ਵੱਲ ਇਸ਼ਾਰਾ ਹੈ ਕਿ ਮੁੱਖ ਮੰਤਰੀ ਕਿਸੇ ਵੀ ਸੂਰਤ 'ਚ ਨਵਜੋਤ ਸਿੱਧੂ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਬਣਦੇ ਨਹੀਂ ਦੇਖਣਾ ਚਾਹੁੰਦੇ। ਦਰਅਸਲ, ਦੋ ਮੁੱਖ ਅਹੁਦੇ ਮੁੱਖ ਮੰਤਰੀ ਤੇ ਪਾਰਟੀ ਦੇ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਜੱਟ ਸਿੱਖ ਨੇਤਾ ਨੂੰ ਲਗਾਏ ਜਾਣ ਨਾਲ ਕਾਂਗਰਸ ਨੂੰ ਹਿੰਦੂ ਵਰਗ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹੁਣ ਪਾਰਟੀ 'ਚ ਇਹ ਚਰਚਾ ਵੀ ਹੈ ਕਿ ਜੇ ਕਾਂਗਰਸ ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਉਂਦੀ ਹੈ ਤਾਂ ਉਨਾਂ ਦੀ ਜਗਾ ਵਿਜੇਇੰਦਰ ਸਿੰਗਲਾ ਜਾਂ ਕਿਸੇ ਹੋਰ



ਸੀਨੀਅਰ ਹਿੰਦੂ ਨੇਤਾ ਨੂੰ ਇਹ ਅਹੁਦਾ ਦਿੱਤਾ ਜਾ ਸਕਦਾ ਹੈ। ਵਿਜੇਇੰਦਰ ਸਿੰਗਲਾ ਨੂੰ ਸੂਬਾ ਪ੍ਰਧਾਨ ਬਣਾਏ ਜਾਣ 'ਤੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਮੰਤਰੀ ਮੰਡਲ 'ਚ ਜਗਾ ਦਿੱਤੀ ਜਾ ਸਕਦੀ ਹੈ। ਮੁੱਖ ਮੰਤਰੀ ਨੇ ਹੁਣ ਗੇਂਦ ਹਾਈਕਮਾਨ ਦੇ ਪਾਲੇ ਵਿਚ ਸੁੱਟ ਦਿੱਤੀ ਹੈ ਜਦੋਂ ਕਿ ਨਵਜੋਤ ਸਿੱਧੂ ਦਾ ਰੇੜਕਾ ਹਾਲੇ ਅੱਧ ਵਿਚਾਲੇ ਹੈ।

ਇੱਕ ਸਵਾਲ ਦੇ ਜਵਾਬ 'ਚ ਅਮਰਿੰਦਰ ਨੇ ਕਿਹਾ ਕਿ ਉਹ ਨਵਜੋਤ ਸਿੱਧੂ ਬਾਰੇ ਕੁਝ ਨਹੀਂ ਜਾਣਦੇ। ਹੁਣ ਦੇਖਣਾ ਇਹ ਹੋਵੇਗਾ ਕਿ ਹਾਈਕਮਾਨ ਮੁੜ ਨਵਜੋਤ ਸਿੱਧੂ ਨੂੰ ਦਿੱਲੀ ਬੁਲਾਉਂਦੀ ਹੈ ਜਾਂ ਨਹੀਂ। ਕੈਪਟਨ ਦੀ ਪੰਜਾਬ ਕਾਂਗਰਸ ਵਿਚ ਬਗਾਵਤ ਉੱਠਣ ਮਗਰੋਂ ਸੋਨੀਆ ਗਾਂਧੀ ਨਾਲ ਇਹ ਪਲੇਠੀ ਮੀਟਿੰਗ ਸੀ। ਉਂਝ, ਕੈਪਟਨ ਅਮਰਿੰਦਰ ਖੜਗੇ ਕਮੇਟੀ ਨਾਲ ਦੋ ਮੀਟਿੰਗਾਂ 'ਚ ਆਪਣਾ ਪੱਖ ਰੱਖ ਚੁੱਕੇ ਹਨ। ਇਸੇ ਦੌਰਾਨ ਰਾਹੁਲ ਗਾਂਧੀ ਨੇ ਵੀ ਪੰਜਾਬ ਕਾਂਗਰਸ ਦੇ ਮੁੱਖ ਮੰਤਰੀ ਦੇ ਵਿਰੋਧ ਵਿਚ ਉੱਤਰੇ ਚਿਹਰਿਆਂ ਨਾਲ ਮੀਟਿੰਗਾਂ ਕੀਤੀਆਂ ਸਨ। ਰਾਹੁਲ ਗਾਂਧੀ ਨੇ ਨਵਜੋਤ ਸਿੱਧੂ ਨਾਲ ਵੀ ਮੀਟਿੰਗ ਕੀਤੀ ਸੀ। ਹਾਲਾਂਕਿ ਮੀਟਿੰਗ ਦੀ ਗੱਲਬਾਤ ਬਾਰੇ ਭੇਤ ਬਣਿਆ ਹੋਇਆ ਹੈ ਪਰ ਐਨੀ ਕੁ ਗੱਲ ਸਾਹਮਣੇ ਆਈ ਹੈ ਕਿ ਹਾਈਕਮਾਨ ਅਗਲੀਆਂ ਚੋਣਾਂ ਵਿਚ ਪੂਰੀ ਤਾਕਤ ਨਾਲ ਉੱਤਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀ ਅਤੇ ਅਜਿਹਾ ਫ਼ਾਰਮੂਲਾ ਤਿਆਰ ਕੀਤਾ ਗਿਆ ਹੈ ਜਿਸ ਨਾਲ ਪੰਜਾਬ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਦਾ ਖਾਤਮਾ ਹੋਣ ਦੀ ਸੰਭਾਵਨਾ ਹੈ। ਸੂਤਰ ਦੱਸਦੇ ਹਨ ਕਿ ਸੋਨੀਆ ਗਾਂਧੀ ਨੇ 18 ਨੁਕਾਤੀ ਏਜੰਡੇ ਬਾਰੇ ਅਮਰਿੰਦਰ ਸਿੰਘ ਨੂੰ ਸਖ਼ਤ ਸੁਨੇਹਾ ਦਿੱਤਾ ਹੈ ਤਾਂ ਜੋ ਅਗਲੀਆਂ ਚੋਣਾਂ ਵਿਚ ਕੋਈ ਸਿਆਸੀ ਨੁਕਸਾਨ ਨਾ ਝੱਲਣਾ ਪਵੇ। ਹਾਈਕਮਾਨ ਵੱਲੋਂ 'ਪੰਜਾਬ ਫ਼ਾਰਮੂਲੇ' 'ਚ ਪੰਜਾਬ ਦੇ ਹਰ ਵਰਗ ਦਾ ਸਹਿਯੋਗ ਅਤੇ ਭਰੋਸਾ ਜਿੱਤਣ ਲਈ ਨਵੀਆਂ ਸਿਆਸੀ ਤਬਦੀਲੀਆਂ ਕੀਤੀਆਂ ਜਾਣੀਆਂ ਹਨ। ਕੈਪਟਨ ਦੇ ਮੁੱਖ ਮੰਤਰੀ ਬਣੇ ਰਹਿਣ ਬਾਰੇ ਕਾਫ਼ੀ ਚਿਰ ਤੋਂ ਅਟਕਲਾਂ ਲਾਈਆਂ ਜਾ ਰਹੀਆਂ ਸਨ। ਚਰਚੇ ਸਨ ਕਿ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਰਜ਼ਾਮੰਦ ਨਹੀਂ ਸਨ ਪਰ ਇਸ ਮੀਟਿੰਗ 'ਚ ਅਮਰਿੰਦਰ ਸਿੰਘ ਨੂੰ ਮੋਹਲਤ ਮਿਲ ਜਾਣ ਦੀ ਕਨਸੋਅ ਮਿਲੀ ਹੈ।

**ਨਵਜੋਤ ਸਿੱਧੂ ਦੀ ਭੂਮਿਕਾ ਬਾਰੇ ਭੇਤ ਕਾਇਮ**

ਸੂਤਰਾਂ ਅਨੁਸਾਰ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਲਾਇਆ ਜਾਵੇਗਾ ਅਤੇ ਦੋ

ਉਪ ਮੁੱਖ ਮੰਤਰੀ ਬਣਾਏ ਜਾਣੇ ਹਨ। ਨਵਜੋਤ ਸਿੱਧੂ ਦੀ ਭੂਮਿਕਾ ਬਾਰੇ ਹਾਲੇ ਸਪੱਸ਼ਟ ਨਹੀਂ ਹੋਇਆ ਹੈ। ਵੈਸੇ ਨਵਜੋਤ ਸਿੱਧੂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਹੇਠਾਂ ਕੁਝ ਲੈਣ ਨੂੰ ਤਿਆਰ ਨਹੀਂ ਹਨ। ਦੂਸਰੇ ਪਾਸੇ ਮੁੱਖ ਮੰਤਰੀ ਵੀ ਨਵਜੋਤ ਸਿੱਧੂ ਨਾਲ ਬਤੌਰ ਪ੍ਰਧਾਨ ਚੱਲਣ ਨੂੰ ਤਿਆਰ ਨਹੀਂ ਹਨ।

## ਪੰਜਾਬ ਭਾਜਪਾ 'ਚ ਵੱਡੇ...

ਹੁਣ ਪਾਰਟੀ ਪ੍ਰਧਾਨ ਦੀ ਸਖਤੀ ਮਗਰੋਂ ਅਜਿਹੇ ਲੀਡਰ ਵੱਡਾ ਕਦਮ ਚੁੱਕ ਸਕਦੇ ਹਨ।

ਦੱਸ ਦਈਏ ਕਿ ਬੀਜੇਪੀ ਦੇ ਸੀਨੀਅਰ ਲੀਡਰ ਕੇਡੀ ਭੰਡਾਰੀ ਨੇ ਵੀ ਅਨਿਲ ਜੋਸ਼ੀ ਦੀ ਸੁਰ 'ਚ ਸੁਰ ਮਿਲਾਉਂਦਿਆਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਅੰਦੋਲਨ ਦਾ ਸਾਰਥਕ ਹੱਲ ਕੱਢਣ ਦਾ ਮਸ਼ਵਰਾ ਦਿੱਤਾ ਸੀ। ਇਸੇ ਤਰਾਂ ਜ਼ਿਲਾ ਤੇ ਬਲਾਕ ਪੱਧਰ ਦੇ ਕਈ ਲੀਡਰ ਖੇਤੀ ਕਾਨੂੰਨਾਂ ਨੂੰ ਲੈ ਕੇ ਪਾਰਟੀ ਦੇ ਸਟੈਂਡ ਤੋਂ ਔਖੇ ਹਨ। ਇਸ ਲਈ ਅਗਲੇ ਦਿਨਾਂ ਵਿੱਚ ਪਾਰਟੀ ਅੰਦਰ ਵੱਡਾ ਧਮਾਕਾ ਹੋ ਸਕਦਾ ਹੈ।

ਪਿਛਲੇ ਦਿਨੀਂ ਆਮ ਆਦਮੀ ਪਾਰਟੀ ਦੀ ਅੰਮ੍ਰਿਤਸਰ ਫੇਰੀ ਵੇਲੇ ਚਰਚਾ ਸੀ ਕਿ ਸਾਬਕਾ ਬੀਜੇਪੀ ਮੰਤਰੀ ਅਨਿਲ ਜੋਸ਼ੀ ਤੇ ਲਕਸ਼ਮੀ ਕਾਂਤਾ ਚਾਵਲਾ ਦੇ 'ਆਪ' ਵਿਚ ਸ਼ਾਮਲ ਹੋਣ ਦੀ ਚਰਚਾ ਚੱਲੀ ਸੀ। ਬੇਸ਼ੱਕ ਉਸ ਵੇਲੇ ਬੀਜੇਪੀ ਲੀਡਰਾਂ ਨੇ ਇਸ ਬਾਰੇ ਖੁੱਲ ਕੇ ਕੁਝ ਨਹੀਂ ਕਿਹਾ ਸੀ ਪਰ ਮੰਨਿਆ ਜਾ ਰਿਹਾ ਹੈ ਕਿ ਜੇਕਰ ਖੇਤੀ ਕਾਨੂੰਨਾਂ ਨੂੰ ਲੈ ਕੇ ਰੇੜਕਾ ਜਲਦ ਖਤਮ ਨਾ ਹੋਇਆ ਤਾਂ ਕਈ ਵੱਡੇ ਬੀਜੇਪੀ ਲੀਡਰ ਪਾਰਟੀ ਨੂੰ ਅਲਵਿਦਾ ਕਹਿ ਆਪਣਾ ਵੱਖਰਾ ਰਾਹ ਚੁਣ ਸਕਦੇ ਹਨ।

**ਭਾਜਪਾ ਆਗੂਆਂ ਦੀ ਕਿਸਾਨਾਂ ਵਲੋਂ ਨਾਕਾਬੰਦੀ**

ਸੰਯੁਕਤ ਕਿਸਾਨ ਮੋਰਚੇ ਵੱਲੋਂ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਅਤੇ ਦਿੱਲੀ ਦੀਆਂ ਹੱਦਾਂ 'ਤੇ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੀ ਗਿਣਤੀ ਵਧਾਉਣ ਲਈ 4 ਅਤੇ 5 ਜੁਲਾਈ ਨੂੰ ਪਿੰਡਾਂ 'ਚ ਇਕੱਠ ਕੀਤੇ ਗਏ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਪ੍ਰੇਮ ਸਿੰਘ ਭੰਗੂ ਕਿਹਾ ਕਿ ਜਦੋਂ ਤੱਕ ਤਿੰਨ ਕਾਲੇ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਅਤੇ ਐੱਮਐੱਸਪੀ ਨੂੰ ਕਾਨੂੰਨੀ ਦਰਜਾ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਅੰਦੋਲਨ ਜਾਰੀ ਰਹੇਗਾ। ਉਨਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਕਿਸਾਨ ਵਿਰੋਧੀ ਭਾਜਪਾ ਆਗੂਆਂ ਨੂੰ ਪਿੰਡਾਂ ਵਿੱਚ ਵੜਨ ਨਾ ਦਿੱਤਾ ਜਾਵੇ ਤੇ ਦੂਜੀਆਂ ਸਿਆਸੀ ਪਾਰਟੀਆਂ ਪਿੰਡਾਂ ਵਿੱਚ ਧੜੇਬੰਦੀ ਨਾ ਪੈਦਾ ਕਰਨ। ਮੋਰਚੇ ਵੱਲੋਂ ਲੋਕਾਂ ਨੂੰ ਸੱਦਾ ਦਿੱਤਾ ਗਿਆ ਕਿ 8 ਜੁਲਾਈ ਨੂੰ ਡੀਜ਼ਲ ਅਤੇ ਪੈਟਰੋਲ ਦੀਆਂ ਵਧ ਰਹੀਆਂ ਕੀਮਤਾਂ ਖ਼ਿਲਾਫ਼ ਆਪਣੇ ਵਾਹਨ ਕੌਮੀ ਮਾਰਗਾਂ ਉੱਤੇ ਖੜੇ ਕਰਨ।

**ਕਿਸਾਨਾਂ ਤੋਂ ਭਾਜਪਾ ਘਬਰਾਈ**

ਭਾਜਪਾ ਨੇ ਦੋਸ਼ ਲਾਇਆ ਹੈ ਕਿ ਕਿਸਾਨ ਅੰਦੋਲਨ ਦੇ ਬਹਾਨੇ ਗੈਰ-ਸਮਾਜਿਕ ਤੱਤਾਂ ਵੱਲੋਂ ਭਾਜਪਾ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠਲੇ ਇੱਕ ਵਫ਼ਦ ਨੇ ਪੰਜਾਬ ਦੇ ਰਾਜਪਾਲ ਵੀ ਪੀ ਸਿੰਘ ਬਦਨੌਰ ਨੂੰ ਦਿੱਤੇ ਮੰਗ ਪੱਤਰ 'ਚ ਕਿਹਾ ਕਿ ਭਾਜਪਾ ਆਗੂਆਂ 'ਤੇ ਹਮਲੇ ਕੀਤੇ ਜਾ ਰਹੇ ਹਨ, ਦਫ਼ਤਰਾਂ ਦੀ ਭੰਨ-ਤੋੜ ਕੀਤੀ ਜਾ ਰਹੀ ਹੈ ਤੇ ਨਿੱਜੀ ਜਾਇਦਾਦ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਸ੍ਰੀ ਸ਼ਰਮਾ ਨੇ ਰਾਜਪਾਲ ਨੂੰ ਖੇਤੀਬਾੜੀ ਕਾਨੂੰਨਾਂ ਦੀ ਆੜ ਵਿੱਚ ਕਾਤਲਾਨਾ ਹਮਲੇ ਕਰਨ ਵਾਲੇ ਅਨਸਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕਰਦਿਆਂ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਡੀਜੀਪੀ ਪੰਜਾਬ ਨੂੰ ਹਦਾਇਤਾਂ ਜਾਰੀ ਕਰਨ ਲਈ ਮੰਗ ਪੱਤਰ ਦਿੱਤਾ।

ਇਸ ਮੌਕੇ ਸ੍ਰੀ ਸ਼ਰਮਾ ਨੇ ਕਿਹਾ ਕਿ ਪਿਛਲੇ ਇੱਕ ਸਾਲ ਦੌਰਾਨ ਪੰਜਾਬ ਵਿੱਚ ਭਾਜਪਾ ਦੇ ਦਿੱਗਜ ਆਗੂਆਂ ਅਤੇਵਰਕਰਾਂ 'ਤੇ ਪੁਲਿਸ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕਿਸਾਨਾਂ ਦੇ ਵਿਰੋਧ ਦੀ ਆੜ 'ਚ ਸਮਾਜ ਵਿਰੋਧੀ ਅਨਸਰਾਂ ਵਲੋਂ ਕਾਤਲਾਨਾ ਹਮਲੇ ਕੀਤੇ ਜਾ ਰਹੇ ਹਨ ਅਤੇ ਉਨਾਂ ਦੀਆਂ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਜੋ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਨਾਂ ਘਟਨਾਵਾਂ ਵਿੱਚ ਪੁਲਿਸ ਦੀ ਸਮਾਜ-ਵਿਰੋਧੀ ਅਨਸਰਾਂ ਨਾਲ ਮਿਲੀਭੁਗਤ ਹੈ। ਸੱਤਾਧਾਰੀ ਅਤੇ ਹੋਰ ਵਿਰੋਧੀ ਪਾਰਟੀਆਂ ਦੇ ਆਗੂ ਮੌਜੂਦਾ ਹਾਲਾਤ ਵਿੱਚ ਆਪਣੇ ਰਾਜਨੀਤਕ ਲਾਭ ਲਈ ਅਜਿਹੀ ਹਿੰਸਾ ਅਤੇ ਧਮਕੀਆਂ ਦਾ ਸਹਾਰਾ ਲੈ ਰਹੇ ਹਨ। ਅਜਿਹੀ ਸਥਿਤੀ ਵਿੱਚ ਸੂਬੇ ਦਾ ਕੋਈ ਵੀ ਵਸਨੀਕ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਉਨਾਂ ਕਿਹਾ ਕਿ 2 ਜੁਲਾਈ ਨੂੰ ਬਰਨਾਲਾ ਜ਼ਿਲੇ ਦੇ ਪਿੰਡ ਧਨੌਲਾ ਵਿੱਚ ਸੀਨੀਅਰ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਦੀ ਖੇਤੀ ਵਾਲੀ ਜ਼ਮੀਨ ਵਿੱਚ ਲਾਏ ਗਏ ਝੋਨੇ ਦੀ ਫ਼ਸਲ ਨੂੰ ਨਸ਼ਟ ਕਰ ਦਿੱਤਾ ਗਿਆ ਤੇ ਸ਼ਿਕਾਇਤ ਦਰਜ ਕਰਵਾਉਣ ਦੇ ਬਾਵਜੂਦ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਉਨਾਂ ਦੱਸਿਆ ਕਿ ਮੁਕਤਸਰ ਦੇ ਮਲੋਟ ਵਿੱਚ ਭਾਜਪਾ ਵਿਧਾਇਕ ਅਰੁਣ ਨਾਰੰਗ 'ਤੇ ਕੁਝ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਸੀ ਅਤੇ ਉਨਾਂ ਦੇ ਕੱਪੜੇ ਪਾੜ ਦਿੱਤੇ ਸਨ। ਉਨਾਂ ਕਿਹਾ ਕਿ ਭਾਜਪਾ ਵੱਲੋਂ ਇਸ ਸਬੰਧ ਵਿੱਚ ਡੀਜੀਪੀ ਪੰਜਾਬ ਨੂੰ ਵੀ ਸ਼ਿਕਾਇਤ ਦਿੱਤੀ ਗਈ ਸੀ।

ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਹੁਸ਼ਿਆਰਪੁਰ ਵਿੱਚ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਕਾਰ 'ਤੇ ਦੋ ਵਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਜਿਸ ਦੌਰਾਨ ਉਨਾਂ ਦੀ ਕਾਰ ਬੁਰੀ ਤਰਾਂ ਨੁਕਸਾਨੀ ਗਈ। ਇਸ ਤੋਂ ਪਹਿਲਾਂ ਹੁਸ਼ਿਆਰਪੁਰ ਵਿੱਚ ਪ੍ਰੋਗਰਾਮ ਦੌਰਾਨ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ ਅਤੇ ਸੀਨੀਅਰ ਆਗੂ ਰਾਜਿੰਦਰ ਭੰਡਾਰੀ 'ਤੇ ਹਮਲਾ ਕੀਤਾ ਗਿਆ ਸੀ। ਉਨਾਂ ਕਿਹਾ ਕਿ ਨਵਾਂ ਸ਼ਹਿਰ, ਕਪੂਰਥਲਾ ਅਤੇ ਫਿਰੋਜ਼ਪੁਰ ਵਿੱਚ ਵੀ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਉਨਾਂ 'ਤੇ ਤਿੰਨ ਵਾਰ ਹਮਲਾ ਹੋਇਆ ਹੈ, ਪਰ ਪੁਲਿਸ ਨੂੰ ਸ਼ਿਕਾਇਤਾਂ ਦੇ ਬਾਵਜੂਦ ਅਜੇ ਤੱਕ ਇਨਾਂ ਮਾਮਲਿਆਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ।

## ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੋਰੋਨਾ ਕਾਲ ਵਿਚ ਆਰਥਿਕ ਸੰਕਟ ਵਿਚ ਘਿਰੇ ਸਿੱਖ ਪਰਿਵਾਰਾਂ ਲਈ ਵੱਡੇ ਆਰਥਿਕ ਪੈਕੇਜ ਦਾ ਐਲਾਨ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਰੋਨਾ ਕਾਲ ਵਿਚ ਆਰਥਿਕ ਸੰਕਟ ਵਿਚ ਘਿਰੇ ਸਿੱਖ ਪਰਿਵਾਰਾਂ ਲਈ ਵੱਡੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਹੈ। ਇਕ ਪ੍ਰੈਸ ਕਾਨਫਰੰਸ ਦੌਰਾਨ ਕਮੇਟੀ ਦੇ ਪ੍ਰਧਾਨ ਸਰਦਾਰ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਕੋਰੋਨਾ ਕਾਲ ਵਿਚ ਜਿਹੜੇ ਰਾਗੀ, ਢਾਡੀ, ਕੀਰਤਨੀਏ ਜਾਂ ਗ੍ਰੰਥੀ ਸਿੰਘਾਂ ਨੇ ਆਪਣਾ ਰੋਜ਼ਗਾਰ ਗੁਆਇਆ ਹੈ, ਸਿੰਘ ਸਭਾਵਾਂ ਦੀ ਸਿਫਾਰਸ਼ 'ਤੇ ਉਨਾਂ ਦੀ ਲੋੜ ਅਨੁਸਾਰ ਆਰਥਿਕ ਮਦਦ ਕੀਤੀ ਜਾਵੇਗੀ ਤੇ ਉਨਾਂ ਨੂੰ ਲੰਗਰ ਲਈ ਰਸਦ ਵੀ ਪ੍ਰਦਾਨ ਕੀਤੀ ਜਾਵੇਗੀ।

ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਜਿਹੜੇ ਸਿੱਖ ਬੱਚਿਆਂ ਦੇ ਸਿਰ ਤੋਂ ਪਿਓ ਦਾ ਸਾਇਆ ਕੋਰੋਨਾ ਕਾਲ ਵਿਚ ਉਠ ਗਿਆ ਹੈ, ਇਨਾਂ ਬੱਚਿਆਂ ਨੂੰ ਕਮੇਟੀ ਦੇ ਸਕੂਲਾਂ ਵਿਚ ੧੨ਵੀਂ ਤੱਕ ਮੁਫਤ ਵਿਦਿਆ ਪ੍ਰਦਾਨ ਕੀਤੀ ਜਾਵੇਗੀ। ਅਜਿਹੇ ਬੱਚੇ ਜੇਕਰ ਦੂਜੇ ਸਕੂਲਾਂ ਤੋਂ ਕਮੇਟੀ ਦੇ ਸਕੂਲਾਂ ਵਿਚ ਸ਼ਿਫਟ ਹੋਣਗੇ ਤਾਂ ਉਹਨਾਂ ਨੂੰ ਵੀ ਮੁਫਤ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕੋਰੋਨਾ ਨਾਲ ਜਿਹੜੇ ਸਿੱਖ ਵਿਦਿਆਰਥੀਆਂ ਦੇ ਸਿਰ ਤੋਂ ਪਿਓ ਦਾ ਸਾਇਆ ਉਠ ਗਿਆ ਹੈ ਤੇ ਉਹ ਕਾਲਜਾਂ ਵਿਚ ਪੜਨਾ ਚਾਹੁੰਦੇ ਹਨ, ਇਨਾਂ ਬੱਚਿਆਂ ਨੂੰ ਦਿੱਲੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕਮੇਟੀ ਦੇ ਕਾਲਜਾਂ ਵਿਚ ਮੁਫਤ ਵਿਦਿਆ ਪ੍ਰਦਾਨ ਕੀਤੀ ਜਾਵੇਗੀ ਤੇ ਇਨਾਂ ਦੀ ਫੀਸ ਕਮੇਟੀ ਆਪ ਭਰੇਗੀ।

ਸ੍ਰੀ ਸਿਰਸਾ ਤੇ ਸ੍ਰੀ ਕਾਲਕਾ ਨੇ ਦੱਸਿਆ ਕਿ ਕੋਰੋਨਾ ਨਾਲ ਜਿਹੜੇ ਜ਼ਰੂਰਤਮੰਦ ਸਿੱਖ ਪਰਿਵਾਰਾਂ ਦੇ ਮੁਖੀਆ ਅਕਾਲ ਚਲਾਣਾ ਕਰ ਗਏ ਹਨ, ਉਨਾਂ ਨੂੰ 2500 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ। ਉਨਾਂ ਦੱਸਿਆ ਕਿ ਕੋਰੋਨਾ ਨਾਲ ਜਿਹੜੀਆਂ ਸਿੱਖ ਧੀਆਂ ਦੇ ਸਿਰ ਤੋਂ ਪਿਓ ਦਾ ਸਾਇਆ ਉਠ ਗਿਆ ਅਤੇ ਇਹ ਧੀਆਂ ਵਿਆਹੁਣਯੋਗ ਹਨ, ਕਮੇਟੀ ਵੱਲੋਂ ਇਨਾਂ ਨੂੰ 21 ਹਜ਼ਾਰ ਰੁਪਏ ਸ਼ਗਨ ਦਿੱਤਾ ਜਾਵੇਗਾ ਤੇ ਗੁਰਦੁਆਰਾ ਸਾਹਿਬ ਵਿਚ ਇਨਾਂ ਦੇ ਆਨੰਦ ਕਾਰਜ ਦਾ ਪ੍ਰਬੰਧ ਵੀ ਕਮੇਟੀ ਕਰੇਗੀ। ਉਨਾਂ ਇਹ ਵੀ ਕਿਹਾ ਕਿ ਜੇਕਰ ਸਾਡੀ ਕੌਮ ਦੇ ਹੀਰੇ ਰਾਗੀ, ਢਾਡੀ, ਕੀਰਤਨੀਏ ਤੇ ਗ੍ਰੰਥੀ ਹੀ ਬੇਰੋਜ਼ਗਾਰ ਹੋ ਕੇ ਰੁਲ ਗਏ ਤਾਂ ਫਿਰ ਸਾਡਾ ਜਾਂ ਸਾਡੀਆਂ ਹੋਰ ਗੁਰਦੁਆਰਾ ਕਮੇਟੀਆਂ ਜਾਂ ਸਿੰਘ ਸਭਾਵਾਂ ਦੀਆਂ ਸੇਵਾਵਾਂ ਕਦੇ ਵੀ ਪ੍ਰਵਾਨ ਨਹੀਂ ਹੋਣਗੀਆਂ। ਇਸ ਲਈ ਅਸੀਂ ਯਕੀਨੀ ਬਣਾਵਾਂਗੇ ਕਿ ਦਿੱਲੀ ਵਿਚ ਕਿਸੇ ਵੀ ਸਿੱਖ ਪਰਿਵਾਰ ਦਾ ਬੱਚਾ ਵਿਦਿਆ ਤੋਂ ਵਾਂਝਾ ਨਾ ਰਹੇ, ਕੋਈ ਧੀ ਵਿਆਹੁਣ ਤੋਂ ਨਾ ਰਹਿ ਜਾਵੇ ਤੇ ਕੋਈ ਵੀ ਰਾਗੀ, ਢਾਡੀ, ਕੀਰਤਨੀਆ ਜਾਂ ਗ੍ਰੰਥੀ ਆਰਥਿਕ ਸੰਕਟ ਨਾਲ ਨਾ ਜੂਝੇ।

ਉਨਾਂ ਇਹ ਵੀ ਐਲਾਨ ਕੀਤਾ ਕਿ ਕਮੇਟੀ ਵੱਲੋਂ ਜਿਹੜਾ 125 ਬੈਡਾਂ ਦਾ ਹਸਪਤਾਲ ਤਿਆਰ ਕੀਤਾ ਜਾ ਰਿਹਾ ਹੈ, ਸਿੰਘ ਸਭਾਵਾਂ ਵੱਲੋਂ ਮਰੀਜ਼ ਦੀ ਸਿਫਾਰਸ਼ ਕਰਨ'ਤੇ ਉਸ ਨੂੰ ਇਲਾਜ ਵਾਸਤੇ 50 ਫੀਸਦੀ ਰਿਆਇਤ ਦਿੱਤੀ ਜਾਵੇਗੀ ਅਤੇ ਅਜਿਹੇ ਮਰੀਜ਼ ਦੇ ਐਮ ਆਰ ਆਈ ਤੇ ਸੀ ਟੀ ਸਕੈਨ ਮੁਫਤ ਹੋਣਗੇ।

## 2022 ਵਿਚ ਪੰਜਾਬ ਦੀ ਵਿਧਾਨ ਸਭਾ ਦੀਆਂ ਚੋਣਾਂ

# ਪੰਜਾਬੀ ਚੋਣ ਏਜੰਡੇ ਉਪਰ ਪਹਿਰਾ ਦੇਵੇ

## ਮੁੱਖ ਮੁੱਦੇ ਸਿਹਤ, ਵਿਦਿਆ, ਵਾਤਾਵਰਨ, ਖੇਤੀ ਉਦਯੋਗ, ਭ੍ਰਿਸ਼ਟਾਚਾਰ ਮੁਕਤ ਪੰਜਾਬ

**ਰਜਿੰਦਰ ਸਿੰਘ ਪੁਰੇਵਾਲ**
**ਚੇਅਰਮੈਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ**

ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਪੰਜਾਬ 'ਚ ਅਸੈਂਬਲੀ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ ਦੇ ਰਾਜਨੀਤਕ ਦ੍ਰਿਸ਼ ਵਿਚ ਹੋਂਦ ਗੁਆ ਚੁੱਕੀ ਤੀਜੀ ਪਾਰਟੀ ਆਪ ਅਤੇ ਅਕਾਲੀ ਗਠਜੋੜ ਤੋਂ ਟੁਟਣ ਕਾਰਨ ਹਵਾ ਵਿਚ ਲਟਕੀ ਪਾਰਟੀ ਭਾਜਪਾ ਆਪਣੀ ਸਿਆਸੀ ਹੋਂਦ ਲਈ ਸੰਘਰਸ਼ ਕਰ ਰਹੀ ਹੈ। ਸੱਤਾਧਾਰੀ ਕਾਂਗਰਸ ਤੇ ਵਿਰੋਧੀ ਅਕਾਲੀ ਦਲ ਵਿਚ ਮੌਕਾਪ੍ਰਸਤੀ ਤੇ ਝੂਠੇ ਵਾਅਦਿਆਂ ਵਾਲਾ ਰਾਜਨੀਤਕ ਸੱਭਿਆਚਾਰ ਹੀ ਭਾਰੂ ਰਿਹਾ ਹੈ। ਇਸ ਤਰਾਂ ਦੇ ਰਾਜਨੀਤਕ ਅਸਿਥਰਤਾ ਦੇ ਮਾਹੌਲ ਵਿਚ ਪੰਜਾਬ 2022 ਦੀਆਂ ਅਸੈਂਬਲੀ ਚੋਣਾਂ ਦੀ ਤਿਆਰੀ ਕਰ ਰਿਹਾ ਹੈ। ਕਿਸਾਨ ਇਨਾਂ ਸਾਰੀਆਂ ਪਾਰਟੀਆਂ ਦਾ ਬਾਈਕਾਟ ਕਰ ਰਹੇ ਹਨ।

ਪੰਜਾਬ ਵਿਚ ਰਾਜਨੀਤਿਕ ਸਥਾਪਤੀ ਸਾਹਵੇਂ ਪ੍ਰਮੁੱਖ ਰਾਜਨੀਤਿਕ ਮੁੱਦੇ ਹਨ: ਮੌਜੂਦਾ ਸੰਘਰਸ਼ ਦੇ ਸੰਦਰਭ ਵਿਚ ਕਿਸਾਨਾਂ ਦਾ ਮੁੱਦਾ, ਨਕਰਾਤਮਿਕਤਾ ਦੀ ਹੱਦ ਤੱਕ ਆਰਥਿਕ ਮੰਦਵਾੜਾ, ਨੌਕਰੀਆਂ ਦੇਣ ਦੀ ਨਿਰਾਸ਼ਾਜਨਕ ਸਥਿਤੀ, ਚੰਗੇ ਪ੍ਰਸ਼ਾਸਨ ਦੀ ਘਾਟ ਅਤੇ ਇਸ ਵਿਚ ਭਰੋਸੇਯੋਗਤਾ ਦੀ ਕਮੀ, ਪੇਂਡੂ ਖੇਤਰ ਵਿਚ ਵਿਆਪਕ ਨਸ਼ਿਆਂ ਦੀ ਸਮੱਸਿਆ, ਚੰਡੀਗੜ ਦੇ ਸੰਦਰਭ ਵਿਚ ਅਣਸੁਲਝੇ ਮਸਲੇ, ਪਾਣੀਆਂ ਦਾ ਮੁੱਦਾ, ਸਿਹਤ, ਵਾਤਾਵਰਣ, ਵਿਦਿਆ, ਪੰਜਾਬੀ ਬੋਲਣ ਵਾਲੇ ਇਲਾਕੇ ਅਤੇ ਸਤਲੁਜ-ਯਮੁਨਾ ਲਿੰਕ ਮੁੱਦਾ, ਮਹਿੰਗੀ ਬਿਜਲੀ ਦਾ ਮੁੱਦਾ,ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਅਣਸੁਲਝਿਆ ਮਸਲਾ। ਪੰਜਾਬ ਦੀ ਲੀਡਰਸ਼ਿਪ ਇਨਾਂ ਮਸਲਿਆਂ ਬਾਰੇ ਸੁਚੇਤ ਨਹੀਂ ਹੈ।ਇਥੋਂ ਤੱਕ ਕਿ ਰਾਜ ਦੇ ਅਧਿਕਾਰਾਂ ਅਤੇ ਸੰਘੀ ਢਾਂਚੇ ਨੂੰ ਲਗਾਤਾਰ ਖੋਰਾ ਵੀ ਪੰਜਾਬ ਦੀ ਲੀਡਰਸ਼ਿਪ ਨੂੰ ਜਗਾ ਨਹੀਂ ਪਾਇਆ ਹੈ। ਕੇਂਦਰ ਦੀ ਲੁੱਟ ਅੱਗੇ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਚੁੱਪ ਹਨ। ਪੰਜਾਬ ਸਰਕਾਰ ਸਿਰ ਕਰਜ਼ਾ ਲਗਾਤਾਰ ਵੱਧਦਾ ਜਾ ਰਿਹਾ ਹੈ, ਹਾਲਾਂਕਿ ਸਰਕਾਰ ਵੱਲੋਂ ਕਰਜ਼ੇ ਦੀ ਅਦਾਇਗੀ ਵੀ ਕੀਤੀ ਜਾ ਰਹੀ ਹੈ ਪਰ ਇਸ ਦੇ ਬਾਵਜੂਦ ਇਹ ਕਰਜ਼ਾ ਘਟਣ ਦਾ ਨਾਂ ਨਹੀਂ ਲੈ ਰਿਹਾ। ਪੰਜਾਬ ਸਰਕਾਰ 'ਤੇ ਸਾਲ 2020-21 ਦੇ ਬਜਟ ਵਿਚ ਜਿੱਥੇ 2 ਲੱਖ, 52 ਹਜ਼ਾਰ, 880 ਕਰੋੜ ਰੁਪਏ ਦਾ ਕਰਜ਼ਾ ਸੀ, ਉੱਥੇ ਹੁਣ ਇਹ ਵੱਧ ਕੇ ੨ ਲੱਖ, ਅਸੀ ਹਜ਼ਾਰ, 703 ਕਰੋੜ ਰੁਪਏ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ। ਇਸ ਦਾ ਮਤਲਬ ਹੈ ਕਿ ਹਰ ਪੰਜਾਬੀ 99 ਹਜ਼ਾਰ ਰੁਪਏ ਦਾ ਕਰਜ਼ਦਾਰ ਹੈ। ਇਹ ਕਰਜਾ ਸਤਾਧਾਰੀਆਂ ਦੀ ਲੁਟ ਕਾਰਨ ਵਧਦਾ ਜਾ ਰਿਹਾ ਹੈ। ਸਾਲ 2000 ਤੱਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਦਾ ਪਹਿਲੇ ਨੰਬਰ ਦਾ ਪ੍ਰਾਂਤ ਸੀ ਜੋ ਹੁਣ ਖਿਸਕ ਕੇ 12ਵੇਂ ਸਥਾਨ 'ਤੇ ਪਹੁੰਚ ਗਿਆ। ਬਹੁਤ ਸਾਰੇ ਪ੍ਰਾਂਤ ਜਿਵੇਂ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼ ਆਦਿ ਅੱਗੇ ਨਿਕਲ ਗਏ ਹਨ।

ਉਹ ਪ੍ਰਾਂਤ ਜਿਹੜੇ ਪੰਜਾਬ ਤੋਂ ਆਰਥਿਕ ਤੌਰ 'ਤੇ ਅੱਗੇ ਲੰਘ ਗਏ ਹਨ, ਜੇ ਉਨਾਂ ਦੀ ਆਰਥਿਕਤਾ ਵੱਲ ਨਜ਼ਰ ਮਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਉਨਾਂ ਦੇ ਉਦਯੋਗਾਂ ਨੇ ਵੱਡਾ ਵਿਕਾਸ ਕੀਤਾ ਹੈ ਅਤੇ ਖੇਤੀ ਵਾਲੀ ਵੱਡੀ ਵਸੋਂ ਬਦਲ ਕੇ ਉਦਯੋਗਾਂ ਵਿਚ ਲੱਗ ਗਈ ਹੈ। ਪਰ ਪੰਜਾਬ ਨੇ ਖੇਤੀ ਉਦਯੋਗਾਂ ਵਲ ਧਿਆਨ ਨਹੀਂ ਦਿੱਤਾ।ਖੇਤੀ ਪ੍ਰਧਾਨ ਦੇਸ਼ ਹੋਣ ਕਰ ਕੇ ਪੰਜਾਬ ਦੀ ਆਰਥਿਕ ਨੀਤੀ ਵਿਚ ਖੇਤੀ ਮੁੱਖ ਨੀਤੀ ਬਣਨੀ ਚਾਹੀਦੀ ਹੈ ਜਿਸ ਲਈ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨਜ਼ਦੀਕ ਆਉਣ ਨਾਲ ਵੱਖ ਵੱਖ ਪਾਰਟੀਆਂ ਨੇ ਲੋਕ-ਲੁਭਾਊ ਵਾਅਦੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਨਾਂ ਵਿਚ ਲੋਕਾਂ ਨੂੰ ਵਸਤਾਂ ਅਤੇ ਸੇਵਾਵਾਂ 'ਮੁਫ਼ਤ/ਫਰੀ' ਦੇਣ ਦੇ ਦਾਅਵੇ ਸਭ ਦਾ ਧਿਆਨ ਖਿੱਚ ਰਹੇ ਹਨ। ਕੋਈ ਬਿਜਲੀ ਦੇ ਕੁਝ ਯੂਨਿਟ ਮੁਫ਼ਤ ਦੇਣ ਦੀ ਗੱਲ ਕਰ ਰਿਹਾ ਹੈ, ਕੋਈ ਪਾਣੀ ਦੇਣ ਦੀਆਂ ਤੇ ਕੋਈ ਬੱਸ ਸੇਵਾਵਾਂ। ਲੋਕ ਅਜਿਹੇ ਵਾਅਦਿਆਂ ਤੋਂ ਪ੍ਰਭਾਵਿਤ ਹੋ ਕੇ ਸਿਆਸੀ ਪਾਰਟੀਆਂ ਨੂੰ ਵੋਟਾਂ ਵੀ ਦਿੰਦੇ ਹਨ। ਪੰਜਾਬੀਆਂ ਨੂੰ ਇਸ ਮਾਨਸਿਕਤਾ ਤੋਂ ਮੁਕਤ ਹੋਣ ਦੀ ਜ਼ਰੂਰਤ ਹੈ ਕਿ ਕੋਈ ਵਸਤ ਜਾਂ ਸੇਵਾ 'ਮੁਫ਼ਤ' ਹੋ ਸਕਦੀ ਹੈ। ਹਰ ਵਸਤ ਜਾਂ ਸੇਵਾ ਲਈ ਪੈਸਾ ਖਰਚ ਹੁੰਦਾ ਹੈ ਅਤੇ ਉਹ ਪੈਸਾ ਲੋਕਾਂ ਤੋਂ ਹੀ ਟੈਕਸਾਂ ਰਾਹੀਂ ਉਗਰਾਹਿਆ ਜਾਂਦਾ ਹੈ। ਅਸਿੱਧੇ ਤੌਰ 'ਤੇ ਲਾਏ ਜਾਂਦੇ ਟੈਕਸਾਂ ਦਾ ਪ੍ਰਭਾਵ ਹਰ ਵਰਗ ਦੇ ਲੋਕਾਂ 'ਤੇ ਬਰਾਬਰ ਪੈਂਦਾ ਹੈ, ਭਾਵ ਗ਼ਰੀਬ ਆਦਮੀ ਵੀ ਉਹੀ ਟੈਕਸ ਦਿੰਦਾ ਹੈ ਜੋ ਅਮੀਰ ਆਦਮੀ। ਇਸ ਤਰਾਂ ਮੁਫ਼ਤ ਸੇਵਾਵਾਂ ਜਾਂ ਵਸਤਾਂ ਦੇਣ ਦੇ ਵਾਅਦੇ ਇਕ ਤਰਾਂ ਦਾ ਸਿਆਸੀ ਛਲਾਵਾ ਹਨ।

ਲੋਕਾਂ ਨੂੰ ਸਿਆਸੀ ਪਾਰਟੀਆਂ ਤੋਂ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਉਨਾਂ ਦਾ ਪੰਜਾਬ ਦੇ ਭਵਿੱਖ ਲਈ ਸਿਆਸੀ ਤੇ ਆਰਥਿਕ ਏਜੰਡਾ ਕੀ ਹੈ। ਉਹ ਬੇਰੁਜ਼ਗਾਰੀ ਅਤੇ ਵਿੱਦਿਆ, ਸਿਹਤ, ਖੇਤੀ, ਵਾਤਾਵਰਨ, ਬੁਨਿਆਦੀ ਢਾਂਚੇ ਤੇ ਹੋਰ ਖੇਤਰਾਂ ਵਿਚਲੀਆਂ ਸਮੱਸਿਆਵਾਂ ਕਿਵੇਂ ਹੱਲ ਕਰਨਗੀਆਂ। ਜਦ ਰੁਜ਼ਗਾਰ ਨਹੀਂ ਹੈ ਤਾਂ ਮੁਫ਼ਤ ਬਿਜਲੀ, ਪਾਣੀ ਜਾਂ ਕਿਸੇ ਹੋਰ ਸੇਵਾ ਦੇ ਮੁਫ਼ਤ ਹੋਣ ਦੇ ਕੀ ਅਰਥ ਰਹਿ ਜਾਂਦੇ ਹਨ। ਕਣਕ-ਝੋਨੇ ਦੇ ਫ਼ਸਲੀ ਚੱਕਰ ਕਾਰਨ ਪੰਜਾਬ ਵਿਚ ਜ਼ਮੀਨੀ ਪਾਣੀ ਦੀ ਪੱਧਰ ਘਟ ਰਹੀ ਹੈ ਅਤੇ ਮਾਹਿਰਾਂ ਅਨੁਸਾਰ ਪੰਜਾਬ ਬੰਜਰ ਬਣਨ ਵੱਲ ਵਧ ਰਿਹਾ ਹੈ। ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕਾਂ ਵਿਚ ਹਾਲਾਤ ਬਹੁਤ ਗੰਭੀਰ ਹਨ। ਸੂਬੇ ਵਿਚ ਰੁਜ਼ਗਾਰ ਨਾ ਹੋਣ ਕਾਰਨ ਪੰਜਾਬੀਆਂ ਨੂੰ ਆਪਣਾ ਭਵਿੱਖ ਪੰਜਾਬ ਦੀ ਬਜਾਏ ਕੈਨੇਡਾ, ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ ਵਿਚ ਦਿਖਾਈ ਦਿੰਦਾ ਹੈ। ਪੰਜਾਬੀਆਂ ਨੂੰ ਆਉਣ ਵਾਲੀਆਂ ਚੋਣਾਂ ਵਿਚ ਸਿਆਸੀ ਪਾਰਟੀਆਂ ਨੂੰ ਜਵਾਬਦੇਹ ਬਣਾਉਣ ਲਈ ਉਨਾਂ ਤੋਂ ਗੰਭੀਰ ਪ੍ਰਸ਼ਨ ਪੁੱਛਣੇ ਚਾਹੀਦੇ ਹਨ।








**ਕੀ ਹੋਣ ਚੋਣ ਮੁੱਦੇ :**

**1. ਨਸ਼ਾ**

ਕੈਪਟਨ ਨੂੰ ਅਕਸਰ ਯਾਦ ਕਰਵਾਇਆ ਜਾਂਦਾ ਹੈ ਕਿ ਉਨਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲ ਹੱਥ ਵਿਚ ਗੁਟਕਾ ਸਾਹਿਬ ਚੁੱਕ ਕੇ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਦੀ ਸਹੁੰ ਚੁੱਕੀ ਸੀ, ਉਸ ਦਾ ਕੀ ਬਣਿਆ ? ਪਿਛਲੇ ਸਮੇਂ ਦੌਰਾਨ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਨੌਜਵਾਨਾਂ ਦੀਆਂ ਮੌਤਾਂ ਨੇ ਉਨਾਂ ਦੀ ਇਸ ਮੋਰਚੇ ਉੱਪਰ ਸਫ਼ਲਤਾ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆ ਖੜੇ ਕੀਤੇ ਹਨ। 2017 ਦੀਆਂ ਚੋਣਾਂ ਦੌਰਾਨ ਨਸ਼ਾ ਵੱਡਾ ਚੋਣ ਮੁੱਦਾ ਸੀ, ਪਰ ਇਸ ਵੇਲੇ ਨਾ ਕਾਂਗਰਸ ਵੱਡੇ ਮਗਰਮੱਛਾਂ ਨੂੰ ਫੜਨ ਦਾ ਦਾਅਵਾ ਕਰ ਰਹੀ ਹੈ ਅਤੇ ਨਾ ਅਕਾਲੀ ਦਲ ਪੰਜਾਬ ਵਿਚ ਨਸ਼ਾ ਨਾ ਹੋਣ ਦੇ ਬਿਆਨ ਦੇ ਰਿਹਾ ਹੈ।ਜਦਕਿ ਡਰਗ ਕਾਰਨ ਨੌਜਵਾਨ ਪੰਜਾਬ ਵਿਚ ਵੱਡੀ ਪਧਰ ਉਪਰ ਮਰ ਰਹੇ ਹਨ।ਪਰ ਇਹ ਮੁੱਦਾ ਸਭ ਰਾਜਨੀਤਕ ਪਾਰਟੀਆਂ ਦਬਾ ਰਹੀਆਂ ਹਨ।

**2. ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ**

ਵਿਰੋਧੀ ਧਿਰ ਵੀ ਭ੍ਰਿਸ਼ਟਾਚਾਰ ਦੀ ਬਜਾਏ ਸ਼ਾਂਤੀ ਦੀ ਚਰਚਾ ਵੱਧ ਕਰ ਰਹੀ ਹੈ। ਕੈਪਟਨ ਸਰਕਾਰ ਵਲੋਂ ਘਰ-ਘਰ ਨੌਕਰੀ ਦੇਣ ਦਾ ਵਾਅਦਾ ਕੀਤਾ ਗਿਆ ਸੀ।ਵਿਰੋਧੀ ਧਿਰਾਂ ਤੇ ਜਨਤਕ ਸੰਗਠਨਾਂ ਵਲੋਂ ਇਸ ਨੂੰ ਉਠਾਏ ਜਾਣ ਦੇ ਬਾਵਜੂਦ ਲੋਕ ਸਭਾ ਚੋਣ ਪ੍ਰਚਾਰ ਦੀ ਬਹਿਸ ਬੇਰੁਜ਼ਗਾਰੀ ਉੱਤੇ ਫੋਕਸ ਨਹੀਂ ਹੋ ਰਹੀ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਰੇਤ-ਬੱਜਰੀ ਮਾਈਨਿੰਗ, ਕੇਬਲ, ਟਰਾਂਸਪੋਰਟ ਅਤੇ ਸ਼ਰਾਬ ਮਾਫ਼ੀਆਂ ਮੁੱਖ ਮੁੱਦਿਆਂ ਵਿੱਚੋਂ ਸੀ। ਪਰ ਇਸ ਵਾਰ ਇਸ ਉੱਤੇ ਵੀ ਬਹੁਤੀ ਚਰਚਾ ਨਹੀਂ ਹੋ ਰਹੀ।

**3. ਰਵਾਇਤੀ ਮੁੱਦੇ ਪੂਰੀ ਤਰਾਂ ਗਾਇਬ**

ਹੁਣ ਵੀ ਪੰਜਾਬ ਦੇ ਰਵਾਇਤੀ ਮੁੱਦੇ ਪੂਰੀ ਤਰਾਂ ਗਾਇਬ ਹਨ। ਚੰਡੀਗੜ ਪੰਜਾਬ ਨੂੰ ਮਿਲੇ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ ਅਤੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਕਿਧਰੇ ਵੀ ਸੁਣਾਈ ਨਹੀਂ ਦਿੱਤਾ। ਚੋਣ ਮਨੋਰਥ ਪੱਤਰ ਜਾਰੀ ਕਰਨਾ ਰਸਮ ਬਣ ਗਈ ਹੈ, ਉਵੇਂ ਹੀ ਇਨਾਂ ਰਵਾਇਤੀ ਮਸਲਿਆਂ ਨੂੰ ਸ਼ਾਮਲ ਕਰਨਾ ਵੀ ਰਵਾਇਤ ਬਣ ਗਈ ਹੈ। ਪਰ ਇਨਾਂ ਮੁੱਦਿਆਂ ਉੱਤੇ ਕੋਈ ਪਾਰਟੀ ਵੋਟਾਂ ਮੰਗਦੀ ਨਹੀਂ ਦਿਖ ਰਹੀ।ਹੌਲੀ ਹੌਲੀ ਇਹ ਮੁੱਦੇ ਦਮ ਤੋੜ ਰਹੇ ਹਨ।

**4. ਵਾਤਾਵਰਨ ਸੁਰੱਖਿਆ**

ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਮੁਤਾਬਕ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ ਜੇਕਰ ਹਾਲਾਤ ਇਹੀ ਰਹੇ ਤਾਂ ਅਗਲੇ 25 ਸਾਲਾਂ ਤੱਕ ਪੰਜਾਬ ਵਿਚ 300 ਫੁੱਟ ਤੱਕ ਪਾਣੀ ਦੇ ਸਰੋਤ ਖਤਮ ਹੋ ਜਾਣਗੇ ਤੇ ਪੰਜਾਬ ਰੇਗਿਸਤਾਨ ਵਿਚ ਬਦਲ ਜਾਵੇਗਾ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਰਿਪੋਰਟਾਂ ਮੁਤਾਬਕ ਸੂਬੇ ਦੇ ਕਿਸੇ ਵੀ ਦਰਿਆ ਦਾ ਪਾਣੀ ਮਨੁੱਖ ਤੇ ਜੀਵ ਜੰਤੂਆਂ ਦੇ ਪੀਣਯੋਗ ਨਹੀਂ ਹੈ। ਇਹੀ ਨਹੀਂ ਲੁਧਿਆਣਾ, ਮੰਡੀ ਗੋਬਿੰਦਗੜ, ਜਲੰਧਰ, ਡੇਰਾਬੱਸੀ-ਲਾਲੜੂ ਅਤੇ ਹੋਰ ਸਨਅਤੀ ਸ਼ਹਿਰਾਂ ਦੀ ਹਵਾ ਦਾ ਪੱਧਰ ਬਹੁਤ ਥੱਲੇ ਡਿੱਗ ਗਿਆ ਹੈ। ਰਸਾਇਣਾਂ ਦੇ ਛਿੜਕਾਅ ਅਤੇ ਖਾਦਾਂ ਦੀ ਵਰਤੋਂ ਨੇ ਪੰਜਾਬ ਦੀ ਮਿੱਟੀ ਨੂੰ ਵੀ ਬਿਮਾਰ ਕੀਤਾ ਹੋਇਆ ਹੈ। ਪੰਜਾਬ ਵਿਚ ਇਨੀਂ ਦਿਨੀਂ ਲੋਕ ਦੁਕਾਨਾਂ ਤੋਂ ਮੱਧ ਪ੍ਰਦੇਸ਼ ਤੋਂ ਆਇਆ ਆਟਾ ਖਾਂਦੇ ਹਨ, ਕਿਉਂਕਿ ਉਹ ਪੰਜਾਬ ਦੇ ਆਟੇ ਨੂੰ ਜ਼ਹਿਰੀ ਮੰਨਦੇ ਹਨ।

**5. ਲੋਕਾਂ ਦੀ ਸਿਹਤ ਦਾ ਮਸਲਾ**

ਦਸੰਬਰ 2018 ਵਿਚ ਟੇਰੀ ਸਕੂਲ ਆਫ਼ ਐਡਵਾਂਸ ਸਟੱਡੀਜ਼ ਵਜੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਮੁਤਾਬਕ ਪੰਜਾਬ ਦੇ 25 ਫ਼ੀਸਦ ਖੂਹਾਂ ਦੇ ਪਾਣੀ ਵਿਚ ਆਰਸੈਨਿਕ ਵਰਗੇ ਜ਼ਹਿਰੀ ਤੱਤ ਪਾਏ ਗਏ ਹਨ। ਅਧਿਐਨ ਮੁਤਾਬਕ ਇਸ ਦਾ ਜ਼ਿਆਦਾ ਮਾਤਰਾ ਰਾਵੀ ਦਰਿਆ ਕੰਢੇ ਵਸੇ ਜ਼ਿਲਿਆਂ ਤਰਨ ਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਪਾਈ ਗਈ ਹੈ।

ਕਿਡਨੀਆਂ, ਦਿਲ, ਚਮੜੀ ਤੇ ਪੇਟ ਦੇ ਰੋਗਾਂ ਦਾ ਵਧਣਾ, ਨਰਵਸ ਸਿਸਟਮ ਦਾ ਕਮਜ਼ੋਰ ਹੋਣਾ ਪਾਣੀ ਦੇ ਜ਼ਹਿਰੀ ਹੋਣ ਦਾ ਕਾਰਨ ਹੈ।

ਕੁਝ ਸਮਾਂ ਪਹਿਲਾਂ ਡਾਊਨ ਟੂ ਅਰਥ ਮੈਗਜ਼ੀਨ ਨੇ ਇੱਕ ਅਧਿਐਨ ਰਿਪੋਰਟ ਛਾਪ ਕੇ ਦਾਅਵਾ ਕੀਤਾ ਸੀ ਕਿ ਰਸਾਇਣ ਪੰਜਾਬ ਦੇ ਲੋਕਾਂ ਦੇ ਖ਼ੂਨ ਅਤੇ ਮਾਂ ਦੇ ਦੁੱਧ ਤੱਕ ਪਹੁੰਚ ਗਏ ਹਨ।ਡਾਊਨ ਟੂ ਅਰਥ ਦੀ ਇੱਕ ਹੋਰ ਰਿਪੋਰਟ ਵਿਚ ਕਿਹਾ ਗਿਆ ਕਿ ਪੰਜਾਬ ਵਿਚ ਕੈਂਸਰ ਮਹਾਮਾਰੀ ਬਣ ਰਿਹਾ ਹੈ, ਹੈਪੇਟਾਇਟਸ ਸੀ, ਅਪੰਗਤਾ, ਪ੍ਰਜਨਣ ਨਾਲ ਜੁੜੇ ਰੋਗ, ਬੱਚਿਆਂ ਵਿਚ ਗਠੀਆ ਤੇ ਬਜ਼ੁਰਗਾਂ ਵਿਚ ਡਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਗੰਭੀਰ ਮੁੱਦਾ ਹੈ।ਪੰਜਾਬ ਦੇ 60 ਫ਼ੀਸਦ ਰਕਬੇ ਵਾਲੇ ਇਲਾਕੇ ਮਾਲਵੇ ਨੂੰ ਲੋਕ ਕੈਂਸਰ ਪੱਟੀ ਕਹਿਣ ਲੱਗ ਪਏ ਹਨ। ਬਠਿੰਡਾ ਤੋਂ ਜਾਣ ਵਾਲੀ ਇੱਕ ਟਰੇਨ ਨੂੰ ਕੈਂਸਰ ਟਰੇਨ ਕਿਹਾ ਜਾਣ ਲੱਗਾ ਹੈ।ਪੰਜਾਬ ਸਰਕਾਰ ਦੀ ਟਾਸਕ ਫੋਰਸ ਦੀ ਇੱਕ ਰਿਪੋਰਟ ਮੁਤਾਬਕ 1992 ਤੋਂ 2007 ਤੱਕ ਪ੍ਰਾਇਮਰੀ ਹੈਲਥ ਸੈਂਟਰਾਂ ਦੀ ਗਿਣਤੀ 484 ਹੀ ਰਹੀ, ਪਰ 2007 ਤੋਂ 2015 ਦਰਮਿਆਨ ਇਹ ਘਟ ਕੇ 427 ਹੋ ਗਈ।ਪਰ ਲੋਕਾਂ ਦੀ ਸਿਹਤ ਦੇ ਮੁੱਦੇ ਦੀ ਚਰਚਾ ਵੀ ਪ੍ਰਚਾਰ ਦੌਰਾਨ ਕਿਧਰੇ ਸੁਣਾਈ ਨਹੀਂ ਦਿੱਤੀ ਸਵਾਏ ਚੋਣ ਮਨੋਰਥ ਪੱਤਰਾਂ ਵਿਚ ਚੰਗੀਆਂ ਸਿਹਤ ਸਹੂਲਤਾਂ ਦੇਣ ਦੇ ਵਾਅਦੇ ਤੋਂ ਬਿਨਾਂ।

**6. ਸਿੱਖਿਆ ਦੇ ਅਧਿਕਾਰ ਦੀ ਗੱਲ**

ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਉਹੀ ਬੱਚਾ ਭੇਜਦਾ ਹੈ, ਜਿਸ ਦੀ ਮਾੜੇ ਤੋਂ ਮਾੜੇ ਨਿੱਜੀ ਸਕੂਲ ਵਿਚ ਵੀ ਬੱਚੇ ਪੜਾਉਣ ਦੀ ਸਮਰੱਥਾ ਨਾ ਹੋਵੇ।

ਸਰਕਾਰੀ ਸਕੂਲਾਂ ਵਿਚ ਬਹੁਗਿਣਤੀ ਬੱਚੇ ਦਲਿਤ, ਪਛੜੀਆਂ ਸ਼੍ਰੇਣੀਆਂ ਅਤੇ ਅੱਤ ਗੁਰਬਤ ਨਾਲ ਜੂਝਦੇ ਪਰਿਵਾਰਾਂ ਨਾਲ ਸਬੰਧਤ ਹਨ। ਇਨਾਂ ਬੱਚਿਆਂ ਦੀ ਪੜਾਈ ਦਾ ਪੱਧਰ ਨਿੱਜੀ ਸਕੂਲਾਂ ਦੇ ਮੁਕਾਬਲੇ ਬਹੁਤ ਮਾੜਾ ਹੈ, ਨਾ ਸਕੂਲਾਂ ਵਿਚ ਪੂਰੇ ਅਧਿਆਪਕ ਹਨ ਤੇ ਨਾ ਲੋੜੀਂਦੀਆਂ ਸਹੂਲਤਾਂ। ਸਰਕਾਰੀ ਸਿੱਖਿਆ ਕਿਸੇ ਸਿਆਸੀ ਪਾਰਟੀ ਦੇ ਏਜੰਡੇ ਉੱਤੇ ਨਹੀਂ ਹੈ। ਇਸੇ ਲਈ ਸਰਕਾਰੀ ਸਕੂਲ ਤੇ ਸਿੱਖਿਆ ਦਾ ਮਸਲਾ ਤੁਸੀਂ ਸਿਆਸੀ ਮੰਚਾਂ ਤੋਂ ਉੱਠਦਾ ਨਹੀਂ ਦੇਖ ਰਹੇ। ਮਾੜੀ ਮੋਟੀ ਗੱਲ ਚੱਲਦੀ ਹੈ ਪਰ ਇਹ ਚੋਣ ਮੁੱਦਾ ਕਿਉਂ ਨਹੀਂ ਬਣਦਾ।

ਗਰੀਬ ਲੋਕਾਂ ਨੂੰ ਸਬਸਿਡੀਆਂ ਦੇਣਾ ਚੰਗੀ ਗੱਲ ਹੈ, ਪਰ ਪਿਛਲੇ ਦਹਾਕੇ ਦੌਰਾਨ ਦੇਖਿਆ ਗਿਆ ਹੈ ਕਿ ਸਿਹਤ ਤੇ ਸਿੱਖਿਆ ਦੇ ਸਰਕਾਰੀ ਤੰਤਰ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਗਿਆ ਕਿ ਪੰਜਾਬ ਦੇ ਲੋਕਾਂ ਤੋਂ ਚੰਗੇਰੀ ਸਿੱਖਿਆ ਦਾ ਅਧਿਕਾਰ ਖੋਹ ਲਿਆ ਗਿਆ। ਚੰਗਾ ਗੁਜ਼ਾਰਾ ਕਰਨ ਵਾਲੇ ਤਾਂ ਨਿੱਜੀ ਸਕੂਲਾਂ ਵਿਚ ਬੱਚੇ ਪੜਾ ਲੈਂਦੇ ਹਨ, ਪਰ ਗਰੀਬ ਕਿੱਥੇ ਜਾਣ।'

ਲੋਕ ਲੀਡਰਾਂ ਨਾਲ ਆਪਣੇ ਵਿਆਹਾਂ-ਭੋਗਾਂ ਉੱਤੇ ਨਾ ਆਉਣ ਦਾ ਸਵਾਲ ਤਾਂ ਕਰ ਰਹੇ ਹਨ ਪਰ ਸਿੱਖਿਆ ਦਾ ਸਵਾਲ ਖੜਾ ਨਹੀਂ ਕਰ ਰਹੇ।

**7. ਬਿਜਲੀ ਸਸਤੀ ਤਾਂ ਕੀ ਮਹਿੰਗੀ ਦੀ ਵੀ ਕਿੱਲਤ**

ਬਿਜਲੀ ਦੀਆਂ ਦਰਾਂ ਤੋਂ ਆਮ ਲੋਕ ਪ੍ਰੇਸ਼ਾਨ ਹਨ । ਕੈਪਟਨ ਸਰਕਾਰ ਨੇ ਸਸਤੀ ਬਿਜਲੀ ਦੇਣ ਦਾ ਚੋਣ ਵਾਅਦਾ ਕੀਤਾ ਸੀ। ਹਾਲਾਂਕਿ ਪਿਛਲੇ ਸਮੇਂ ਦੌਰਾਨ ਕੈਪਟਨ ਸਰਕਾਰ ਨੇ ਬਿਜਲੀ ਦੀਆਂ ਦਰਾਂ ਵਿੱਚ ਇੱਕ ਰੁਪਏ ਫ਼ੀ ਯੂਨਿਟ ਦੀ ਕਮੀ ਵੀ ਕੀਤੀ ਸੀ।

ਪਰ ਪਿਛਲੇ ਕੁਝ ਦਿਨਾਂ ਤੋਂ ਬਿਜਲੀ ਸਪਲਾਈ ਨਾ ਮਿਲ਼ਣ ਕਾਰਨ ਹਾਹਾਕਾਰ ਮੱਚੀ ਹੋਈ ਹੈ ਤੇ ਲੋਕ ਰੋਸ ਮੁਜਾਹਰੇ ਕਰ ਰਹੇ ਹਨ। ਖੇਤੀ ਨੂੰ ਵਾਅਦੇ ਮੁਤਾਬਕ 8 ਘੰਟੇ ਬਿਜਲੀ ਸਪਲਾਈ ਨਾ ਮਿਲਣ ਕਰਕੇ ਝੋਨੇ ਦੀ ਫਸਲ ਵਾਹੁਣ ਵਾਲੇ ਹਾਲਾਤ ਬਣ ਗਏ ਹਨ।

ਭਾਵੇਂ ਕਿ ਮੁੱਖ ਮੰਤਰੀ ਨੇ ਉਦਯੋਗਿਕ ਸਪਲਾਈ ਦੀ ਕਟੌਤੀ ਕਰਕੇ ਖੇਤੀ ਨੂੰ ਬਿਜਲੀ ਦੇਣ ਦਾ ਐਲਾਨ ਕਰ ਦਿੱਤਾ ਪਰ ਕਿਸਾਨਾਂ ਨੇ ਵੀ ਸਰਕਾਰ ਨੂੰ 6 ਜੁਲਾਈ ਤੱਕ ਅਲਟੀਮੇਟਮ ਦੇ ਦਿੱਤਾ ਹੈ। ਮਹਿੰਗੀ ਬਿਜਲੀ ਕਰਕੇ ਪੰਜਾਬ ਵਿਚ ਵੱਡੀ ਇੰਡਸਟਰੀ ਆਉਣ ਨੂੰ ਤਿਆਰ ਨਹੀਂ ਹੈ।

**8. ਰੇਤ ਮਾਫ਼ੀਆ ਉੱਤੇ ਸ਼ਿਕੰਜਾ**

ਅਕਾਲੀਆਂ ਦੇ ਰਾਜ ਵਿੱਚ ਰੇਤ ਮਾਫੀਏ ਦੀ ਚਰਚਾ ਕਾਫ਼ੀ ਹੁੰਦੀ ਸੀ, ਜੋ ਪਾਰਟੀ ਲਈ ਬਦਨਾਮੀ ਦਾ ਕਾਰਨ ਬਣੀ। ਹਾਲਾਂਕਿ ਕੈਪਟਨ ਸਰਕਾਰ ਵਿਚ ਇਹ ਮਾਫੀਆ ਬੇਕਾਬੂ ਹੈ। ਹੈਰਾਨੀ ਦੀ ਗੱਲ ਹੈ ਕਿ ਜਿਸ ਸੁਖਬੀਰ ਬਾਦਲ ਉੱਤੇ ਆਪਣੇ ਕਾਰਜਕਾਲ ਦੌਰਾਨ ਰੇਤ ਤੇ ਮਾਈਨਿੰਗ ਮਾਫ਼ੀਏ ਨੂੰ ਉਤਸ਼ਾਹਿਤ ਕਰਨ ਦੇ ਇਲਜ਼ਾਮ ਲੱਗਦੇ ਰਹੇ, ਉਹ ਅੱਜ-ਕੱਲ ਵੱਖ-ਵੱਖ ਥਾਵਾਂ ਉੱਤੇ ਅਕਾਲੀ ਵਰਕਰਾਂ ਨਾਲ ਛਾਪੇ ਮਾਰ ਕੇ ਕੈਪਟਨ ਸਰਕਾਰ ਨੂੰ ਚੁਣੌਤੀ ਦੇ ਰਹੇ ਹਨ।

**9. ਪ੍ਰਵਾਸੀ ਪੰਜਾਬੀ ਸਮੱਸਿਆਵਾਂ ਦਾ ਮੁੱਦਾ**

ਪੰਜਾਬ ਦੇ ਬਾਕੀ ਮਸਲਿਆਂ, ਮੁੱਦਿਆਂ ਅਤੇ ਸਮੱਸਿਆਵਾਂ ਵਾਂਗਰ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਵੀ ਵੋਟਾਂ ਦੀ ਸਿਆਸਤ ਵਿਚ ਉਲਝਕੇ ਰਹਿ ਗਏ ਹਨ।

**ਬਾਕੀ ਸਫ਼ਾ 31 'ਤੇ**

# ਪੰਜਾਬ ਦੀਆਂ ਸਮੱਸਿਆਵਾਂ ਤੋਂ ਪਿੱਠ ਮੋੜੀ ਬੈਠੇ ਸਿਆਸਤਦਾਨ



**ਗੁਰਮੀਤ ਸਿੰਘ ਪਲਾਹੀ**
9815802070

ਲਗਭਗ ਤਿੰਨ ਕਰੋੜੀ ਅਬਾਦੀ ਅਤੇ ਢਾਈ ਦਰਿਆਵਾਂ ਵਾਲਾ ਪੰਜਾਬ ਜਦੋਂ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਜਦੋਂ ਪੰਜਾਬ ਦਾ ਕਿਸਾਨ, ਹਰ ਵਰਗ ਦੇ ਲੋਕਾਂ ਨੂੰ ਆਪਣੇ ਨਾਲ ਲੈ ਕੇ ਦੇਸ਼ ਦੇ ਕਿਸਾਨਾਂ ਦੀ ਅਗਵਾਈ ਕਰਦਾ, ਦਿੱਲੀ ਦੀਆਂ ਬਰੂਹਾਂ ਉੱਤੇ ਸੱਤ ਮਹੀਨਿਆਂ ਤੋਂ ਬੈਠਾ ਹੈ, ਉਦੋਂ ਪੰਜਾਬ ਦੇ ਸਿਆਸਤਦਾਨ ਪੰਜਾਬ ਦੇ ਵੱਡੇ ਮਸਲਿਆਂ, ਮੁੱਦਿਆਂ ਨੂੰ ਦਰ-ਕਿਨਾਰ ਕਰਕੇ ਆਉਂਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਹੀ ਤਰਲੋ-ਮੱਛੀ ਹੋ ਰਹੇ ਹਨ, ਹਾਲਾਂਕਿ ਵਿਧਾਨ ਸਭਾ ਚੋਣਾਂ ਲਈ ਅੱਠ ਮਹੀਨੇ ਦਾ ਸਮਾਂ ਬਾਕੀ ਹੈ।

ਪੰਜਾਬ ਕਾਂਗਰਸ ਡੂੰਘੀ ਫੁੱਟ ਦੀ ਸ਼ਿਕਾਰ ਹੈ। ਦਿੱਲੀ ਦੀ ਕਾਂਗਰਸੀ ਹਾਈਕਮਾਨ ਮੌਕਾ ਮਿਲਦਿਆਂ ਹੀ ਆਪਣੀਆਂ ਗੋਟੀਆਂ ਵਿਛਾ ਰਹੀ ਹੈ। ਉਹ ਇਸ ਆਹਰ ਵਿੱਚ ਹੈ ਕਿ ਪੰਜਾਬ ਦੀ ਹਕੂਮਤ ਦਾ ਹਰ ਫ਼ੈਸਲਾ ਸਿਰਫ਼ ਉਸੇ ਤੋਂ ਪੁੱਛ ਕੇ ਕੀਤਾ ਜਾਏ ਅਤੇ ਮੌਕੇ ਦਾ ਹਾਕਮ ਕੋਈ 'ਪੰਜਾਬ ਹਿਤੈਸ਼ੀ' ਫ਼ੈਸਲਾ ਆਪ ਨਾ ਲੈ ਸਕੇ। ਕੈਪਟਨ ਅਮਰਿੰਦਰ ਸਿੰਘ ਚਾਰ ਵਰੇ ਮੋਦੀ ਸਰਕਾਰ ਵਾਂਗ ਇੱਕੋ ਥਾਂ ਤੋਂ ਆਪਣੇ ਸਲਾਹਕਾਰਾਂ ਦੀ ਮਦਦ ਨਾਲ ਪੰਜਾਬ ਦੀ ਹਕੂਮਤ ਚਲਾਉਂਦੇ ਰਹੇ। ਸਿੱਟੇ ਵਜੋਂ ਅਫਸਰਸ਼ਾਹੀ ਭਾਰੂ ਹੋ ਗਈ। ਹਾਕਮ ਧਿਰ ਦੇ ਸਿਆਸਤਦਾਨਾਂ ਦੀ ਕੈਪਟਨ ਅਮਰਿੰਦਰ ਸਿੰਘ ਤੱਕ ਪਹੁੰਚ ਹੀ ਨਾ ਹੋ ਸਕੀ। ਪੰਜਾਬ, ਜਿਹੜਾ ਸਮੱਸਿਆਵਾਂ ਨਾਲ ਪਰੁੱਚਿਆ ਪਿਆ ਹੈ, ਉਸਦੀ ਇਸ ਤੋਂ ਵੱਡੀ ਹੋਰ ਕੀ ਤ੍ਰਾਸਦੀ ਹੋ ਸਕਦੀ ਹੈ ?

ਪੰਜਾਬ ਵਿੱਚ ਹੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਸਿਆਸਤਦਾਨਾਂ ਦੀ ਇੱਕ ਜਮਾਤ ਬਣ ਗਈ ਹੈ, ਜਿਹਨਾਂ ਨੂੰ ਲੋਕ ਹਿਤ ਨਹੀਂ, ਆਪਣੇ ਹਿਤ ਪਿਆਰੇ ਹਨ। ਇਹ ਸਿਆਸਤਦਾਨ ਆਪਣੇ ਭਲੇ ਦੀ ਖਾਤਰ ਲੋਕ ਹਿਤਾਂ ਨਾਲ ਖਿਲਵਾੜ ਕਰਦੇ ਹਨ। ਕਦੇ ਇੱਕ ਸਿਆਸੀ ਪਾਰਟੀ ਵਿੱਚ ਰਹਿੰਦੇ ਹਨ ਅਤੇ ਕਦੇ ਦੂਜੀ ਸਿਆਸੀ ਪਾਰਟੀ ਵਿੱਚ ਜਾ ਸ਼ਾਮਲ ਹੁੰਦੇ ਹਨ। ਸਿਆਸੀ ਪਾਰਟੀਆਂ, ਜਿਨਾਂ ਦੀ ਕਦੇ ਰਾਸ਼ਟਰ ਹਿਤ ਵਿੱਚ, ਲੋਕ ਹਿਤ ਵਿੱਚ, ਲੋਕਤੰਤਰ ਦੀ ਰਾਖੀ ਲਈ, ਗਰੀਬ-ਗੁਰਬੇ ਦੇ ਭਲੇ ਲਈ ਕੰਮ ਕਰਨ ਪ੍ਰਤੀ ਇੱਕ ਪਛਾਣ ਹੁੰਦੀ ਸੀ, ਉਹ ਪਛਾਣ ਹੁਣ ਗੁਆਚ ਗਈ ਹੈ। ਸਿਆਸੀ ਪਾਰਟੀਆਂ ਧਰਮ ਨਾਲੋਂ ਧੜਾ ਪਿਆਰਾ ਦੇ ਅਧਾਰ 'ਤੇ ਕੰਮ ਕਰਦੀਆਂ ਹਨ ਅਤੇ ਲੋਕ ਮਸਲੇ ਭੁਲਾ ਕੇ, ਲੋਕਾਂ ਨੂੰ ਭਰਮਾ ਕੇ, ਫੁਸਲਾ ਕੇ ਚੋਣ ਯੁੱਧ ਲੜਦੀਆਂ ਹਨ, ਰੰਗ-ਬਰੰਗੇ ਚੋਣ ਮੈਨੀਫੈਸਟੋ ਜਾਰੀ ਕਰਦੀਆਂ ਹਨ ਅਤੇ ਫਿਰ ਹਾਕਮ ਧਿਰ ਬਣ ਕੇ ਸਭ ਕੁਝ ਭੁੱਲ ਜਾਂਦੀਆਂ ਹਨ। ਭਾਰਤ ਦੇ ਸਿਆਸਤਦਾਨਾਂ ਨੇ ਅਜ਼ਾਦੀ ਦੇ 75 ਵਰਿਆਂ ਵਿੱਚ ਆਪਣਾ ਰੰਗ-ਰੂਪ, ਦਸ਼ਾ, ਦਿਸ਼ਾ ਇਸ ਢੰਗ ਨਾਲ ਬਦਲ ਲਈ ਹੈ ਕਿ ਲੋਕਾਂ ਦਾ ਸਿਆਸੀ ਪਾਰਟੀਆਂ ਉੱਤੇ ਵਿਸ਼ਵਾਸ ਲਗਭਗ ਖ਼ਤਮ ਹੁੰਦਾ ਜਾ ਰਿਹਾ ਹੈ।

ਉਦਾਹਰਣ ਵਜੋਂ ਪੰਜਾਬ ਦੇ ਉਹ ਸਿਆਸਤਦਾਨ ਜਿਹੜੇ ਪੰਜਾਬ ਲਈ ਵੱਡੇ ਅਧਿਕਾਰਾਂ ਦੀ ਗੱਲ ਕਰਦੇ ਸਨ, ਜਿਹਨਾਂ ਨੇ ਅਨੰਦਪੁਰ ਮਤਾ ਪਾਸ ਕਰਕੇ ਵੱਧ ਅਧਿਕਾਰਾਂ ਲਈ ਮੋਰਚੇ ਲਾਏ, ਉਹ ਸਿਆਸੀ ਧਿਰ ਹਿੰਦੂ, ਹਿੰਦੀ, ਹਿੰਦੋਸਤਾਨ ਦੀ ਆਲੰਬਰਦਾਰ ਸਿਆਸੀ ਧਿਰ ਭਾਜਪਾ ਨਾਲ ਸਾਂਝ ਭਿਆਲੀ ਪਾ ਕੇ ਪੰਜਾਬ 'ਤੇ ਕਈ ਵਰੇ ਰਾਜ ਕਰਦੇ ਰਹੇ, ਪਰ ਪੰਜਾਬੀਆਂ ਪੱਲੇ ਇਹੋ ਜਿਹੇ ਦੁੱਖ ਪਾ ਗਏ, ਜਿਹੜੇ ਨਾ ਭੁੱਲਣਯੋਗ ਬਣ ਗਏ। ਹੁਣ ਕੁਰਸੀ ਪ੍ਰਾਪਤੀ ਲਈ ਨਵੇਂ ਸਿਆਸੀ ਪੈਂਤੜੇ ਅਪਣਾ ਕੇ ਇਸੇ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾ ਲਈ ਹੈ। ਇਸ ਸਾਂਝ ਦਾ ਉਦੇਸ਼ ਪਹਿਲਾਂ ਹੀ ਸਪੱਸ਼ਟ ਹੈ। ਬਸਪਾ 20 ਵਿਧਾਨ ਸੀਟਾਂ ਉੱਤੇ ਚੋਣ ਲੜੇਗੀ ਅਤੇ ਅਕਾਲੀ ਦਲ (ਬ) 97 ਵਿਧਾਨ ਸਭਾ ਸੀਟਾਂ ਉੱਤੇ। ਉਹ ਕਿਹੜੇ ਮੁੱਦੇ ਹਨ ਜਿਨਾਂ 'ਤੇ ਇਨਾਂ ਦੋਹਾਂ ਧਿਰਾਂ ਵਿੱਚ ਘੱਟੋ-ਘੱਟ ਪ੍ਰੋਗਰਾਮ ਲਾਗੂ ਕਰਨ 'ਤੇ ਸਹਿਮਤੀ ਬਣੀ ? ਕੀ ਇਹੋ ਕਿ ਜੇਕਰ ਇਹ ਗੱਠਜੋੜ ਜਿੱਤਦਾ ਹੈ ਤਾਂ ਉਪ ਮੁੱਖ ਮੰਤਰੀ ਦਲਿਤ ਭਾਈਚਾਰੇ ਦਾ ਹੋਏਗਾ ? ਤਾਂ ਫਿਰ ਇਸ ਗੱਠਜੋੜ ਵਿੱਚ ਪੰਜਾਬ ਕਿੱਥੇ ਹੈ ? ਪੰਜਾਬ ਦੇ ਮੁੱਦੇ ਕਿੱਥੇ ਹਨ ?

ਭਾਜਪਾ ਨੇ ਪੰਜਾਬ ਦੇ ਕਿਸਾਨਾਂ ਦੀ ਕੋਈ ਗੱਲ ਨਹੀਂ ਮੰਨੀ, ਪਰ ਪੰਜਾਬ ਵਿੱਚ ਅਕਾਲੀ ਦਲ (ਬ) ਨਾਲ ਗੱਠਜੋੜ ਤੋੜ ਕੇ 117 ਵਿਧਾਨ ਸਭਾ ਸੀਟਾਂ ਉੱਤੇ ਚੋਣ ਲੜਨ ਦਾ ਐਲਾਨ ਇਹ ਕਹਿ ਕੇ ਕਰ ਦਿੱਤਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਦਲਿਤ ਹੋਏਗਾ। ਜਾਤਾਂ ਵਿੱਚ ਪਾੜ ਪਾਉਣ ਦਾ ਪੱਤਾ ਭਾਜਪਾ ਨੇ ਖੇਡਿਆ ਹੈ। ਜਾਤ, ਧਰਮ ਅਧਾਰਤ ਪੱਤਾ ਖੇਡਣਾ ਭਾਜਪਾ ਦਾ ਦੇਸ ਵਿਆਪੀ ਅਜੰਡਾ ਹੈ। ਧਰਮਾਂ ਦਾ ਧਰੁਵੀਕਰਨ, ਜਾਤਾਂ ਵਿੱਚ ਪਾੜਾ, ਭਾਜਪਾ ਦਾ ਕੁਰਸੀ ਪ੍ਰਾਪਤੀ ਦਾ ਵੱਡਾ ਪੱਤਾ ਹੈ, ਜਿਸ ਨੂੰ ਉਹ ਦੇਸ਼ ਭਰ ਵਿੱਚ ਵਰਿਆਂ ਤੋਂ ਖੇਡਦੀ ਆ ਰਹੀ ਹੈ। ਉਸ ਵਲੋਂ ਹੁਣ ਉਨਾਂ ਸਿੱਖ ਚਿਹਰਿਆਂ ਨੂੰ, ਜਿਹੜੇ ਸਿਆਸੀ ਚਿਹਰੇ ਨਹੀਂ ਹਨ, ਪਰ ਵੱਡੇ ਲੇਖਕ ਬੁੱਧੀਮਾਨ, ਵਿਦਵਾਨ ਹਨ, ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਨਿਸ਼ਾਨਾ ਤਾਂ ਇਹੋ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਪੈਰ ਜਮਾਏ ਜਾਣ। ਪੰਜਾਬ ਜਿਹੜਾ ਸਦਾ ਦਿੱਲੀ ਦੀ ਈਨ ਮੰਨਣੋ ਇਨਕਾਰੀ ਰਿਹਾ ਹੈ, ਉਸ ਨੂੰ ਨੱਥ ਪਾਈ ਜਾਵੇ। ਪੰਜਾਬ ਦੇ ਕਿਸਾਨਾਂ ਦੇ ਆਰੰਭੇ ਅੰਦੋਲਨ ਨੂੰ ਖ਼ਤਮ ਕੀਤਾ ਜਾਏ। ਪਰ ਇਸ ਸਭ ਕੁਝ ਦੇ ਦਰਮਿਆਨ ਭਾਜਪਾ ਦਾ ਪੰਜਾਬ ਪ੍ਰਤੀ ਪਿਆਰ ਕਿੱਥੇ ਹੈ ? ਪੰਜਾਬ ਦੇ ਪਾਣੀਆਂ ਦੀ ਵੰਡ, ਪੰਜਾਬ ਦੀ ਰਾਜਧਾਨੀ, ਪੰਜਾਬ ਦੇ ਪੰਜਾਬੋਂ ਬਾਹਰ ਰਹੇ ਪੰਜਾਬੀ ਇਲਾਕਿਆਂ ਦੀ ਪੰਜਾਬ ਵਿੱਚ ਵਾਪਸੀ, ਪੰਜਾਬੋਂ ਪ੍ਰਵਾਸ ਵਿੱਚ ਵਾਧੇ ਬਾਰੇ ਪਾਰਟੀ ਦੀ ਪਹੁੰਚ ਕੀ ਹੈ ? ਇਨਾਂ ਮੁੱਦਿਆਂ ਬਾਰੇ ਪੰਜਾਬ ਭਾਜਪਾ ਦਾ ਮੈਨੀਫੈਸਟੋ ਕੀ ਕੁਝ ਕਹੇਗਾ ?

ਆਮ ਆਦਮੀ ਪਾਰਟੀ ਨੇ 2017 ਵਿੱਚ ਪੰਜਾਬ ਵਿੱਚ ਪੰਜਾਬ ਦੀ ਭ੍ਰਿਸ਼ਟਾਚਾਰ ਮੁਕਤੀ ਦਾ ਅਜੰਡਾ ਲੈ ਕੇ ਪੰਜਾਬ ਦੀ ਸੱਤਾ ਹਥਿਆਉਣ ਦੀ ਕੋਸ਼ਿਸ਼ ਕੀਤੀ। ਪੰਜਾਬ ਦੇ ਮੁੱਦਿਆਂ, ਮਸਲਿਆਂ ਬਾਰੇ ਉਸਦੀ ਪਹੁੰਚ (ਖ਼ਾਸ ਕਰਕੇ ਉਹ ਮਸਲੇ ਜਿਹੜੇ ਨਾਲ ਲੱਗਦੇ ਗੁਆਂਢੀ ਹਰਿਆਣਾ ਨਾਲ ਜੁੜੇ ਹੋਏ ਸਨ) ਬਾਰੇ ਅਸਪੱਸ਼ਟਤਾ ਨਾਲ ਪੰਜਾਬ ਵਿੱਚ ਉਸਦੇ ਪੈਰ ਨਹੀਂ ਲੱਗ ਰਹੇ। 2017 ਵਿੱਚ ਭਾਵੇਂ ਉਹ ਦੂਜੇ ਨੰਬਰ ਦੀ ਧਿਰ ਬਣੀ, ਪਰ ਇਸਦੇ ਵਿਧਾਇਕ ਅਤੇ ਨੇਤਾ 'ਦਿੱਲੀ ਦਰਬਾਰ' ਦੇ ਏਕਾਧਿਕਾਰੀ ਪਹੁੰਚ ਕਾਰਨ ਫੁੱਟ ਦਾ ਸ਼ਿਕਾਰ ਹੋ ਗਏ। ਪਾਰਟੀ ਭਾਵੇਂ ਯਤਨ ਤਾਂ ਕਰ ਰਹੀ ਹੈ ਕਿ ਉਹ ਲੋਕਾਂ ਵਿੱਚ ਅਧਾਰ ਬਣਾਵੇ, ਪਰ ਜ਼ਮੀਨੀ ਪੱਧਰ ਉੱਤੇ ਪਿੰਡਾਂ, ਸ਼ਹਿਰਾਂ ਵਿੱਚ ਉਸ ਨੂੰ ਕੋਈ ਵੱਡਾ ਉਤਸ਼ਾਹ ਨਹੀਂ ਮਿਲ ਰਿਹਾ। ਉਂਝ ਵੀ ਵਿਰੋਧੀ ਪਾਰਟੀ ਹੋਣ ਨਾਤੇ ਪੰਜਾਬ ਦੇ ਮੁੱਦਿਆਂ ਪ੍ਰਤੀ ਕੋਈ ਜਾਗਰੂਕਤਾ ਪੰਜਾਬੀਆਂ ਵਿੱਚ ਪੈਦਾ ਨਾ ਕਰਨਾ ਉਸ ਦੀ ਵੱਡੀ ਨਾਕਾਮਯਾਬੀ ਹੈ। ਪਰ ਕੇਜਰੀਵਾਲ ਦੀਆਂ ਪੰਜਾਬ ਦੀਆਂ ਨਿੱਤ ਫੇਰੀਆਂ ਅਤੇ ਪੰਜਾਬੀਆਂ ਨੂੰ ਮੁਫ਼ਤ ਬਿਜਲੀ, ਪਾਣੀ ਦੇਣ ਦੇ ਵਾਇਦੇ ਨਾਲ ਚੋਣ ਮੁਹਿੰਮ ਛੇੜਣਾ, ਪੰਜਾਬ ਦੇ ਮੁੱਦਿਆਂ ਤੋਂ ਕੀ ਅੱਖਾਂ ਫੇਰਨਾ ਨਹੀਂ ?

ਪੰਜਾਬ ਦੀਆਂ ਖੱਬੀਆਂ ਧਿਰਾਂ ਲੰਮੇ ਸਮੇਂ ਤੋਂ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਵਿੱਚ ਕੰਮ ਕਰ ਰਹੀਆਂ ਹਨ। ਪੰਜਾਬੀਆਂ ਨੂੰ ਜਾਗਰੂਕ ਵੀ ਕਰ ਰਹੀਆਂ ਹਨ। ਕਿਸਾਨੀ ਕਾਲੇ ਕਾਨੂੰਨ ਦੇ ਵਿਰੋਧ ਵਿੱਚ ਲਹਿਰ ਖੜੀ ਕਰਨ ਵਿੱਚ ਉਨਾਂ ਦੀ ਵਡੇਰੀ ਭੂਮਿਕਾ ਹੈ। ਪਰ ਪੰਜਾਬ ਦੇ ਚੋਣ-ਦੰਗਲ ਵਿੱਚ ਉਨਾਂ ਦਾ ਵਡੇਰਾ ਉਪਰਾਲਾ ਹਾਲ ਦੀ ਘੜੀ ਵੇਖਿਆ ਨਹੀਂ ਜਾ ਰਿਹਾ। ਹਾਲੇ ਇਹ ਵੀ ਚਰਚਾ ਹੈ ਕਿ ਖੱਬੀਆਂ ਧਿਰਾਂ ਇਕੱਲੀਆਂ ਚੋਣ ਲੜਨਗੀਆਂ, ਜਾਂ ਕਿਸੇ ਧਿਰ ਨਾਲ ਸਾਂਝ ਭਿਆਲੀ ਕਰਨਗੀਆਂ।

ਪੰਜਾਬ ਦੀਆਂ ਹੋਰ ਪਾਰਟੀਆਂ ਅਤੇ ਨੇਤਾ ਸਿਆਸਤ ਵਿੱਚ ਕੁੱਦ ਕੇ, ਪੰਜਾਬ ਦੇ ਚੋਣ ਦੰਗਲ ਵਿੱਚ ਵੀ ਕੁੱਦ ਪੈਣਗੇ। ਅਕਾਲੀ ਦਲ ਨਾਲ ਰੁੱਸੇ ਸੁਖਦੇਵ ਸਿੰਘ ਢੀਂਡਸਾ ਅਤੇ ਉਹਨਾਂ ਦੇ ਸਾਥੀ ਅਤੇ ਲੋਕ ਇਨਸਾਫ ਪਾਰਟੀ ਪੰਜਾਬ ਨਾਲ ਬਣ ਰਹੇ ਜਾਂ ਦੂਜੇ, ਤੀਜੇ, ਚੌਥੇ ਫਰੰਟ ਵਿੱਚੋਂ ਕਿਸ ਨਾਲ ਭਾਈਵਾਲੀ ਕਰਨਗੇ, ਇਸ ਸਬੰਧੀ ਸਿਰਫ਼ ਕਿਆਸ ਅਰਾਈਆਂ ਹਨ। ਪਰ ਇੱਕ ਗੱਲ ਸਾਫ਼ ਦਿਸਦੀ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ, ਭਾਵੇਂ ਤਿੰਨ ਕਾਲੇ ਕਾਨੂੰਨਾਂ ਸਬੰਧੀ ਕੇਂਦਰ ਸਰਕਾਰ ਪੰਜਾਬ ਚੋਣਾਂ ਤਕ ਕੋਈ ਫ਼ੈਸਲਾ ਕਰੇ ਜਾਂ ਨਾ ਕਰੇ, ਪਰ ਇਹ ਕਿਸਾਨ ਭਾਜਪਾ ਦੇ ਵਿਰੋਧ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਗੇ। ਇਸਦਾ ਫਾਇਦਾ ਕਿਸ ਨੂੰ ਅਤੇ ਕਿਹੜੇ ਢੰਗ ਨਾਲ ਹੋ ਹੋਵੇਗਾ, ਇਸ ਸਬੰਧੀ ਵੱਖੋ-ਵੱਖਰੇ ਸਿਆਸੀ ਸਮੀਖਿਅਕ ਵੱਖੋ-ਵੱਖਰੀ ਰਾਏ ਰੱਖਦੇ ਹਨ। ਇੱਕ ਹੋਰ ਗੱਲ ਸਪਸ਼ਟ ਦਿਸਦੀ ਹੈ, ਕਾਂਗਰਸੀਆਂ ਦਾ ਆਪਸੀ ਕਾਟੋ ਕਲੇਸ਼ ਉਨਾਂ ਦੇ ਦੂਜੀ ਵੇਰ ਪੰਜਾਬ ਦੀ ਸੱਤਾ ਹਥਿਆਉਣ ਵਿੱਚ ਵੱਡੀ ਰੁਕਾਵਟ ਬਣੇਗਾ। ਭਾਵੇਂ ਕੈਪਟਨ ਅਮਰਿੰਦਰ ਸਿੰਘ ਧੜੇ ਨੂੰ ਮਹੱਤਤਾ ਦੇ ਕੇ ਕਾਂਗਰਸ ਹਾਈਕਮਾਨ ਅੱਗੇ ਲਾਵੇ ਜਾਂ ਨਵਜੋਤ ਸਿੰਘ ਸਿੱਧੂ (ਜੋ ਖਰੀਆਂ-ਖਰੀਆਂ ਤਾਂ ਸੁਣਾਉਂਦਾ ਹੈ, ਪਰ ਉਸਦੇ ਅਮਲਾਂ ਨੂੰ ਕਦੇ ਵੀ ਲੋਕਾਂ ਵਿੱਚ ਖਰਾ ਨਹੀਂ ਵੇਖਿਆ ਜਾ ਰਿਹਾ) ਨੂੰ ਕਾਂਗਰਸ ਦੀ ਵਾਗਡੋਰ ਸੰਭਾਲ ਦੇਵੇ, ਦੋਵੇਂ ਧੜੇ ਇੱਕ-ਦੂਜੇ ਨੂੰ ਥੱਲੇ ਲਾਉਣ ਦੇ ਆਹਰ ਵਿੱਚ ਰਹਿਣਗੇ। ਪਰ ਦੂਜੀ ਗੱਲ ਇਹ ਵੀ ਸੰਭਵ ਹੈ ਕਿ ਸਿੱਧੂ ਜੇਕਰ ਨਰਾਜ਼ ਹੋ ਕੇ ਕਾਂਗਰਸ ਪਾਰਟੀ ਛੱਡ ਜਾਂਦਾ ਹੈ ਤਾਂ ਸ਼ਾਇਦ ਉਹ ਕਾਂਗਰਸ ਦਾ ਨੁਕਸਾਨ ਬਹੁਤਾ ਨਾ ਕਰ ਸਕੇ।

ਪੰਜਾਬ ਇਨੀਂ ਦਿਨੀਂ ਅਸ਼ਾਂਤ ਦਿਸ ਰਿਹਾ ਹੈ। ਕਿਸਾਨਾਂ ਨੂੰ ਝੋਨੇ ਦੀ ਬਿਜਾਈ ਲਈ ਸਰਕਾਰੀ ਵਾਇਦੇ ਅਨੁਸਾਰ ਅੱਠ ਘੰਟੇ ਬਿਜਲੀ ਸਪਲਾਈ ਨਹੀਂ ਹੋ ਰਹੀ। ਮੁਲਾਜ਼ਮਾਂ ਨੂੰ ਛੇਵੇਂ ਵਿੱਤ ਕਮਿਸ਼ਨ ਦੀਆਂ ਤਨਖਾਹਾਂ, ਭੱਤੇ ਸਹੀ ਢੰਗ ਨਾਲ ਨਾ ਮਿਲਣ ਕਾਰਨ ਪ੍ਰੇਸ਼ਾਨੀ ਹੋ ਰਹੀ ਹੈ। ਉਹ ਹੁਣ ਹੜਤਾਲ 'ਤੇ ਹਨ। ਬੇਰੁਜ਼ਗਾਰ ਅਧਿਆਪਕ ਅਤੇ ਹੋਰ ਮੁਲਾਜ਼ਮਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ। ਆਮ ਲੋਕਾਂ ਦੇ ਦਫ਼ਤਰੀ, ਅਦਾਲਤੀ ਕੰਮਾਂ ਵਿੱਚ ਵਿਘਨ ਪਿਆ ਹੋਇਆ ਹੈ। ਤੇਲ, ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਵਿੱਚ ਇੰਤਹਾ ਲਗਾਤਾਰ ਵਾਧੇ ਨੇ ਮਹਿੰਗਾਈ ਇੰਨੀ ਕੁ ਵਧਾ ਦਿੱਤੀ ਹੈ ਕਿ ਆਮ ਆਦਮੀ ਲਈ ਆਪਣੇ ਪਰਿਵਾਰ ਨੂੰ ਰੋਟੀ ਦੇਣੀ ਔਖੀ ਹੋ ਰਹੀ ਹੈ। ਕਿਸਾਨ ਬਿਜਲੀ ਬੋਰਡ ਦੇ ਦਫਤਰ ਘੇਰ ਰਹੇ ਹਨ। ਮੁਲਾਜ਼ਮ ਹੜਤਾਲਾਂ ਕਰ ਰਹੇ ਹਨ। ਆਮ ਲੋਕ ਪ੍ਰੇਸ਼ਾਨ ਹਨ, ਸਰਕਾਰਾਂ ਨੂੰ ਨਿੰਦ ਰਹੇ ਹਨ। ਪੰਜਾਬ ਸਰਕਾਰ ਨਿੱਤ ਪ੍ਰਤੀ ਰਿਆਇਤਾਂ ਦਾ ਐਲਾਨ ਕਰ ਰਹੀ ਹੈ, ਇਹ ਸਮਝਦੇ ਹੋਏ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਖ਼ੁਸ਼ ਕਰਨਾ ਜ਼ਰੂਰੀ ਹੈ। ਪਰ ਪੰਜਾਬ ਦੀਆਂ ਵਿਰੋਧੀ ਧਿਰਾਂ ਲੋਕ ਮਸਲਿਆਂ ਪ੍ਰਤੀ, ਲੋਕ ਲਾਮਬੰਦੀ ਨਹੀਂ ਕਰ ਰਹੀਆਂ। ਕੇਂਦਰ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਦੇ ਰਸਤੇ 'ਤੇ ਹੈ।

**ਬਾਕੀ ਸਫ਼ਾ 31 'ਤੇ**

# ਪ੍ਰਵਾਸ ਕਾਰਨ ਹੋ ਰਿਹਾ ਪੰਜਾਬ ਦਾ ਉਜਾੜਾ

**ਜਸਪ੍ਰੀਤ ਕੌਰ ਪ੍ਰੋਫੈਸਰ**

ਪੰਜਾਬ ਅੱਜ ਉੱਜੜ ਰਿਹਾ ਹੈ। ਅੱਜ ਦੀ ਜਵਾਨੀ ਆਰਥਿਕਤਾ ਨੂੰ ਧੱਕਾ ਲਾਉਣ ਲਈ ਆਪਣੇ ਦੇਸ਼ 'ਚ ਕੰਮ ਕਰਨ ਦੀ ਜਗਾ ਵਿਦੇਸ਼ਾਂ 'ਚ ਜਾ ਕੇ ਦਿਹਾੜੀਆਂ ਕਰਨ ਨੂੰ ਤਿਆਰ ਹੈ। ਆਈਲੈਟਸ ਨਾਮੀ ਜੋਕ ਪੰਜਾਬ ਨੂੰ ਚਿੰਬੜੀ ਹੈ, ਜੋ ਇੱਥੋਂ ਦੀ ਜਵਾਨੀ ਨੂੰ ਚੂਸ ਕੇ ਵਿਦੇਸ਼ੀ ਮੰਡੀਆਂ 'ਚ ਸੁੱਟ ਰਹੀ ਹੈ। ਅੰਕੜਿਆਂ ਅਨੁਸਾਰ ਪੰਜਾਬ 'ਚ ਹਰ ਸਾਲ ਸਾਢੇ 3 ਲੱਖ ਦੇ ਕਰੀਬ ਵਿਦਿਆਰਥੀ ਆਈਲੈਟਸ ਦੀ ਪ੍ਰੀਖਿਆ ਦਿੰਦੇ ਹਨ। ਜੇ ਇਨਾਂ ਅੰਕੜਿਆਂ ਨੂੰ ਇਕ ਵਿਦਿਆਰਥੀ ਦੇ ਪੇਪਰ ਦੀ ਫੀਸ ਨਾਲ ਗੁਣਾ ਕਰੀਏ ਤਾਂ ਕੁੱਲ ਰਕਮ 490 ਕਰੋੜ ਦੇ ਕਰੀਬ ਬਣਦੀ ਹੈ, ਜੋ ਸੂਬੇ ਵਿਚ ਰੁਜ਼ਗਾਰ ਤੇ ਖ਼ੁਸ਼ਹਾਲੀ ਵਾਸਤੇ ਵਰਤੀ ਜਾ ਸਕਦੀ ਹੈ। ਕੈਨੇਡਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਆਦਿ ਮੁਲਕਾਂ ਵਿਚ ਸਟੱਡੀ ਵੀਜ਼ੇ 'ਤੇ ਜਾਣ ਲਈ ਆਈਲੈਟਸ ਲਾਜ਼ਮੀ ਹੈ ਤੇ ਇਹੀ ਕਾਰਨ ਹੈ ਕਿ ਵਧੇਰੇ ਨੌਜਵਾਨ 12ਵੀਂ ਜਮਾਤ ਪਾਸ ਕਰਦਿਆਂ ਹੀ ਆਈਲੈਟਸ ਦੇ ਕੋਚਿੰਗ ਸੈਂਟਰਾਂ ਵਿਚ ਕੋਚਿੰਗ ਲੈਣ ਲੱਗ ਜਾਂਦੇ ਹਨ। ਅੱਜ ਦੇ ਸਮੇਂ ਵਿਚ ਸਭ ਤੋਂ ਵੱਧ ਚਾਂਦੀ ਆਈਲੈਟਸ ਦੇ ਕੋਚਿੰਗ ਸੈਂਟਰਾਂ ਦੀ ਹੈ।

ਪੰਜਾਬ 'ਚ ਰਜਿਸਟਰਡ ਆਈਲੈਟਸ ਸੈਂਟਰਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ, ਜਿੱਥੇ ਨਿੱਤ ਦਿਹਾੜੀ ਹੀ ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਰਾਤੋ-ਰਾਤ ਅਮੀਰ ਬਣਨ ਦੇ ਸੁਪਨੇ ਦੇਖਦੇ ਹੋਏ ਵਿਦੇਸ਼ ਜਾਣ ਲਈ ਏਜੰਟਾਂ ਕੋਲ ਧੜਾਧੜ ਫਾਈਲਾਂ ਲਾ ਰਹੇ ਹਨ। ਜ਼ਿਆਦਾਤਰ ਏਜੰਟ ਇਨਾਂ ਤੋਂ ਵੀਜ਼ਾ ਲਗਵਾਉਣ ਤੋਂ ਪਹਿਲਾਂ ਲੱਖਾਂ ਰੁਪਏ ਲੈ ਲੈਂਦੇ ਹਨ। ਬਾਅਦ ਵਿਚ ਉਹ ਨਾ ਵੀਜ਼ਾ ਲਗਵਾਉਂਦੇ ਹਨ ਤੇ ਨਾ ਪੈਸੇ ਵਾਪਸ ਕਰਦੇ ਹਨ। ਨੌਜਵਾਨਾਂ 'ਚ ਬਾਹਰਲੇ ਮੁਲਕ ਜਾਣ ਦਾ ਰੁਝਾਨ ਇੰਨਾ ਵੱਧ ਚੁੱਕਿਆ ਹੈ ਕਿ ਉਹ ਕਿਸੇ ਵੀ ਤਰੀਕੇ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ। ਇਸ ਕਰਕੇ ਉਹ ਬਿਨਾਂ ਸੋਚੇ ਸਮਝੇ ਕਿਸੇ 'ਤੇ ਵੀ ਵਿਸ਼ਵਾਸ ਕਰ ਲੈਂਦੇ ਹਨ ਤੇ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ। 12ਵੀਂ ਦੀ ਪ੍ਰੀਖਿਆ ਪਿੱਛੋਂ ਹੀ ਬਾਹਰ ਜਾਣ ਦਾ ਰੁਝਾਨ ਵਧਣ ਕਾਰਨ ਪੰਜਾਬ ਦੇ ਕਾਲਜ ਤੇ ਯੂਨੀਵਰਸਿਟੀਆਂ ਖ਼ਾਲੀ ਹੁੰਦੀਆਂ ਜਾ ਰਹੀਆਂ ਹਨ। ਵਿਦੇਸ਼ੀ ਧਰਤੀ 'ਤੇ ਫਸੇ ਸੈਂਕੜੇ ਨੌਜਵਾਨਾਂ ਕੋਲ ਪਛਤਾਉਣ ਤੋਂ ਸਿਵਾ ਕੁਝ ਨਹੀਂ ਰਹਿ ਜਾਂਦਾ। ਦੋਆਬੇ, ਮਾਝੇ ਵਿਚ ਵਿਦੇਸ਼ ਜਾਣ ਦਾ ਮੋਹ ਇੰਨਾ ਭਾਰੂ ਹੈ ਕਿ ਘਰਾਂ ਦੇ ਘਰ ਖ਼ਾਲੀ ਹੋਏ ਪਏ ਹਨ।

ਡਾਲਰ ਚਿਣ ਕੇ ਬਣਾਈਆਂ ਇਮਾਰਤਾਂ ਅੰਦਰੋਂ ਸੁੰਨੀਆਂ ਪਈਆਂ ਹਨ। ਕਿਸੇ ਘਰ ਵਿਚ ਕੋਈ ਬਜ਼ੁਰਗ ਬੈਠਾ ਨਹੀਂ ਤੇ ਜ਼ਿਆਦਾਤਰ ਕੋਠੀਆਂ ਬਿਹਾਰੀ ਲੋਕਾਂ ਨੇ ਸੰਭਾਲੀਆਂ ਹੋਈਆਂ ਹਨ। ਪੂਰੇ-ਪੂਰੇ ਪਿੰਡਾਂ ਦੀਆਂ ਜ਼ਮੀਨਾਂ ਸਸਤੇ ਭਾਅ 'ਤੇ ਸੇਲ 'ਤੇ ਲੱਗੀਆਂ ਹੋਈਆਂ ਹਨ। ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਰੁਝਾਨ 70ਵਿਆਂ ਵਿਚ ਸ਼ੁਰੂ ਹੋਇਆ ਸੀ, ਜੋ ਅੱਜ ਵੀ ਜਾਰੀ ਹੈ। ਹੁਣ ਮਾਲਵੇ ਖਿੱਤੇ ਦੇ ਲੋਕਾਂ 'ਚ ਵੀ ਵਿਦੇਸ਼ ਜਾਣ ਦਾ ਰੁਝਾਨ ਵਧ ਗਿਆ ਹੈ। ਖ਼ਾਸ ਕਰਕੇ ਨੌਜਵਾਨ ਵਰਗ ਪੜਾਈ ਲਈ ਵਿਦੇਸ਼ ਜਾ ਰਿਹਾ ਹੈ ਤੇ ਉੱਥੇ ਹੀ ਵਸਣ ਨੂੰ ਤਰਜੀਹ ਦੇ ਰਿਹਾ ਹੈ। ਇਹ ਨੌਜਵਾਨ ਵਿਦੇਸ਼ ਜਾ ਕੇ ਵਸਣ ਮਗਰੋਂ ਆਪਣੇ ਪਰਿਵਾਰਾਂ ਨੂੰ ਵੀ ਉੱਥੇ ਪੱਕੇ ਤੌਰ 'ਤੇ ਵਸਾ ਲੈਂਦੇ ਹਨ। ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕ੍ਰਿਡ) ਵੱਲੋਂ ਕੀਤੇ ਗਏ ਸਰਵੇਖਣ 'ਚ ਸਾਹਮਣੇ ਆਇਆ ਕਿ 60 ਫ਼ੀਸਦੀ ਲੋਕ ਵਿਕਸਿਤ ਦੇਸ਼ਾਂ ਜਿਵੇਂ ਕੈਨੇਡਾ, ਇਟਲੀ, ਅਮਰੀਕਾ, ਆਸਟਰੇਲੀਆ, ਯੂਕੇ ਅਤੇ ਹੋਰਾਂ ਦੇਸ਼ਾਂ ਵਿੱਚ ਹਨ, ਜਦਕਿ 40 ਫ਼ੀਸਦੀ ਦੇ ਕਰੀਬ ਮੱਧ ਪੂਰਬੀ



ਦੇਸ਼ਾਂ ਵਿਚ ਹਨ। ਇਸ ਦਾ ਕਾਰਨ ਕੇਵਲ ਬੇਰੁਜ਼ਗਾਰੀ ਹੀ ਨਹੀਂ ਹੈ, ਸਗੋਂ ਬਹੁਤ ਸਾਰੇ ਚੰਗੀਆਂ ਨੌਕਰੀਆਂ ਵਾਲੇ ਜਾਂ ਆਰਥਿਕ ਪੱਖੋਂ ਮਜ਼ਬੂਤ ਲੋਕ ਵੀ ਵਿਦੇਸ਼ ਜਾ ਰਹੇ ਹਨ। ਪੰਜਾਬੀਆਂ ਲਈ ਕਿਸੇ ਪਰਿਵਾਰਕ ਮੈਂਬਰ ਨੂੰ ਬਾਹਰ ਭੇਜਣਾ 'ਸਟੇਟਸ ਸਿੰਬਲ' ਬਣਿਆ ਹੋਇਆ ਹੈ। ਇਸ ਲਈ ਖ਼ਾਸ ਸਮਾਗਮ ਰਚਾ ਕੇ ਪੈਸਾ ਖ਼ਰਚ ਕਰਕੇ ਤੇ ਨੌਜਵਾਨਾਂ ਨੂੰ ਦੇਸ਼ ਨਿਕਾਲਾ ਦੇਣ ਦੀ ਖ਼ੁਸ਼ੀ ਮਨਾਈ ਜਾਂਦੀ ਹੈ।

**ਭੱਖਦਾ ਮੱਸਲਾ**

ਵਿਦਿਆਰਥੀਆਂ ਤੋਂ ਇਲਾਵਾ ਹੋਰ ਲੋਕ ਵੀ ਹੁਣ ਜਾਇਦਾਦਾਂ ਵੇਚ ਕੇ ਜਾਣ ਲੱਗੇ ਹਨ। ਇਸ ਵੇਲੇ ਬਾਹਰ ਜਾਣ ਵਾਲਿਆਂ 'ਚੋਂ 93 ਫ਼ੀਸਦੀ ਗ਼ਰੀਬ ਨਹੀਂ ਹਨ ਤੇ ਇਕ ਦੂਜੇ ਦੀ ਰੀਸ ਤੇ ਭੇਡ ਚਾਲ ਕਰਕੇ ਹੀ ਜਾ ਰਹੇ ਹਨ। ਵਿਦਿਆਰਥੀਆਂ ਵੱਲੋਂ ਲੱਖਾਂ ਰੁਪਏ ਫੀਸਾਂ ਦੇ ਰੂਪ ਵਿਚ ਵਿਦੇਸ਼ੀ ਵਿੱਦਿਅਕ ਸੰਸਥਾਵਾਂ 'ਚ ਖਰਚ ਹੋ ਰਹੇ ਹਨ। ਅਰਥ ਸ਼ਾਸਤਰੀ ਰਣਜੀਤ ਸਿੰਘ ਘੁੰਮਣ ਦਾ ਮੰਨਣਾ ਹੈ ਕਿ ਕਿਸੇ ਸਮੇਂ ਪੰਜਾਬ 'ਚੋਂ ਬ੍ਰੇਨ ਡ੍ਰੇਨ ਹੁੰਦਾ ਸੀ, ਫਿਰ ਹੁਨਰ ਵੀ ਜਾਣ ਲੱਗਾ ਤੇ ਹੁਣ ਨਾਲ ਪੂੰਜੀ ਵੀ ਜਾ ਰਹੀ ਹੈ। ਅਸੀਂ ਆਪਣੀ ਖ਼ੂਨ ਪਸੀਨੇ ਦੀ ਪੂੰਜੀ ਲਾ ਕੇ ਪੰਜਾਬ ਦੀ ਕਰੀਮ ਜਵਾਨੀ ਨੂੰ ਭੇਜ ਕੇ ਵਿਕਸਿਤ ਦੇਸ਼ਾਂ ਨੂੰ ਹੋਰ ਮਾਲਾਮਾਲ ਕਰ ਰਹੇ ਹਾਂ। ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਉਹ ਲੋਕ ਵੀ ਆਪਣੇ ਆਪ ਨੂੰ ਕਿਸਾਨ ਤੇ ਪੰਜਾਬ ਹਿਤੈਸ਼ੀ ਹੋਣ ਦਾ ਦਿਖਾਵਾ ਕਰਦੇ ਹਨ, ਜਿਨਾਂ ਨੇ ਆਪਣੇ ਸਾਰੇ ਟੱਬਰ ਨੂੰ ਲੱਖਾਂ ਰੁਪਏ ਖ਼ਰਚ ਕੇ ਬਾਹਰਲੇ ਮੁਲਕਾਂ ਵਿਚ ਮਜ਼ਦੂਰੀ ਤੇ ਚਾਕਰੀ ਕਰਨ ਲਈ ਭੇਜਿਆ ਹੋਇਆ ਹੈ। ਇਹ ਵੀ ਸੱਚ ਹੈ ਕਿ ਬਾਹਰ ਗਈ ਹੋਈ ਅੱਜ ਦੀ ਪੀੜੀ ਇੱਥੇ ਵਾਪਸ ਵੱਸਣ ਕਦੇ ਨਹੀਂ ਆਵੇਗੀ ਪਰ ਥੋੜੇ ਸਮੇਂ ਤਕ ਆਪਣੀਆਂ ਜ਼ਮੀਨਾਂ ਵੇਚਣ ਜ਼ਰੂਰ ਆਵੇਗੀ। ਸਿਰਫ਼ ਕਿਸਾਨੀ ਝੰਡੇ ਨਾਲ ਫੋਟੋ ਕਰਵਾ ਕੇ ਤੇ ਦੋ-ਚਾਰ ਨਾਅਰੇ ਲਾ ਕੇ ਕ੍ਰਾਂਤੀਆਂ ਨਹੀਂ ਰਚੀਆਂ ਜਾਂਦੀਆਂ। ਪੰਜਾਬ ਵਰਗੇ ਖ਼ੁਸ਼ਹਾਲ ਸੂਬੇ ਦੀ ਜਵਾਨੀ ਸ਼ਰਨਾਰਥੀ ਹੋ ਕੇ ਰੁਲ ਰਹੀ ਹੈ। ਸਰਕਾਰਾਂ ਨੂੰ ਦੋਸ਼ ਦੇ ਕੇ ਸਾਡੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਨੌਜਵਾਨਾਂ ਨੂੰ ਪਿਓ- ਦਾਦੇ ਦੀ ਕਿਰਤ ਨਾਲ ਜੋੜੋ, ਹੱਥੀਂ ਕੰਮ ਕਰਨ ਦੀ ਆਦਤ ਪਾਓ। ਜਿੰਨੇ ਪੈਸੇ ਬਾਹਰ ਭੇਜਣ ਲਈ ਖ਼ਰਚ ਕਰਦੇ ਹੋ, ਉਨਾਂ ਨਾਲ ਕੋਈ ਰੁਜ਼ਗਾਰ, ਵਪਾਰ ਖੋਲਿਆ ਜਾ ਸਕਦਾ ਹੈ। ਸਨਅਤਾਂ ਤੇ ਸਵੈ-ਰੁਜ਼ਗਾਰ ਨੂੰ ਹੁਲਾਰਾ ਮਿਲੇ। ਪੰਜਾਬ ਦੇ ਸਮੂਹ ਸ਼ੁਭਚਿੰਤਕਾਂ, ਦਰਦਮੰਦਾਂ ਤੇ ਨੀਤੀਵਾਨਾਂ ਵੱਲੋਂ ਸਿਰ ਜੋੜ ਕੇ ਸੋਚਣ ਦਾ ਵੇਲਾ ਹੈ ਤਾਂ ਜੋ ਉੱਜੜਦੀ ਜਾ ਰਹੀ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਸਾਰਥਿਕ ਉਪਰਾਲੇ ਕੀਤੇ ਜਾ ਸਕਣ ਤੇ ਮੁਰਝਾ ਰਹੇ ਸੋਹਣੇ ਪੰਜਾਬ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ।

ਅੰਮ੍ਰਿਤਸਰ ਟਾਈਮਜ਼ AMRITSAR TIMES

09 ਜੁਲਾਈ 2021 ਤੋਂ 15 ਜੁਲਾਈ 2021

# ਗੁਰੂ ਦਾ ਅਦਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਮਲ

ਕਿਸੇ ਵੇਲੇ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਅਤੇ ਪ੍ਰਬੰਧਾਂ ਦੀ ਦੇਖ-ਰੇਖ ਲਈ ਬਣਾਈ ਗਈ ਸ਼੍ਰੋ.ਗੁ.ਪ੍ਰ.ਕ ਨੂੰ ਹੋਂਦ ਵਿੱਚ ਆਇਆਂ ਇਕ ਸਦੀ ਹੋ ਗਈ ਹੈ। ਇਹ ਸਫ਼ਰ ਤੈਅ ਕਰਦਿਆਂ ਅੱਜ ਇਸ ਪ੍ਰਬੰਧਕੀ ਸੰਸਥਾ ਉੱਤੇ ਬਹੁਤ ਸਵਾਲ ਉੱਠਦੇ ਰਹਿੰਦੇ ਹਨ। ਪ੍ਰਬੰਧ ਵਿੱਚ ਖ਼ਾਮੀਆਂ ਤੋਂ ਉੱਠੇ ਸਵਾਲ ਅੱਜ ਇੱਥੋਂ ਤੱਕ ਅੱਪੜ ਗਏ ਹਨ ਕਿ ਇਸ ਸੰਸਥਾ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਅਤੇ ਸੇਵਾ ਸੰਭਾਲ ਲਈ ਵੀ ਕਿੰਤੂ-ਪ੍ਰੰਤੂ ਹੋ ਰਹੇ ਹਨ। ਇਹ ਕਿੰਤੂ-ਪ੍ਰੰਤੂ ਮਹਿਜ ਹਵਾਈ ਨਹੀਂ ਹਨ ਸਗੋਂ ਸ਼੍ਰੋ.ਗੁ.ਪ੍ਰ.ਕ ਦੇ ਗੁਰੂ ਸਾਹਿਬ ਸਬੰਧੀ ਮਾਮਲਿਆਂ ਵਿੱਚ ਅਮਲ ਇਨਾਂ ਸਵਾਲਾਂ ਦਾ ਸਬੱਬ ਬਣ ਰਹੇ ਹਨ ਜੋ ਰੁਕਣ ਦਾ ਨਾਮ ਨਹੀਂ ਲੈ ਰਹੇ।

ਪਿਛਲੇ ਵਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦਾ ਮਾਮਲਾ ਆਪਣੇ ਸਭ ਦੇ ਧਿਆਨ ਵਿੱਚ ਹੈ। ਸਿੱਖ ਸੰਗਤ ਨੇ ਆਪੋ ਆਪਣੀ ਬੁੱਧ ਅਤੇ ਤਰੀਕਿਆਂ ਰਾਹੀਂ ਸ਼੍ਰੋ.ਗੁ.ਪ੍ਰ.ਕ ਨੂੰ ਸਵਾਲ ਪੁੱਛੇ ਪਰ ਉਨਾਂ ਸਵਾਲਾਂ ਦੇ ਜਵਾਬ ਦੀ ਥਾਂ ਸਿੱਖ ਸੰਗਤ ਨਾਲ ਓਪਰਿਆਂ ਵਾਲਾ ਵਰਤਾਓ ਕੀਤਾ ਗਿਆ। ਇਸੇ ਸਬੰਧ ਵਿੱਚ 15 ਸਤੰਬਰ ਨੂੰ ਸ਼੍ਰੋ.ਗੁ.ਪ੍ਰ.ਕ ਦੇ ਮੁਲਾਜ਼ਮਾਂ ਵੱਲੋਂ ਧਰਨੇ 'ਚ ਸ਼ਾਮਿਲ ਹੋਣ ਆ ਰਹੀ ਸੰਗਤ ਅਤੇ ਪੱਤਰਕਾਰਾਂ ਨਾਲ ਕੁੱਟ ਮਾਰ ਕੀਤੀ ਗਈ। ਸ਼੍ਰੋਮਣੀ ਕਮੇਟੀ ਦੀ ਇਹ ਕਾਰਵਾਈ ਅਤਿ-ਦਰਜੇ ਦੀ ਘਟੀਆ ਕਾਰਵਾਈ ਸੀ ਜੋ ਇਸ ਦੇ ਰੱਵਈਏ ਉੱਤੇ ਇਕ ਵਾਰ ਫਿਰ ਸਵਾਲੀਆ ਚਿੰਨ ਲਗਾ ਗਈ। ਇਸ ਕਾਰਵਾਈ ਨਾਲ ਸ਼੍ਰੋਮਣੀ ਕਮੇਟੀ ਨੇ ਜਿੱਥੇ ਆਪਣੀ ਵਿਸ਼ਵਾਸ਼-ਯੋਗਤਾ ਹੋਰ ਗਵਾ ਲਈ, ਉੱਥੇ ਹੀ ਆਪਣੇ ਭਰਾਵਾਂ ਨਾਲ ਇਹ ਵਿਹਾਰ ਕਰ ਕੇ ਦਰਬਾਰ ਸਾਹਿਬ ਦੇ ਅਦਬ ਨੂੰ ਵੀ ਨੁਕਸਾਨ ਪਹੁੰਚਾਇਆ।

ਇਸ ਦੇ ਨਾਲ ਹੁਣ ਜਿੱਥੇ ਗੁਰੂ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰਦੀ ਹੈ ਉੱਥੇ ਵੀ ਇਸ ਸੰਸਥਾ ਦਾ ਅਮਲ ਸ਼ੱਕੀ ਬਣਦਾ ਜਾ ਰਿਹਾ ਹੈ। ਪਿਛਲੇ ਵਰੇ 27 ਜੂਨ ਨੂੰ ਸੰਗਰੂਰ ਜ਼ਿਲੇ ਦੇ ਪਿੰਡ ਰਾਮਪੁਰਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਤਾਂ ਸ਼੍ਰੋ.ਗੁ.ਪ੍ਰ.ਕ ਦੇ ਮੁਲਾਜ਼ਮ ਕਾਹਲੀ ਨਾਲ ਗੁਰੂ ਸਾਹਿਬ ਦੇ ਸਰੂਪ ਉਥੋਂ ਲੈ ਗਏ ਤਾਂ ਕਿ ਇੱਥੇ ਸੰਗਤ ਇਕੱਠੀ ਨਾ ਹੋ ਸਕੇ। ਇਸੇ ਤਰਾਂ ਲੰਘੀ 25 ਜੂਨ ਨੂੰ ਇਸੇ ਜ਼ਿਲੇ ਦੇ ਪਿੰਡ ਜੌਲੀਆਂ ਵਿਖੇ ਕੀਤਾ ਗਿਆ ਪਰ ਐਤਕੀਂ ਸੰਗਤ ਦੇ ਵਿਰੋਧ ਕਰ ਕੇ ਸ਼੍ਰੋ.ਗੁ.ਪ੍ਰ.ਕ ਨੂੰ ਇੱਕ ਵਾਰ ਲਈ ਆਪਣੀ ਜਿੱਦ ਛੱਡਣੀ ਪਈ। ਪਰ ਉਸ ਤੋਂ ਬਾਅਦ ਦਾ ਜੋ ਅਮਲ ਰਿਹਾ ਉਹ ਹੋਰ ਵੀ ਨਿਘਾਰ ਵਾਲਾ ਰਿਹਾ। 26 ਜੂਨ ਨੂੰ ਜੌਲੀਆਂ ਪਿੰਡ ਹੋਈ ਇਕੱਤਰਤਾ ਵਿੱਚ ਸਿੱਖ-ਜਥੇਬੰਦੀਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਲੋਕਲ ਕਮੇਟੀ ਨੂੰ ਪਸ਼ਚਾਤਾਪ ਦਾ ਪਾਠ ਕਰਵਾਉਣ ਲਈ ਕਿਹਾ ਗਿਆ ਸੀ ਤਾਂ ਕਿ ਭੋਗ ਵਾਲੇ ਦਿਨ ਸਿੱਖ ਸੰਗਤ ਅਤੇ ਜਥੇਬੰਦੀਆਂ ਦੇ ਵਿਚਾਰ ਲੈ ਕੇ ਕੋਈ ਫੈਸਲੇ ਕੀਤੇ ਜਾ ਸਕਣ ਅਤੇ ਉਦੋਂ ਤੱਕ ਪ੍ਰਸ਼ਾਸ਼ਨ ਨੂੰ ਵੀ ਸਖ਼ਤ ਕਾਰਵਾਈ ਕਰਨ ਲਈ ਕਿਹਾ ਗਿਆ ਸੀ। ਜਿਸ ਤੋਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਗਲੀ ਇਕੱਤਰਤਾ ਲਈ 4 ਜੁਲਾਈ 2021 ਦਿਨ ਐਤਵਾਰ ਤੈਅ ਹੋਇਆ। 26 ਜੂਨ ਤੋਂ 4 ਜੁਲਾਈ ਤੱਕ ਬਹੁਤ ਸ਼ਖਸੀਅਤਾਂ ਪਿੰਡ ਜੌਲੀਆਂ ਵਿਖੇ ਆਈਆਂ ਜਿਨਾਂ ਵਿੱਚ ਸ਼੍ਰੋ.ਗੁ.ਪ੍ਰ.ਕ ਦੇ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਵੀ ਸਨ। ਬੀਬੀ ਜਗੀਰ ਕੌਰ ਵੱਲੋਂ ਗੁਰਦੁਆਰਾ ਸਾਹਿਬ ਲਈ 10 ਲੱਖ ਦੀ ਵਿੱਤੀ ਸਹਾਇਤਾ ਦਿੱਤੀ ਗਈ, ਜਿਨਾਂ ਨੇ ਸੱਚਖੰਡ ਵਿਚੋਂ ਗੁਰੂ ਸਾਹਿਬ ਦੇ ਸਰੂਪ ਕੱਢੇ ਸਨ ਉਨਾਂ ਨੂੰ 13-13 ਹਜ਼ਾਰ ਰੁਪਏ ਦਿੱਤੇ ਗਏ ਅਤੇ ਪਿੰਡ ਦੇ ਦੋ ਸਿੰਘਾਂ ਨੂੰ ਸ਼੍ਰੋਮਣੀ ਕਮੇਟੀ ਵਿੱਚ ਨੌਕਰੀ ਦੇ ਕੇ ਉਨਾਂ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਜਿੰਮੇਵਾਰੀ ਦੇਣ ਦਾ ਐਲਾਨ ਕੀਤਾ ਗਿਆ। ਬੇਸ਼ੱਕ ਇਹ ਵਧੀਆ ਉੱਦਮ ਕੀਤਾ ਹੈ ਪਰ ਇਹ ਘਟਨਾ ਕਿਉਂ ਵਾਪਰੀ ਇਸ ਗੱਲ ਨੂੰ ਅੱਖੋਂ ਪਰੋਖੇ ਕਰਨਾ ਅਤੇ ਕਸੂਰਵਾਰ ਵਿਅਕਤੀ ਲੱਭ ਕੇ ਕੋਈ ਵੀ ਅਨੁਸ਼ਾਸ਼ਨੀ ਕਾਰਵਾਈ ਨਾ ਕਰਨਾ ਬਹੁਤ ਗਲਤ ਗੱਲ ਹੈ।

4 ਜੁਲਾਈ 2021 ਨੂੰ ਭੋਗ ਉਪਰੰਤ ਭਾਈ ਸੰਦੀਪ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਜਥੇ ਵੱਲੋਂ ਕੀਰਤਨ ਕੀਤਾ ਗਿਆ ਅਤੇ ਗਿਆਨੀ ਬਲਵਿੰਦਰ ਸਿੰਘ ਵੱਲੋਂ ਅਰਦਾਸ ਕੀਤੀ ਗਈ। ਹੁਕਮਨਾਮਾ ਸਾਹਿਬ ਲੈਣ ਉਪਰੰਤ ਗਿਆਨੀ ਬਲਵਿੰਦਰ ਸਿੰਘ ਨੇ ਕਰੀਬ 10 ਕੁ ਮਿੰਟ ਸੰਗਤਾਂ ਨਾਲ ਇਸ ਮਸਲੇ ਉੱਤੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਜਦੋਂ ਗਿਆਨੀ ਬਲਵਿੰਦਰ ਸਿੰਘ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰ ਰਹੇ ਸਨ ਤਾਂ ਗੁਰਦੁਆਰਾ ਸਾਹਿਬ ਅੰਦਰ ਜੋ ਬਾਕੀ ਮਾਇਕ ਸਨ ਉਨਾਂ ਨੂੰ ਬੰਦ ਕਰ ਕੇ ਇਕ ਪਾਸੇ ਰੱਖਿਆ ਜਾ ਰਿਹਾ ਸੀ। ਗਿਆਨੀ ਜੀ ਨੇ ਜਦੋਂ ਸਮਾਪਤੀ ਕੀਤੀ ਤਾਂ ਪ੍ਰਸ਼ਾਸ਼ਨ ਦੇ ਸਹਿਯੋਗ ਲਈ ਬਣਾਈ ਗਈ ਕਮੇਟੀ ਵਿੱਚੋਂ ਭਾਈ ਰਜਿੰਦਰ ਸਿੰਘ ਛੰਨਾ ਨੇ ਖੜੇ ਹੋ ਕੇ ਬਿਨਾਂ ਮਾਈਕ ਦੇ ਸੰਗਤ ਨੂੰ ਫਤਿਹ ਬੁਲਾਈ। ਉਨਾਂ ਦੇ ਫਤਿਹ ਬੁਲਾਉਂਦਿਆਂ ਹੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੁਲਾਜ਼ਮ ਅਤੇ ਪਿੰਡ ਦੇ ਕੁਝ ਵਿਅਕਤੀ ਉਨਾਂ ਦੇ ਆਲੇ ਦੁਆਲੇ ਹੋ ਗਏ। ਪਿੰਡ ਦੇ ਕੁਝ ਵਿਅਕਤੀ ਕਹਿਣ ਲੱਗੇ ਕਿ 'ਅਸੀਂ ਪਹਿਲਾਂ ਹੀ ਬਹੁਤ ਦੁਖੀ ਹਾਂ, ਸਾਨੂੰ ਹੋਰ ਦੁੱਖ ਨਾ ਦੇਵੋ।' ਭਾਈ ਰਜਿੰਦਰ ਸਿੰਘ ਛੰਨਾ ਕਹਿ ਰਹੇ ਸਨ ਕਿ ਸੰਗਤ ਇੰਨੀ ਦੂਰੋਂ-ਦੂਰੋਂ ਆਈ ਹੈ ਅਤੇ ਸਾਡਾ ਬਤੌਰ ਕਮੇਟੀ ਮੈਂਬਰ ਇਹ ਫਰਜ਼ ਬਣਦਾ ਹੈ ਕਿ ਪ੍ਰਸ਼ਾਸ਼ਨ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਬਾਰੇ ਸੰਗਤ ਨੂੰ ਦੱਸਿਆ ਜਾਵੇ ਪਰ ਉਨਾਂ ਦੀ ਇਹ ਗੱਲ ਕਿਸੇ ਨੇ ਨਾ ਸੁਣੀ। ਭਾਈ ਬਲਦੇਵ ਸਿੰਘ ਵਡਾਲਾ ਅਨੁਸਾਰ ਉਨਾਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਕੀਰਤਨ ਨਾ ਕਰਨ ਦਿੱਤਾ ਗਿਆ। ਸਿੱਖ ਜਥੇਬੰਦੀਆਂ ਦੇ ਆਗੂ ਜੋ ਅੰਦਰ ਮੌਜੂਦ ਸਨ ਉਹ ਬਿਨਾਂ ਕਿਸੇ ਤਕਰਾਰਬਾਜ਼ੀ ਦੇ ਗੁਰਦੁਆਰਾ ਸਾਹਿਬ ਤੋਂ ਬਾਹਰ ਆ ਗਏ।

ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਚਲਾਕੀ ਅਤੇ ਜਬਰ ਨਾਲ ਵਿਚਾਰਾਂ ਕਰਨ ਤੋਂ ਰੋਕਣ ਦਾ ਅਮਲ ਭਵਿੱਖ ਵਿੱਚ ਬਹੁਤ ਨੁਕਸਾਨਦੇਹ ਸਿੱਧ ਹੋਵੇਗਾ, ਜਿੱਥੇ ਵੀ ਅਜਿਹੀ ਘਟਨਾ ਵਾਪਰੇਗੀ ਉੱਥੇ ਸ਼੍ਰੋ.ਗੁ.ਪ੍ਰ.ਕ ਅਤੇ ਪਿੰਡ ਰਲ ਕੇ ਸਾਰੇ ਮਾਮਲੇ ਨੂੰ ਰਫ਼ਾ-ਦਫ਼ਾ ਕਰ ਦਿਆ ਕਰਨਗੇ, ਇਹ ਪਿਰਤ ਬੇਅਦਬੀਆਂ ਨੂੰ ਰੋਕਣ ਦੀ ਥਾਂ ਹੋਰ ਵਧਾਉਣ ਦਾ ਮੁੱਢ ਬੰਨੇਗੀ। ਇਸ ਪੁੱਠੀ ਪਿਰਤ ਨੂੰ ਵਕਤ ਸਿਰ ਰੋਕਣਾ ਬਹੁਤ ਜ਼ਰੂਰੀ ਹੈ। ਸ਼੍ਰੋ.ਗੁ.ਪ੍ਰ.ਕ ਨੂੰ ਇਹ ਗਲਤੀ ਦੁਹਰਾਉਣੀ ਨਹੀਂ ਚਾਹੀਦੀ। ਪਰ ਜੇਕਰ ਸ਼੍ਰੋ.ਗੁ.ਪ੍ਰ.ਕ ਇਹ ਅਮਲ ਭਵਿੱਖ ਵਿੱਚ ਵੀ ਜਾਰੀ ਰੱਖਦੀ ਹੈ ਤਾਂ ਸਿੱਖ ਜਥੇਬੰਦੀਆਂ ਅਤੇ ਸਿੱਖ ਸੰਗਤ ਨੂੰ ਇਸ ਉੱਤੇ ਸਖ਼ਤ ਫੈਸਲੇ ਲੈਣ ਦੀ ਲੋੜ ਹੈ।

# ਮੁਕਤੀ ਦਾ ਧਰਮ ਸ਼ਾਸਤਰ ਅਤੇ ਸਮਾਜਿਕ ਬਦਲਾ



ਰਣਜੀਤ ਸਿੰਘ ਕੁਕੀ

ਰਾਜਨੀਤਕ ਭਾਗੀਦਾਰੀ ਵਿਚ ਧਾਰਮਿਕ ਵਿਸ਼ਵਾਸ ਅਤੇ ਧਰਮ ਸ਼ਾਸਤਰ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਪਹਿਲਾਂ ਦੇ ਸਮਿਆਂ ਵਿਚ ਰਾਜਨੀਤਕ ਸੱਤਾ, ਪ੍ਰਮਾਣਿਕਤਾ ਅਤੇ ਵੈਧਤਾ ਨੂੰ ਦੈਵੀ ਜਾਂ ਧਾਰਮਿਕ ਪ੍ਰਮਾਣਿਕਤਾ ਦੀ ਲੋੜ ਪੈਂਦੀ ਸੀ। ਮੌਜੂਦਾ ਰਾਜਨੀਤਕ ਸੱਤਾ ਰੱਬ ਦੀ ਪ੍ਰਮਾਣਿਕਤਾ ਦੀ ਬਜਾਏ ਲੋਕਾਂ ਦੀ ਸਹਿਮਤੀ ਵਾਲੇ ਰਾਜ ਉੱਪਰ ਨਿਰਭਰ ਕਰਦੀ ਹੈ। ਜਿਆਦਤਰ ਕੈਥੋਲਿਕ ਅਤੇ ਈਸਾਈ ਧਰਮ ਨਾਲ ਸਬੰਧਤ ਧਰਮ ਸ਼ਾਸਤਰ ਤੋਂ ਭਾਵ ਉਪਾਸਨਾ ਦੀ ਤਹਿਜ਼ੀਬ ਦੀ ਵਿਵਸਥਾ ਤੋਂ ਹੈ ਜੋ ਕਿ ਮਨੁੱਖਾਂ ਨੂੰ ਅਲੌਕਿਕ ਜਾਂ ਦੈਵੀ ਨਾਲ ਜੋੜਦੀ ਹੈ। ਇਸ ਵਿਚ ਕਿਸੇ ਧਰਮ ਸਮੂਹ ਦੁਆਰਾ ਆਪਣੇ ਵਿਸ਼ਵਾਸਾਂ, ਰੀਤਾਂ ਅਤੇ ਪਰੰਪਰਾ ਅਨੁਸਾਰ ਜਨਤਕ ਉਪਾਸਨਾ ਵੀ ਸ਼ਾਮਿਲ ਹੁੰਦੀ ਹੈ। ਮਹਿਜ਼ ਚਿੰਤਨਸ਼ੀਲ ਧਾਰਨਾ ਅਤੇ ਅਕਾਦਮਿਕ ਵਿਸ਼ਲੇਸ਼ਣ ਦੀ ਬਜਾਏ ਧਰਮ ਸ਼ਾਸਤਰ ਅਸਲ ਵਿਚ ਵਿਸ਼ਵਾਸ ਅਤੇ ਨਿਸ਼ਠਾ ਨਾਲ ਸੰਬੰਧਿਤ ਹੁੰਦਾ ਹੈ।ਆਪਣੇ ਵਿਭਿੰਨ ਵਿਸ਼ਿਆਂ ਕਰਕੇ ਧਰਮ ਸ਼ਾਸਤਰ ਵਿਚ ਹਿੰਦੂਵਾਦ, ਸਿੱਖ ਧਰਮ, ਇਸਲਾਮ ਅਤੇ ਯਹੂਦੀ ਧਰਮ ਨੂੰ ਵੀ ਆਪਣੇ ਕਲੇਵੇ ਵਿਚ ਲੈਂਦਾ ਹੈ।ਧਰਮ ਸ਼ਾਸਤਰ ਦੇ ਵਿਸ਼ੇ ਰੱਬ, ਮਨੁੱਖਤਾ, ਮੁਕਤੀ, ਨਰਕ ਅਤੇ ਸਵਰਗ ਦੇ ਸਿਧਾਂਤ ਉੱਪਰ ਕੇਂਦਰਿਤ ਹੁੰਦੇ ਹਨ। ਆਧੁਨਿਕ ਸਮੇਂ ਵਿਚ ਧਰਮ ਸ਼ਾਸਤਰ ਗਿਆਨ ਦਾ ਅਜਿਹਾ ਪ੍ਰਵਾਹ ਹੈ ਜੋ ਕਿ ਗਿਆਨ ਦੀ ਧਰਮ ਨਿਰਪੱਖ ਤਲਾਸ਼ ਨੂੰ ਧਾਰਮਿਕ ਤਲਾਸ਼ ਤੋਂ ਵੱਖ ਕਰਦਾ ਹੈ।ਸਾਰੇ ਧਰਮ ਨਿਰਪੱਖ ਅਧਿਐਨ ਤਰਕ ਅਤੇ ਅਨੁਭਵ ਨਾਲ ਸ਼ੁਰੂ ਹੁੰਦੇ ਹਨ ਜਦੋਂ ਕਿ ਧਰਮ ਸ਼ਾਸਤਰ ਵਿਸ਼ਵਾਸ ਅਤੇ ਨਿਸ਼ਠਾ ਨਾਲ ਸਬੰਧਤ ਹੈ।

ਵੀਹਵੀਂ ਸਦੀ ਦੇ ਮੱਧ ਵਿਚ ਮਾਨਵਤਾ ਦੀ ਤਲਾਸ਼ ਅਤੇ ਸੋਚ ਨੇ ਮੁਕਤੀ ਦੇ ਧਰਮ ਸ਼ਾਸਤਰ ਲਈ ਰਾਹ ਖੋਲਿਆ। ਲੇਟਿਨ ਅਮਰੀਕਾ ਵਿਚ ਪੇਰੂ ਨਾਲ ਸੰਬੰਧਿਤ ਡੋਮੀਨੀਕਨ ਪਾਦਰੀ ਗੁਸਤਾਵੋ ਗੁਟੀਈਰੇਜ ਨੂੰ ਮੁਕਤੀ ਦੇ ਧਰਮ ਸ਼ਾਸਤਰ ਦਾ ਪਿਤਾਮਾ ਮੰਨਿਆ ਜਾਂਦਾ ਹੈ। 1971 ਵਿਚ ਉਸ ਦੀ ਦਸਤਾਵੇਜੀ ਕਿਤਾਬ ਮੁਕਤੀ ਦਾ ਧਰਮ ਸ਼ਾਸਤਰ ਛਪੀ।1962 ਤੋਂ ਲੈ ਕੇ 1964 ਤੱਕ ਵੈਟੀਕਨ ਕੌਂਸਲ ਨੇ ਕਾਫੀ ਵਿਸਥਾਰ ਨਾਲ ਪ੍ਰੰਪਰਾਗਤ ਢੰਗ ਦੀ ਬਜਾਏ ਵਿਵਹਾਰਿਕ ਰੂਪ ਵਿਚ ਮੁਕਤੀ ਦੇ ਧਰਮ ਸ਼ਾਸਤਰ ਅਤੇ ਚਰਚ ਦੀ ਭੂਮਿਕਾ ਉੱਪਰ ਚਰਚਾ ਕੀਤੀ।ਮੁਕਤੀ ਦਾ ਧਰਮ ਸ਼ਾਸਤਰ ਵਿਚਾਰ ਅਤੇ ਅਜ਼ਾਦੀ ਲਈ ਨਵੇਂ ਢੰਗ ਈਜਾਦ ਕਰਨ ਵੱਲ ਕੇਂਦਰਿਤ ਸੀ। ਇਸ ਦਾ ਉਦੇਸ਼ ਅਨਿਆਂ ਅਤੇ ਦਮਨ ਤੋਂ ਮੁਕਤੀ ਪਾਉਣ ਲਈ ਨਵੇਂ ਦਿਸਹੱਦੇ ਪ੍ਰਭਾਸ਼ਿਤ ਕਰਨਾ ਅਤੇ ਤਲਾਸ਼ਣਾ ਸੀ।ਅਸਲ ਵਿਚ ਇਸ ਦਾ ਮਕਸਦ ਲੇਟਿਨ ਅਮਰੀਕਾ ਦੇ ਗਰੀਬ ਲੋਕਾਂ ਲਈ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਪੈਦਾ ਕਰਨ ਵਾਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਉਨਾਂ ਦਾ ਹੱਲ ਤਲਾਸ਼ਣਾ ਸੀ ਜੋ ਕਿ ਲਗਾਤਾਰ ਉਨਾਂ ਦੇ ਦੁੱਖਾਂ ਦਾ ਕਾਰਣ ਬਣ ਰਹੀਆਂ ਸਨ।ਲੇਟਿਨ ਅਮਰੀਕਾ ਦੇ ਵੱਖ-ਵੱਖ ਦੇਸ਼ਾਂ ਨਾਲ ਸੰਬੰਧਿਤ ਧਰਮ ਸ਼ਾਸਤਰੀਆਂ ਨੇ ਮੁਕਤੀ ਲਈ ਗਰੀਬਾਂ ਨੂੰ ਆਪ ਇਸ ਵਿਚ ਸ਼ਾਮਿਲ ਕਰਨ ਉੱਪਰ ਜੋਰ ਦਿੱਤਾ।ਇਸ ਵਿਚ ਉਨਾਂ ਨੇ ਈਸਾਈ ਧਰਮ ਰਾਹੀ ਉਨਾਂ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ ਤਾਂ ਕਿ ਸ਼ਾਂਤੀਪੂਰਕ ਸਹਿ-ਹੋਂਦ ਸਿਰਜੀ ਜਾ ਸਕੇ।ਇਸ ਨੇ ਚਰਚ ਅਤੇ ਰਾਜ ਦੇ ਆਪਸੀ ਸਬੰਧ ਨੂੰ ਬਦਲ ਦਿੱਤਾ ਅਤੇ ਲੋਕਾਂ ਵਿਚ ਚਰਚ ਦੇ ਲਈ ਸਨੇਹ ਨੂੰ ਹੋਰ ਵਧਾਇਆ।

ਮੁਕਤੀ ਦੇ ਧਰਮ ਸ਼ਾਸਤਰ ਵਿਚ ਚਰਚ ਨਾਲ ਸੰਬੰਧਿਤ ਇਸ ਨਵੀਂ ਸੀਮਾ ਨੇ ਖੋਜੀਆਂ ਨੂੰ ਸਮਾਜਿਕ ਨਿਆਂ ਅਤੇ ਦਮਨ ਨੂੰ ਪ੍ਰਭਾਸ਼ਿਤ ਕਰਨ ਦੀ ਅਜ਼ਾਦੀ ਪ੍ਰਦਾਨ ਕੀਤੀ ਤਾਂ ਕਿ ਗਰੀਬ ਲੋਕਾਂ ਉੱਪਰ ਇਸ ਦਾ ਸਾਕਾਰਤਮਕ ਪ੍ਰਭਾਵ ਹੋ ਸਕੇ। ਮੁਕਤੀ ਦੇ ਧਰਮ ਸ਼ਾਸਤਰ ਨੇ ਪੱਛਮੀ ਸੰਸਾਰ ਉੱਪਰ ਲੋਕਾਂ ਦੀ ਨਿਰਭਰਤਾ ਅਤੇ ਉਨਾਂ ਦੇ ਦੁੱਖਾਂ ਦੇ ਕਾਰਣਾਂ ਉੱਪਰ ਰੋਸ਼ਨੀ ਪਾਈ। ਮੁਕਤੀ ਦੇ ਧਰਮ ਸ਼ਾਸਤਰੀਆਂ ਨੇ ਦਮਨ ਵਿਰੁੱਧ ਹਿੰਸਾ ਨੂੰ ਗੁਨਾਹਗਾਰੀ ਕੰਮ ਨਹੀ ਮੰਨਿਆ। 1960 ਵਿਆਂ ਨਾਲ ਸਬੰਧਤ ਮੁਕਤੀ ਦੇ ਧਰਮ ਸ਼ਾਸਤਰੀ ਜਿਆਦਾਤਰ ਯੂਰੋਪ ਅਤੇ ਅਮਰੀਕਾ ਦੇ ਪੜੇ ਹੋਏ ਸਨ ਅਤੇ ਆਧੁਨਿਕ ਸੰਸਾਰ ਵਿਚ ਚਰਚ ਦੇ ਵਰਗੀਕਰਨ ਦੇ ਨਾਲ-ਨਾਲ ਰਾਜਨੀਤਕ ਮਸਲਿਆਂ ਤੋਂ ਭਲੀ-ਭਾਂਤੀ ਜਾਣੂ ਸਨ।

ਮਿਲਟਰੀ ਤਾਨਾਸ਼ਾਹੀ ਵਿਰੁੱਧ ਲੇਟਿਨ ਅਮਰੀਕਨ ਦੇਸ਼ਾਂ ਵਿਚ ਚੱਲ ਰਹੇ ਜਿਆਦਾਤਰ ਰਾਜਨੀਤਕ ਸੰਘਰਸ਼ਾਂ ਨੇ ਵੀ ਮੁਕਤੀ ਦੇ ਧਰਮ ਸ਼ਾਸਤਰ ਦਾ ਚਰਚ ਦਾ ਸਿਧਾਂਤ ਅਪਣਾਇਆ। ਮੁਕਤੀ ਦੇ ਧਰਮ ਸ਼ਾਸਤਰ ਦਾ ਸਿਧਾਂਤ ਅਚਲਤਾ ਉੱਪਰ ਅਧਾਰਿਤ ਹੈ ਜੋ ਕਿ ਚਰਚ ਦੇ ਅਲੌਕਿਤਤਾ ਦੇ ਸਿਧਾਂਤ ਤੋਂ ਭਿੰਨ ਹੈ।ਅਚਲਤਾ ਦਾ ਸਿਧਾਂਤ ਰੱਬ ਦੀ ਹੋਂਦ ਇਸ ਸੰਸਾਰ ਵਿਚ ਹੀ ਹੋਣ ਦੀ ਪੁਸ਼ਟੀ ਕਰਦਾ ਹੈ ਜਿਸ ਦਾ ਭਾਵ ਹੈ ਕਿ ਇਹ ਮਨੁੱਖੀ ਤਰਕ ਦੀ ਸੀਮਾ ਅਤੇ ਮਨੁੱਖੀ ਸਮਾਜ ਅਤੇ ਸੱਭਿਅਤਾ ਦੇ ਨਿਯਮਾਂ ਦੇ ਅੰਦਰ ਹੀ ਹੈ, ਜਦੋਂਕਿ ਅਲੌਕਿਤਤਾ ਦਾ ਸਿਧਾਂਤ ਇਸ ਦਾ ਖੰਡਨ ਕਰਦਾ ਹੈ। ਅਚਲਤਾ ਦਾ ਸਿਧਾਂਤ ਇਸ ਦੀ ਪੁਸ਼ਟੀ ਕਰਦਾ ਹੈ ਕਿ ਰੱਬ ਇਕ ਹੈ ਜੋ ਕਿ ਸਾਡੇ ਅੰਦਰ ਅਤੇ ਇਸ ਬ੍ਰਹਿਮੰਡ ਵਿਚ ਹੀ ਵਸਦਾ ਹੈ।ਇਸ ਤਰਾਂ ਇਹਨਾਂ ਦੋ ਵਿਚਾਰਕ ਸਮੂਹਾਂ ਵਿਚ ਕੋਈ ਸਮਾਨਤਾ ਜਾਂ ਤੁਲਨਾ ਨਹੀਂ ਹੈ।ਹਾਲਾਂਕਿ ਇਹ ਨਿਯਮ ਅਤੇ ਮਾਣਕ ਈਸਾਈ ਧਰਮ ਨਾਲ ਸਬੰਧਤ ਹਨ, ਪਰ ਇਨਾਂ ਦੀ ਹੋਂਦ ਹੋਰ ਧਰਮਾਂ ਵਿਚ ਵੀ ਦੇਖੀ ਜਾ ਸਕਦੀ ਹੈ। ਮੁਕਤੀ ਦਾ ਧਰਮ ਸ਼ਾਸਤਰ ਅਸਲ ਵਿਚ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਸਕ੍ਰਿਆਵਾਦ ਹੈ ਜੋ ਕਿ ਰੱਬ ਨਾਲ ਸਬੰਧਤ ਹੈ।ਇਹ ਮੁਕਤੀ ਦੇ ਧਰਮ ਸ਼ਾਸਤਰੀਆਂ ਦੁਆਰਾ ਵਰਤੀ ਜਾਣ ਵਾਲੀ ਅਜਿਹੀ ਪਰਿਭਾਸ਼ਾ ਹੈ ਜਿਸ ਦਾ ਮਕਸਦ ਇਹ ਦਿਖਾਉਣਾ ਹੈ ਕਿ ਯਿਸ਼ੂ ਦੀ ਧਰਮ ਸਿੱਖਿਆ ਨੂੰ ਵਿਵਹਾਰ ਰੂਪ ਵਿਚ ਕਿਸ ਤਰਾਂ ਲੈ ਕੇ ਆਉਣਾ ਹੈ। ਲੈਟਿਨ ਅਮਰੀਕੀ ਮੁਕਤੀ ਦੇ ਧਰਮ ਸ਼ਾਸਤਰ ਦਾ ਪ੍ਰਮੁੱਖ ਉਦੇਸ਼ ਧਰਮ ਰਾਹੀ ਗਰੀਬ ਅਤੇ ਦਮਿਤ ਲੋਕਾਂ ਦੀ ਰਾਜਨੀਤਕ ਅਤੇ ਨਾਗਰਿਕ ਮਸਲਿਆਂ ਵਿਚ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਸੀ। ਚਰਚ ਰਾਹੀ ਸਮਾਜਿਕ ਚੇਤਨਤਾ ਲਿਆ ਕੇ ਰਾਜਨੀਤਕ ਖੇਤਰ ਵਿਚ ਉਨਾਂ ਦੀ ਭਾਗੀਦਾਰੀ ਨੂੰ ਬੜਾਵਾ ਦੇਣਾ ਸੀ। ਇਸ ਰਾਜਨੀਤਕ ਧਰਮ ਸ਼ਾਸਤਰ ਦਾ ਉਦੇਸ਼ ਈਸਾਈ ਧਰਮ ਵਿਚ ਰੂਪਾਂਤਰਣ ਰਾਹੀ ਸਮਾਜ ਦੇ ਦੱਬੇ-ਕੁਚਲੇ ਅਤੇ ਦਮਿਤ ਵਰਗਾਂ ਵਿਚ ਆਸ ਦੀ ਚਿਣਗ ਪੈਦਾ ਕਰਨਾ ਸੀ ਤਾਂ ਕਿ ਦਮਨ ਖਿਲਾਫ ਆਪਣੇ ਸੰਘਰਸ਼ ਵਿਚ ਅਜ਼ਾਦੀ ਹਾਸਲ ਕਰ ਸਕਣ। 1950 ਵਿਚ ਲੇਟਿਨ ਅਮਰੀਕੀ ਪਾਦਰੀਆਂ ਨੂੰ ਆਪਣੇ ਲੋਕਾਂ ਵਿਚ ਭਿਆਨਕ ਗਰੀਬੀ ਦਾ ਅਹਿਸਾਸ ਹੋਇਆ। ਉਨਾਂ ਨੇ ਮੁੱਢਲੀਆਂ ਲੋੜਾਂ ਅਤੇ ਸੁਵਿਧਾਵਾਂ ਤੋਂ ਵਾਂਝੇ ਇਹਨਾਂ ਲੋਕਾਂ ਨੂੰ ਧਰਮ ਦਾ ਉਪਦੇਸ਼ ਦੇਣਾ ਬਹੁਤ ਅਣਉੱਚਿਤ ਮੰਨਿਆ ਜੋ ਕਿ ਉਨਾਂ ਦੀ ਮਨੁੱਖੀ ਗਰਿਮਾ ਦਾ ਵੀ ਅਪਮਾਨ ਸੀ। ਹੌਲੀ-ਹੌਲੀ ਈਸਾਈ ਪਾਦਰੀਆਂ ਦੀ ਅਸੰਤੁਸ਼ਟੀ ਹੋਰ ਵਰਗਾਂ ਵਿਚ ਵੀ ਫੈਲ ਗਈ ਅਤੇ ਬਹੁਤ ਸਾਰੇ ਵਿਦਿਆਰਥੀ ਕਾਰਕੁੰਨ, ਮਜਦੂਰ ਅਤੇ ਕਿਸਾਨ ਵੀ ਉਨਾਂ ਨਾਲ ਸੰਘਰਸ਼ ਵਿਚ ਸ਼ਾਮਿਲ ਹੋ ਗਏ।ਰਾਜਨੀਤਕ ਗਤੀਵਿਧੀਆਂ ਵਿਚ ਸ਼ਾਮਿਲ ਹੋਣ ਦੇ ਪਾਦਰੀਆਂ ਦੇ ਦਬਾਅ ਨੇ 1962 ਤੋਂ 1965 ਦੌਰਾਨ ਰੋਮ ਵਿਚ ਵੈਟੀਕਨ ਕੌਂਸਲ ਬੁਲਾਉਣ ਲਈ ਮਜਬੂਰ ਕਰ ਦਿੱਤਾ ਤਾਂ ਕਿ ਪਾਦਰੀਆਂ ਨੂੰ ਦਮਿਤ ਲੋਕਾਂ ਲਈ ਲੜਨ ਲਈ ਰਾਜਨੀਤਕ ਭਾਗੀਦਾਰੀ ਦੀ ਇਜ਼ਾਜਤ ਦਿੱਤੀ ਜਾ ਸਕੇ। ਵੈਟੀਕਨ ਕੌਂਸਲ ਦੁਆਰਾ ਇਸ ਪ੍ਰਵਾਨਗੀ ਨੇ ਲੇਟਿਨ ਅਮਰੀਕਨ ਦੇਸ਼ਾਂ ਵਿਚ ਬਹੁਤ ਸਾਰੇ ਖੱਬੇ-ਪੱਖੀ ਧਰਮ ਸ਼ਾਸਤਰੀਆਂ ਨੂੰ ਚਰਚ ਦੀਆਂ ਰਾਜਨੀਤਕ ਗਤੀਵਿਧੀਆਂ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ।

ਇੱਥੋਂ ਹੀ ਪੇਰੂ ਦੇ ਗੁਸਤਾਵੋ ਗੁਟੀਈਰੇਜ ਨੇ ਮੁਕਤੀ ਦੇ ਧਰਮ ਸ਼ਾਸਤਰ ਨੂੰ ਵਿਕਸਿਤ ਕੀਤਾ। 1970 ਵਿਆਂ ਵਿਚ ਮੁਕਤੀ ਦੇ ਧਰਮ ਸ਼ਾਸਤਰ ਦਾ ਇਹ ਅੰਦੋਲਨ ਬਹੁਤ ਸਾਰੇ ਅਫਰੀਕਨ ਅਤੇ ਏਸ਼ੀਅਨ ਦੇਸ਼ਾਂ ਵਿਚ ਫੈਲ ਗਿਆ ਜਿੱਥੇ ਲੋਕ ਦਮਿਤ ਅਤੇ ਦੱਬੇ-ਕੁਚਲੇ ਹੋਏ ਸਨ।ਲੇਟਿਨ ਅਮਰੀਕੀ ਮੁਕਤੀ ਦੇ ਧਰਮ ਸ਼ਾਸਤਰ ਨੇ ਰਾਜਨੀਤਕ ਭਾਗੀਦਾਰੀ ਦੁਆਰਾ ਗਰੀਬ ਲੋਕਾਂ ਨੂੰ ਨਿਆਂ ਦੁਆਉਣ ਲਈ ਚਰਚ ਦੇ ਰੋਲ ਉੱਪਰ ਜੋਰ ਦਿੱਤਾ। ਇਸ ਵਿਚ ਪ੍ਰਮੁੱਖ ਰੂਪ ਵਿਚ ਸਮਾਜਿਕ ਨਿਆਂ, ਗਰੀਬੀ ਅਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਇਨਕਲਾਬੀ ਗਤੀਵਿਧੀਆਂ ਉੱਪਰ ਜੋਰ ਦਿੱਤਾ ਗਿਆ। ਇਸ ਸੰਘਰਸ਼ ਵਿਚ ਬਹੁਤ ਸਾਰੇ ਪ੍ਰਮੁੱਖ ਪਾਦਰੀਆਂ ਨੂੰ ਦਮਨਕਾਰੀ ਸ਼ਾਸਨ ਨੇ ਮਰਵਾ ਦਿੱਤਾ ਤਾਂ ਕਿ ਉਨਾਂ ਦੀਆਂ ਰਾਜਨੀਤਕ ਗਤੀਵਿਧੀਆਂ ਨੂੰ ਕੰਟਰੋਲ ਕੀਤਾ ਜਾ ਸਕੇ।ਇਸ ਸਮੇਂ ਦੌਰਾਨ ਹੀ ਖੱਬੇਪੱਖੀ ਮੁਕਤੀ ਦੇ ਧਰਮ ਸ਼ਾਸਤਰੀਆਂ ਕਰਕੇ ਮਾਰਕਸਵਾਦ ਨੇ ਧਰਮ ਸ਼ਾਸਤਰੀਆਂ ਉੱਪਰ ਪ੍ਰਭਾਵ ਪਾਇਆ ਜਿਨਾਂ ਨੇ ਚਰਚ ਦੀਆਂ ਸਿੱਖਿਆਵਾਂ ਨੂੰ ਮਾਰਕਸਵਾਦੀ ਆਰਥਿਕ ਫਲਸਫੇ ਨਾਲ ਜੋੜਿਆ। ਮੁਕਤੀ ਦੇ ਧਰਮ ਸ਼ਾਸਤਰੀਆਂ ਅਤੇ ਮਾਰਕਸਵਾਦੀਆਂ ਵਿਚ ਆਪਸੀ ਸਾਂਝ ਸੀ ਕਿ ਪੂੰਜੀਵਾਦ ਹੀ ਉਨਾਂ ਦਾ ਸਾਂਝਾ ਦੁਸ਼ਮਣ ਹੈ ਅਤੇ ਆਮ ਲੋਕਾਂ ਦੇ ਦੁੱਖ ਦਾ ਕਾਰਨ ਹੈ। ਮੁਕਤੀ ਦੇ ਧਰਮ ਸ਼ਾਸਤਰੀਆਂ ਅਤੇ ਮਾਰਕਸਵਾਦੀਆਂ ਦੇ ਆਪਸੀ ਰਲੇਵੇਂ ਕਰਕੇ ਉਨਾਂ ਨੂੰ ਚਰਚ ਦੀ ਵਰਗਬੰਦੀ ਵਿਚ ਵਿਸ਼ਵਾਸ ਕਰਨ ਵਾਲੇ ਰੂੜੀਵਾਦੀਆਂ, ਖਾਸ ਕਰਕੇ 'ਓਪਸ ਦਈ' ਅਤੇ ਅਮਰੀਕਾ ਦੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ। ਇੱਥੋਂ ਤੱਕ ਕਿ 1984 ਵਿਚ ਪੋਪ ਜੌਹਨ ਪਾਲ ਦੂਜੇ ਨੇ ਲੇਟਿਨ ਅਮਰੀਕਾ ਵਿਚ ਮੁਕਤੀ ਦੇ ਧਰਮ ਸ਼ਾਸਤਰੀਆਂ ਦੀਆਂ ਰਾਜਨੀਤਕ ਗਤੀਵਿਧੀਆਂ ਨੂੰ ਰੱਦ ਕਰ ਦਿੱਤਾ।ਹਾਲਾਂਕਿ ਬਾਅਦ ਦੇ ਵਰਿਆਂ ਵਿਚ ਮੁਕਤੀ ਦੇ ਧਰਮ ਸ਼ਾਸਤਰੀਆਂ ਦੁਆਰਾ ਲੋਕਾਂ ਨੂੰ ਸੰਗਠਿਤ ਕਰਨ ਅਤੇ ਉਨਾਂ ਦੀ ਰਾਜਨੀਤਕ ਸਫਲਤਾ ਕਰਕੇ ਵੈਟੀਕਨ ਚਰਚ ਨੂੰ ਆਪਣਾ ਨਿਰਣਾ ਵਾਪਿਸ ਲੈਣਾ ਪਿਆ ਅਤੇ ਪੋਪ ਫਰਾਂਸਿਸ ਦੇ ਸਮੇਂ 2015 ਵਿਚ ਉਨਾਂ ਨੇ ਮੁਕਤੀ ਦੇ ਧਰਮ ਸ਼ਾਸਤਰ ਨੂੰ ਮਾਨਤਾ ਦੇ ਦਿੱਤੀ।

ਗੁਸਤਾਵੋ ਗੁਟੀਈਰੇਜ ਤੋਂ ਇਲਾਵਾ ਮੁਕਤੀ ਦੇ ਧਰਮ ਸ਼ਾਸਤਰ ਨਾਲ ਸੰਬੰਧਿਤ ਸ਼ਾਸਤਰੀ ਬੈਲਜੀਅਨ ਵਿਚ ਪੈਦਾ ਹੋਏ ਬ੍ਰਾਜੀਲੀਅਨ ਪਾਦਰੀ ਜੋਸ ਕੌਂਬਲਿਨ, ਅਲ ਸਲਵਾਡੋਰ ਦੇ ਔਸਕਰ ਰੋਮੇਰੋ, ਬ੍ਰਾਜੀਲ ਦੇ ਧਰਮ ਸ਼ਾਸਤਰੀ ਲਿਓਨਾਰਦੋ ਬੌਫ, ਈਸਾਈ ਵਿਦਵਾਨ ਜੋਨ ਸਬਰੀਨੋ ਅਤੇ ਪ੍ਰਧਾਨ ਪਾਦਰੀ ਹੈਲਡਰ ਕਮਾਰਾ ਸ਼ਾਮਿਲ ਸਨ। ਇਹ ਧਰਮ ਸ਼ਾਸਤਰੀ ਲੋਕਾਂ ਨੂੰ ਸਿੱਖਿਅਤ ਕਰਨ, ਆਪਸੀ ਭਲਾਈ ਕਰਨ, ਸੱਚ ਦੀ ਭਾਲ ਵਿਚ ਯਕੀਨ ਕਰਦੇ ਸਨ ਅਤੇ ਇਸ ਨੂੰ ਬੁਰੇ ਵਕਤਾਂ ਲਈ ਬਚਾ ਕੇ ਵੀ ਰੱਖਣਾ ਚਾਹੁੰਦੇ ਸਨ। ਲੇਟਿਨ ਅਮਰੀਕਾ ਵਿਚ ਮੁਕਤੀ ਦੇ ਧਰਮ ਸ਼ਾਸਤਰ ਦੀ ਸਫਲਤਾ ਤੋਂ ਬਾਅਦ ਇਸ ਨੇ ਅਮਰੀਕਾ, ਨਾਰੀਵਾਦੀ ਮੁਕਤੀ ਦੇ ਧਰਮ ਸ਼ਾਸਤਰ, ਸਿਆਹਫਾਮਾਂ ਦੀ ਮੁਕਤੀ ਅਤੇ ਹੋਰ ਖੇਤਰਾਂ ਵਿਚ ਵੀ ਜ਼ੋਰ ਫੜਿਆ। ਇਸ ਨੇ ਜ਼ਿੰਦਗੀ, ਗਰਿਮਾ, ਅਜ਼ਾਦੀ, ਨਿਆਂ ਅਤੇ ਮੁਕਤੀ ਲਈ ਸੱਦਾ ਦਿੱਤਾ। ਭਾਰਤ ਵਿਚ ਮੁਕਤੀ ਦੇ ਧਰਮ ਸ਼ਾਸਤਰ ਦੀ ਸ਼ੁਰੂਆਤ ਬੁੱਧ ਦੁਆਰਾ ਕਰਮਕਾਂਡਾਂ ਵਿਚ ਫਸੇ ਬ੍ਰਾਹਮਣਵਾਦ ਦੇ ਵਿਰੋਧ ਵਿਚ ਹੋਈ। ਸਿੱਖ ਗੁਰੂਆਂ ਨੇ ਵੀ ਮਨੁੱਖਤਾ ਦੀ ਸੇਵਾ, ਦਮਿਤ ਲੋਕਾਂ ਦੇ ਹੱਕ ਵਿਚ ਰਾਜਨੀਤਿਕ ਸਕ੍ਰਿਆਵਾਦ ਦੇ ਰੂਪ ਵਿਚ ਮੁਕਤੀ ਦੇ ਧਰਮ ਸ਼ਾਸਤਰ ਉੱਪਰ ਜੋਰ ਦਿੱਤਾ। ਇਸ ਵਿਚ ਲੋੜ ਪੈਣ ਤੇ ਹਿੰਸਾ ਤੋਂ ਵੀ ਨਾ ਝਿਜਕਣਾ ਵੀ ਸ਼ਾਮਿਲ ਸੀ।ਪਰ ਹੁਣ ਦੇ ਸਿੱਖ ਜੱਥੇਦਾਰਾਂ ਸਿੱਖ ਕੌਮ ਦੇ ਮਾਣ ਅਤੇ ਸਨਮਾਨ ਲਈ ਇਸ ਤਰਾਂ ਦੇ ਰਾਜਨੀਤਕ ਸਕ੍ਰਿਆਵਾਦ ਤੋਂ ਕੋਹਾਂ ਦੂਰ ਹਨ ਅਤੇ ਉਹ ਕਰਮਕਾਂਡਾਂ ਵਿਚ ਜਿਆਦਾ ਫਸੇ ਹੋਏ ਹਨ। ਉਨਾਂ ਦੀ ਸਿੱਖਿਆਵਾਂ ਵਿਚੋਂ ਗਰਿਮਾ, ਨਿਆਂ ਅਤੇ ਮੁਕਤੀ ਦੀ ਅਵਾਜ਼ ਸੱਤਾ ਅਤੇ ਕੁਰਸੀ ਦੇ ਲਾਲਚ ਵਿਚ ਕਿਧਰੇ ਗੁਆਚ ਗਈ ਹੈ।ਉਹ ਸਿੱਖ ਗੁਰੂਆਂ ਦੀ ਸਿੱਖਿਆਵਾਂ ਅਤੇ ਉਨਾਂ ਦੇ ਅਚਲਤਾ ਦੇ ਸਿਧਾਂਤ ਤੋਂ ਦੂਰ ਹਨ।ਮੁਕਤੀ ਦੇ ਧਰਮ ਸ਼ਾਸਤਰ ਅਤੇ ਰਾਜਨੀਤਕ ਸਕ੍ਰਿਆਵਾਦ ਦੀ ਬਜਾਇ ਉਹ ਸੱਤਾ ਦੇ ਗੁਲਾਮ ਬਣੇ ਹੋਏ ਹਨ। ਸਿੱਖ ਜੱਥੇਦਾਰਾਂ ਨੇ ਕਦੇ ਵੀ ਰਾਜਨੀਤਕ ਸਕ੍ਰਿਆਵਾਦ ਲਈ ਚੇਤਨਤਾ ਅਤੇ ਦ੍ਰਿਸ਼ਟੀਕੋਣ ਬਣਾਉਣ ਦੀ ਬੌਧਿਕਤਾ ਵਿਕਸਿਤ ਨਹੀਂ ਕੀਤੀ ਤਾਂ ਕਿ ਮੁਕਤੀ ਦੇ ਧਰਮ ਸ਼ਾਸਤਰ ਰਾਹੀਂ ਸਿੱਖਾਂ ਲਈ ਕੰਮ ਕੀਤਾ ਜਾ ਸਕੇ।

# ਹਾਈਬ੍ਰਿਡ ਜੇਹਾਦੀ ਕਸ਼ਮੀਰ ਵਿਚ ਨਵੀਂ ਚੁਣੌਤੀ ਬਣੇ

## ਜੇਹਾਦੀਆਂ ਦੇ ਇਸ ਮਾਡਿਊਲ ਨੂੰ ਵੀ ਨੇਸਤਾਨਾਬੂਦ ਕਰ ਦਿੱਤਾ ਜਾਵੇਗਾ-ਵਿਜੇ ਕੁਮਾਰ, ਆਈਜੀਪੀ, ਕਸ਼ਮੀਰ

**ਜੰਮੂ/ਏ.ਟੀ.ਨਿਊਜ਼:** ਜੇਹਾਦੀਆਂ ਦੇ ਸਰਗਨੇ ਕਸ਼ਮੀਰ ਵਿਚ ਹਮਲਿਆਂ ਲਈ ਹੁਣ ਉਹ ਹਾਈਬ੍ਰਿਡ ਜੇਹਾਦੀਆਂ ਦਾ ਇਸਤੇਮਾਲ ਕਰ ਰਹੇ ਹਨ। ਇਹ ਨਾ ਤਾਂ ਪੁਲਿਸ ਤੇ ਸੁਰੱਖਿਆ ਏਜੰਸੀਆਂ ਦੀ ਸੂਚੀ ਵਿਚ ਸ਼ਾਮਲ ਹਨ ਅਤੇ ਨਾ ਹੀ ਇਨਾਂ ਦੀ ਕਿਸੇ ਨੂੰ ਭਿਣਕ ਹੁੰਦੀ ਹੈ। ਜੇਹਾਦੀ ਇਨਾਂ ਦਾ ਇਸਤੇਮਾਲ ਹਮਲਾ ਕਰਵਾਉਣ ਲਈ ਕਰਦੇ ਹਨ। ਇਨਾਂ ਨੂੰ ਭਾੜੇ ਦੇ ਸ਼ੂਟਰ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ। ਇਨਾਂ ਜ਼ਰੀਏ ਜੇਹਾਦੀ ਜਥੇਬੰਦੀ ਕਸ਼ਮੀਰ ਵਿਚ ਜੇਹਾਦੀ ਦੀ ਕਮੀ ਦੀ ਭਰਪਾਈ ਕਰ ਰਹੇ ਹਨ। ਬੀਤੇ ਦੋ ਮਹੀਨਿਆਂ ਵਿਚ ਸ੍ਰੀਨਗਰ ਵਿਚ ਹੋਈ ਇਸ ਸਾਜ਼ਿਸ਼ ਦਾ ਹਿੱਸਾ ਹੈ। ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਈਬ੍ਰਿਡ ਜੇਹਾਦੀ ਬਣੇ ਇਨਾਂ ਨੌਜਵਾਨਾਂ ਨੂੰ ਜੇਹਾਦ ਦੇ ਨਾਂ 'ਤੇ ਭੜਕਾਇਆ ਜਾਂਦਾ ਹੈ। ਇਨਾਂ ਦੇ ਹੈਂਡਲਰ ਇਨਾਂ ਦਾ ਇਸਤੇਮਾਲ ਵਾਰਦਾਤਾਂ ਲਈ ਕਰਦੇ ਹਨ। ਜਦੋਂ ਇਹ ਕੋਈ ਵਾਰਦਾਤ ਅੰਜਾਮ ਦੇ ਕੇ ਪਰਤਦੇ ਹਨ ਤਾਂ ਫਿਰ ਦੂਸਰੇ ਕੰਮ ਲਈ ਇੰਤਜ਼ਾਰ ਕਰਨ ਲਈ ਕਿਹਾ ਜਾਂਦਾ ਹੈ। ਇਸ ਦੌਰਾਨ ਉਹ ਆਮ ਜ਼ਿੰਦਗੀ ਵਿਚ ਵਿਚਰਨ ਲੱਗਦੇ ਹਨ।

**ਪਾਰਟ ਟਾਇਮ ਅੱਤਵਾਦੀ :** ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਜੇਹਾਦੀ ਜਿਸ ਨੂੰ ਟੀਚਾ ਬਣਾਉਂਦੇ ਹਨ, ਉਸ ਦੀ ਪੂਰੀ ਮੂਵਮੈਂਟ ਨੂੰ ਦੇਖਦੇ ਹਨ ਅਤੇ ਕਮਜ਼ੋਰ ਹਿੱਸੇ ਨੂੰ ਲੱਭਦੇ ਹਨ। ਅਜਿਹਾ ਕਰਨ ਵਾਲਾ ਓਵਰਗ੍ਰਾਊਂਡ ਵਰਕਰ ਜਾਂ ਫਿਰ ਪਾਰਟ ਟਾਇਮ ਜੇਹਾਦੀ ਹੋ ਸਕਦਾ ਹੈ। ਅਜਿਹਾ ਹਾਈਬ੍ਰਿਡ ਜੇਹਾਦੀ ਜੋ ਪੁਲਿਸ ਸੂਚੀ ਵਿਚ ਨਹੀਂ ਹੈ ਪਰ ਉਸ ਕੋਲ ਇਕ ਪਿਸਤੌਲ ਹੈ ਅਤੇ ਮਾਰਨ ਦਾ ਇਰਾਦਾ ਹੈ। ਇਕ ਭਾੜੇ ਦੇ ਸ਼ੂਟਰ ਵਾਂਗ ਇਕ ਟੀਚੇ ਨੂੰ ਮਾਰਨ ਲਈ ਅਜਿਹੇ ਹਾਈਬ੍ਰਿਡ ਜੇਹਾਦੀਆਂ ਨੂੰ ਭੁਗਤਾਨ ਵੀ ਕੀਤਾ ਜਾਂਦਾ ਹੈ। ਇਸ ਵਿਚ ਕੇਵਲ ਮਰਨ ਵਾਲਿਆਂ ਦੀ ਗਿਣਤੀ ਦੇਖੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਕੋਈ ਚੀਜ਼ ਮਾਇਨੇ ਨਹੀਂ ਰੱਖਦੀ।

ਵਿਜੇ ਕੁਮਾਰ, ਆਈਜੀਪੀ, ਕਸ਼ਮੀਰ ਦਾ ਕਹਿਣਾ ਹੈ ਕਿ ਇਹ ਸਭ ਪਾਕਿਸਤਾਨ ਅਤੇ ਉਸ ਦੀ ਖ਼ੁਫੀਆ ਏਜੰਸੀ ਆਈਐੱਸਆਈ ਦੀ ਸਾਜ਼ਿਸ਼ ਦਾ ਹਿੱਸਾ ਹੈ। ਇਸ ਸਾਜ਼ਿਸ਼



ਵਿਚ ਸਾਫਟ ਟਾਰਗੇਟ 'ਤੇ ਪਿਸਤੌਲ ਨਾਲ ਹਮਲਾ ਕਰਨ ਵਾਲੇ ਨੂੰ ਪਹਿਲ ਵਿਚ ਰੱਖਿਆ ਗਿਆ ਹੈ। ਜੋ ਨਿਹੱਥੇ ਹਨ ਅਤੇ ਜਵਾਬੀ ਕਾਰਵਾਈ ਦੀ ਉਨਾਂ ਤੋਂ ਸੰਭਾਵਨਾ ਨਹੀਂ, ਜਿਵੇਂ ਘੱਟ ਗਿਣਤੀ ਭਾਈਚਾਰੇ ਦੇ ਵਪਾਰੀ, ਵਰਕਰ, ਬਿਨਾਂ ਸੁਰੱਖਿਆ ਵਾਲੇ ਨੇਤਾ ਅਤੇ ਆਫ ਡਿਊਟੀ ਪੁਲਿਸ ਕਰਮਚਾਰੀ ਉਨਾਂ ਦਾ ਟੀਚਾ ਹਨ। ਇਸ ਦੇ ਪਿੱਛੇ ਦਾ ਮਕਸਦ ਡਰ ਫੈਲਾਉਣਾ ਅਤੇ ਵਪਾਰ ਤੇ ਸਮਾਜਿਕ ਗਤੀਵਿਧੀਆਂ ਨੂੰ ਰੋਕਣਾ ਹੈ। ਸ੍ਰੀਨਗਰ ਸ਼ਹਿਰ ਵਿਚ ਕੁਝ ਸਲੀਪਰ ਸੈੱਲ ਅਤੇ ਜੇਹਾਦ ਦੇ ਨਾਂ 'ਤੇ ਗੁੰਮਰਾਹ ਹਾਈਬ੍ਰਿਡ ਜੇਹਾਦੀ ਹਨ। ਜੇਹਾਦੀਆਂ ਦੇ ਇਸ ਮਾਡਿਊਲ ਨੂੰ ਵੀ ਨੇਸਤਾਨਾਬੂਦ ਕਰ ਦਿੱਤਾ ਜਾਵੇਗਾ। ਕੁਝ ਸਲੀਪਰ ਸੈੱਲ ਹਨ ਜਿਨਾਂ ਨੂੰ ਅਸੀਂ ਹਾਈਬ੍ਰਿਡ ਜੇਹਾਦੀ ਵੀ ਕਹਿੰਦੇ ਹਾਂ। ਹਾਈਬ੍ਰਿਡ ਜੇਹਾਦੀਆਂ ਨੂੰ ਲੱਭਣਾ ਥੋੜਾ ਮੁਸ਼ਕਲ ਹੈ। ਫਿਰ ਵੀ ਅਸੀਂ ਨਿਗਰਾਨੀ ਕਰ ਰਹੇ ਹਾਂ। ਇਨਾਂ ਦਾ ਵੀ ਜਲਦ ਪਤਾ ਲਗਾ ਲਿਆ ਜਾਵੇਗਾ।

**ਕਸ਼ਮੀਰ ਉਪਰ ਡਰੋਨ ਹਮਲੇ**

ਹੁਣ ਜਦ ਕਿ ਇਕ ਹੀ ਹਫ਼ਤੇ ਵਿਚ ਤਿੰਨ-ਤਿੰਨ ਡਰੋਨ ਹਮਲੇ ਭਾਰਤ ਝੱਲ ਚੁੱਕਿਆ ਹੈ ਤਾਂ ਸਾਫ਼ ਹੋ ਗਿਆ ਹੈ ਕਿ ਦੁਨੀਆ ਦੇ ਸਭ ਤੋਂ ਜ਼ਿਆਦਾ ਅੱਤਵਾਦ ਪੀੜਤ ਦੇਸ਼ ਭਾਰਤ ਵਿਚ ਨਵੇਂ ਕਿਸਮ ਦਾ ਅੱਤਵਾਦੀ ਖ਼ਤਰਾ ਪੈਦਾ ਹੋ ਗਿਆ ਹੈ।

ਐਂਟੀ ਡਰੋਨ ਸਿਸਟਮ ਦੀ ਮੰਗ ਦੁਨੀਆ ਦੇ ਹੋਰ ਦੇਸ਼ਾਂ ਦੀ ਤਰਾਂ ਭਾਰਤ ਵਿਚ ਵੀ ਹੋਈ ਸੀ। ਕਿਉਂਕਿ ਭਾਰਤ ਜਿਸ ਤਰਾਂ ਨਾਲ ਆਪਣੇ ਆਲੇ-ਦੁਆਲੇ ਵਿਰੋਧੀ ਗੁਆਂਢੀਆਂ ਨਾਲ ਘਿਰਿਆ ਹੋਇਆ ਹੈ, ਉਸ ਨੂੰ ਦੇਖਦੇ ਹੋਏ ਇਹ ਬਹੁਤ ਜ਼ਰੂਰੀ ਹੋ ਗਿਆ ਸੀ। ਹਕੀਕਤ ਇਹ ਹੈ ਕਿ ਡਰੋਨ ਹਮਲੇ ਲਗਾਤਾਰ ਬੇਹੱਦ ਘਾਤਕ ਤੇ ਖ਼ਤਰਨਾਕ ਹੁੰਦੇ ਜਾ ਰਹੇ ਹਨ। ਸਾਊਦੀ ਅਰਬ ਵਿਚ ਸਰਕਾਰੀ ਤੇਲ ਕੰਪਨੀ ਆਰਾਮਕੋ 'ਤੇ ਹੋਏ ਡਰੋਨ ਹਮਲੇ ਨੇ ਉਥੋਂ ਦੀ ਇਸ ਸਭ ਤੋਂ ਵੱਡੀ ਰਿਫਾਇਨਰੀ ਨੂੰ ਤਕਰੀਬਨ ਪੂਰੀ ਤਰਾਂ ਤਬਾਹ ਕਰ ਦਿੱਤਾ ਸੀ। ਇਸ ਕਾਰਨ ਸੰਸਾਰ ਭਰ ਵਿਚ ਤੇਲ ਸੰਕਟ ਦੀ ਚਰਚਾ ਛਿੜ ਗਈ ਸੀ ਅਤੇ ਸੰਸਾਰ ਪੱਧਰ 'ਤੇ ਸਬੰਧਾਂ 'ਤੇ ਵੀ ਸੰਕਟ ਆ ਗਿਆ ਸੀ। ਸਾਲ 2011 ਦੇ ਅਕਤੂਬਰ ਮਹੀਨੇ ਵਿਚ ਪਹਿਲੀ ਵਾਰ ਅਫ਼ਗਾਨ ਜੰਗ ਦੌਰਾਨ ਤਾਲਿਬਾਨ ਦੇ ਕਾਫ਼ਲੇ 'ਤੇ ਡਰੋਨ ਜ਼ਰੀਏ ਹਮਲਾ ਹੋਇਆ ਸੀ। ਉਸ ਤੋਂ ਬਾਅਦ ਹੁਣ ਇਹ ਕਈ ਸੌ ਹਮਲੇ ਹੋ ਚੁੱਕੇ ਹਨ। ਇਸਲਾਮਿਕ ਸਟੇਟ ਵਿਰੁੱਧ ਹਥਿਆਰ ਡਰੋਨ ਦੀ ਭਰਪੂਰ ਵਰਤੋਂ ਹੋਈ ਸੀ। ਸੀਰੀਆ, ਇਰਾਕ, ਲੀਬੀਆ ਅਤੇ ਯਮਨ ਵਿਚ ਪ੍ਰੀਡੇਟਰ ਅਤੇ ਰੀਪਰ ਵਰਗੇ ਡਰੋਨ ਦੇ ਹਮਲਿਆਂ ਦੇ ਬਹੁਤੇ ਕਿੱਸੇ ਪ੍ਰਚਲਿਤ ਹਨ।

ਡਰੋਨ ਦੀ ਵਰਤੋਂ ਜਿਥੇ ਹਥਿਆਰਬੰਦ ਫ਼ੌਜਾਂ ਕਰ ਰਹੀਆਂ ਹਨ, ਉਥੇ ਜਿਹਾਦੀ ਸੰਗਠਨ ਵੀ ਇਸ ਦੀ ਵਰਤੋਂ ਸੌਖਿਆਂ ਹੀ ਵੱਡੀ ਗਿਣਤੀ ਵਿਚ ਕਰ ਰਹੇ ਹਨ। ਸਬੱਬ ਇਹ ਕਿ ਸ਼ਸਤਰ ਡਰੋਨ ਤਕਨੀਕ ਦੀ ਹੁਣ ਵਿਆਪਕ ਵਰਤੋਂ ਹੋ ਰਹੀ ਹੈ। ਸਮਾਂ ਹੈ ਇਸ ਦੇ ਤੋੜ ਲੱਭਣ ਦਾ। ਡਰੋਨ ਭਾਵ ਮਨੁੱਖ-ਰਹਿਤ ਹਵਾਈ ਜਹਾਜ਼। ਇਸ ਦਾ ਕੰਟਰੋਲ ਰੇਡੀਓ ਸੰਕੇਤਾਂ ਜ਼ਰੀਏ ਬਾਹਰ ਤੋਂ ਕੀਤਾ ਜਾਂਦਾ ਹੈ। ਇਹ ਫੋਟੋਗ੍ਰਾਫ਼ੀ, ਵੀਡੀਓਗ੍ਰਾਫ਼ੀ ਅਤੇ ਭੂਮੀ ਸਰਵੇਖਣ ਅਤੇ ਕਿਤੇ ਸਾਮਾਨ ਪਹੁੰਚਾਉਣ ਤੋਂ ਲੈ ਕੇ ਬਹੁਤ ਸਾਰੇ ਹੋਰ ਕੰਮ ਕਰ ਸਕਦਾ ਹੈ। ਇਹ ਬੰਬ ਜਾਂ ਮਿਜ਼ਾਈਲ ਸੁੱਟ ਸਕਦਾ ਹੈ। ਆਤਮਘਾਤੀ ਹਮਲਾਵਰ ਦੀ ਤਰਾਂ ਟੀਚੇ ਨਾਲ ਇਸ ਨੂੰ ਟਕਰਾਇਆ ਜਾ ਸਕਦਾ ਹੈ। ਮਨੁੱਖ-ਰਹਿਤ ਅਤੇ ਸਸਤਾ ਹੋਣ ਦੇ ਚਲਦਿਆਂ ਇਸ ਦੇ ਖ਼ਤਮ ਹੋਣ 'ਤੇ ਵੀ ਹਮਲਾਵਰ ਨੂੰ ਕੋਈ ਗੁਰੇਜ਼ ਨਹੀਂ ਹੁੰਦਾ। ਸ਼ਾਇਦ ਇਹੀ ਵਜਾ ਹੈ ਕਿ ਹੁਣ ਸਾਰੀਆਂ ਸਰਕਾਰਾਂ ਹੀ ਨਹੀਂ, ਸਗੋਂ ਡਰੋਨ ਬਣਾਉਣ ਵਾਲੇ ਦੇਸ਼ ਵੀ ਇਸ ਕੋਸ਼ਿਸ਼ ਵਿਚ ਹਨ ਕਿ ਇਸ ਡਰੋਨ ਹਮਲੇ ਤੋਂ ਬਚਾਅ ਦਾ ਕੋਈ ਠੋਸ ਹੱਲ ਭਾਵ ਐਂਟੀ ਮਿਜ਼ਾਈਲ ਵਰਗੀ ਮਜ਼ਬੂਤ ਤਕਨੀਕ ਲੱਭੀ ਜਾਵੇ ਕਿਉਂਕਿ ਡਰੋਨ ਹੁਣ ਉਨਾਂ ਲਈ ਵੀ ਇਕ ਸਮੱਸਿਆ ਹੈ, ਜਿਨਾਂ ਨੇ ਇਸ ਨੂੰ ਬਣਾਇਆ ਹੈ। ਮਨੁੱਖ-ਰਹਿਤ ਜਹਾਜ਼ ਹਮਲਿਆਂ ਲਈ ਨਹੀਂ ਬਣੇ ਸਨ, ਪਰ ਤਕਨੀਕ ਲਗਾਤਾਰ ਚੰਗੀ ਹੁੰਦੀ ਗਈ ਅਤੇ ਆਖ਼ਰਕਾਰ ਲੜਾਕੂ ਡਰੋਨ ਸਾਹਮਣੇ ਆ ਗਏ। ਹਮਲਾਵਰ ਡਰੋਨ ਹੁਣ ਕਈ ਸ਼੍ਰੇਣੀਆਂ ਵਿਚ ਅਤੇ ਵੱਖ-ਵੱਖ ਤਰਾਂ ਦੀ ਵਰਤੋਂ ਲਈ ਮਿਲਦੇ ਹਨ। ਸ਼ੁਰੂ ਵਿਚ ਇਹ ਇਜ਼ਰਾਈਲ ਅਤੇ ਅਮਰੀਕਾ ਵਰਗੇ ਕੁਝ ਉਨਾਂ ਦੇਸ਼ਾਂ ਦੇ ਕੋਲ ਹੀ ਸਨ, ਜਿਨਾਂ ਕੋਲ ਇਸ ਦੀ ਉੱਨਤ ਤਕਨੀਕ ਸੀ।

ਹਮਲਾਵਰ ਡਰੋਨ ਦੇ 60 ਫ਼ੀਸਦੀ ਸੰਸਾਰ ਪੱਧਰ ਦੇ ਬਾਜ਼ਾਰ 'ਤੇ ਇਜ਼ਰਾਈਲ ਦਾ ਕਬਜ਼ਾ ਹੈ। ਬਾਕੀ 'ਤੇ ਅਮਰੀਕਾ ਅਤੇ ਥੋੜੇ ਜਿਹੇ ਹਿੱਸੇ ਵਿਚ ਦੂਜੇ ਦੇਸ਼ਾਂ ਦਾ। ਇਧਰ ਚੀਨ ਵੀ ਵੱਡਾ ਵਿਕਰੇਤਾ ਬਣ ਕੇ ਉੱਭਰਿਆ ਹੈ। ਉਹ ਆਪਣੇ ਹਮਲਾਵਰ ਡਰੋਨ ਪੱਛਮੀ ਏਸ਼ਿਆਈ ਦੇਸ਼ਾਂ ਸਮੇਤ ਕਰੀਬ ਅੱਧਾ ਦਰਜਨ ਹੋਰ ਦੇਸ਼ਾਂ ਨੂੰ ਮੁਹੱਈਆ ਕਰਵਾ ਰਿਹਾ ਹੈ।

ਬਾਕੀ ਸਫ਼ਾ 31 'ਤੇ

# ਮੋਦੀ ਸਰਕਾਰ ਦੀ ਐਮਰਜੈਂਸੀ ਤੇ ਜਮਹੂਰੀਅਤ ਦਾ ਦਮਨ

**ਅਭੈ ਕੁਮਾਰ**

ਭਾਰਤ ਵਰਗੇ ਲੋਕਤੰਤਰੀ ਦੇਸ਼ ਵਿਚ ਅਸਹਿਮਤੀ ਦਾ ਦਮਨ ਕਰਨ ਦਾ ਇਕ ਤਰੀਕਾ ਤਾਂ ਉਹ ਹੈ ਜੋ ਇੰਦਰਾ ਗਾਂਧੀ ਨੇ ਅਪਣਾਇਆ ਸੀ। ਉਨਾਂ ਨੇ ਸੰਵਿਧਾਨ ਵਿਚ ਦਰਜ ਅੰਦਰੂਨੀ ਸੰਕਟਕਾਲੀਨ ਸਥਿਤੀ ਦੀਆਂ ਮੱਦਾਂ ਦਾ ਲਾਭ ਉਠਾ ਕੇ ਆਪਣੀ ਸਰਕਾਰ ਖ਼ਿਲਾਫ਼ ਉੱਠ ਰਹੀ ਅਸੰਤੋਖ ਦੀ ਆਵਾਜ਼ ਨੂੰ ਦਬਾਇਆ ਸੀ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨਿਸ਼ਚਿਤ ਰੂਪ ਨਾਲ ਇੰਦਰਾ ਗਾਂਧੀ ਦੇ ਨਕਸ਼ੇ ਕਦਮਾਂ 'ਤੇ ਨਹੀਂ ਚੱਲ ਰਹੀ। ਦਰਅਸਲ, ਉਸ ਨੇ ਅਸਹਿਮਤੀ ਨੂੰ ਦਬਾਉਣ ਲਈ ਅਤੇ ਵਿਰੋਧੀ ਧਿਰ ਦੀ ਰਾਜਨੀਤੀ ਨੂੰ ਖ਼ਤਮ ਕਰਨ ਲਈ ਅਜਿਹੇ ਤਰੀਕੇ ਵਿਕਸਿਤ ਕੀਤੇ ਹਨ ਜੋ ਪਹਿਲੀ ਨਜ਼ਰ ਵਿਚ ਗ਼ੈਰ-ਕਾਨੂੰਨੀ ਨਹੀਂ ਲਗਦੇ। ਉਹ ਕਾਨੂੰਨ ਦੀ ਵਰਤੋਂ ਹੀ ਇਸ ਤਰਾਂ ਨਾਲ ਕਰ ਰਹੀ ਹੈ ਕਿ ਬਿਨਾਂ ਐਮਰਜੈਂਸੀ ਦਾ ਐਲਾਨ ਕੀਤਿਆਂ ਅਸਹਿਮਤੀ ਦਰਜ ਕਰਾਉਣ ਦੀਆਂ ਸਾਰੀਆਂ ਲੋਕਤੰਤਰੀ ਪ੍ਰਕਿਰਿਆਵਾਂ ਆਪਣੇ ਆਪ ਵਿਚ ਜੋਖ਼ਮ ਭਰੀਆਂ ਹੁੰਦੀਆਂ ਜਾ ਰਹੀਆਂ ਹਨ। ਇਸ ਸਬੰਧ ਵਿਚ ਮੋਦੀ ਸਰਕਾਰ ਨੇ ਰਾਸ਼ਟਰੀ ਸੋਇਮ ਸੇਵਕ ਸੰਘ ਨਾਲ ਮਿਲ ਕੇ ਜਨਤਕ ਜੀਵਨ ਦੇ ਹਰ ਖੇਤਰ ਦਾ ਸਰਕਾਰੀਕਰਨ ਕਰਨਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਦੇ ਵਿਰੋਧ ਨੂੰ ਦੇਸ਼ ਦਾ ਵਿਰੋਧ ਦੱਸਣਾ, ਕਿਸੇ ਵੀ ਅੰਦੋਲਨ ਨੂੰ ਚੁਣੀ ਹੋਈ ਸਰਕਾਰ ਵਿਰੁੱਧ ਅਰਾਜਕਤਾ ਫੈਲਾਉਣ ਦੀ ਕੋਸ਼ਿਸ਼ ਕਰਾਰ ਦੇਣਾ ਅਤੇ ਅਪਰਾਧਾਂ ਅਤੇ ਅੱਤਵਾਦ ਨੂੰ ਰੋਕਣ ਲਈ ਬਣਾਏ ਗਏ ਕਾਨੂੰਨਾਂ ਦੀ ਵਰਤੋਂ ਰਾਜਸੀ ਦ੍ਰਿਸ਼ਟੀ ਨਾਲ ਕਰਨਾ, ਇਸ ਸਰਕਾਰ ਦੇ ਅਜਿਹੇ ਹੀ ਹੋਰ ਹੱਥਕੰਡੇ ਹਨ।

ਸੱਤਾ ਵਿਚ ਆਉਣ ਤੋਂ ਬਾਅਦ ਤੋਂ ਹੀ ਭਾਜਪਾ ਸਰਕਾਰ ਹੌਲੀ-ਹੌਲੀ ਵਿਰੋਧ ਦੀ ਰਾਜਨੀਤੀ ਦੀਆਂ ਵੱਖ-ਵੱਖ ਭਾਵਨਾਵਾਂ ਨੂੰ ਦਬਾਉਣ ਲਈ ਬਹੁਪੱਖੀ ਕਾਨੂੰਨੀ ਢਾਂਚਿਆਂ ਦੇ ਵਿਕਾਸ 'ਤੇ ਕੰਮ ਕਰ ਰਹੀ ਹੈ। ਇਸ ਮਾਮਲੇ ਵਿਚ ਸੰਘ ਮੁਖੀ ਮੋਹਨ ਭਾਗਵਤ ਦਾ ਨਿਰਦੇਸ਼ ਇਕਦਮ ਸਾਫ਼ ਹੈ। ਅੰਦਰੂਨੀ ਸੁਰੱਖਿਆ ਦੀਆਂ ਚੁਣੌਤੀਆਂ ਨਾਲ ਸਬੰਧਿਤ ਸਵਾਲ ਪੁੱਛਣ 'ਤੇ ਉਸ ਦਾ ਕਹਿਣਾ ਸੀ ਕਿ ਸਰਕਾਰ ਦੀਆਂ ਕਮੀਆਂ ਦਾ ਫਾਇਦਾ ਉਠਾ ਕੇ ਸੁਰੱਖਿਆ ਲਈ ਮੁਸ਼ਕਿਲਾਂ ਪੈਦਾ ਕਰਨ ਵਾਲਿਆਂ ਦਾ 'ਬੰਦੋਬਸਤ ਸਖ਼ਤੀ ਨਾਲ ਹੋਣਾ ਚਾਹੀਦਾ ਹੈ'। ਜੇਕਰ 'ਹੋਰ ਸਖ਼ਤ ਕਾਨੂੰਨਾਂ ਦੀ ਲੋੜ ਹੈ ਤਾਂ ਬਣਨੇ ਚਾਹੀਦੇ ਹਨ।' ਇੱਥੇ ਜ਼ਿਕਰਯੋਗ ਹੈ ਕਿ ਸੰਘ ਮੁਖੀ ਸਖ਼ਤ ਕਾਨੂੰਨਾਂ ਦੀ ਲੋੜ 'ਤੇ ਜ਼ੋਰ ਦਿੰਦਿਆਂ ਇਹ ਵੀ ਕਹਿੰਦਾ ਹੈ ਕਿ ਅਜਿਹਾ ਵਿਸ਼ਵਾਸ ਵੀ ਲੋਕਾਂ ਦੇ ਮਨਾਂ ਵਿਚ ਪੈਦਾ ਕਰਨਾ ਹੋਵੇਗਾ ਕਿ ਸ਼ਾਸਨ ਪ੍ਰਸ਼ਾਸਨ ਸਾਡਾ ਆਪਣਾ ਹੈ। 'ਕਾਨੂੰਨ ਤੋੜਨ ਵਾਲੇ, ਦੇਸ਼ ਧ੍ਰੋਹ ਦੀ ਭਾਸ਼ਾ ਬੋਲਣ ਵਾਲਿਆਂ ਦਾ ਸਮਰਥਨ ਕਰਨ ਵਾਲੇ ਲੋਕ ਸਾਡੇ ਸਮਾਜ ਵਿਚ ਪੈਦਾ ਨਾ ਹੋਣ, ਇਸ ਦੀ ਵੀ ਲੋੜ ਹੈ। ਤਾਂ ਸਮਾਜ ਦਾ ਮਨ ਅਜਿਹਾ ਬਣੇ ਕਿ ਅਜਿਹੀਆਂ ਗੱਲਾਂ ਕਰਨ ਵਾਲੇ ਇਕੱਲੇ ਪੈ ਜਾਣ। ਇਹ ਦੋਵੇਂ ਗੱਲਾਂ ਜਦੋਂ ਹੁੰਦੀਆਂ ਹਨ (ਸਖ਼ਤ ਕਾਨੂੰਨ ਅਤੇ ਸਮਾਜ ਦਾ ਸਮਰਥਨ ਨਾ ਮਿਲਣਾ) ਤਾਂ ਫਿਰ ਅੰਦਰੂਨੀ ਸੁਰੱਖਿਆ ਮਜ਼ਬੂਤ ਰਹਿੰਦੀ ਹੈ।'

ਧਿਆਨ ਰਹੇ ਕਿ ਕਾਨੂੰਨਾਂ ਦੀਆਂ ਮੱਦਾਂ ਦੀ ਵਰਤੋਂ ਕਰਕੇ ਵਿਚਾਰਕ ਵਿਰੋਧੀਆਂ ਨੂੰ ਨੁੱਕਰੇ ਲਾਉਣ ਦਾ ਕੰਮ ਹਿੰਦੁਤਵੀ ਰਾਜਨੀਤੀ 2014 ਤੋਂ ਪਹਿਲਾਂ ਤੋਂ ਹੀ ਕਰਦੀ ਆ ਰਹੀ ਸੀ। ਕਾਂਗਰਸ ਦੇ 10 ਸਾਲ ਦੇ ਸ਼ਾਸਨ ਦੌਰਾਨ ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿਚ ਜਾਂ ਕਿਸੇ ਹੋਰ ਖੇਤਰ ਵਿਚ, ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਂ 'ਤੇ ਕਲਾਕਾਰਾਂ, ਕਾਰਕੁੰਨਾਂ ਅਤੇ ਵਿਦਵਾਨਾਂ ਖ਼ਿਲਾਫ਼ ਦੇਸ਼ ਦੇ ਵੱਖ-ਵੱਖ ਇਲਾਕਿਆਂ ਦੀਆਂ ਅਦਾਲਤਾਂ ਵਿਚ ਇਕੋ ਸਮੇਂ ਮੁਕੱਦਮੇ ਦਾਇਰ ਕੀਤੇ ਜਾਣ ਲੱਗੇ ਸਨ। ਇਸੇ ਦੇ ਸਮਾਨਅੰਤਰ ਬਜਰੰਗ ਦਲ ਵਲੋਂ ਚਿੱਤਰ ਪ੍ਰਦਰਸ਼ਨੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਤੇ ਹਮਲੇ ਕਰਨ ਦੀਆਂ ਸਕੀਮਾਂ ਵੀ ਸਿਰੇ ਚੜਾਈਆਂ ਜਾਂਦੀਆਂ ਰਹੀਆਂ ਹਨ। ਅਜਿਹਾ ਕਰਨ ਵਾਲਿਆਂ ਤੋਂ ਜਦੋਂ ਪੁੱਛਿਆ ਜਾਂਦਾ ਸੀ ਕਿ ਉਹ ਇਸ ਤਰਾਂ ਕਿਉਂ ਕਰਦੇ ਹਨ ਤਾਂ ਉਨਾਂ ਦਾ ਜਵਾਬ ਹੁੰਦਾ ਸੀ ਕਿ ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੀ ਰੱਖਿਆ ਲਈ ਕਾਨੂੰਨ ਦੀ ਮਦਦ ਲੈਣਾ ਉਨਾਂ ਦਾ ਅਧਿਕਾਰ ਹੈ। ਕੁੱਲ ਮਿਲਾ ਕੇ ਉਨਾਂ ਦਾ ਮਕਸਦ ਇਹ ਸੀ ਕਿ ਵਿਚਾਰਧਾਰਕ ਵਿਰੋਧੀ ਸਹਿਮ ਜਾਣ।

ਸੱਤਾ ਵਿਚ ਆਉਣ ਤੋਂ ਬਾਅਦ ਹਿੰਦੂਵਾਦੀਆਂ ਨੇ ਇਸ ਸਿਸਟਮ ਦਾ ਹੋਰ ਵਿਕਾਸ ਕੀਤਾ। ਮੁਕੱਦਮੇ ਦਾਇਰ ਕਰਨ ਤੋਂ ਇਲਾਵਾ ਵਿਚਾਰਕ ਵਿਰੋਧੀਆਂ ਨੂੰ ਤੰਗ ਕਰਨ ਲਈ ਪੁਲਿਸ ਵਿਚ ਦੇਸ਼ਧ੍ਰੋਹ ਦੇ ਦੋਸ਼ ਤਹਿਤ ਰਿਪੋਰਟਾਂ ਦਰਜ ਕਰਾਉਣ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਹੈ। ਕਿਉਂਕਿ ਜ਼ਿਆਦਾਤਰ ਥਾਵਾਂ 'ਤੇ ਭਾਜਪਾ ਦੀ ਹੀ ਸੱਤਾ ਹੈ, ਇਸ ਲਈ ਪੁਲਿਸ ਵਾਲੇ ਤੁਰੰਤ ਰਿਪੋਰਟਾਂ ਲਿਖ ਵੀ ਰਹੇ ਹਨ। ਮਹਿਜ਼ ਇਕ ਟਵੀਟ ਨਾਲ ਦੇਸ਼ਧ੍ਰੋਹ ਦਾ ਇਲਜ਼ਾਮ ਲੱਗ ਸਕਦਾ ਹੈ। ਭਾਜਪਾ ਦੀਆਂ ਸਰਕਾਰਾਂ ਨੇ ਕਿਸੇ ਵੀ ਤਰਾਂ ਦੇ 'ਜੁਝਾਰੂ' ਅੰਦੋਲਨ ਨੂੰ ਦਬਾਉਣ ਦਾ ਇਕ ਤਰੀਕਾ ਲੱਭਿਆ ਹੈ। ਇਹ ਹੈ ਧਰਨੇ ਪ੍ਰਦਰਸ਼ਨ ਦੌਰਾਨ ਸਰਕਾਰੀ ਜਾਇਦਾਦ ਨੂੰ ਹੋਣ ਵਾਲੇ ਨੁਕਸਾਨ ਦਾ ਹਰਜਾਨਾ ਅੰਦੋਲਨਕਾਰੀਆਂ ਤੋਂ ਵਸੂਲਣਾ। ਇਸ ਲਈ ਇਹ ਸਰਕਾਰਾਂ ਕਾਨੂੰਨ ਬਣਾਉਣ ਦੀ ਹੱਦ ਤੱਕ ਜਾਣ ਲਈ ਵੀ ਤਿਆਰ ਹਨ। ਇਸ ਤੋਂ ਇਲਾਵਾ ਜਿਨਾਂ ਪਹਿਲੂਆਂ 'ਤੇ ਸਿੱਧੇ ਤੌਰ 'ਤੇ ਕਾਨੂੰਨ ਬਣਾਏ ਜਾ ਸਕਦੇ ਹਨ, ਜਾਂ ਸੋਧਾਂ ਰਾਹੀਂ ਸਥਿਤੀ ਬਦਲੀ ਜਾ ਸਕਦੀ ਹੈ, ਉੱਥੇ ਭਾਜਪਾ ਦੀਆਂ ਸਰਕਾਰਾਂ ਵਿਧਾਨਕ ਰਾਹ ਦਾ ਸਹਾਰਾ ਲੈਂਦੀਆਂ ਹਨ (ਜਿਵੇਂ ਤਿੰਨ ਤਲਾਕ, ਧਾਰਾ 370 ਮਨਸੂਖ਼ ਕਰਨੀ ਅਤੇ ਲਵ ਜਿਹਾਦ ਵਿਰੁੱਧ ਕਾਨੂੰਨ ਬਣਾਉਣਾ)। ਜਿੱਥੇ ਅਜਿਹਾ ਤੁਰੰਤ ਨਹੀਂ ਹੋ ਸਕਦਾ, ਉੱਥੇ ਹਿੰਦੂਤਵ ਦੀਆਂ ਟੀਮਾਂ ਅਦਾਲਤਾਂ ਵਿਚ ਪਟੀਸ਼ਨਾਂ ਪਾਉਂਦੀਆਂ ਹਨ (ਜਿਵੇਂ ਕਾਸ਼ੀ ਅਤੇ ਮਥੁਰਾ ਵਿਚ ਮਸੀਤ ਅਤੇ ਈਦਗਾਹ ਹਟਾਉਣ ਦੇ ਹਿੰਦੂ ਅਧਿਕਾਰ ਲਈ ਹਾਲ ਹੀ ਵਿਚ ਦਾਇਰ ਕੀਤੀ ਪਟੀਸ਼ਨ)। ਸੋਸ਼ਲ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ 'ਤੇ ਕੰਟਰੋਲ ਲਈ ਸਰਕਾਰ ਦੀਆਂ ਜਾਰੀ ਕੋਸ਼ਿਸ਼ਾਂ ਇਸ ਦਾ ਸਬੂਤ ਹਨ। ਇਸੇ ਤਰਾਂ ਘੱਟ-ਗਿਣਤੀ



ਅਧਿਕਾਰਾਂ ਸਬੰਧੀ ਕੀਤੀ ਜਾਣ ਵਾਲੀ ਵਿਰੋਧ ਦੀ ਰਾਜਨੀਤੀ ਨੂੰ ਪਟੜੀ ਤੋਂ ਉਤਾਰਨ ਦੀ ਕਾਨੂੰਨੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਸ ਤਹਿਤ ਉਨਾਂ 9 ਰਾਜਾਂ ਬਾਰੇ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਜਿੱਥੇ ਹਿੰਦੂ ਗਿਣਤੀ ਦੇ ਲਿਹਾਜ਼ ਨਾਲ ਘੱਟ ਹਨ। ਪਟੀਸ਼ਨਾਂ ਵਿਚ ਦਾਅਵਾ ਹੈ ਕਿ ਇੱਥੇ ਹਿੰਦੂਆਂ ਨੂੰ ਧਾਰਮਿਕ ਘੱਟ-ਗਿਣਤੀਆਂ ਵਰਗੇ ਅਧਿਕਾਰ ਮਿਲਣੇ ਚਾਹੀਦੇ ਹਨ।

ਸ਼ੁਰੂਆਤੀ ਦੌਰ ਵਿਚ ਸਰਕਾਰ ਦੀ ਇਸ ਰਣਨੀਤੀ ਅਤੇ ਉਸ ਦੇ ਮਨਸੂਬਿਆਂ 'ਤੇ ਕਿਸੇ ਦੀ ਨਜ਼ਰ ਨਹੀਂ ਗਈ। ਸਰਕਾਰ ਦੀ ਆਲੋਚਨਾ 'ਧਰਮ-ਨਿਰਪੱਖ ਬਨਾਮ ਫ਼ਿਰਕੂ' ਵਰਗੇ ਚਰਚਿਆਂ ਤਹਿਤ ਹੀ ਕੀਤੀ ਜਾਂਦੀ ਰਹੀ। ਇਸ ਦਾ ਮੋਦੀ ਸਰਕਾਰ 'ਤੇ ਕੋਈ ਅਸਰ ਨਹੀਂ ਪੈ ਸਕਦਾ ਸੀ, ਕਿਉਂਕਿ ਭਾਜਪਾ ਸਮੇਤ ਸੰਘ ਦੇ ਪ੍ਰਾਜੈਕਟ ਦੇ ਘੱਟ-ਗਿਣਤੀ ਵਿਰੋਧੀ ਪਹਿਲੂਆਂ ਦੀ ਸ਼ਨਾਖ਼ਤ ਕਰਨਾ ਸੌਖਾ ਸੀ। ਇਸ ਲਈ ਦੋਹਰੀ ਰਣਨੀਤੀ ਦੀ ਲਗਾਤਾਰ ਵਰਤੋਂ ਕੀਤੀ ਜਾਂਦੀ ਰਹੀ ਸੀ। ਵੱਡੇ-ਵੱਡੇ ਦੰਗਿਆਂ ਤੋਂ ਬਚਦਿਆਂ ਸਥਾਨਕ ਪੱਧਰ 'ਤੇ ਗਊ ਰੱਖਿਆ, ਘਰ ਵਾਪਸੀ, ਲਵ ਜਿਹਾਦ ਵਰਗੇ ਪ੍ਰੋਗਰਾਮਾਂ ਰਾਹੀਂ ਫ਼ਿਰਕੂ ਤਣਾਅ ਨੂੰ ਲਗਾਤਾਰ ਵਧਾਉਣਾ ਅਤੇ ਘੱਟ-ਗਿਣਤੀਆਂ ਦੀ ਵੋਟ ਰਾਜਨੀਤੀ ਨੂੰ ਸਿਫ਼ਰ ਕਰਨ ਲਈ ਵੱਡੇ-ਵੱਡੇ ਸਮਾਜਿਕ ਗੱਠਜੋੜ ਬਣਾ ਕੇ ਹਿੰਦੂ ਰਾਜਸੀ ਏਕਤਾ ਦਾ ਦਾਇਰਾ ਵਧਾਉਣਾ।

ਸੰਸਦੀ ਵਿਰੋਧੀ ਧਿਰ ਦੀ ਰਣਨੀਤੀ ਦੀ ਅਣਹੋਂਦ, ਉਸ ਦੇ ਆਗੂਆਂ ਦੀ ਡਿੱਗੀ ਹੋਈ ਸਾਖ਼ ਅਤੇ ਪਰਸਪਰ ਏਕਤਾ ਦੀ ਘਾਟ ਕਾਰਨ ਭਾਜਪਾ ਦੇ ਇਨਾਂ ਦੋਹਰੇ ਉਦੇਸ਼ਾਂ ਵਿਚ ਅਸਾਧਾਰਨ ਸਫਲਤਾ ਮਿਲਦੀ ਗਈ ਪਰ ਮੋਦੀ ਸਰਕਾਰ ਦੇ ਆਲੋਚਕ ਜੋ ਵੇਖਣ ਤੋਂ ਖੁੰਝ ਰਹੇ ਹਨ, ਉਹ ਕੁਝ ਹੋਰ ਹੀ ਸੀ। ਦਰਅਸਲ, ਉਹ ਘੱਟ-ਗਿਣਤੀ ਵਿਰੋਧ ਤੋਂ ਪਰੇ ਜਾ ਕੇ ਪੂਰੇ ਭਾਰਤੀ ਸਮਾਜ (ਜਿਸ ਵਿਚ ਗ਼ੈਰ-ਮੁਸਲਮਾਨਾਂ ਦੀ ਗਿਣਤੀ 80 ਫ਼ੀਸਦੀ ਤੋਂ ਜ਼ਿਆਦਾ ਹੈ) ਨੂੰ ਆਗਿਆਕਾਰੀ ਬਣਾਉਣ ਦੀ ਇੱਛਾ ਸੀ। ਮੇਰੇ ਵਿਚਾਰ ਵਿਚ ਇਸ ਦੇ ਪਿੱਛੇ ਇਕ ਸਮਝ ਇਹ ਰਹੀ ਸੀ ਕਿ ਸਿਰਫ ਆਗਿਆਕਾਰੀ ਸਮਾਜ ਹੀ ਹਿੰਦੂਤਵਵਾਦੀਆਂ ਦੀ ਸਰਕਾਰ ਨੂੰ ਲੋਕਪ੍ਰਿਯ ਅਤੇ ਗ਼ੈਰ-ਲੋਕਪ੍ਰਿਯ ਦੇ ਉਸ ਚੱਕਰ ਤੋਂ ਬਚਾ ਸਕਦਾ ਹੈ, ਜਿਸ ਦਾ ਸ਼ਿਕਾਰ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀਆਂ ਚੁਣੀਆਂ ਹੋਈਆਂ ਅਤੇ ਸਥਿਰ ਸਰਕਾਰਾਂ ਹੋਈਆਂ ਸਨ। ਇਸ ਦੇ ਪਿੱਛੇ ਦੂਜੀ ਸਮਝ ਇਹ ਹੈ ਕਿ ਚੋਣ ਸਫਲਤਾਵਾਂ ਲਈ ਘੜੀ ਗਈ ਹਿੰਦੂ ਏਕਤਾ ਉਸ ਸਮੇਂ ਤੱਕ ਸੰਕਟਕਾਲੀਨ ਰਹੇਗੀ ਜਦੋਂ ਤੱਕ ਉਸ ਦਾ ਢਾਂਚਾ ਰਾਜਨੀਤੀ ਦੇ ਫੌਰੀ ਉਦੇਸ਼ਾਂ ਤੋਂ ਪਰੇ ਜਾ ਕੇ ਸਮਾਜਿਕ ਨਾ ਬਣ ਜਾਵੇ।

# ਪਾਦਰੀ ਸਟੈਨ ਸਵਾਮੀ ਦੀ ਹਿਰਾਸਤੀ ਮੌਤ ਦੇ ਦੋਸ਼ਾਂ ਦਾ ਸੱਚ ਕੀ ਹੈ

**ਰਜਿੰਦਰ ਸਿੰਘ ਪੁਰੇਵਾਲ**

ਐਲਗਾਰ ਪ੍ਰੀਸ਼ਦ-ਮਾਓਵਾਦੀ ਸਬੰਧ ਮਾਮਲੇ ਵਿਚ ਦੋਸ਼ੀ ਪਾਦਰੀ ਸਟੈਨ ਸਵਾਮੀ ਦਾ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਬਾਂਦਰਾ ਵਿਚ ਹੋਲੀ ਫੈਮਿਲੀ ਹਸਪਤਾਲ ਦੇ ਡਾਇਰੈਕਟਰ ਡਾ. ਈਆਨ ਡਿਸੂਜਾ ਨੇ ਹਾਈ ਕੋਰਟ ਦੇ ਜਸਟਿਸ ਐੱਸ. ਐੱਸ. ਸ਼ਿੰਦੇ ਅਤੇ ਜਸਟਿਸ ਐੱਨ. ਜੇ. ਜਮਾਦਾਰ ਦੀ ਬੈਂਚ ਨੂੰ ਦੱਸਿਆ ਕਿ 84 ਸਾਲਾ ਸਵਾਮੀ ਦੀ ਸੋਮਵਾਰ ਦੁਪਹਿਰ ਦੌਰਾਨ ਮੌਤ ਹੋ ਗਈ। ਹਾਈਕੋਰਟ ਵੱਲੋਂ ਸਵਾਮੀ ਦੀ ਇਕ ਪਟੀਸ਼ਨ ’ਤੇ ਸੁਣਵਾਈ ਤੋਂ ਬਾਅਦ ਆਦੀਵਾਸੀਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਕਾਰਕੁੰਨ ਨੂੰ 29 ਮਈ ਨੂੰ ਤਲੋਜਾ ਜੇਲ ਤੋਂ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਹ ਕੋਰੋਨਾ ਵਾਇਰਸ ਤੋਂ ਇਨਫੈਕਟਿਡ ਸਨ। ਓਧਰ ਸਵਾਮੀ ਦੇ ਵਕੀਲ ਨੇ ਕਿਹਾ ਕਿ ਤਲੋਜਾ ਜੇਲ ਪ੍ਰਸ਼ਾਸਨ ਵੱਲੋਂ ਲਾਪ੍ਰਵਾਹੀ ਕੀਤੀ ਗਈ ਅਤੇ ਉਨਾਂ ਨੂੰ ਤੁਰੰਤ ਮੈਡੀਕਲ ਸਹੂਲਤ ਨਹੀਂ ਦਿੱਤੀ ਗਈ। ਰਾਸ਼ਟਰੀ ਜਾਂਚ ਏਜੰਸੀ ਨੇ ਸਵਾਮੀ ਨੂੰ ਅਕਤੂਬਰ 2020 ਵਿਚ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ ਉਦੋਂ ਤੋਂ ਜੇਲ ਵਿਚ ਸਨ। ਉਨਾਂ ਨੂੰ ਅਕਤੂਬਰ 2020 ਵਿਚ ‘ਅਰਬਨ ਨਕਸਲ’ ਕਹਿ ਕੇ ਅੱਤਵਾਦੀ ਵਿਰੋਧੀ ਕਾਨੂੰਨ (ਯੂ.ਏ.ਪੀ.ਏ.) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਉਦੋਂ ਤੋਂ ਹੀ ਮੁੰਬਈ ਦੀ ਜੇਲ ਵਿਚ ਸਨ। ਸਟੈਨ ਸਵਾਮੀ ਨੂੰ ਯਲਗਾਰ ਪ੍ਰੀਸ਼ਦ ਕੇਸ ਵਿਚ ਦੋਸ਼ੀ ਬਣਾਇਆ ਗਿਆ ਸੀ। ਕੇਸ ਇਹ ਹੈ ਕਿ 31 ਦਸੰਬਰ, 2017 ਨੂੰ ਪੂਣੇ ਵਿਚ ਹੋਏ ਇਕ ਸਮਾਗਮ ਵਿਚ ਕੁਝ ਕਾਰਕੁੰਨਾਂ ਨੇ ਭੜਕਾਊ ਭਾਸ਼ਨ ਦਿੱਤੇ, ਜਿਸ ਕਾਰਨ, ਪੁਲਿਸ ਅਨੁਸਾਰ, ਪੱਛਮੀ ਮਹਾਰਾਸ਼ਟਰ ਵਿਚ ਕੋਰੇਗਾਉਂ-ਭੀਮਾ ਯੁੱਧ ਸਮਾਰਕ ਨੇੜੇ ਹਿੰਸਾ ਹੋਈ। ਪੁਲਿਸ ਦਾ ਕਹਿਣਾ ਹੈ ਕਿ ਇਹ ਸਮਾਗਮ ਉਨਾਂ ਲੋਕਾਂ ਵਲੋਂ ਕੀਤਾ ਗਿਆ ਜਿਹੜੇ ਅਖੌਤੀ ਮਾਓਵਾਦੀ ਦੇ ਸੰਪਰਕ ਵਿਚ ਹਨ। ਸਟੈਨ ਸਵਾਮੀ ਦਾ ਕਹਿਣਾ ਸੀ ਕਿ ਉਹ ਕੋਰੇਗਾਉਂ-ਭੀਮਾ ਕਦੇ ਗਏ ਹੀ ਨਹੀਂ ਅਤੇ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦੀ ਸਾਜਿਸ਼ ਦੇ ਅਖੌਤੀ ਕਾਗਜ਼ ਉਨਾਂ ਦੇ ਕੰਪਿਊਟਰ ਵਿਚ ‘ਪਲਾਂਟ’ ਕਰਾਏ ਗਏ ਤਾਂ ਕਿ ਉਨਾਂ ਨੂੰ ਫਸਾਇਆ ਜਾ ਸਕੇ। ਗ਼ੌਰਤਲਬ ਹੈ ਕਿ ਇਸ ਕੇਸ ਵਿਚ ਇਕ ਹੋਰ ਦੋਸ਼ੀ ਰੋਨਾ ਵਿਲਸਨ ਦੇ ਵਕੀਲ ਨੇ ਅਦਾਲਤ ਵਿਚ ਦਿਖਾਇਆ ਸੀ ਕਿ ਕਿਸ ਤਰਾਂ ਅਖੌਤੀ ਸਾਜਿਸ਼ੀ ਪੱਤਰ ਨੂੰ ਕੰਪਿਊਟਰ ਵਿਚ ‘ਪਲਾਂਟ’ ਕੀਤਾ ਗਿਆ ਸੀ।

ਇਹ ‘ਸਬੂਤ’ ਵਿਚਾਰ ਅਧੀਨ ਹੈ। ਇਸ ਕੇਸ ਵਿਚ ਸਿਹਤ ਦੇ ਆਧਾਰ ’ਤੇ ਸਿਰਫ 81 ਸਾਲਾ ਕਵੀ-ਕਾਰਕੁੰਨ ਵਰਵਰਾ ਰਾਓ ਨੂੰ ਹੀ ਜ਼ਮਾਨਤ ਮਿਲੀ ਹੈ ਜਦੋਂ ਕਿ ਸੁਧਾ ਭਾਰਦਵਾਜ, ਗੌਤਮ ਨਵਲੱਖਾ, ਆਨੰਦ ਤੇਲਤੁੰਬਡੇ, ਰੋਨਾ ਵਿਲਸਨ, ਵਰਨੋਨ ਗੋਂਸਾਲਵੇਸ, ਅਰੁਣ ਫਰੇਰਾ ਆਦਿ 11 ਵਿਅਕਤੀ ਪਿਛਲੇ ਤਿੰਨ ਸਾਲ ਤੋਂ ਜੇਲ ਵਿਚ ਬੰਦ ਹਨ। ਖੈਰ, ਸਟੈਨ ਸਵਾਮੀ ਦਾ ਦੇਹਾਂਤ ਹੋ ਗਿਆ ਹੈ। ਲੋਕਾਂ ਨੂੰ ਕਦੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਕ 84 ਸਾਲਾ ਬਜ਼ੁਰਗ, ਸ਼ਾਂਤੀ-ਪਸੰਦ ਕਾਰਕੁੰਨ, ਜਿਸ ਨੇ ਆਪਣੇ ਜੀਵਨ ਦੇ ਬਿਹਤਰੀਨ ਦਹਾਕੇ ਝਾਰਖੰਡ ਵਿਚ ਆਦਿਵਾਸੀਆਂ ਦੀ ਸੇਵਾ ਨੂੰ ਸਮਰਪਿਤ ਕਰ ਦਿੱਤੇ, ਜੋ ਸਾਦਗੀ ਵਾਲਾ ਜੀਵਨ ਬਤੀਤ ਕਰਦਾ ਸੀ ਅਤੇ ਜਿਸ ਨੂੰ ਉਹ ਸਹੀ ਸਮਝਦਾ ਸੀ ਉਸ ਨਾਲ ਖੜਾ ਹੁੰਦਾ ਸੀ, ਇਹ ਵਿਚਾਰ ਅਧੀਨ ਕੈਦੀ ਦੇ ਰੂਪ ਵਿਚ 9 ਮਹੀਨੇ ਜੇਲ ਵਿਚ ਗੁਜ਼ਾਰਨ ਤੋਂ ਬਾਅਦ, ਲੱਚਰ ਮੈਡੀਕਲ ਵਿਵਸਥਾ ਦੇ ਚਲਦਿਆਂ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ।



ਮਾਰਕਸਵਾਦੀ ਕਮਿਊਨਿਸਟ ਪਾਰਟੀ (ਮਾਕਪਾ) ਦੇ ਜਨਰਲ ਸਕੱਤਰ ਸੀਤਾਰਾਮ ਯੁਚੇਰੀ ਦਾ ਇਸ ਬਾਰੇ ਕਹਿਣਾ ਹੈ ਕਿ ਹਿਰਾਸਤ ਵਿਚ ਹੋਈ ਇਸ ਹੱਤਿਆ ਲਈ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ ਕੇ ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਕਿਹਾ ਕਿ ਸਵਾਮੀ ਦੀ ਮੌਤ ਕੁਦਰਤੀ ਮੌਤ ਨਹੀਂ ਹੈ ਸਗੋਂ ਇਹ 84 ਸਾਲ ਦੀ ਉਮਰ ਦੇ ਬਜ਼ੁਰਗ ਵਿਅਕਤੀ ਨੂੰ ਜੇਲ ਵਿਚ ਸਾੜ ਕੇ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ ਸਿਲਸਿਲੇਵਾਰ ਤਰੀਕੇ ਨਾਲ ਕੀਤਾ ਗਿਆ ਕਤਲ ਹੈ।

ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੀ ਸੰਸਥਾ ਨੇ ਕਿਹਾ ਕਿ ਉਹ 84 ਸਾਲਾ ਕਾਰਕੁੰਨ ਸਟੈਨ ਸਵਾਮੀ ਦੀ ਹਿਰਾਸਤ ਵਿਚ ਹੋਈ ਮੌਤ ਤੋਂ ਬਹੁਤ ਦੁਖੀ ਹਨ, ਇਹ ਪ੍ਰੇਸ਼ਾਨ ਕਰਨ ਵਾਲਾ ਹੈ। ਉਨਾਂ ਕਿਹਾ ਕਿ ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੀ ਹਾਈ ਕਮਿਸ਼ਨਰ ਮਿਸ਼ੇਲ ਬੈਸ਼ਲੇ ਤੇ ਸੰਯੁਕਤ ਰਾਸ਼ਟਰ ਦੇ ਖ਼ੁਦਮੁਖਤਿਆਰ ਮਾਹਿਰ ਲਗਾਤਾਰ ਸਵਾਮੀ ਦੇ ਕੇਸਾਂ ਦਾ ਮੁੱਦਾ ਚੁੱਕਦੇ ਰਹੇ ਹਨ। ਇਸ ਤੋਂ ਇਲਾਵਾ 15 ਹੋਰਨਾਂ ਮਨੁੱਖੀ ਹੱਕ ਕਾਰਕੁੰਨਾਂ ਦੀ ਰਿਹਾਈ ਦਾ ਮੁੱਦਾ ਵੀ ਭਾਰਤ ਸਰਕਾਰ ਨਾਲ ਉਭਾਰਿਆ ਗਿਆ ਹੈ ਜਿਨਾਂ ਨੂੰ ਪਿਛਲੇ ਤਿੰਨ ਸਾਲਾਂ ਤੋਂ ਹਿਰਾਸਤ ਵਿਚ ਰੱਖਿਆ ਗਿਆ ਹੈ। ਕਮਿਸ਼ਨਰ ਦੀ ਤਰਜਮਾਨ ਲਿਜ਼ ਥਰੋਸੈੱਲ ਨੇ ਕਿਹਾ ਕਿ ‘ਫਾਦਰ ਸਟੈਨ ਸਵਾਮੀ ਆਪਣੀ ਗ੍ਰਿਫ਼ਤਾਰੀ ਦੇ ਸਮੇਂ ਤੋਂ ਹੀ ਬਿਨਾਂ ਜ਼ਮਾਨਤ ਸੁਣਵਾਈ ਦੌਰਾਨ ਹਿਰਾਸਤ ਵਿਚ ਹੀ ਸਨ। ਤਰਜਮਾਨ ਨੇ ਕਿਹਾ ਕਿ ਸਵਾਮੀ ਲੰਮੇ ਸਮੇਂ ਤੋਂ ਸਰਗਰਮ ਕਾਰਕੁੰਨ ਸਨ, ਖਾਸ ਕਰ ਕੇ ਆਦਿਵਾਸੀਆਂ ਤੇ ਹੋਰਾਂ ਪਛੜੇ ਲੋਕਾਂ ਦੇ ਹੱਕਾਂ ਲਈ ਸਰਗਰਮ ਸਨ।’

ਦੂਸਰੇ ਪਾਸੇ ਕਬਾਇਲੀ ਹੱਕਾਂ ਬਾਰੇ ਕਾਰਕੁੰਨ ਤੇ ਈਸਾਈ ਪਾਦਰੀ ਸਟੈਨ ਸਵਾਮੀ ਦੀ ਮੌਤ ਨੂੰ ਲੈ ਕੇ ਆਲਮੀ ਪੱਧਰ ’ਤੇ ਹੋ ਰਹੀ ਨੁਕਤਾਚੀਨੀ ਨੂੰ ਰੱਦ ਕਰਦਿਆਂ ਭਾਰਤ ਨੇ ਕਿਹਾ ਕਿ ਉਸ ਨੇ ਇਸ ਕੇਸ ਵਿੱਚ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਸੀ ਤੇ ਇਸ ਦੌਰਾਨ ਹਰ ਮੁਨਾਸਿਬ ਅਮਲ ਦੀ ਪਾਲਣਾ ਕੀਤੀ ਗਈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸਬੰਧਤ ਅਥਾਰਟੀਜ਼ ਨੇ ਕਾਨੂੰਨ ਦੀ ਉਲੰਘਣਾ ਖਿਲਾਫ਼ ਕਾਰਵਾਈ ਕੀਤੀ ਸੀ ਤੇ (ਪੀੜਤ ਨੂੰ) ਕਾਨੂੰਨ ’ਚ ਮਿਲਦੇ ਹੱਕਾਂ ’ਤੇ ਕੋਈ ਰੋਕ ਨਹੀਂ ਲਾਈ। ਯਾਦ ਰਹੇ ਕਿ ਫੇਫੜਿਆਂ ਦੀ ਜਟਿਲਤਾ, ਕੋਵਿਡ-19 ਅਤੇ ਪਾਰਕਿੰਸਨ ਰੋਗ ਤੋਂ ਪੀੜਤ 84 ਸਾਲਾ ਸਟੈਨ ਸਵਾਮੀ ਨੇ ਦੋ ਵਾਰ ਜ਼ਮਾਨਤ ਲੈਣ ਦੀ ਇਹ ਕਹਿੰਦਿਆਂ ਕੋਸ਼ਿਸ਼ ਕੀਤੀ ਸੀ ਕਿ ਤਲੋਜਾ ਸੈਂਟਰਲ ਜੇਲ ਵਿਚ ਉਨਾਂ ਦੀ ਸਿਹਤ ਨਿਰੰਤਰ ਵਿਗੜਦੀ ਜਾ ਰਹੀ ਹੈ ਅਤੇ ਜੇਕਰ ਉਨਾਂ ਨੂੰ ਜਲਦੀ ਹੀ ਜ਼ਮਾਨਤ ਨਾ ਦਿੱਤੀ ਗਈ ਤਾਂ ‘ਜਲਦ ਹੀ ਉਨਾਂ ਦੀ ਮੌਤ ਹੋ ਜਾਏਗੀ’, ਪਰ ਐਨ.ਆਈ.ਏ. (ਰਾਸ਼ਟਰੀ ਜਾਂਚ ਏਜੰਸੀ) ਨੇ ਸਟੈਨ ਸਵਾਮੀ ਦੀ ਜ਼ਮਾਨਤ ਅਰਜ਼ੀ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਉਨਾਂ ਦੀ ਬਿਮਾਰੀ ਦੇ ਸੰਦਰਭ ਵਿਚ ‘ਫ਼ੈਸਲਾਕੁੰਨ ਸਬੂਤਾਂ’ ਦੀ ਘਾਟ ਹੈ।

ਹਾਲਾਂਕਿ ਹੁਣ ਸਰਕਾਰ ਦਾ ਦਾਅਵਾ ਹੈ ਕਿ ਇਸ ਸਿਲਸਿਲੇ ਵਿਚ ਉਸ ਨੇ ਸਾਰੀਆਂ ‘ਜ਼ਰੂਰੀ ਸਾਵਧਾਨੀਆਂ’ ਵਰਤੀਆਂ ਸਨ, ਪਰ ਸਮਾਜ ਸੇਵੀ ਅਤੇ ਮਨੁੱਖੀ ਅਧਿਕਾਰ ਸੰਗਠਨ ਨੇ ਸਟੈਨ ਸਵਾਮੀ ਦੀ ਮੌਤ ਨੂੰ ‘ਸੰਸਥਾਗਤ ਹੱਤਿਆ’ ਦੱਸਦਿਆਂ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਇਸ ‘ਰਾਸ਼ਟਰੀ ਤ੍ਰਾਸਦੀ’ ਲਈ ਜਵਾਬਦੇਹੀ ਨਿਰਧਾਰਤ ਕੀਤੀ ਜਾਵੇ।

ਸਟੈਨ ਸਵਾਮੀ ਦੀ ਕਠਿਨ ਸਥਿਤੀ ਪੂਰੇ ਨਿਆਂਇਕ ਪ੍ਰਬੰਧ ਜਾਂਚ ਲਈ ਇਕਦਮ ਉਚਿਤ ਕੇਸ ਹੈ ਤਾਂ ਕਿ ਸੂਬੇ ਦੇ ਸਾਰੇ ਅੰਗਾਂ ਦੇ ਵਿਹਾਰ ਦੀ ਸਮੀਖਿਆ ਹੋਵੇ ਅਤੇ ਉਨਾਂ ਸਥਿਤੀਆਂ ਲਈ ਜਵਾਬਦੇਹੀ ਨਿਰਧਾਰਤ ਕੀਤੀ ਜਾ ਸਕੇ ਜਿਸ ਕਾਰਨ ਇਹ ਮੌਤ ਹੋਈ ਅਤੇ ਉਨਾਂ ਨੂੰ ਮਿਸਾਲੀ ਸਜ਼ਾ ਮਿਲ ਸਕੇ ਜਿਨਾਂ ਦਾ ਇਸ ‘ਗੰਭੀਰ ਅਪਰਾਧ’ ਵਿਚ ਹੱਥ ਸੀ। ਦਰਅਸਲ, ਇਸ ਦੋਸ਼ ਤੋਂ ਬਚਣਾ ਮੁਸ਼ਕਿਲ ਹੈ ਕਿ ਸਟੈਨ ਸਵਾਮੀ ਦੀ ਮੌਤ ਉਸ ਪ੍ਰਬੰਧ ਕਾਰਨ ਹੋਈ ਜੋ ਉਨਾਂ ਦੇ ਵਿਚਾਰਾਂ, ਉਨਾਂ ਦੇ ਕੰਮ ਅਤੇ ਗ਼ਰੀਬਾਂ ਦੇ ਨਿਆਂ ਲਈ ਉਨਾਂ ਦੇ ਜਜ਼ਬੇ ਦੀ ਵਜਾ ਕਰਕੇ ਉਨਾਂ ਦੇ ਪਿੱਛੇ ਪਿਆ ਹੋਇਆ ਸੀ। ਕੋਈ ਵੀ ਸੂਝਵਾਨ ਵਿਅਕਤੀ ਦੱਸ ਸਕਦਾ ਹੈ ਕਿ ਲੋਕਾਂ ਲਈ ਕੁਰਬਾਨੀਆਂ ਕਰਨ ਵਾਲਾ ਅਜਿਹਾ ਬਜ਼ੁਰਗ ਕਿਸੇ ਦੇਸ਼ ਵਿਰੋਧੀ ਸਾਜ਼ਿਸ਼ ਦਾ ਹਿੱਸਾ ਨਹੀਂ ਹੋ ਸਕਦਾ। ਨਿਆਂ ਅਧਿਕਾਰੀਆਂ ਨੂੰ ਇਸ ਪ੍ਰਸ਼ਨ ਦਾ ਸਾਹਮਣਾ ਵੀ ਕਰਨਾ ਪੈਣਾ ਹੈ ਕਿ ਉਨਾਂ ਨੂੰ ਅੰਤਰਿਮ ਜ਼ਮਾਨਤ ਕਿਉਂ ਨਹੀਂ ਦਿੱਤੀ ਜਾ ਸਕਦੀ।

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਇਹ ਇਕੱਲਾ ਅਜਿਹਾ ਕੇਸ ਨਹੀਂ ਹੈ ਅਤੇ ਸਟੈਨ ਸਵਾਮੀ ਨੂੰ ਸੱਚੀ ਸ਼ਰਧਾਂਜਲੀ ਅਜਿਹੇ ਸੈਂਕੜੇ ਕੇਸਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਨਿਰਦੋਸ਼ ਵਿਅਕਤੀਆਂ ਨੂੰ ਛੁਡਾਉਣ ਲਈ ਸਮੂਹਿਕ ਯਤਨ ਕਰਨਾ ਹੈ।ਸਿੱਖ ਖਾੜਕੂਵਾਦ ਦਾ ਇਸ ਤੋਂ ਵਖਰਾ ਕੇਸ ਨਹੀਂ ਜੋ ਜੇਲੀਂ ਹੁਣ ਤੱਕ ਬੰਦ ਹਨ।ਸਾਰੇ ਸੁਆਲਾਂ ਦਾ ਜੁਆਬ ਹੈ ਕਿ ਸਿਸਟਮ ਉਪਰ ਭ੍ਰਿਸ਼ਟ ਤੇ ਫਾਸ਼ੀਵਾਦੀ ਫਿਰਕੂ ਰਾਜਨੀਤੀ ਹਾਵੀ ਹੈ।

# ਸਟੇਨ ਸੁਆਮੀ ਦੀ ਮੌਤ ’ਤੇ ਲੋਕਤੰਤਰੀ ਸੰਸਥਾਵਾਂ ਦਾ ਕੱਚ ਸੱਚ



**ਅਮਰਜੀਤ ਅਰਪਨ**

ਉਹ ਜੋ ਚੌਰਾਸੀ ਸਾਲ ਦਾ ਹੋਵੇ.. ਉਹ ਜੋ ਕਈ ਬਿਮਾਰੀਆਂ ਨਾਲ ਗ੍ਰਸਤ ਹੋਵੇ.. ਹੱਥ ਕੰਬਦੇ ਹੋਣ.. ਉਠਣ ਬੈਠਣ ਲਈ ਸਹਾਰਾ ਭਾਲਦਾ ਹੋਵੇ.. ਤਿੰਨ ਜੁਲਾਈ ਨੂੰ ਤਾਰੀਖ ਲੱਗੀ ਹੋਣ ਉਪਰੰਤ ਕੋਰਟ ਕੋਲ ਸਮਾਂ ਨਾ ਹੋਣ ਕਾਰਨ ਛੇ ਜੁਲਾਈ ਦੇ ਦਿੱਤੀ ਗਈ ਹੋਵੇ ਅਤੇ ਉਹ ਬਿਮਾਰੀ ਤੋਂ ਪੀੜਤ ਬਿਰਧ ਤੰਗ ਆਇਆ ਤਰਲਾ ਮਾਰ ਰਿਹਾ ਹੋਵੇ ਕਿ ਜ਼ਮਾਨਤ ਨਾ ਮਿਲੀ ਤਾਂ ਮੈਂ ਮਰ ਜਾਵਾਂਗਾ ਤੇ ਉਹ ਸੱਚੀ ਅਗਲੀ ਤਾਰੀਖ਼ ਆਉਣ ਤੋਂ ਪਹਿਲਾਂ ‘ਲੋਕਤੰਤਰ ਦੇ ਕੋਹਜੇ ਚਿਹਰੇ’ ਤੋਂ ਪਰਦਾ ਹਟਾ ਕੇ ਚੱਲ ਵੱਸਿਆ।..ਏਸ ਨੂੰ ਮੌਤ ਕਹੀਏ ਜਾਂ ਹੱਤਿਆ ਜਾਂ ਲੋਕਤੰਤਰੀ ਸੰਸਥਾਵਾਂ ਦੀ ਹੱਤਿਆ ..ਕੀ ਕਹੀਏ? ਇਹ ਭਖਦਾ ਸੁਆਲ ਸਾਡੇ ਸਿਰ ਚੜ ਕੇ ਬੋਲ ਰਿਹਾ ਹੈ।

ਸੱਤਾਵਾਨਾਂ ਨੇ ਸਿਰਫ ਸੱਤਾ ਹੀ ਨਹੀਂ ਸੰਭਾਲਨੀ ਹੁੰਦੀ, ਬਲਕਿ ਸੰਵਿਧਾਨ ਦੀ ਮੂਲ ਭਾਵਨਾਵਾਂ ਦੀ ਰਾਖੀ ਦੇ ਨਾਲ ਨਾਲ ਲੋਕਤੰਤਰੀ ਸੰਸਥਾਵਾਂ ਨੂੰ ਲੋਕ ਹਿੱਤ ਲਈ ਸੁਚਾਰੂ ਢੰਗ ਨਾਲ ਵਰਤਣਾ ਵੀ ਹੁੰਦਾ ਹੈ। ਅਗਰ ਇਹ ਸਭ ਕੁੱਝ ਨਹੀਂ ਹੁੰਦਾ ਤਾਂ ਨਿਸਚੇ ਹੀ ਲੋਕਤੰਤਰ ਉਪਰ ਸੁਆਲ ਉਠਦਾ ਹੈ ਕਿ ਕੀ ਇਹ ਲੋਕਤੰਤਰ ਹੈ ਜਾਂ ਲੋਕਤੰਤਰ ਦੇ ਨਾਂ ’ਤੇ ਕੁੱਝ ਹੋਰ? ਲੋਕਤੰਤਰੀ ਦੀ ਭਾਵਨਾ ਨੂੰ ਸੱਟ ਇਹ ਨਹੀਂ ਕਿ ਮੋਦੀ ਸਰਕਾਰ ਵੇਲੇ ਹੀ ਵੱਜ ਰਹੀ ਹੈ, ਇਹ ਕੁਚੱਕਰ ਪਹਿਲੋਂ ਬਣੀਆਂ ਕਾਂਗਰਸ ਸਰਕਾਰਾਂ ਵੇਲੇ ਤੋਂ ਹੀ ਚੱਲਦਾ ਆ ਰਿਹਾ ਹੈ। ਪਰ ਇਹ ਗਲਤ ਰੁਝਾਨ ਮੋਦੀ ਸਰਕਾਰ ਵੇਲੇ ਕੁੱਝ ਜ਼ਿਆਦਾ ਹੀ ਮੁੱਖਰ ਹੋ ਗਿਆ ਹੈ। ਸਟੇਨ ਸੁਆਮੀ ਦੀ ਮੌਤ ਇਨਾਂ ਗਲਤ ਰੁਝਾਨਾਂ ਦਾ ਪ੍ਰਤਿਫਲ ਹੈ। ਅਜੋਕੀ ਸਰਕਾਰ ਦੀ ਸਾਰੀ ਦੀ ਸਾਰੀ ਕਾਰਗੁਜ਼ਾਰੀ ਜਿਵੇਂ ਇਸ ਗੱਲ ’ਤੇ ਲੱਗੀ ਹੋਵੇ ਕਿ ਵਿਰੋਧ ਦੀ ਸੁਰ ਨੂੰ ਕਿਵੇਂ ਦਬਾਉਣਾ ਹੈ। ਬੇਸ਼ੱਕ ਇਸ ਦੀ ਬਿਨਾਹ ’ਤੇ ਲੋਕਤੰਤਰੀ ਸੰਸਥਾਵਾਂ ਦਾ ਹਨਨ ਹੁੰਦਾ ਹੈ ਤਾਂ ਹੋਈ ਜਾਵੇ।... ਲੱਗਦੈ ਇਹ ਸਰਕਾਰ ਆਪਣੇ ਗੁਪਤ ਏਜੰਡੇ ’ਤੇ ਪੂਰੀ ਸ਼ਕਤੀ ਨਾਲ ਚੱਲ ਰਹੀ ਹੈ। ਉਹ ਇਹ ਕਿ ਕਾਰਪੋਰੇਟ ਪੋਸ਼ਤ ਹਿੰਦੂ ਰਾਸ਼ਟਰਵਾਦ ਦੀ ਉਸਾਰੀ ਲਈ ਜਿਵੇਂ ਟਿੱਲ ਲਾ ਰਹੀ ਹੋਵੇ।

ਆਪਣੇ ਹਿੰਦੂ ਰਾਸ਼ਟਰਵਾਦ ਦੀ ਉਸਾਰੀ ਖਾਤਰ ਮੋਦੀ ਸਰਕਾਰ ਤੇ ਉਸਦੀ ਰੀੜ ਦੀ ਹੱਡੀ ਆਰਐਸਐਸ, ਲੋਕਤੰਤਰੀ ਸੰਸਥਾਵਾਂ ਨੂੰ ਆਪਣੇ ਉਦੇਸ਼ਾਂ ਖਾਤਰ ਆਪਣੇ ਅਨੁਸਾਰ ਹੌਲੀ ਹੌਲੀ ਢਾਲ ਰਹੀਆਂ ਹਨ। ਇਉਂ ਲੱਗ ਰਿਹੈ ਕਿ ਤਮਾਮ ਸੰਸਥਾਵਾਂ ਹੌਲੀ ਹੌਲੀ ਖੋਰੇ ਵਿਚ ਲੱਗ ਰਹੀਆਂ ਹਨ। ਇਨਾਂ ਸੰਸਥਾਵਾਂ ਦਾ ਖੁਰਨਾ ਲੋਕਤੰਤਰੀ ਢਾਂਚੇ ਦੀ ਸ਼ਾਹਰੱਗ ਨੂੰ ਨੱਪਣ ਦੇ ਬਰਾਬਰ ਹੈ। ਇਹ ਰਸਤਾ ਲਾਜ਼ਮੀ ਹੀ ਡਿਕਟੇਟਰਸ਼ਿਪ ਵਾਲੇ ਪਾਸੇ ਤੁਰਦਾ ਹੈ। ਜਦੋਂ ਸਟੇਨ ਸੁਆਮੀ ਵਰਗੇ ਬ੍ਰਿਧ, ਬਿਮਾਰ ਜੇਲ ਦੀਆਂ ਸੀਖਾਂ ਅੰਦਰ ਮਰ ਰਹੇ ਹੋਣ ਤਾਂ ਜੁਡੀਸ਼ਰੀ ’ਤੇ ਵੀ ਸੁਆਲ ਆਉਂਦਾ ਹੈ।




ਇਸ ਵੇਲੇ ਜੁਡੀਸ਼ਰੀ ਤੋਂ ਲੋਕਾਂ ਦਾ ਭਰੋਸਾ ਚੁੱਕਿਆ ਜਾ ਰਿਹਾ ਹੈ। ਲੋਕਤੰਤਰ ਦੀ ਭਰੋਸੇਯੋਗ ਸੰਸਥਾ ਜੁਡੀਸ਼ਰੀ ਤੋਂ ਅਗਰ ਲੋਕਾਂ ਦਾ ਭਰੋਸਾ ਚੁੱਕਿਆ ਜਾ ਰਿਹਾ ਹੈ ਤਾਂ ਫਿਰ ਲਾਜ਼ਮੀ ਹੀ ‘ਬੱਗਲੇ ਦੇ ਚਿਹਰੇ ਹੇਠ ਕੋਈ ਚਲਾਕ ਕਾਂ’ ਪੈਰ ਪਸਾਰ ਰਿਹਾ ਹੈ। ਇਹ ਅਜੋਕੀ ਸਥਿਤੀ ਭਾਰਤ ਦੇ ਲੋਕਤੰਤਰ, ਲੋਕਤੰਤਰੀ ਸੰਸਥਾਵਾਂ, ਸੰਵਿਧਾਨ, ਧਰਮ ਨਿਰਪੱਖਤਾ ਤੇ ਸਮੁੱਚੇ ਕਿਰਤੀ, ਕਿਸਾਨਾਂ ਤੇ ਆਮ ਜਨਤਾ ਲਈ ਖ਼ਤਰੇ ਦੀ ਘੰਟੀ ਹੈ। ਸਟੇਨ ਸੁਆਮੀ ਦੀ ਮੌਤ ਇਕ ਵਿਸਲ ਬਲੋਅਰ ਦਾ ਸੰਦੇਸ਼ ਦੇ ਰਹੀ ਹੈ। ਇਸ ਮੌਜੂਦਾ ਸਮਿਆਂ ਦੌਰਾਨ ਬੁਧੀਜੀਵੀਆਂ, ਚਿੰਤਕਾਂ, ਵਿਦਿਆਰਥੀਆਂ, ਨੌਜਵਾਨਾਂ ਦਾ ਪਹਿਲਾਂ ਨਾਲੋਂ ਵੱਧ ਚੇਤੰਨ ਹੋਣਾ ਲਾਜ਼ਮੀ ਇਸ ਕਰਕੇ ਵੀ ਹੈ ਕਿ ਜਿਸ ਅੱਧੇ ਅਧੂਰੇ ਲੋਕਤੰਤਰ ਦੀ ਉਸਾਰੀ ਵਿਚ ਅਸੀਂ ਸਾਹ ਲੈਣ ਜੋਗੇ ਹੋਏ ਸੀ, ਉਸ ਲੋਕਤੰਤਰ ਦੀਆਂ ਪੌੜੀਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਜਾਰੀ ਹੈ। ਸਟੇਨ ਸੁਆਮੀ ਦੀ ਮੌਤ ਇਸ ਦੀ ਉਘੜਵੀਂ ਉਦਾਹਰਣ ਹੈ।

# ਕਿਸਾਨੀਅਤ ਦਾ ਰਿਸ਼ਤਾ



**ਮਿੰਟੂ ਬਰਾੜ**
+੬੧ ੪੩੪ ੨੮੯ ੬੦੫

ਕਿਸੇ ਥਾਂ ਨੂੰ ਭਾਗ ਹੁੰਦੇ ਹਨ ਕਿ ਉੱਥੇ ਸਦਾ ਹੀ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਜਦੋਂ ਦਾ ਪਿਛਲੇ ਚਾਰ ਕੁ ਸਾਲਾਂ ਦਾ ਆਹ ਸੰਤਰਿਆਂ ਵਾਲਾ ਬਾਗ਼ ਲਿਆ ਉਸ ਦਿਨ ਤੋਂ ਲੈ ਕੇ ਅੱਜ ਤੱਕ ਸ਼ਾਇਦ ਹੀ ਕੋਈ ਵੇਲਾ ਹੋਵੇ ਜਦੋਂ ਮੈਂ ਇੱਥੇ ਹੋਵਾਂ ਤੇ ਪ੍ਰਾਹੁਣੇ ਨਾ ਆਉਣ। ਸੋ ਅੱਜ ਵੀ ਪਹਿਲਾਂ ਸਮਰਾਲੇ ਵਾਲਾ ਛੋਟਾ ਵੀਰ ਤੇਜਿੰਦਰ ਆਪਣੇ ਪਰਿਵਾਰ ਨਾਲ ਆ ਗਿਆ। ਉਹ ਗਿਆ ਤਾਂ ਜਸਵਿੰਦਰ ਅਤੇ ਚੀਮਾ ਬਾਈ ਆ ਗਏ। ਨਾਲ ਉਨਾਂ ਦੇ ਐਡੀਲੇਡ ਵਾਲਾ ਵਿਕੀ ਬਾਈ ਵੀ ਸੀ। ਮੁੱਕਦੀ ਗੱਲ ਬਠਿੰਡੇ ਆਲ਼ੀ ਚਾਹ ਦੀ ਪਤੀਲੀ ਠੰਢੀ ਨਹੀਂ ਹੋਣ ਦਿੱਤੀ ਸਾਰਾ ਦਿਨ।

ਦੂਜੇ ਪਾਸੇ ਸੰਤਰਿਆਂ ਦੀ ਤੁੜਵਾਈ ਚੱਲ ਰਹੀ ਸੀ। ਐਤਕੀਂ ਕਾਮਿਆਂ ਦੀ ਘਾਟ ਕਾਰਨ ਕਾਫ਼ੀ ਦਿੱਕਤਾਂ ਆ ਰਹੀਆਂ ਹਨ। ਜਿਹੜਾ ਕੰਮ ਦੋ ਦਿਨਾਂ ਵਿਚ ਹੋ ਸਕਦਾ ਸੀ ਉਸ ਲਈ ਦੁੱਗਣੇ ਪੈਸੇ ਤੇ ਹਫ਼ਤੇ ਲੱਗ ਰਹੇ ਹਨ। ਜੇ ਅੱਠ ਦੱਸ ਕੁ ਕਾਮੇ ਲੱਗੇ ਹੋਣ ਤਾਂ ਬਿੰਨ ਚੱਕ-ਧਰ ਕਰਦੇ ਟਰੈਕਟਰ ਵਾਲੇ ਦੀ ਆਥਣ ਨੂੰ ਭੂਤਨੀ ਭੂਲਾ ਦਿੰਦੇ ਹਨ। ਅੱਜ ਸਿਰਫ਼ ਤਿੰਨ ਕੁ ਕਾਮੇ ਸਨ ਤੇ ਆਪਾਂ ਵੀ ਵਕਤ ਜਿਹਾ ਪਾਸ ਕਰ ਰਹੇ ਸੀ। ਪਰ ਆਥਣੇ ਜਿਹੇ ਜਦੋਂ ਮੈਂ ਕਤਾਰਾਂ ਵਿਚੋਂ ਬਿੰਨ ਬਾਹਰ ਕੱਢ ਰਿਹਾ ਸੀ ਤਾਂ ਅਚਾਨਕ ਦੋ ਅਧਖੜ ਜਿਹੀ ਉਮਰ ਦੇ ਗੋਰੇ ਸੰਤਰਿਆਂ ਦੇ ਵਿਚ ਵੜੇ ਫਿਰਨ। ਇੱਥੇ ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿਚ ਬਿਨਾਂ ਇਜਾਜ਼ਤ ਦੇ ਕੋਈ ਕਿਸੇ ਦੇ ਖੇਤ ਵਿਚੋਂ ਲੰਘਦਾ ਵੀ ਨਹੀਂ। ਉਨਾਂ ਮੈਨੂੰ ਦੇਖ ਕੇ ਹੱਥ ਚੱਕਿਆ। ਆਪਾਂ ਵੀ ਇਹ ਸੋਚ ਕੇ ਟਰੈਕਟਰ ਬੰਦ ਕਰ ਲਿਆ ਕਿ ਲਗਦਾ ਹੋਰ ਪ੍ਰਾਹੁਣੇ ਆ ਗਏ। ਮੈਂ ਟਰੈਕਟਰ ਤੋਂ ਉੱਤਰ ਕੇ ਉਨਾਂ ਕੋਲ ਆ ਗਿਆ। ਉਨਾਂ ਵਿਚੋਂ ਇਕ ਕਹਿੰਦਾ ਮਾਫ਼ ਕਰਨਾ ਅਸੀਂ ਤਾਂ ਕੰਮ ਚਲਦਾ ਦੇਖ ਕੇ ਹੱਸਦੇ ਹੱਸਦੇ ਏਧਰ ਨੂੰ ਆ ਗਏ।

ਮੇਰੇ 'ਕੋਈ ਨਾ' ਕਹਿਣ ਤੇ ਜਦੋਂ ਨੂੰ ਉਹ ਗੱਲ ਅੱਗੇ ਤੋਰਦੇ ਮੇਰੇ ਜ਼ਿਹਨ ਵਿਚ ਅਚਾਨਕ ਦੋ ਗੱਲਾਂ ਚੇਤੇ ਆ ਗਈਆਂ। ਇਕ ਤਾਂ ਇਹ ਕਿ ਸ਼ਿਕਾਰ ਆਪ ਹੀ ਪਿੰਜਰੇ ਵਿਚ ਆ ਗਿਆ। ਉਨਾਂ ਨੂੰ ਨਹੀਂ ਸੀ ਪਤਾ ਕਿ ਮੈਨੂੰ ਜੇ ਦੋ ਕੁ ਘੰਟੇ ਮਗ਼ਜ਼ ਖਾਣ ਨੂੰ ਸਰੋਤਾ ਨਾ ਮਿਲੇ ਮੈਂ ਤਾਂ ਭੁੱਖਾ ਮਰ ਜਾਵਾਂ। ਦੂਜੇ ਮੈਨੂੰ ਪੰਜਾਬ ਦੇ ਉਸ ਬੁਰੇ ਦੌਰ ਦੀ ਗੱਲ ਚੇਤੇ ਆ ਗਈ ਜਦੋਂ ਪੰਜਾਬ ਦੀ ਜਵਾਨੀ ਨੂੰ ਸਰਕਾਰ ਗਿਰਝਾਂ ਵਾਂਗ ਪੈਂਦੀ ਸੀ। ਵੇਲੇ-ਕੁਵੇਲੇ ਤਾਂ ਦੂਰ ਦੀ ਗੱਲ ਦਿਨ ਢਲਦੇ ਵੀ ਕੋਈ ਪਰਿਵਾਰ ਆਪਣੇ ਜਵਾਨ ਪੁੱਤਰ ਨੂੰ ਬਾਹਰ ਨਾ ਜਾਣ ਦਿੰਦਾ। ਪਰ ਜਵਾਨੀ ਅੱਥਰੀ ਹੁੰਦੀ ਹੈ ਉਹ ਕਿੱਥੇ ਰੋਕਿਆਂ ਰੁਕਦੀ। ਇਕ ਦਿਨ ਮੇਰਾ ਹਾਣੀ ਭੂਆ ਦਾ ਪੁੱਤ ਬੱਬੀ ਚੱਠਾ ਅਤੇ




ਉਹਦੇ ਮਿੱਤਰ ਨੀਟਾ ਸਰਦਾਰ ਅਤੇ ਸ਼ੇਖਰ ਤਲਵੰਡੀ ਜੋ ਅੱਜ ਕੱਲ ਇਕ ਸਥਾਪਿਤ ਗੀਤਕਾਰ ਹੈ। 'ਸਾਬੋ ਕੀ ਤਲਵੰਡੀ' ਦੇ ਬਾਹਰ-ਬਾਹਰ ਇਕ ਮੈਦਾਨ ਵਿਚ ਕਸਰਤ ਕਰਨ ਬਹਾਨੇ ਇਕੱਠੇ ਜਾ ਪੁੱਜੇ। ਮੈਦਾਨ ਦੇ ਦੱਖਣ ਆਲ਼ੇ ਪਾਸੇ ਸੀ.ਆਰ. ਪੀ.ਐੱਫ. ਦਾ ਕੈਂਪ ਲੱਗਿਆ ਹੁੰਦਾ ਸੀ। ਕੈਂਪ 'ਚੋਂ ਕੁੱਕਰ ਦੀਆਂ ਸੀਟੀਆਂ ਸੁਣ ਕੇ ਬੱਬੀ ਕਹਿੰਦਾ ਆਜੋ ਓਏ ਫ਼ੌਜੀਆਂ ਕੋਲੋਂ ਮੀਟ-ਸ਼ੀਟ ਖਾ ਕੇ ਆਈਏ। ਨੀਟਾ ਬਾਈ ਕਹਿੰਦਾ ਉਹ ਤਾਂ ਕਿਤੇ ਤੇਰਾ ਕੌਲਾ ਨਾ ਭਰ ਦੇਣ, ਮਰਵਾਏਂਗਾ ਕਿ ? ਪਰ ਗੱਲਾਂ ਬਾਤਾਂ ਵਿਚ ਬੱਬੀ ਨੂੰ ਜਿੱਤਣਾ ਔਖਾ, ਸੋ ਉਸ ਨੇ ਦੋ ਚਾਰ ਉਦਾਹਰਨਾਂ ਮੌਕੇ 'ਤੇ ਘੜ ਸੁਣਾਈਆਂ ਤੇ ਚਲੋ ਜੀ ਗੱਲਾਂ ਕਰਦੇ ਕਰਾਉਂਦੇ ਉੱਥੇ ਪਹੁੰਚ ਗਏ। ਸੀ.ਆਰ.ਪੀ .ਆਲ਼ਿਆਂ ਨੇ ਅਣਜਾਣ ਜਿਹੇ ਗੱਭਰੂ ਨਿਧੜਕ ਹੀ ਕੈਂਪ ਵਿਚ ਵੜਦੇ ਦੇਖ ਬੰਦੂਕਾਂ ਤਣ ਲਈਆਂ, ਕਹਿੰਦੇ ਕਰ ਲਵੋ ਓਏ ਹੱਥ ਖੜੇ। ਦੋ ਚਾਰ ਕੁ ਮਿੰਟਾਂ ਵਿਚ ਜਦੋਂ ਉਨਾਂ ਆਲ਼ੇ ਦੁਆਲ਼ੇ ਗੇੜੇ ਜਿਹੇ ਖਾ ਕੇ ਦੇਖਿਆ ਵੀ ਲਗਦੇ ਤਾਂ ਸ਼ਰੀਫ਼ਜ਼ਾਦੇ ਹੀ ਆ, ਉਨਾਂ ਦਾ ਅਫ਼ਸਰ ਗੜਕ ਕੇ ਬੋਲਿਆ ਕਿਸ ਕੇ ਆਦਮੀ ਹੋ ? ਕਿਸ ਨੇ ਭੇਜਾ ਤੁਮੇ ਕੈਂਪ ਮੈਂ ? ਤੁਮਾਹਰੇ ਹਥਿਆਰ ਕਹਾਂ ਹੈ ?

ਚੌਧਰੀਆਂ ਦੇ ਮੁੰਡੇ ਸ਼ੇਖਰ ਨੇ ਸੋਚਿਆ ਕਿ ਚਲੋ ਅਫ਼ਸਰ ਦੀ ਹਿੰਦੀ ਦਾ ਜਵਾਬ ਇਨਾਂ 'ਚੋਂ ਮੈਂ ਹੀ ਵਧੀਆ ਦੇ ਸਕਦਾ। ਤਾਂ ਅਫ਼ਸਰ ਨੂੰ ਮੁਖ਼ਾਤਬ ਹੁੰਦਿਆਂ ਕਹਿੰਦਾ ਜਨਾਬ ਹਮ ਤੋ ਊਂਈ ਹਾਸਤੇ-ਹਾਸਤੇ ਇੱਧਰ ਕੋ ਚਲੇ ਆਏ। ਨੀਟਾ ਸਰਦਾਰ ਵਿਚੋਂ ਟੋਕਦਾ ਕਹਿੰਦਾ ਊਂਈ ਤਾਂ ਨਹੀਂ ਆਏ ਜੀ ਆਹ ਚੱਠਾ ਲੈ ਕੇ ਆਇਆ, ਕਹਿੰਦਾ ਤੁਸੀਂ ਮੀਟ ਬਹੁਤ ਸਵਾਦ ਬਣਾਉਂਦੇ ਹੋ ਤੇ ਖਾਣ ਨੂੰ ਵੀ ਵੱਡੇ-ਵੱਡੇ ਕੌਲਿਆਂ ਵਿਚ ਦਿੰਦੇ ਹੋ। ਸਾਰਿਆਂ ਦੇ ਹਾਸੇ ਨੇ ਮਾਹੌਲ ਖ਼ੁਸ਼ਗਵਾਰ ਕਰ ਦਿੱਤਾ ਤੇ ਸਾਨੂੰ ਤਾਅ ਜ਼ਿੰਦਗੀ ਲਈ ਇਹ ਡਾਇਲਾਗ ਮਿਲ ਗਿਆ। ਅਕਸਰ ਹੁਣ ਵੀ ਜਦੋਂ ਅਸੀਂ ਜੁੰਡੀ ਦੇ ਯਾਰ ਇਕੱਠੇ ਹੁੰਦੇ ਹਾਂ ਤਾਂ ਇਸ ਗੱਲ ਦਾ ਜ਼ਿਕਰ ਕਰਨਾ ਨਹੀਂ ਭੁੱਲਦੇ ਕਿ 'ਊਂਈ ਹਾਸਤੇ-ਹਾਸਤੇ ਇੱਧਰ ਕੋ ਚਲੇ ਆਏ।'

ਖੜ ਜੋ ਯਾਰ ! ਮੇਰੇ ਵਿਚ ਵੀ ਇਹ ਕਮੀ ਆ। ਵਿਸ਼ੇ ਤੋਂ ਭਟਕ ਜਾਣਾ। ਗੱਲ ਰਿਵਰਲੈਂਡ ਤੋਂ ਤੋਰ ਕੇ ਸਾਢੇ ਤਿੰਨ ਦਹਾਕੇ ਪਿੱਛੇ 'ਤਲਵੰਡੀ ਸਾਬੋ ਕੀ' ਲੈ ਵੜਿਆ। ਚਲੋ ਮੁੱਦੇ ਤੇ ਆਉਂਦੇ ਹਾਂ। ਜਦੋਂ ਮੈਨੂੰ ਅਹਿਸਾਸ ਹੋਇਆ ਕਿ ਇਹ ਸੱਜਣ ਵੀ ਊਂਈ ਹਾਸਤੇ-ਹਾਸਤੇ ਆਪਣੇ ਕੋਲ ਆ ਹੀ ਗਏ ਹਨ ਤਾਂ ਇਨਾਂ ਦੀ ਸੇਵਾ ਕਰਨੀ ਬਣਦੀ ਹੈ। ਮੀਟ ਦੇ ਕੌਲੇ ਨਹੀਂ ਤਾਂ ਆਪਾਂ ਚਾਹ ਪਾਣੀ ਤਾਂ ਛਕਾ ਹੀ ਸਕਦੇ ਹਾਂ। ਜਦੋਂ ਮੈਂ ਉਨਾਂ ਨੂੰ ਕਿਹਾ ਕਿ ਮੇਰਾ ਨਾਂ ਮਿੰਟੂ ਬਰਾੜ ਹੈ ਤੇ ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਤਾਂ, ਮੈਨੂੰ ਉਹਨਾਂ ਵਿਚੋਂ ਇਕ ਨੇ ਆਪਣਾ ਨਾਮ ਜੌਨ ਅਤੇ ਦੂਜੇ ਨੇ ਪਾਲ ਦੱਸਦਿਆਂ, ਕਹਿੰਦੇ ਅਸੀਂ ਸੈਲਾਨੀ ਹਾਂ ਪੱਛਮੀ ਆਸਟ੍ਰੇਲੀਆ ਤੋਂ ਆਏ ਹਾਂ। ਪਰਥ ਤੋਂ ਵੀ ਅਗਾਂਹ ਨੈਰੋਜਨ ਸ਼ਹਿਰ ਦੇ ਲਾਗੇ ਪਿਸੇਵਿਲ ਸਾਡਾ ਪਿੰਡ ਹੈ। ਘਰੋਂ ਨਿਕਲਿਆਂ ਨੂੰ ਤਾਂ ਕਈ ਹਫ਼ਤੇ ਹੋ ਗਏ ਪਰ ਇੱਥੇ ਪਿਛਲੇ ਦੋ ਕੁ ਦਿਨਾਂ ਤੋਂ ਤੁਹਾਡੇ ਇਸ ਪਿੰਡ ਦੇ ਕੈਰੇਵਾਨ ਪਾਰਕ ਵਿਚ ਠਹਿਰੇ ਹੋਏ ਹਾਂ। ਅਸਲ ਵਿਚ ਕਿੱਤੇ ਵਜੋਂ ਅਸੀਂ ਵੀ ਕਿਸਾਨ ਹਾਂ। ਸੋ ਕਿਸਾਨੀਅਤ ਦਾ ਰਿਸ਼ਤਾ ਸਾਨੂੰ ਖਿੱਚ ਕੇ ਤੇਰੇ ਟਰੈਕਟਰ ਦੀ ਆਵਾਜ਼ ਕੋਲ ਲੈ ਆਇਆ। (ਇੱਥੇ ਜ਼ਿਕਰਯੋਗ ਹੈ ਕਿ ਇਹ ਕੈਰੇਵਾਨ ਪਾਰਕ ਮੇਰੇ ਖੇਤ ਦੀ ਚੜਦੇ ਪਾਸੇ ਆਲ਼ੀ ਗੁੱਠ ਦੇ ਨਾਲ ਲਗਦਾ।) ਉਨਾਂ ਦੀ ਇਹ ਖਿੱਚ ਮੇਰੇ ਵੀ ਧੁਰ ਅੰਦਰ ਤੱਕ ਲਹਿ ਗਈ। ਇਕ-ਇਕ ਕਰ ਕੇ ਉੱਧੜਨ ਲੱਗ ਪਏ ਅਸੀਂ ਤਿੰਨੇ। ਵਪਾਰੀਆਂ ਕੋਲ ਵਪਾਰ ਦੀਆਂ ਗੱਲਾਂ, ਜੁਆਰੀਆਂ ਕੋਲ ਜੂਏ ਦੀਆਂ ਤੇ ਕਿਸਾਨ ਦੁਨੀਆ ਦੇ ਭਾਵੇਂ ਕਿਸੇ ਵੀ ਕੋਨੇ ਵਿਚ ਹੋਵੇ ਉਨਾਂ ਕੋਲ ਅਖੀਰ ਬਹੁਮੁੱਲੀਆਂ ਫ਼ਸਲਾਂ ਦੀ ਪੈਂਦੀ ਘਟ ਕੀਮਤ ਦੀਆਂ ਗੱਲਾਂ, ਦਿਨੋਂ ਦਿਨ ਹੁੰਦੀ ਮਹਿੰਗੀ ਮਜ਼ਦੂਰੀ ਦੀਆਂ ਗੱਲਾਂ ਅਤੇ ਅਖੀਰ ਸਰਕਾਰਾਂ ਲਈ ਬਦਦੁਆਵਾਂ ਹੀ ਹੁੰਦੀਆਂ ਹਨ।

ਜੌਨ ਜੋ ਕਿ ਭੇਡਾਂ ਦਾ ਫਾਰਮ ਚਲਾਉਂਦਾ ਹੈ ਕਹਿੰਦਾ ਪਿਛਲੇ ਵਰੇ ਇਕ ਭੇਡ ਦੀ ਮੁਨਾਈ ਡੂਢ ਡਾਲਰ ਸੀ ਤੇ ਐਤਕੀਂ ਸਾਢੇ ਚਾਰ ਦਿੱਤੇ ਆ ਮੈਂ। ਕਾਮਾ ਤਾਂ ਆਥਣ ਨੂੰ ਦੋ ਸੌ ਭੇਡਾਂ ਮੁੰਨ ਕੇ ਅੱਠ-ਨੌਂ ਸੌ ਬਣਾ ਲੈਂਦਾ ਤੇ ਸਾਡੇ ਸਾਰਾ ਸਾਲ ਭੇਡਾਂ ਨਾਲ ਘੁਲ ਕੇ ਵੀ ਪੱਲੇ ਏਦੂੰ ਘੱਟ ਪੈਂਦੇ ਹਨ। ਪਾਲ ਜੋ ਕਿ ਕਣਕ ਅਤੇ ਸਰੋਂ ਆਦਿ ਦੀ ਖੇਤੀ ਕਰਦਾ ਕਹਿੰਦਾ, ਕਾਰਪੋਰੇਟ ਘਰਾਣੇ ਸਿਰੇ ਦੀ ਅਤੇ ਇਕ ਸਾਰ ਫ਼ਸਲ ਭਾਲਦੇ ਆ। ਕੋਈ ਪੁੱਛੇ ਉਨਾਂ ਨੂੰ ਵੀ ਇਹ ਕਿਹੜਾ ਕਿਸੇ ਫ਼ਰਮੇ ਵਿਚ ਪਾ ਕੇ ਬਣਦੀ ਆ ਇਹ ਤਾਂ ਕੁਦਰਤ ਦੀ ਖੇਡ ਆ ਮੋਟੀ ਬਰੀਕ ਵੀ ਹੋ ਸਕਦੀ ਹੈ ਤੇ ਵਿੰਗੀ ਟੇਢੀ ਵੀ ਹੋ ਸਕਦੀ ਹੈ। ਮੈਂ ਵਿੱਚੇ ਟੋਕ ਕੇ ਕਿਹਾ ਹਾਂ ਆਹੀ ਕਸੂਰ ਐਤਕੀਂ ਸਾਡੀਆਂ ਮਿਰਚਾਂ ਤੋਂ ਹੋ ਗਿਆ ਉਹ ਥਲੋਂ ਚੁੰਝ ਜਿਹੀ ਵਿੰਗੀ ਕਰ ਗਈਆਂ ਤੇ ਬਜ਼ਾਰ ਆਲ਼ੇ ਕਹਿੰਦੇ ਇਹ ਤਾਂ ਕਿਸੇ ਕੰਮ ਦੀਆਂ ਨਹੀਂ ਬਿੰਨ ਵਿਚ ਮਾਰੋ। ਹਾਰ ਕੇ ਖੜੀਆਂ ਵਾਹੁਣੀਆਂ ਪਈਆਂ।

ਜੌਨ ਕਹਿੰਦਾ ਲੋਕ ਖ਼ਬਰਾਂ ਸੁਣ ਕੇ ਪੁੱਛ ਲੈਂਦੇ ਹਨ ਕਿ ਐਤਕੀਂ ਤਾਂ ਕਣਕ ਦਾ ਭਾਅ 280 ਡਾਲਰ ਨੂੰ ਟਨ ਹੈ, ਸੋਹਣੇ ਪੈਸੇ ਬਣ ਗਏ ਹੋਣਗੇ ?

ਪਰ ਉਨਾਂ ਨੂੰ ਕੀ ਦੱਸੀਏ ਵੀ 280 ਨੂੰ ਤਾਂ ਉਹ ਕਣਕ ਵਿਕਦੀ ਆ ਜੋ ਦੇਖਣ ਨੂੰ ਬੱਸ ਮੋਤੀਆਂ ਵਰਗੀ ਹੋਵੇ। ਪਰ ਜਦੋਂ ਪੱਕੀ ਫ਼ਸਲ 'ਤੇ ਚਾਰ ਕਣੀਆਂ ਪੈ ਜਾਂਦਿਆਂ ਹਨ ਤਾਂ ਉਹ ਭਾਅ ਵਿਚ ਪੰਜਾਹ ਫ਼ੀਸਦੀ ਕਾਟ ਲਾ ਕੇ ਲੈਂਦੇ ਹਨ ਅਤੇ ਜੇ ਥੋੜਾ ਜਿਹਾ ਵੱਧ ਮੀਂਹ ਪੈ ਜਾਵੇ ਪੱਕੀ ਫ਼ਸਲ 'ਤੇ ਤਾਂ ਪਹਿਲੀ ਗੱਲ ਤਾਂ ਫ਼ਸਲ ਹੀ ਅੱਧੀ ਹੁੰਦੀ ਹੈ ਤੇ ਜਿਹੜੀ ਹੁੰਦੀ ਹੈ ਉਸ ਨੂੰ ਖ਼ਰੀਦਣ ਤੋਂ ਨਾਂਹ ਕਰ ਦਿੰਦੇ ਹਨ ਤੇ ਉਹ ਰਹਿ ਜਾਂਦੀ ਹੈ ਪਸ਼ੂਆਂ ਦੀ ਖ਼ੁਰਾਕ ਦੇ ਭਾਅ ਦੀ। ਆਖ਼ਿਰ ਨੂੰ ਕਿਸਾਨ ਉਤਾਂਹ ਨੂੰ ਮੂੰਹ ਚੱਕ ਕੇ ਕਹਿੰਦਾ ਰਹਿ ਜਾਂਦਾ ਕਿ ਜਦੋਂ ਲੋੜ ਸੀ ਕਣੀਆਂ ਪਾਈਆਂ ਨਹੀਂ ਤੇ ਜਦੋਂ ਚਾਰ ਦਾਣੇ ਪੱਕੇ ਤਾਂ ਤੇਰੇ ਯਾਦ ਆ ਗਿਆ।

**ਬਾਕੀ ਸਫ਼ਾ 27 'ਤੇ**

# ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ ਅਤੇ ਇਸਦਾ ਪ੍ਰਭਾਵ

**ਪ੍ਰਭਜੋਤ ਕੌਰ ਢਿੱਲੋਂ**

ਕਿਸਾਨ ਅੰਦੋਲਨ ਅੱਜ ਹਰ ਬੱਚੇ ਜਵਾਨ ਅਤੇ ਬਜ਼ੁਰਗ ਦੇ ਜਿਹਨ ਵਿੱਚ ਵਸ ਚੁੱਕਿਆ ਹੈ। ਇਸ ਤੋਂ ਪਹਿਲਾਂ ਵਧੇਰੇ ਲੋਕਾਂ ਨੂੰ ਕਿਸਾਨ ਜਥੇਬੰਦੀਆਂ ਬਾਰੇ ਪਤਾ ਹੀ ਨਹੀਂ ਸੀ। ਸ਼ਾਇਦ ਸਰਕਾਰਾਂ ਵਿੱਚ ਬੈਠੇ ਸਿਆਸਤਦਾਨ ਵੀ ਉਨਾਂ ਨੂੰ ਸਮਝਣ ਵਿੱਚ ਗਲਤੀ ਕਰ ਗਏ। ਖੈਰ, ਕੁਦਰਤ ਦਾ ਇੱਕ ਨਿਯਮ ਹੈ ਕਿ ਜਦੋਂ ਅੱਤਿਆਚਾਰ ਬਹੁਤ ਵਧ ਜਾਏ ਤਾਂ ਬਦਲਾਅ ਹੁੰਦਾ ਹੈ। ਕੁਦਰਤ ਨੇ ਬਦਲਾਅ ਦੇ ਰਸਤੇ ਵੀ ਆਪ ਹੀ ਬਣਾਉਣੇ ਹੁੰਦੇ ਹਨ। ਇਸ ਵਕਤ ਸਿਆਸਤਦਾਨਾਂ ਨੇ, ਹਰ ਪਾਰਟੀ ਨੇ ਲੋਕਾਂ ਨੂੰ ਸਿਰਫ਼ ਵੋਟਾਂ ਪਾਉਣ ਤਕ ਵਰਤਣਾ ਸ਼ੁਰੂ ਕੀਤਾ ਹੋਇਆ ਹੈ। ਚੋਣ ਜਿੱਤਣ ਤੋਂ ਬਾਅਦ, ਜਿਨਾਂ ਲੋਕਾਂ ਨੂੰ ਸਾਸਤਾਨ ਪਹਿਲਾਂ ਗੱਲਵਕੜੀਆਂ ਪਾਉਂਦੇ ਹੁੰਦੇ ਹਨ, ਉਨਾਂ ਤੋਂ ਹੀ ਬਦਬੂ ਆਉਣ ਲੱਗ ਜਾਂਦੀ ਹੈ, ਉਨਾਂ ਤੋਂ ਹੀ ਖਤਰਾ ਪੈਦਾ ਹੋ ਜਾਂਦਾ ਹੈ।

ਖੈਰ, ਕੇਂਦਰ ਸਰਕਾਰ ਨੇ ਆਪਣੇ ਅਧਿਕਾਰ ਤੋਂ ਬਾਹਰ ਹੋ ਕੇ, ਘੁਮਾ ਫਿਰਕੇ ਤਿੰਨ ਖੇਤੀ ਕਾਨੂੰਨ ਪਾਸ ਕਰ ਦਿੱਤੇ। ਕਿਸਾਨ ਜਥੇਬੰਦੀਆਂ ਨੇ ਇਸਦੀ ਤਾਸੀਰ ਨੂੰ ਚੰਗੀ ਤਰਾਂ ਸਮਝਿਆ ਅਤੇ ਲੋਕਾਂ ਨੂੰ ਇੰਨਾ ਬਾਰੇ ਦੱਸਿਆ। ਕਿਸਾਨ ਜਥੇਬੰਦੀਆਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਹ ਲੋਕਾਂ ਨੂੰ ਇਨਾਂ ਬਿੱਲਾਂ ਬਾਰੇ ਸਮਝਾਉਣ ਵਿੱਚ ਕਾਮਯਾਬ ਹੋ ਗਈਆਂ। ਦੂਸਰਾ ਵੱਡਾ ਕਦਮ ਇਹ ਸੀ ਕਿ ਪੰਜਾਬ ਦੀਆਂ ਜਥੇਬੰਦੀਆਂ ਇਕੱਠੀਆਂ ਹੋ ਗਈਆਂ। ਹਰਿਆਣਾ ਦਾ ਨਾਲ ਜੁੜਨਾ ਇਸ ਕਿਸਾਨ ਅੰਦੋਲਨ ਨੂੰ ਹੋਰ ਮਜ਼ਬੂਤ ਕਰ ਗਿਆ।

ਪੰਜਾਬ ਤੋਂ ਉੱਠੀ ਅਵਾਜ਼ ਹੌਲੀ ਹੌਲੀ ਅੱਗੇ ਵਧਣ ਲੱਗੀ। ਯੂ.ਪੀ. ਤੋਂ ਕਿਸਾਨ ਜਥੇਬੰਦੀਆਂ ਦਾ ਜੁੜਨਾ ਅਤੇ ਰਾਜਸਥਾਨ ਦਾ ਨਾਲ ਆਉਣਾ ਅੰਦੋਲਨ ਨੂੰ ਹੋਰ ਤਕੜਾ ਕਰ ਗਿਆ। ਪੜਿਆ ਲਿਖਿਆ ਹੋਣ ਅਤੇ ਤਜਰਬੇਕਾਰ ਹੋਣ ਵਿੱਚ ਫਰਕ ਇਸ ਅੰਦੋਲਨ ਨੇ ਸਾਫ ਸਮਝਾ ਦਿੱਤਾ। ਜਿਸ ਦਿਨ ਇਹ ਅੰਦੋਲਨ ਪੰਜਾਬ ਤੋਂ ਦਿੱਲੀ ਵੱਲ ਨੂੰ ਤੁਰਿਆ ਸੀ ਤਾਂ ਹਰ ਕਿਸਾਨ ਆਗੂ ਕਹਿ ਰਿਹਾ ਸੀ ਕਿ ਛੇ ਮਹੀਨੇ ਦਾ ਰਾਸ਼ਨ ਨਾਲ ਲੈ ਕੇ ਚੱਲੇ ਹਾਂ। ਇਹ ਸੁਣ ਕੇ ਤਕਰੀਬਨ ਸਾਰਿਆਂ ਨੂੰ ਹੈਰਾਨੀ ਹੁੰਦੀ ਸੀ। ਅਸਲ ਵਿੱਚ ਆਮ ਲੋਕਾਂ ਨੇ ਇਹ ਸੋਚਿਆ ਹੀ ਨਹੀਂ ਸੀ ਕਿ ਕੇਂਦਰ ਸਰਕਾਰ ਇਵੇਂ ਅੜੀ ਕਰੇਗੀ ਜਾਂ ਘੇਸਲ ਮਾਰੇਗੀ। ਇਸ ਵਕਤ ਇਹ ਕਿਸਾਨ ਅੰਦੋਲਨ ਤੋਂ ਜਨ ਅੰਦੋਲਨ ਬਣ ਗਿਆ ਹੈ। ਸਾਬਕਾ ਸੈਨਿਕਾਂ, ਮੁਲਾਜ਼ਮਾਂ, ਮਜ਼ਦੂਰਾਂ, ਸਰਕਾਰੀ ਅਫਸਰਾਂ, ਵਪਾਰੀਆਂ, ਹਰ ਕਿਸੇ ਨੇ ਕਿਸਾਨਾਂ ਨੂੰ ਖੁੱਲ ਕੇ ਸਮਰਥਨ ਦਿੱਤਾ। ਲੋਕ ਕਈ ਵਾਰ ਕਹਿੰਦੇ ਹਨ, ਪੰਜਾਬੀ ਪੰਜ ਮਿੰਟ ਵਿੱਚ ਆਇਆ ਕਹਿ ਕੇ ਸਾਰਾ ਦਿਨ ਨਹੀਂ ਮੁੜਦੇ, ਇਹ ਤਾਂ ਛੇ ਮਹੀਨਿਆਂ ਦਾ ਰਾਸ਼ਨ ਲੈ ਕੇ ਤੁਰੇ ਹਨ, ਵੇਖੋ ਕਦੋਂ ਜਿੱਤ ਕੇ ਮੁੜਦੇ ਹਨ। ਐਵੇਂ ਉੱਠਕੇ ਆਉਣ ਵਾਲੀ ਗੱਲ ਤਾਂ ਕਦੇ ਕਿਸੇ ਨੇ ਕੀਤੀ ਹੀ ਨਹੀਂ।

ਇਸ ਅੰਦੋਲਨ ਦੀ ਇੱਕ ਹੋਰ ਖਾਸ ਪ੍ਰਾਪਤੀ ਹੈ ਕਿ ਇਸ ਵਿੱਚ ਹਰ ਕੋਈ ਜਾਤ-ਪਾਤ, ਧਰਮ ਅਤੇ ਅਮੀਰੀ ਗਰੀਬੀ ਤੋਂ ਉੱਪਰ ਉੱਠ ਕੇ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੀ ਹੱਦ 'ਤੇ ਬੈਠਾ ਹੈ। ਆਪਸੀ ਸਾਂਝ ਦਾ ਨਵਾਂ ਨਜ਼ਾਰਾ ਵੇਖਣ ਨੂੰ ਮਿਲ ਰਿਹਾ ਹੈ। ਹਰ ਕੋਈ ਆਪਣੇ ਆਪ ਨੂੰ ਕਿਸਾਨ ਹੀ ਕਹਿ ਰਿਹਾ ਹੈ। ਹਿੰਦੂ, ਸਿੱਖ, ਮੁਸਲਮਾਨ ਅਤੇ ਇਸਾਈ ਦਾ ਭੇਦ ਕਿਸੇ ਦੀ ਸੋਚ ਦਾ ਹਿੱਸਾ ਹੀ ਨਹੀਂ ਹੈ। ਬਜ਼ੁਰਗਾਂ ਦੀ ਸਿਆਣਪ ਅਤੇ ਨੌਜਵਾਨਾਂ ਦਾ ਜੋਸ਼ ਇਕੱਠਾ ਕੰਮ ਕਰ ਰਹੇ ਹਨ। ਬਜ਼ੁਰਗ ਕਿਸਾਨ ਆਗੂ ਨੌਜਵਾਨਾਂ ਨੂੰ ਇਹ ਸਮਝਾਉਣ ਵਿੱਚ ਵੀ ਸਫਲ ਹੋਏ ਹਨ ਕਿ ਜਿੱਤ ਸ਼ਾਂਤ ਰਹਿਣ ਵਿੱਚ ਹੀ ਹੈ। ਇਕੱਠੇ ਹੋ ਕੇ ਚੱਲਣਾ, ਅਨੁਸ਼ਾਸਨ ਵਿੱਚ ਰਹਿਣਾ ਸਫਲਤਾ ਦੀ ਕੁੰਜੀ ਹੈ। ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦਾ ਇੰਨੇ ਲੰਮੇ ਸਮੇਂ ਤੋਂ ਸ਼ਾਂਤਮਈ ਬੈਠਣਾ ਅਤੇ ਅੰਦੋਲਨ ਨੂੰ ਚਲਾਉਣ ਕਰਕੇ ਇਹ ਦੁਨੀਆਂ ਦਾ ਪਹਿਲਾ ਲੰਮਾ ਅੰਦੋਲਨ ਬਣ ਗਿਆ ਹੈ। ਇਸ ਅੰਦੋਲਨ ਨੇ ਨੌਜਵਾਨ ਪੀੜੀ ਨੂੰ ਮੁਸ਼ਕਿਲਾਂ ਨਾਲ ਜੂਝਣਾ ਅਤੇ ਹੱਥੀਂ ਕੰਮ ਕਰਨ ਵਾਲੇ ਪਾਸੇ ਲਗਾ ਦਿੱਤਾ ਹੈ। ਇਸ ਵਕਤ ਦਿੱਲੀ ਦੇ ਆਸ-ਪਾਸ ਅਤੇ ਆਪੋ ਆਪਣੇ ਰਾਜਾਂ ਵਿੱਚ ਕਿਸਾਨਾਂ ਨੇ ਮੋਰਚੇ ਲਗਾਏ ਹੋਏ ਹਨ ਅਤੇ ਸਭ ਕੁਝ ਸੰਯੁਕਤ ਮੋਰਚੇ ਦੇ ਆਗੂਆਂ ਦੀਆਂ ਹਦਾਇਤਾਂ ਮੁਤਾਬਿਕ ਹੁੰਦਾ ਹੈ। ਇੰਨਾ ਅਨੁਸ਼ਾਸਨ ਵੀ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ। ਹਰ ਨੌਜਵਾਨ ਕਿਸਾਨ ਆਗੂਆਂ ਵਲੋਂ ਦਿੱਤੇ ਜਾਣ ਵਾਲੇ ਪ੍ਰੋਗਰਾਮ ਦੀ ਤਨਦੇਹੀ ਨਾਲ ਪਾਲਣਾ ਕਰਦਾ ਹੈ। ਵੇਹਲੜਾਂ ਲਈ ਇਸ ਵਿੱਚ ਕੋਈ ਥਾਂ ਨਹੀਂ। ਹਕੀਕਤ ਇਹ ਹੈ ਕਿ ਸਾਡੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਨੇ ਨੌਜਵਾਨ ਸ਼ਕਤੀ ਨੂੰ ਸਹੀ ਤਰੀਕੇ ਨਾਲ ਵਰਤਣ ਦਾ ਸੋਚਿਆ ਹੀ ਨਹੀਂ। ਪਰ ਇਸ ਅੰਦੋਲਨ ਨੇ ਨੌਜਵਾਨਾਂ ਨੂੰ ਆਪਣੇ ਹੱਕਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕਰਾ ਦਿੱਤਾ ਹੈ।

ਸਹਿਣਸ਼ੀਲਤਾ ਵੀ ਹੈਰਾਨ ਕਰਨ ਵਾਲੀ ਸੀ। ਸਰਕਾਰ ਵੱਲੋਂ ਆਤੰਕਵਾਦੀ, ਖਾਲਿਸਤਾਨੀ, ਅਰਬਨ ਨਕਸਲੀ ਅਤੇ ਇਵੇਂ ਦੇ ਹੋਰ ਟੈਗ ਲਗਾਉਣ ਦੇ ਬਾਵਜੂਦ ਵੀ ਸ਼ਾਂਤ ਰਹਿਣਾ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ। ਇੰਨਾ ਸ਼ਾਂਤਮਈ ਰਹਿਣਾ ਅਤੇ ਅੰਦੋਲਨ ਨੂੰ ਸੰਭਾਲ ਕੇ ਰੱਖਣਾ ਆਪਣੇ ਆਪ ਵਿੱਚ ਬਹੁਤ ਵੱਡੀ ਪ੍ਰਾਪਤੀ ਹੈ। ਅਸਲ ਵਿੱਚ ਸਿੱਖ ਕਿਸਾਨ ਆਗੂਆਂ ਕਰਕੇ ਇਸ ਨੂੰ ਖਾਲਿਸਤਾਨੀ ਅੰਦੋਲਨ ਕਹਿਣਾ ਸ਼ੁਰੂ ਕੀਤਾ ਗਿਆ। ਪਰ ਹੈਰਾਨੀ ਅਤੇ ਖੁਸ਼ੀ ਉਦੋਂ ਹੋਈ ਜਦੋਂ ਹਰ ਇੱਕ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਇੱਥੇ ਬੈਠੇ ਸਰਦਾਰ ਖਾਲਿਸਤਾਨੀ ਹਨ ਤਾਂ ਅਸੀਂ ਵੀ ਹਾਂ। ਲੋਕਾਂ ਨੂੰ ਸਿੱਖ ਕੌਮ ਬਾਰੇ ਜੋ ਭਰਮ ਭੁਲੇਖੇ ਸਨ, ਉਹ ਵੀ ਦੂਰ ਹੋ ਗਏ। ਪੰਜਾਬੀ ਪੱਗਾਂ ਬਹੁਤ ਸਾਰੇ ਲੋਕਾਂ ਨੇ ਬੰਨਣੀਆਂ ਸ਼ੁਰੂ ਕਰ ਦਿੱਤੀਆਂ। ਉੱਥੇ ਸਰਕਾਰ ਦਾ ਧਰਮ ਦਾ ਪੱਤਾ ਅੰਦੋਲਨਕਕਾਰੀਆਂ ਨੇ ਚੱਲਣ ਹੀ ਨਹੀਂ ਦਿੱਤਾ।

ਇਸ ਅੰਦੋਲਨ ਨੇ ਲੋਕਾਂ ਨੂੰ ਸਿਆਸੀ ਪਾਰਟੀਆਂ ਦੀਆਂ ਚਾਲਾਂ ਸਮਝਣ ਦੀ ਸਿੱਖਿਆ ਦੇ ਦਿੱਤੀ ਹੈ। ਸਿਆਸਤਦਾਨਾਂ ਨੂੰ ਸਵਾਲ ਕਰਨ ਅਤੇ ਜਵਾਬ ਲੈਣ ਦੀ ਗੱਲ ਬਾਖੂਬੀ ਪੜਾ ਦਿੱਤੀ। ਜਦੋਂ ਕਿਸਾਨ ਆਗੂਆਂ ਨੇ ਕਿਸਾਨਾਂ ਲਈ ਬਣਾਏ ਤਿੰਨਾਂ ਕਾਨੂੰਨਾਂ ਦੀ ਇੱਕ ਇੱਕ ਸਤਰ ਆਈ ਏ ਐੱਸ ਅਤੇ ਮੰਤਰੀਆਂ ਨੂੰ ਸਮਝਾ ਦਿੱਤੀ ਤਾਂ ਇਹ ਸੁਨੇਹਾ ਨੌਜਵਾਨਾਂ ਵਿੱਚ ਗਿਆ ਕਿ ਮੇਜ਼ 'ਤੇ ਬੈਠ ਕੇ ਗੱਲ ਕਰਨ ਲਈ ਜਾਣਕਾਰੀ ਪੂਰੀ ਹੋਣੀ ਬਹੁਤ ਜ਼ਰੂਰੀ ਹੈ। ਵਧੇਰੇ ਕਰਕੇ ਗੱਲਬਾਤ ਵੇਲੇ ਅਧਿਕਾਰੀਆਂ ਅਤੇ ਸਿਆਸਤਦਾਨਾਂ ਵਲੋਂ ਆਗੂਆਂ ਨੂੰ ਉਲਝਾ ਲਿਆ ਜਾਂਦਾ ਹੈ।

ਇਸ ਵੇਲੇ ਇਹ ਅੰਦੋਲਨ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ ਹੈ। ਅਸਲ ਵਿੱਚ ਇਸ ਅੰਦੋਲਨ ਨੇ ਸਾਰਿਆਂ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਜੇਕਰ ਜਾਤਾਂ ਧਰਮਾਂ ਤੋਂ ਉੱਪਰ ਉੱਠਾਂਗੇ ਤਾਂ ਅਗਲੀਆਂ ਪੀੜੀਆਂ ਲਈ ਕੁਝ ਬਚੇਗਾ। ਕੁਝ ਲੋਕ ਵਿਦੇਸ਼ਾਂ ਵਿੱਚ ਜਾ ਕੇ ਮਜ਼ਦੂਰੀ ਕਰਨ ਨੂੰ ਮਜਬੂਰ ਹਨ ਅਤੇ ਬਾਕੀ ਇੱਥੇ ਮਜ਼ਦੂਰੀ ਕਰਨ ਲਈ ਮਜਬੂਰ ਕਰ ਦਿੱਤੇ ਜਾਣਗੇ। ਜੇਕਰ ਸਾਰਾ ਕੁਝ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਹੈ ਤਾਂ ਸਰਕਾਰਾਂ ਚੁਣਨ ਦਾ ਕੋਈ ਫਾਇਦਾ ਨਹੀਂ। ਲੋਕਾਂ ਦੇ ਸਿਰ 'ਤੇ ਇਨਾਂ ਸਿਆਸਤਦਾਨਾਂ ਦੇ ਖਰਚੇ ਦਾ ਭਾਰ ਕਿਉਂ ਪਾਇਆ ਜਾਵੇ। ਇਸ ਵੇਲੇ ਸਿਆਸੀ ਪਾਰਟੀਆਂ ਨੂੰ ਫਿਕਰ ਪਿਆ ਹੋਇਆ ਹੈ ਕਿ ਵੋਟਾਂ ਲੈਣ ਜਾਣਾ ਕਿਵੇਂ ਹੈ। ਹਰ ਸਿਆਸੀ ਪਾਰਟੀ ਦੇ ਨੇਤਾਵਾਂ ਦਾ ਵਿਰੋਧ ਪਿੰਡਾਂ ਵਿੱਚ ਹੋ ਰਿਹਾ ਹੈ। ਲੋਕਾਂ ਨੇ ਪਿੰਡਾਂ ਦੇ ਬਾਹਰ ਬੋਰਡ ਲਗਾਉਣੇ ਸ਼ੁਰੂ ਕਰ ਦਿੱਤੇ ਹਨ ਕਿ ਪਿੰਡ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੇ ਨੁਮਾਇੰਦੇ ਦਾ ਆਉਣਾ ਉਦੋਂ ਤਕ ਮਨਾਂ ਹੈ ਜਦੋਂ ਤਕ ਤਿੰਨ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਅਤੇ ਸਮਰਥਨ ਮੁੱਲ ਦਾ ਕਾਨੂੰਨ ਨਹੀਂ ਬਣਦਾ। ਇਸ ਤਰਾਂ ਪਿੰਡਾਂ ਦੇ ਲੋਕਾਂ ਦਾ ਇਕੱਠੇ ਹੋਣਾ ਵੀ ਅੰਦੋਲਨ ਦੀ ਦੇਣ ਹੀ ਹੈ ਅਤੇ ਬਹੁਤ ਵੱਡੀ ਪ੍ਰਾਪਤੀ ਵੀ ਹੈ।

ਜੇਕਰ ਅੰਦੋਲਨ ਦੇ ਪ੍ਰਭਾਵ ਦੀ ਗੱਲ ਕਰੀਏ ਤਾਂ ਇਸ ਨੇ ਸਿਆਸਤ 'ਤੇ ਬਹੁਤ ਵੱਡਾ ਪ੍ਰਭਾਵ ਪਾਇਆ ਹੈ

**ਬਾਕੀ ਸਫ਼ਾ 31 'ਤੇ**

## ਚੜੂਨੀ ਨੇ ਕਿਸਾਨਾਂ ਤੋਂ ਸੰਸਦ ਵੱਲ ਮਾਰਚ ਬਾਰੇ ਮੰਗੀ ਰਾਏ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤੀ ਕਿਸਾਨ ਯੂਨੀਅਨ (ਹਰਿਆਣਾ) ਦੇ ਆਗੂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਗੁਰਨਾਮ ਸਿੰਘ ਚੜੂਨੀ ਨੇ ਸੰਸਦ ਵੱਲ ਮਾਰਚ ਬਾਰੇ ਕਿਸਾਨਾਂ ਤੋਂ ਰਾਏ ਮੰਗੀ ਹੈ। ਉਨਾਂ ਕਿਹਾ ਕਿ ਇਹ ਪੈਦਲ ਮਾਰਚ ਸੰਸਦ ਦੇ ਸ਼ੁਰੂ ਹੋਣ ਵਾਲੇ ਮੌਨਸੂਨ ਇਜਲਾਸ ਦੌਰਾਨ ਕੱਢਣ ਦੀ ਯੋਜਨਾ ਹੈ। ਉਨਾਂ ਕਿਹਾ ਕਿ ਮੋਰਚੇ ਦੇ ਆਗੂਆਂ ਨੂੰ ਖ਼ਦਸ਼ਾ ਹੈ ਕਿ ਸੰਸਦ ਵੱਲ ਮਾਰਚ ਕੱਢਣ 'ਤੇ ਇਹ ਹਿੰਸਕ ਹੋ ਸਕਦਾ ਹੈ। ਚੜੂਨੀ ਨੇ ਸੁਝਾਅ ਦਿੱਤਾ ਕਿ ਸੰਸਦ ਵੱਲ ਮਾਰਚ ਕੱਢਣ ਦੌਰਾਨ ਕਿਸਾਨਾਂ ਦੇ ਹੱਥ ਬੰਨੇ ਜਾ ਸਕਦੇ ਹਨ ਤਾਂ ਜੋ ਇਹ ਪਛਾਣ ਹੋ ਸਕੇ ਕਿ ਉਹ ਮੋਰਚੇ ਨਾਲ ਸਬੰਧਤ ਹਨ। ਉਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦੇ ਹੱਥ ਨਹੀਂ ਬੰਨੇ ਹੋਣਗੇ ਤਾਂ ਉਹ ਮੋਰਚੇ ਦੇ ਨਹੀਂ ਹੋਣਗੇ। ਉਨਾਂ ਕਿਹਾ ਕਿ ਪੁਲਿਸ ਕਿਸਾਨਾਂ ਨਾਲ ਜੋ ਮਰਜ਼ੀ ਵਿਵਹਾਰ ਕਰੇ, ਪਰ ਕਿਸਾਨ ਅੱਗੋਂ ਕੋਈ ਕਾਰਵਾਈ ਨਹੀਂ ਕਰਨਗੇ।



# ਸਿਹਤ ਸੰਭਾਲ




## ਕੋਰੋਨਾ ਦੀ ਲਹਿਰ ਤੋਂ ਬੱਚਿਆਂ ਨੂੰ ਬਚਾਉਣ 'ਚ ਮਦਦਗਾਰ ਹੈ ਤੁਲਸੀ ਦਾ ਕਾੜ੍ਹਾ

ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਦੀ ਤਬਾਹੀ ਤੋਂ ਬਾਅਦ ਹੁਣ ਕੋਰੋਨਾ ਦੀ ਤੀਸਰੀ ਲਹਿਰ ਦਾ ਡਰ ਸਤਾਉਣ ਲੱਗਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਕੋਰੋਨਾ ਦੀ ਤੀਸਰੀ ਲਹਿਰ ਬੱਚਿਆਂ ਲਈ ਜ਼ਿਆਦਾ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਤੀਸਰੀ ਲਹਿਰ ਦੀ ਭਵਿੱਖਬਾਣੀ ਨਾਲ ਲੋਕਾਂ ਵਿਚ ਡਰ ਹੋਰ ਵਧ ਗਿਆ ਹੈ, ਹਾਲਾਂਕਿ ਹੁਣ ਤੱਕ ਇਸ ਦੇ ਕੋਈ ਪੁਖ਼ਤਾ ਸਬੂਤ ਸਾਹਮਣੇ ਨਹੀਂ ਆਏ ਹਨ। ਤੀਸਰੀ ਲਹਿਰ ਦਾ ਸ਼ਿਕਾਰ ਬੱਚੇ ਹੋ ਸਕਦੇ ਹਨ, ਇਸ ਲਈ ਬੱਚਿਆਂ ਦੀ ਹਿਫ਼ਾਜ਼ਤ ਕਰਨਾ ਬੇਹੱਦ ਜ਼ਰੂਰੀ ਹੈ। ਬੱਚਿਆਂ ਨੂੰ ਇਸ ਬਿਮਾਰੀ ਦਾ ਸ਼ਿਕਾਰ ਹੋਣ ਤੋਂ ਬਚਾਉਣਾ ਹੈ ਤਾਂ ਉਨਾਂ ਦੀ ਈਮਿਊਨਿਟੀ ਨੂੰ ਸਟ੍ਰਾਂਗ ਕਰਨਾ ਪਵੇਗਾ ਤਾਂ ਜੋ ਉਹ ਇਸ ਬਿਮਾਰੀ ਦਾ ਸਾਹਮਣਾ ਕਰ ਸਕਣ। ਬੱਚਿਆਂ ਦੀ ਇਮਿਊਨਿਟੀ ਵਧਾਉਣ ਲਈ ਬੱਚਿਆਂ ਨੂੰ ਤੁਲਸੀ ਦਾ ਕਾੜ੍ਹਾ ਪਿਆਓ।

ਔਸ਼ਧੀ ਗੁਣਾਂ ਨਾਲ ਭਰਪੂਰ ਤੁਲਸੀ ਵਿਚ ਵਿਟਾਮਿਨ ਤੇ ਖਣਿਜ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਤੁਲਸੀ ਨਾ ਸਿਰਫ਼ ਇਮਿਊਨਿਟੀ ਨੂੰ ਬੂਸਟ ਕਰਦੀ ਹੈ ਬਲਕਿ ਕਈ ਬਿਮਾਰੀਆਂ ਦਾ ਇਲਾਜ ਵੀ ਕਰਦੀ ਹੈ। ਤੁਲਸੀ ਦੇ ਪੱਤਿਆਂ ਦਾ ਸੇਵਨ ਕਰ ਕੇ ਬੁਖਾਰ, ਦਿਲ ਨਾਲ ਜੁੜੀਆਂ ਬਿਮਾਰੀਆਂ, ਪੇਟ ਦਰਦ, ਮਲੇਰੀਆ ਤੇ ਬੈਕਟੀਰੀਅਲ ਇਨਫੈਕਸ਼ਨ ਤੋਂ ਵੀ ਨਿਜਾਤ ਮਿਲਦੀ ਹੈ। ਤੁਲਸੀ ਸਿਰ-ਦਰਦ ਤੇ ਸਰਦੀ-ਖਾਂਸੀ ਤੋਂ ਵੀ ਨਿਜਾਤ ਦਿਵਾਉਂਦੀ ਹੈ। ਏਨੀ ਗੁਣਕਾਰੀ ਤੁਲਸੀ ਦਾ ਸੇਵਨ ਕਰ ਕੇ ਬੱਚਿਆਂ ਵਿਚ ਈਮਿਊਨਿਟੀ ਨੂੰ ਬੂਸਟ ਕੀਤਾ ਜਾ ਸਕਦਾ ਹੈ। ਤੁਲਸੀ ਦੇ ਪੱਤਿਆਂ ਵਿਚ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਣ ਦੇ ਗੁਣ ਮੌਜੂਦ ਹੁੰਦੇ ਹਨ। ਜੇਕਰ ਇਸ ਦਾ ਕਾੜ੍ਹੇ ਦੇ ਰੂਪ ਵਿਚ ਸੇਵਨ ਕੀਤਾ ਜਾਵੇ ਤਾਂ ਇਸ ਦੇ ਸਕਾਰਾਤਮਕ ਫਾਇਦੇ ਦੇਖਣ ਨੂੰ ਮਿਲਦੇ ਹਨ।

**ਜਾਣੋ ਘਰ 'ਚ ਤੁਲਸੀ ਦਾ ਕਾੜ੍ਹਾ ਵਧਾਉਣ ਦੀ ਆਸਾਨ ਵਿਧੀ।**

ਤੁਲਸੀ ਦੀਆਂ ਚਾਰ ਪੱਤੀਆਂ

ਕਾਲੀ ਮਿਰਚ

ਅਦਰਕ ਦੇ ਛੋਟੇ ਟੁੱਕੜੇ, ਸ਼ਹਿਦ, ਤੁਲਸੀ



ਦੀਆਂ ਪੱਤੀਆਂ, ਕਾਲੀ ਮਿਰਚ ਤੇ ਅਦਰਕ ਨੂੰ ਇਕ ਕਟੋਰੀ ਚਿ ਇਕੱਠੇ ਪੀਹ ਲਓ ਤੇ ਇਸ ਨੂੰ ਇਕ ਕੱਪ ਪਾਣੀ 'ਚ ਉਬਾਲੋ ਤੇ ਫਿਰ ਸ਼ਹਿਦ ਮਿਲਾ ਕੇ ਬੱਚਿਆਂ ਨੂੰ ਪਿਆਓ।

ਤੁਲਸੀ ਤੇ ਸ਼ਹਿਦ ਦੀ ਚਾਹ

ਤੁਸੀਂ ਚਾਹੋ ਤਾਂ ਤੁਲਸੀ ਤੇ ਸ਼ਹਿਦ ਦੀ ਚਾਹ ਵੀ ਬੱਚਿਆਂ ਨੂੰ ਪਿਆ ਸਕਦੇ ਹੋ। ਤੁਲਸੀ ਵਿਚ ਐਂਟੀ-ਇਨਫਲਾਮੇਟਰੀ ਗੁਣ ਹੁੰਦੇ ਹਨ, ਜੋ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਧਾਉਂਦੇ ਹਨ। ਆਯੁਸ਼ ਮੰਤਰਾਲੇ ਵੀ ਇਮਿਊਨਿਟੀ ਵਧਾਉਣ ਲਈ ਤੁਲਸੀ ਦਾ ਸੇਵਨ ਕਰਨ ਦੀ ਸਲਾਹ ਦੇ ਚੁੱਕਾ ਹੈ।

## ਚਮੜੀ ਦੇ ਰੋਗਾਂ ਦਾ ਇਲਾਜ ਕੱਚੇ ਪਪੀਤੇ ਦਾ ਦੁੱਧ

**ਹਰਜੀਤ ਕੌਰ ਸੇਖੋਂ**
**ਕੈਲੀਫੋਰਨੀਆ**

ਅਸੀਂ ਆਮ ਸੁਣਦੇ ਹਾਂ ਪਪੀਤੇ ਸਿਹਤ ਲਈ ਸਭ ਤੋਂ ਚੰਗਾ ਹੈ। ਇਸ ਦਾ ਸੇਵਨ ਸਰੀਰ ਵਿਚ ਖੂਨ ਦੀ ਕਮੀ ਅਤੇ ਪੇਟ ਦੀਆਂ ਬਿਮਾਰੀਆਂ ਨੂੰ ਦੂਰ ਕਰਦਾ ਹੈ। ਸਮੇਂ ਦੀ ਲੋੜ ਸਰੀਰ ਨੂੰ ਤੰਦਰੁਸਤ ਰੱਖਣ ਲਈ ਤਾਜ਼ੇ ਫਲ ਅਤੇ ਸਬਜੀਆਂ ਦਾ ਸੇਵਨ ਹੈ। ਮਨੁੱਖ ਆਪਣੀ ਜ਼ਿੰਦਗੀ ਤਾਂ ਹੀ ਤੰਦਰੁਸਤ ਰਹਿ ਸਕਦਾ ਹੈ ਜੇਕਰ ਉਹ ਸਹੀ ਭੋਜਨ ਦੇ ਨਾਲ ਭਰਪੂਰ ਮਾਤਰਾ ਵਿਚ ਕੁਦਰਤੀ ਆਹਾਰ ਵੀ ਲਵੇ। ਇਨਾਂ ਕੁਦਰਤੀ ਆਹਾਰ ਵਿਚ ਹੀ ਪਪੀਤੇ ਦਾ ਸੇਵਨ ਹੈ ਜੋ ਅਨੇਕਾਂ ਅੰਦਰੂਨੀ ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਤਾਂ ਪ੍ਰਦਾਨ ਕਰਦਾ ਹੈ ਨਾਲ ਹੀ ਚਮੜੀ ਦੇ ਅਨੇਕਾਂ ਰੋਗਾਂ ਨੂੰ ਦੂਰ ਕਰਦਾ ਹੈ।

ਪਪੀਤੇ ਦਾ ਸੇਵਨ ਕਰਨਾ ਲਾਭਕਾਰੀ ਹੁੰਦਾ ਹੈ। ਪਪੀਤੇ ਦੇ ਸੇਵਨ ਨਾਲ ਪਾਚਨ ਤੰਤਰ ਠੀਕ ਹੁੰਦਾ ਹੈ। ਪਪੀਤੇ ਦਾ ਰਸ ਨੀਂਦ ਨਾ ਆਉਣਾ, ਸਿਰ ਦਰਦ, ਕਬਜ਼ ਆਦਿ ਰੋਗਾਂ ਨੂੰ ਠੀਕ ਕਰਦਾ ਹੈ। ਪਪੀਤੇ ਦਾ ਰਸ ਸੇਵਨ ਕਰਨ ਨਾਲ ਅਮਲ ਪਿੱਤ (ਖੱਟੀ ਡਕਾਰਾਂ) ਬੰਦ ਹੋ ਜਾਂਦੀਆਂ ਹਨ। ਪਪੀਤਾ ਢਿੱਡ ਰੋਗ, ਹਿਰਦਾ ਰੋਗ, ਆਂਤੜਾਂ ਦੀ ਕਮਜ਼ੋਰੀ ਆਦਿ ਨੂੰ ਦੂਰ ਕਰਦਾ ਹੈ। ਪੱਕੇ ਜਾਂ ਕੱਚੇ ਪਪੀਤੇ



ਦੀ ਸਬਜ਼ੀ ਬਣਾ ਕੇ ਖਾਣਾ ਢਿੱਡ ਲਈ ਲਾਭਕਾਰੀ ਹੁੰਦਾ ਹੈ। ਪਪੀਤੇ ਦੇ ਪੱਤਿਆਂ ਦੇ ਵਰਤੋਂ ਨਾਲ ਹਾਈ ਬਲੱਡ ਪ੍ਰੈਸ਼ਰ ਵਿੱਚ ਲਾਭ ਹੁੰਦਾ ਹੈ ਅਤੇ ਦਿਲ ਦੀ ਧੜਕਣ ਨਿਯਮਤ ਹੁੰਦੀ ਹੈ।

ਇਸ ਦੇ ਸੇਵਨ ਨਾਲ ਜ਼ਖ਼ਮ ਭਰਦਾ ਹੈ, ਦਸਤ ਅਤੇ ਪੇਸ਼ਾਬ ਦੀ ਰੁਕਾਵਟ ਦੂਰ ਹੁੰਦੀ ਹੈ। ਕੱਚੇ ਪਪੀਤੇ ਦਾ ਦੁੱਧ ਚਮੜੀ ਰੋਗ ਲਈ ਬਹੁਤ ਲਾਭਕਾਰੀ ਹੁੰਦਾ ਹੈ। ਪਪੀਤੇ ਦੇ ਬੀਜ ਕੀੜੇ ਨੂੰ ਨਸ਼ਟ ਕਰਨ ਵਾਲਾ ਅਤੇ ਮਾਸਿਕ-ਧਰਮ ਨੂੰ ਨੇਮੀ ਬਣਾਉਣ ਵਾਲਾ ਹੁੰਦਾ ਹੈ। ਪਪੀਤੇ ਦਾ ਦੁੱਧ ਦਰਦ ਨੂੰ ਠੀਕ ਕਰਦਾ ਹੈ, ਕੋੜ ਨੂੰ ਖ਼ਤਮ ਕਰਦਾ ਹੈ। ਔਰਤ ਨਾਲ ਸਬੰਧਤ ਅਨੇਕਾਂ ਬਿਮਾਰੀਆਂ ਨੂੰ ਦੂਰ ਕਰਦਾ ਹੈ। ਪਪੀਤੇ ਦੀ ਜੜ ਘਸਾ ਕੇ ਲਗਾਉਣ ਨਾਲ ਬਵਾਸੀਰ ਵਿੱਚ ਫਾਇਦਾ ਹੁੰਦਾ ਹੈ। ਕੱਚਾ ਪਪੀਤਾ ਕੁੱਝ ਦਿਨਾਂ ਤੱਕ ਦਵਾਈ ਦੀ ਤਰਾਂ ਖਾਣ ਨਾਲ ਵੀ ਖੂਨੀ ਬਵਾਸੀਰ ਅਤੇ ਹਾਜ਼ਮੇ ਸਬੰਧੀ ਵਿਕਾਰ ਦੂਰ ਹੁੰਦੇ ਹਨ। 3 ਗ੍ਰਾਮ ਕੱਚੇ ਪਪੀਤੇ ਦੇ ਰਸ ਵਿੱਚ 3 ਗ੍ਰਾਮ ਸ਼ੱਕਰ ਮਿਲਾ ਕੇ ਇਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਦਿਨ ਵਿਚ 3 ਵਾਰ ਪੀਣ ਨਾਲ ਕੁਝ ਹੀ ਦਿਨਾਂ ਵਿੱਚ ਤਿਲੀ ਘੱਟ ਹੋ ਜਾਂਦੀ ਹੈ। ਕੱਚੇ ਪਪੀਤੇ ਦਾ ਦੁਧੀਆ ਰਸ ਜਮਾਂ ਕਰ ਲਓ ਤੇ ਧੁੱਪ ਵਿਚ ਸੁਕਾ ਲਓ। 24 ਘੰਟੇ ਬਾਅਦ ਇਹ ਸਫੈਦ ਚੂਰਨ ਬਣ ਜਾਵੇਗਾ। ਦੋ ਗ੍ਰਾਮ ਚੂਰਨ ਭੋਜਨ ਤੋਂ ਬਾਅਦ ਦੁੱਧ ਨਾਲ ਲੈਣ ਨਾਲ ਹਾਜ਼ਮੇ ਦੀ ਖਰਾਬੀ ਦੂਰ ਹੁੰਦੀ ਹੈ। ਮੂੰਹ ਦੇ ਛਾਲੇ, ਜੀਭ ਵਿੱਚ ਦਰਾਰਾਂ ਪੈਣ 'ਤੇ ਪਪੀਤੇ ਦਾ ਚੂਰਨ, ਗਿਲਸਰੀਨ ਮਿਲਾ ਕੇ ਜੀਭ 'ਤੇ ਲਗਾਓ। ਕੱਚੇ ਪਪੀਤੇ ਨੂੰ ਦਾਦ 'ਤੇ ਮਲਣ ਨਾਲ ਕੁੱਝ ਹੀ ਦਿਨਾਂ ਵਿੱਚ ਲਾਭ ਹੋਵੇਗਾ। ਪਪੀਤੇ ਦੇ ਚੂਰਨ ਵਿੱਚ ਸੁਹਾਗਾ ਮਿਲਾ ਕੇ ਪਾਣੀ ਨਾਲ ਮਰਹਮ ਦੀ ਤਰਾਂ ਤਿਆਰ ਕਰਕੇ ਮੱਸਿਆਂ ਅਤੇ ਗੋਖੁਰਾਂ 'ਤੇ ਲਗਾਉਣ ਨਾਲ ਲਾਭ ਹੋਵੇਗਾ। ਪਪੀਤੇ ਦਾ ਚੂਰਨ ਪਾਣੀ ਵਿੱਚ ਮਿਲਾ ਕੇ ਸੇਵਨ ਕਰਨ ਨਾਲ ਗਲੇ ਦੀ ਖਰਾਬੀ ਦੂਰ ਹੁੰਦੀ ਹੈ। ਪਪੀਤੇ ਦਾ ਚੂਰਨ ਗਿਲਸਰੀਨ ਵਿੱਚ ਮਿਲਾ ਕੇ 5-5 ਮਿੰਟ ਦੇ ਵਕਫੇ ਬਾਅਦ ਗਲੇ ਵਿੱਚ ਲਗਾਉਣ ਨਾਲ ਗਲੇ ਦੀ ਸੋਜ਼ ਦੂਰ ਹੁੰਦੀ ਹੈ।ਪਪੀਤੇ ਦਾ ਚੂਰਨ ਸਵੇਰੇ-ਸ਼ਾਮ 5-5 ਗ੍ਰਾਮ ਦੀ ਮਾਤਰਾ ਵਿੱਚ ਸੇਵਨ ਕਰਨ ਨਾਲ ਜਿਗਰ ਅਤੇ ਤਿਲੀ ਦੀ ਵਧੀ ਹੋਈ ਅਵਸਥਾ ਹੌਲੀ-ਹੌਲੀ ਆਪਣੀ ਸਥਿਤੀ ਵਿੱਚ ਆ ਜਾਂਦੀ ਹੈ। ਪਪੀਤੇ ਦੇ ਨਿਯਮਤ ਸੇਵਨ ਨਾਲ ਕਈ ਬਿਮਾਰੀਆਂ ਵਿੱਚ ਲਾਭ ਮਿਲਦਾ ਹੈ। ਸੋ ਪਪੀਤਾ ਦਾ ਸੇਵਨ ਸਰੀਰ ਨੂੰ ਤੰਦੂਰਸਤੀ ਪ੍ਰਦਾਨ ਕਰਦਾ ਹੈ ।

## ਰਾਤ ਵੇਲੇ ਦਹੀਂ ਦਾ ਸੇਵਨ ਸਿਹਤ ਲਈ ਹਾਨੀਕਾਰਕ

ਈਮੂਨਿਟੀ ਵਧਾਉਣ ਦੇ ਲਈ ਦਹੀ ਦੀ ਲੱਸੀ ਪੀਉ, ਦਹੀ ਪੋਸ਼ਕ ਤੱਤਾਂ ਦਾ ਖ਼ਜ਼ਾਨਾ ਹੈ, ਇਸ 'ਚ ਵਿਟਾਮਿਨ, ਕੈਲਸ਼ੀਅਮ, ਆਇਰਨ, ਪ੍ਰੋਟੀਨ, ਮੈਗਨੀਸ਼ੀਅਮ, ਐਂਟੀ-ਆਕਸੀਡੈਂਟ, ਐਂਟੀ ਬੈਕਟੀਰੀਅਲ ਆਦਿ ਗੁਣ ਮੌਜੂਦ ਰਹਿੰਦੇ ਹਨ, ਜੋ ਸਾਡੀਆਂ ਮਾਸਪੇਸ਼ੀਆਂ ਤੇ ਹੱਡੀਆਂ ਦੀ ਮਜ਼ਬੂਤੀ ਲਈ ਜ਼ਰੂਰੀ ਹੈ। ਗਰਮੀ 'ਚ ਦਹੀ ਦੀ ਲੱਸੀ ਨਾ ਸਿਰਫ਼ ਤੁਹਾਨੂੰ ਹਾਈਡ੍ਰੇਟ ਰੱਖਦੀ ਹੈ ਬਲਕਿ ਕਈ ਬਿਮਾਰੀਆਂ ਦਾ ਇਲਾਜ ਵੀ ਕਰਦੀ ਹੈ। ਆਓ ਜਾਣਦੇ ਹਾਂ ਲੱਸੀ ਪੀਣ ਦੇ ਕਿਹੜੇ-ਕਿਹੜੇ ਫਾਇਦੇ ਹਨ।

**ਬਲੱਡ ਪ੍ਰੈਸ਼ਰ ਕੰਟਰੋਲ ਕਰਦੀ ਹੈ**

ਲੱਸੀ 'ਚ ਮੈਗਨੀਸ਼ੀਅਮ, ਪੋਟਾਸ਼ੀਅਮ, ਪ੍ਰੋਟੀਨ, ਐਂਟੀ-ਵਾਇਰਲ ਤੇ ਐਂਟੀ ਬੈਕਟੀਰੀਅਲ ਹੋਣ ਨਾਲ ਬਲੱਡ ਪ੍ਰੈਸ਼ਰ ਕੰਟਰੋਲ ਰਹਿੰਦਾ ਹੈ। ਬਲੱਡ ਪ੍ਰੈਸ਼ਰ ਦੇ ਮਰੀਜ਼ ਇਸਨੂੰ ਆਪਣੀ ਡਾਈਟ 'ਚ ਸ਼ਾਮਿਲ ਕਰਨ। ਦਹੀ 'ਚ ਪ੍ਰੋਬਾਇਓਟਿਕ, ਗੁੱਡ ਬੈਕਟੀਰੀਆ ਮੌਜੂਦ ਰਹਿੰਦੇ ਹਨ ਜੋ ਸਾਡਾ ਇਮਿਊਨ ਸਿਸਟਮ ਦਰੁਸਤ ਰੱਖਦੇ ਹਨ। ਗਰਮੀ 'ਚ ਅਸੀਂ ਕਈ ਬਿਮਾਰੀਆਂ ਦੀ ਚਪੇਟ 'ਚ ਆ ਸਕਦੇ ਹਾਂ ਅਜਿਹੇ 'ਚ ਦਹੀ ਦੀ ਲੱਸੀ ਸਾਨੂੰ ਬਿਮਾਰੀਆਂ



ਨਾਲ ਲੜਨ ਦੀ ਤਾਕਤ ਦਿੰਦੀ ਹੈ।

**ਭਾਰ ਕੰਟਰੋਲ ਕਰਦੀ ਹੈ**

ਘੱਟ ਕੈਲਰੀ ਅਤੇ ਫੈਟ ਦੀ ਲੱਸੀ ਦਾ ਇਕ ਗਿਲਾਸ ਰੋਜ਼ਾਨਾ ਪੀਣ ਨਾਲ ਭਾਰ ਕੰਟਰੋਲ ਕੀਤਾ ਜਾ ਸਕਦਾ ਹੈ। ਇਸਨੂੰ ਪੀ ਕੇ ਤੁਸੀਂ ਦਿਨ ਭਰ ਐਨਰਜੈਟਿਕ ਮਹਿਸੂਸ ਕਰਦੇ ਹੋ।

**ਐਸੀਡਿਟੀ ਤੋਂ ਛੁਟਕਾਰਾ ਦਿਵਾਉਂਦੀ ਹੈ**

ਗਰਮੀਆਂ 'ਚ ਜ਼ਿਆਦਾ ਮਸਾਲੇਦਾਰ, ਆਇਲੀ ਫੂਡ ਖਾਣ ਨਾਲ ਪਾਚਨ ਤੰਤਰ ਵਿਗੜਨ ਲੱਗਦਾ ਹੈ, ਅਜਿਹੇ 'ਚ ਠੰਢੀ ਲੱਸੀ ਤੁਹਾਡੇ ਪਾਚਨ ਨੂੰ ਦਰੁਸਤ ਕਰਦੀ ਹੈ। ਇਸਦੇ ਸੇਵਨ ਨਾਲ ਪੇਟ ਨੂੰ ਠੰਡਕ ਮਿਲਦੀ ਹੈ ਅਤੇ ਪੇਟ 'ਚ ਜਲਣ, ਅਪਚ, ਐਸੀਡਿਟੀ ਤੋਂ ਵੀ ਛੁਟਕਾਰਾ ਮਿਲਦਾ ਹੈ।

**ਕਬਜ਼ ਤੋਂ ਛੁਟਕਾਰਾ ਦਿਵਾਉਂਦੀ ਹੈ ਲੱਸੀ**

ਡਾਇਰਿਆ ਅਤੇ ਕਬਜ਼ ਦੀ ਸਮੱਸਿਆ ਤੋਂ ਰਾਹਤ ਦਿਵਾਉਂਦੀ ਹੈ ਲੱਸੀ। ਦਹੀ 'ਚ ਗੁੱਡ ਬੈਕਟੀਰੀਆ ਪਾਏ ਜਾਂਦੇ ਹਨ, ਜਿਸਦੇ ਸੇਵਨ ਨਾਲ ਕਬਜ਼ ਤੋਂ ਛੁਟਕਾਰਾ ਮਿਲਦਾ ਹੈ।

**ਬਾਡੀ ਨੂੰ ਠੰਢਾ ਰੱਖਦੀ ਹੈ**

ਲੱਸੀ ਗਰਮੀ 'ਚ ਬਾਡੀ ਦੇ ਤਾਪਮਾਨ ਨੂੰ ਠੀਕ ਰੱਖਦੀ ਹੈ। ਇਸ 'ਚ ਪਾਣੀ ਤੇ ਲੈਕਟਿਕ ਐਸਿਡ ਵੱਧ ਹੋਣ ਨਾਲ ਸਰੀਰ ਦਾ ਤਾਪਮਾਨ ਸਹੀ ਰਹਿੰਦਾ ਹੈ।

**ਪ੍ਰੈਗਨੈਂਸੀ 'ਚ ਵੀ ਹੈ ਉਪਯੋਗੀ**

ਪ੍ਰੈਗਨੈਂਸੀ ਦੌਰਾਨ ਲੱਸੀ ਇਮਿਊਨਿਟੀ ਬੂਸਟ ਕਰਦੀ ਹੈ। ਪੋਸ਼ਕ ਤੇ ਐਂਟੀ-ਆਕਸੀਡੈਂਟ ਗੁਣਾਂ ਨਾਲ ਭਰਪੂਰ ਲੱਸੀ ਸਰੀਰ ਨੂੰ ਹਾਈਡ੍ਰੇਟ ਰੱਖਦੀ ਹੈ। ਇਹ ਮਾਸਪੇਸ਼ੀਆਂ ਤੇ ਹੱਡੀਆਂ ਨੂੰ ਮਜ਼ਬੂਤ ਕਰਨ ਦੇ ਨਾਲ ਪਾਚਨ ਤੰਤਰ ਦਰੁਸਤ ਰੱਖਦੀ ਹੈ। ਲੱਸੀ ਮਾਂ ਅਤੇ ਬੱਚੇ ਦੋਵਾਂ ਦੀ ਚੰਗੀ ਸਿਹਤ ਲਈ ਜ਼ਰੂਰੀ ਹੈ।



**ਵਿਸ਼ੇਸ਼ ਮੁੱਦਾ**

# ਕਿਸਾਨ ਅੰਦੋਲਨ ਅਤੇ ਪੰਜਾਬ ਵਿਧਾਨ ਸਭਾ ਚੋਣਾਂ

ਪ੍ਰੋ. ਪ੍ਰੀਤਮ ਸਿੰਘ

ਪੰਜਾਬ ਵਿਚ ਇਸ ਵੇਲੇ ਦੋ ਵਰਤਾਰੇ ਵਾਪਰ ਰਹੇ ਹਨ ਜਿਨਾਂ ਦਾ ਹੁਣ ਆਪੋ ਵਿਚ ਸੰਗਮ ਹੋ ਰਿਹਾ ਹੈ। ਇਸ ਨਾਲ ਪੰਜਾਬ ਦੇ ਭਵਿੱਖ ਦੀ ਰੂਪ-ਰੇਖਾ ਉਲੀਕਣ ਦੇ ਨਜ਼ਰੀਏ ਤੋਂ ਗਹਿਰ ਗੰਭੀਰ ਵਿਚਾਰ-ਚਰਚਾ ਕਰਨ ਦੀ ਲੋੜ ਪੈਦਾ ਹੋ ਗਈ ਹੈ। ਇਨਾਂ ਵਿਚੋਂ ਇਕ ਹੈ, ਕੇਂਦਰ ਦੀ ਭਾਜਪਾ ਸਰਕਾਰ ਦੇ 5 ਜੂਨ 2020 ਨੂੰ ਲਿਆਂਦੇ ਤਿੰਨ ਖੇਤੀ ਆਰਡੀਨੈਂਸਾਂ (ਜੋ ਸਤੰਬਰ 2020 ਵਿਚ ਕਾਨੂੰਨ ਬਣ ਗਏ) ਖਿਲਾਫ਼ ਉਠਿਆ ਕਿਸਾਨ ਅੰਦੋਲਨ ਜੋ 26 ਨਵੰਬਰ 2020 ਤੋਂ ਦਿੱਲੀ ਦੀਆਂ ਬਰੂਹਾਂ ’ਤੇ ਤਬਦੀਲ ਹੋਣ ਨਾਲ ਹੋਰ ਵੀ ਭਖ਼ ਗਿਆ ਸੀ। ਦੂਜਾ ਵਰਤਾਰਾ, 2022 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨਾਲ ਜੁੜਿਆ ਹੈ ਜਿਨਾਂ ਖ਼ਾਤਰ ਮੌਜੂਦਾ ਸਿਆਸੀ ਪਾਰਟੀਆਂ ਨੇ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਪ੍ਰਸੰਗ ਵਿਚ ਜੋ ਕੇਂਦਰੀ ਸਵਾਲ ਉਭਰ ਰਿਹਾ ਹੈ, ਉਹ ਇਹ ਹੈ : ਇਨਾਂ ਚੋਣਾਂ ਬਾਰੇ ਕਿਸਾਨ ਮੋਰਚੇ ਅਤੇ ਇਸ ਮੋਰਚੇ ਦੀ ਅਗਵਾਈ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੀ ਪੁਜ਼ੀਸ਼ਨ ਕੀ ਹੋਣੀ ਚਾਹੀਦੀ ਹੈ ?

ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਸੰਖੇਪ ਵਿਚ ਕਿਸਾਨ ਮੋਰਚੇ ਦੇ ਉਦੇਸ਼ਾਂ ’ਤੇ ਨਜ਼ਰ ਮਾਰਨ ਦੀ ਲੋੜ ਹੈ ਅਤੇ ਇਹ ਦੇਖਣ ਦੀ ਲੋੜ ਹੈ ਕਿ ਵਿਧਾਨ ਸਭਾ ਚੋਣਾਂ ਬਾਰੇ ਖ਼ਾਸ ਤਰਾਂ ਦੀ ਪੁਜ਼ੀਸ਼ਨ ਲੈ ਕੇ ਇਨਾਂ ਉਦੇਸ਼ਾਂ ਨੂੰ ਕਿਵੇਂ ਅਗਾਂਹ ਵਧਾਇਆ ਜਾ ਸਕਦਾ ਹੈ। ਕਿਸਾਨ ਮੋਰਚਾ ਦੋ ਮੁੱਖ ਮੰਗਾਂ ‘ਤੇ ਕੇਂਦਰਤ ਹੈ : ਪਹਿਲੀ, ਖੇਤੀ ਕਾਨੂੰਨ ਰੱਦ ਕੀਤੇ ਜਾਣ ਅਤੇ ਦੂਜੀ, ਖੇਤੀ ਜਿਣਸਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਜ਼ਾਮਨੀ। ਇਨਾਂ ਦੋਵੇਂ ਮੰਗਾਂ ਦਾ ਭਾਜਪਾ ਦੇ ਉਸ ਸਿਆਸੀ ਆਰਥਿਕ ਏਜੰਡੇ ਨਾਲ ਤਿੱਖਾ ਟਕਰਾਓ ਹੈ, ਜਿਸ ਤਹਿਤ ਕੇਂਦਰ ਸਰਕਾਰ ਨੇ ਤਿੰਨ ਕੇਂਦਰੀ ਕਾਨੂੰਨ ਬਣਾਏ ਸਨ। ਭਾਜਪਾ ਦੇ ਸਿਆਸੀ ਆਰਥਿਕ ਏਜੰਡੇ ਦੇ ਤਿੰਨ ਅੰਤਰ-ਸਬੰਧਤ ਮਨੋਰਥ ਹਨ : ਭਾਰਤੀ ਖੇਤੀਬਾੜੀ ’ਤੇ ਕਾਰਪੋਰੇਟ ਖੇਤੀ-ਕਾਰੋਬਾਰ ਦੀਆਂ ਕੰਪਨੀਆਂ ਦਾ ਕਬਜ਼ਾ ਕਰਵਾਉਣ ਦੇ ਅਮਲ ਵਿਚ ਤੇਜ਼ੀ ਲਿਆਉਣੀ, ਖੇਤੀਬਾੜੀ ਖੇਤਰ ਜੋ ਸੰਵਿਧਾਨ ਮੁਤਾਬਕ ਸੂਬਾ ਸੂਚੀ ਵਿਚ ਦਰਜ ਹੈ, ਉੱਤੇ ਕੇਂਦਰ ਸਰਕਾਰ ਦਾ ਕੰਟਰੋਲ ਵਧਾਉਣਾ, ਭਾਜਪਾ ਦੀ ਵਿਚਾਰਧਾਰਾ ਦੇ ਰਣਨੀਤਕ ਨਜ਼ਰੀਏ ਨੂੰ ਫੈਲਾਉਣ ਲਈ ਭਾਰਤ ਵਿਚ ਵੰਨ-ਸਵੰਨਤਾ ਤੇ ਬਹੁਵਾਦ ਨੂੰ ਕਮਜ਼ੋਰ ਕਰਨਾ।

ਪਿਛਲੇ ਕੁਝ ਸਾਲਾਂ ਤੋਂ ਖੇਤੀਬਾੜੀ ਵਿਚ ਖੇਤੀ-ਕਾਰੋਬਾਰੀ ਏਜੰਡੇ ਦੇ ਕੁਝ ਪਹਿਲੂਆਂ ਅਤੇ ਉਸ ਏਜੰਡੇ ਦੀ ਆਲੋਚਨਾ ਨਿਖਰ ਕੇ ਸਾਹਮਣੇ ਆ ਗਈ ਹੈ। ਇਸ ਦਾ ਇਕ ਪੱਖ ਇਹ ਹੈ ਕਿ ਵੱਡੇ ਪੂੰਜੀਪਤੀ ਸਮੂਹ ਰਣਨੀਤਕ ਤੌਰ ’ਤੇ ਖੇਤੀਬਾੜੀ ਖੇਤਰ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਪਹਿਲਾਂ ਇਹ ਵੱਡੇ ਪੂੰਜੀਪਤੀ ਸਮੂਹ ਸਿਰਫ਼ ਸਨਅਤ ਤੇ ਵਿੱਤੀ ਖੇਤਰਾਂ ਵਿਚ ਹੀ ਦਿਲਚਸਪੀ ਲੈਂਦੇ ਸਨ। ਖੇਤੀਬਾੜੀ ਵਿਚ ਪੂੰਜੀਪਤੀ ਉਦਮਾਂ ਦੀ ਸੱਜਰੀ ਦਿਲਚਸਪੀ ਪਿੱਛੇ ਕਾਰਨ ਇਹ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਸਨਅਤ ਅਤੇ ਵਿੱਤੀ ਕਾਰੋਬਾਰ ਤੋਂ ਹੋਣ ਵਾਲੀ ਕਮਾਈ ਖੜੋਤ ਦਾ ਸ਼ਿਕਾਰ ਹੋ ਗਈ ਹੈ ਅਤੇ ਡਿਜੀਟਲ ਪੂੰਜੀਵਾਦ/ਸੂਚਨਾ ਤਕਨਾਲੋਜੀ ਤੋਂ ਹੋ ਰਹੀ ਕਮਾਈ ਵਧ ਰਹੀ ਹੈ। ਜ਼ਮੀਨ, ਪਾਣੀ, ਜੰਗਲਾਤ, ਮਵੇਸ਼ੀਆਂ, ਪੰਛੀਆਂ, ਬੀਜਾਂ ਅਤੇ ਮੌਸਮੀ ਤਬਦੀਲੀਆਂ ਬਾਰੇ ਅੰਕੜੇ ਹਾਸਲ ਕਰਨ ਵਾਸਤੇ ਪੂੰਜੀਵਾਦੀ ਕੰਪਨੀਆਂ ਨੇ ਖੇਤੀਬਾੜੀ ‘ਤੇ ਅੱਖ ਟਿਕਾ ਲਈ ਹੈ ਤਾਂ ਕਿ ਆਪਣੇ ਡਿਜੀਟਲ ਪੂੰਜੀਵਾਦੀ ਕਾਰੋਬਾਰ ਨੂੰ ਵਧਾਇਆ ਜਾ ਸਕੇ। ਬਿਲ ਗੇਟਸ ਦੁਨੀਆ ਵਿਚ ਡਿਜੀਟਲ ਪੂੰਜੀਵਾਦ ਦਾ ਖਾਸ ਚਿਹਰਾ ਹੈ ਅਤੇ ਇਸ ਸਮੇਂ ਉਹ ਦੁਨੀਆ ਤੇ ਅਮਰੀਕਾ ਵਿਚ ਸਭ ਤੋਂ ਵੱਡਾ ਭੌਂ-ਪਤੀ ਬਣ ਗਿਆ ਹੈ।

ਖੇਤੀਬਾੜੀ ਵਿਚ ਇਸ ਬਹੁਕੌਮੀ ਕਾਰੋਬਾਰ ਦੇ ਦਾਖ਼ਲੇ ਦੀ ਕੌਮਾਂਤਰੀ ਪੱਧਰ ’ਤੇ ਮੁਖਾਲਫ਼ਤ ਹੋ ਰਹੀ ਹੈ। ਕੌਮਾਂਤਰੀ ਕਾਰੋਬਾਰੀ ਸਮੂਹਾਂ ਦੀਆਂ ਇਨਾਂ ਕੋਸ਼ਿਸ਼ਾਂ ਖਿਲਾਫ਼ ਕਿਸਾਨਾਂ, ਖ਼ਾਸਕਰ ਛੋਟੇ ਕਿਸਾਨਾਂ ਦੇ ਕੌਮਾਂਤਰੀ ਅੰਦੋਲਨਾਂ ਦਰਮਿਆਨ ਤਾਲਮੇਲ ਬਿਠਾਉਣ ਵਾਲੀ ਲਹਿਰ ਦਾ ਨਾਂ ‘ਲਾ ਵੀਆ ਕੈਂਪੇਸੀਨਾ’ (ਦਿਹਾਤੀ ਜੀਵਨ ਜਾਚ) ਹੈ ਜਿਸ ਨੇ ਬਹੁਤ ਸਾਰੇ ਦੇਸ਼ਾਂ, ਖ਼ਾਸਕਰ ਉਭਰ ਰਹੇ ਪੂੰਜੀਵਾਦੀ ਅਰਥਚਾਰਿਆਂ ਵਿਚ ਲੋਕਾਂ ਦਾ ਧਿਆਨ ਖਿੱਚਿਆ ਹੈ।

ਹਾਲੀਆ ਸਾਲਾਂ ਦੌਰਾਨ ਹੋਈ ਖੋਜ ਨੇ ਕੁਝ ਅਹਿਮ ਸਿੱਟੇ ਸਾਹਮਣੇ ਲਿਆਂਦੇ ਹਨ ਜਿਨਾਂ ਤੋਂ ਜਲਵਾਯੂ ਤਬਦੀਲੀ ਅਤੇ ਖ਼ੁਰਾਕ ਸੁਰੱਖਿਆ ਲਈ ਵੱਡੀਆਂ ਖੇਤੀ ਜੋਤਾਂ ਬਨਾਮ ਛੋਟੀਆਂ ਖੇਤੀ ਜੋਤਾਂ ਦੇ ਅਸਰ ਬਾਰੇ ਤੁਲਨਾਤਮਿਕ ਨਜ਼ਰੀਆ ਅਪਨਾਇਆ ਜਾ ਸਕਦਾ ਹੈ। ਇਸ ਖੋਜ ਦੇ ਸਿੱਟਿਆਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ; ਪਹਿਲਾ ਇਹ ਕਿ ਵੱਡੀਆਂ ਜੋਤਾਂ ਵਾਤਾਵਰਨ ਅਤੇ ਸਮਾਜਿਕ-ਸਭਿਆਚਾਰਕ ਪੱਖ ਤੋਂ ਬਹੁਤ ਜ਼ਿਆਦਾ ਤਬਾਹੀ ਮਚਾਉਣ ਵਾਲੀਆਂ ਸਾਬਿਤ ਹੁੰਦੀਆਂ ਹਨ ਅਤੇ ਛੋਟੀਆਂ ਜੋਤਾਂ ਵਾਲੀ ਖੇਤੀ ਖ਼ਾਸਕਰ ਪਰਿਵਾਰਕ ਖੇਤੀਬਾੜੀ ਵਾਤਾਵਰਨ ਤੇ ਸਮਾਜਿਕ ਤੇ ਸਭਿਆਚਾਰਕ ਪੱਖਾਂ ਤੋਂ ਵਧੇਰੇ ਪਾਏਦਾਰ ਹੁੰਦੀ ਹੈ। ਦੂਜਾ, ਇਹ ਕਿ ਵੱਡੀਆਂ ਜੋਤਾਂ ਵਾਲੀ ਖੇਤੀਬਾੜੀ ਖ਼ੁਰਾਕ ਸੁਰੱਖਿਆ ਲਈ ਬਹੁਤ ਵੱਡਾ ਜੋਖ਼ਮ ਪੈਦਾ ਕਰਦੀ ਹੈ ਜਦਕਿ ਛੋਟੀਆਂ ਜੋਤਾਂ ਵਾਲੀ ਖੇਤੀਬਾੜੀ ਨਾਲ ਖ਼ੁਰਾਕ ਸੁਰੱਖਿਆ ਨੂੰ ਬਲ ਮਿਲਦਾ ਹੈ। ਵੱਡੀਆਂ ਜੋਤਾਂ ਵਾਲੀ ਖੇਤੀਬਾੜੀ ਵੱਡੀਆਂ ਤੇ ਜ਼ਿਆਦਾਤਰ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ ਜੋ ਬਹੁਤ ਜ਼ਿਆਦਾ ਕਾਰਬਨ ਗੈਸਾਂ ਛੱਡਦੀਆਂ ਹਨ ਤੇ ਇਹੀ ਗੈਸਾਂ ਜਲਵਾਯੂ ਤਬਦੀਲੀ ਅਤੇ ਆਲਮੀ ਤਪਸ਼ ਦਾ ਮੂਲ ਕਾਰਨ ਬਣੀਆਂ ਹੋਈਆਂ ਹਨ। ਵੱਡੇ ਵੱਡੇ ਖੇਤੀ ਫਾਰਮ ਬਣਾਉਣ ਨਾਲ ਜੈਵ ਵੰਨ-ਸਵੰਨਤਾ ’ਤੇ ਵੀ ਵੱਡੀ ਸੱਟ ਵੱਜਦੀ ਹੈ ਜਦਕਿ ਛੋਟੀਆਂ ਜੋਤਾਂ ਵਾਲੀ ਖੇਤੀਬਾੜੀ ਨਾਲ ਖ਼ਤਰਨਾਕ ਕਾਰਬਨ ਗੈਸ ਘੱਟ ਨਿਕਲਦੀਆਂ ਹਨ ਤੇ ਜੀਵਾਂ ਤੇ ਬਨਸਪਤੀ ਦੀਆਂ ਹੋਰਨਾਂ ਪ੍ਰਜਾਤੀਆਂ ਦਾ ਵੀ ਵਧੇਰਾ ਖਿਆਲ ਰੱਖਿਆ ਜਾਂਦਾ ਹੈ।

ਇਨਾਂ ਦੋ ਲੱਭਤਾਂ ਨੇ ਵਿਕਾਸ ਦੇ ਰਵਾਇਤੀ ਆਰਥਿਕ ਸਿਧਾਂਤਾਂ ਨੂੰ ਮੂਧੇ ਮੂੰਹ ਸੁੱਟ ਦਿੱਤਾ ਹੈ ਕਿਉਂਕਿ ਇਹ ਸਿਧਾਂਤ ਸਨਅਤੀਕਰਨ ਤੇ ਸ਼ਹਿਰੀਕਰਨ ਨੂੰ ਤਰੱਕੀ ਦੇ ਸੂਚਕ ਵਜੋਂ ਪ੍ਰਚਾਰਦੇ ਰਹੇ ਸਨ ਅਤੇ ਖੇਤੀਬਾੜੀ ਤੇ ਦਿਹਾਤੀ ਵਰਗਾਂ ਨੂੰ ਪਛੜੇਪਣ ਦਾ ਨਾਮ ਦਿੰਦੇ ਰਹਿੰਦੇ ਹਨ। ਆਪਣਾ ਇਕਬਾਲ ਗੁਆ ਚੁੱਕੇ ਇਹ ਸਿਧਾਂਤ ਸਿਰਫ਼ ਪੂੰਜੀਵਾਦੀ ਮੁਲ਼ਕਾਂ ਵਿਚ ਹੀ ਸਿਰ ਚੜ ਕੇ ਨਹੀਂ ਬੋਲਦੇ ਸਨ ਸਗੋਂ ਆਪਣੇ ਆਪ ਨੂੰ ਸਮਾਜਵਾਦੀ ਅਖਵਾਉਣ ਵਾਲੇ ਸਾਬਕਾ ਸੋਵੀਅਤ ਰੂਸ ਨੁਮਾ ਅਰਥਚਾਰਿਆਂ ਵਿਚ ਵੀ ਇਨਾਂ ਦੀ ਤੂਤੀ ਬੋਲਦੀ ਸੀ ਜਿੱਥੇ ਸਨਅਤੀਕਰਨ ਦੇ ਨਾਂ ’ਤੇ ਕਿਸਾਨੀ ਨੂੰ ਦਬਾਇਆ ਜਾਂਦਾ ਸੀ ਹਾਲਾਂਕਿ ਉੱਥੇ ਬੁਖਾਰਿਨ ਜਿਹੇ ਆਗੂਆਂ ਦੀਆਂ ਮਿਸਾਲਾਂ ਵੀ ਮਿਲਦੀਆਂ ਹਨ ਜਿਨਾਂ ਨੂੰ ਕਰੂਰ ਸਨਅਤੀਕਰਨ ਦੇ ਸਟਾਲਿਨਵਾਦੀ ਤੌਰ-ਤਰੀਕਿਆਂ ਦੀ ਮੁਖ਼ਾਲਫ਼ਤ ਅਤੇ ਖੇਤੀਬਾੜੀ ਤੇ ਕਿਸਾਨੀ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਬਦਲੇ ਆਪਣੀਆਂ ਜਾਨਾਂ ਦੀ ਆਹੂਤੀ ਦੇਣੀ ਪਈ ਸੀ। ਜਲਵਾਯੂ ਤਬਦੀਲੀ ਦੇ ਏਜੰਡੇ ਦੀ ਵਧ ਰਹੀ ਅਹਿਮੀਅਤ ਤੋਂ ਪਤਾ ਲੱਗਦਾ ਹੈ ਕਿ ਅਸਲ ਵਿਚ ਖੇਤੀਬਾੜੀ ਅਤੇ ਸਨਅਤ ਨਾਲ ਜੁੜੀਆਂ ਉਚ ਮਸ਼ੀਨੀਕਰਨ ਦੀਆਂ ਵੱਡੇ ਪੱਧਰ ’ਤੇ ਪੈਦਾਵਾਰ ਕਰਨ ਵਾਲੀਆਂ ਇਹ ਉਹੀ ਸਰਗਰਮੀਆਂ ਹਨ ਜੋ ਵਾਤਾਵਰਨ ਦੀ ਤਬਾਹੀ ਦਾ ਕਾਰਨ ਬਣ ਕੇ ਪਿਛਾਂਹਖਿਚੂ ਸਾਬਤ ਹੋ ਰਹੀਆਂ ਹਨ। ਇਸ ਕਰ ਕੇ ਭਾਰਤ ਵਿਚ ਕਿਸਾਨ ਮੋਰਚੇ ਵਲੋਂ ਖੇਤੀ ਕਾਰੋਬਾਰੀ ਏਜੰਡੇ ਦੇ ਵਿਰੋਧ ਦੀ ਦੁਨੀਆ ਭਰ ਵਿਚ ਤਾਰੀਫ਼ ਹੋਈ ਹੈ ਕਿਉਂਕਿ ਇਸ ਪੱਖ ਤੋਂ ਇਹ ਵਾਤਾਵਰਨ ਦੀ ਸੁਰੱਖਿਆ ਤੇ ਖ਼ੁਰਾਕ ਸੁਰੱਖਿਆ ਦੀ ਸਲਾਮਤੀ ਦੇ ਅਗਾਂਹਵਧੂ ਵਿਚਾਰਾਂ ਨਾਲ ਮੇਲ ਖਾਂਦੀ ਹੈ।

ਕਿਸਾਨ ਮੋਰਚੇ ਨੇ ਕੇਂਦਰੀਕਰਨ, ਇਕਰੂਪੀਕਰਨ ਅਤੇ ਨਿਰੰਕੁਸ਼ਵਾਦ ਦੇ ਕੱਟੜਪੰਥੀ ਏਜੰਡੇ ਦੀ ਮੁਖ਼ਾਲਫ਼ਤ ਕਰ ਕੇ ਨਾ ਕੇਵਲ ਦੁਨੀਆ ਭਰ ਵਿਚ ਸਗੋਂ ਸਮੁੱਚੇ ਭਾਰਤ ਵਿਚ ਵੀ ਜਸ ਖੱਟਿਆ ਹੈ। ਕਿਸਾਨ ਮੋਰਚੇ ਨੇ ਭਾਰਤ ਵਿਚ ਸੰਘਵਾਦ, ਖੇਤਰੀ ਪਛਾਣਾਂ, ਲੋਕਤੰਤਰ ਅਤੇ ਮਨੁੱਖੀ ਹੱਕਾਂ ਦੇ ਮਨੋਰਥ ਨੂੰ ਮਜ਼ਬੂਤ ਕੀਤਾ ਹੈ। ਕੁੱਲ ਹਿੰਦ ਪੱਧਰ ‘ਤੇ ਹਰ ਸੂਬੇ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਤੇ ਅਖੀਰ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣਾ ਹੀ ਕਿਸਾਨ ਮੋਰਚੇ ਦਾ ਕੇਂਦਰੀ ਕਾਰਜ ਬਣਿਆ ਹੋਇਆ ਹੈ। ਕਿਸਾਨ ਮੋਰਚੇ ਨੇ ਪੱਛਮੀ ਬੰਗਾਲ ਵਿਚ ਭਾਜਪਾ ਨੂੰ ਹਰਾਉਣ ਦਾ ਪ੍ਰਚਾਰ ਕਰ ਕੇ ਆਪਣੇ ਸਿਆਸੀ ਰੰਗ ਦਿਖਾਏ ਸਨ ਤੇ ਇੰਝ ਮਮਤਾ ਬੈਨਰਜੀ ਦੀ ਅਗਵਾਈ ਹੇਠਲੀ ਖੇਤਰੀ ਪਾਰਟੀ ਨੂੰ ਚੋਣਾਂ ਜਿੱਤਣ ਵਿਚ ਮਦਦ ਮਿਲੀ। ਪੱਛਮੀ ਬੰਗਾਲ ਵਿਚ ਖੇਤਰੀ ਸਿਆਸੀ ਪਾਰਟੀ ਦੀ ਜਿੱਤ ਨੇ ਦੇਸ਼ ਅੰਦਰ ਭਾਜਪਾ ਖਿਲਾਫ਼ ਸਿਆਸੀ ਮਾਹੌਲ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ ਹੈ।

ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਕਿਸਾਨ ਅੰਦੋਲਨ ਨੇ ਪੰਜਾਬ ਦੇ ਲੋਕਾਂ ਦੇ ਹਰ ਤਬਕੇ ਨੂੰ ਜਿਸ ਕਦਰ ਲਾਮਬੰਦ ਕੀਤਾ ਹੈ, ਉਸ ਦੀ ਮਿਸਾਲ ਪਹਿਲਾਂ ਕਦੇ ਵੀ ਨਹੀਂ ਮਿਲੀ, ਇੱਥੋਂ ਤੱਕ ਕਿ ਅਜ਼ਾਦੀ ਸੰਗਰਾਮ ਵੇਲੇ ਵੀ ਅਜਿਹਾ ਦੇਖਣ ਨੂੰ ਨਹੀਂ ਸੀ ਮਿਲਿਆ। ਇਸ ਨੇ ਦਿਹਾਤੀ-ਸ਼ਹਿਰੀ ਪਾੜਾ ਭਰ ਦਿੱਤਾ ਹੈ ਅਤੇ ਜਾਤੀ ਵਲਗਣਾਂ ਵੀ ਛਿੱਥੀਆਂ ਪਈਆਂ ਹਨ। ਔਰਤਾਂ, ਹਰ ਉਮਰ ਵਰਗ ਦੇ ਲੋਕਾਂ ਦੀ ਪ੍ਰਮੁੱਖ ਹਿੱਸੇਦਾਰੀ ਨੇ ਪਿੱਤਰਸੱਤਾ ਨੂੰ ਤਕੜਾ ਝਟਕਾ ਦਿੱਤਾ ਹੈ। ਪੰਜਾਬੀ ਨੌਜਵਾਨੀ ਨੂੰ ਇਸ ਨਾਲ ਨਵੀਂ ਹਾਂਦਰੂ ਦਿਸ਼ਾ ਮਿਲੀ ਹੈ। ਇਸ ਨੇ ਬੁੱਧੀਜੀਵੀਆਂ, ਕਲਾਕਾਰਾਂ, ਕਵੀਆਂ ਅਤੇ ਨੌਕਰਸ਼ਾਹਾਂ ਨੂੰ ਸਮੂਹਿਕ ਸਮਾਜਿਕ ਹਿੱਤਾਂ ਬਾਰੇ ਸੋਚਣ ਲਈ ਪ੍ਰੇਰਨਾ ਦਿੱਤੀ ਹੈ। ਇਸ ਨੇ ਆਗੂਆਂ ਅੰਦਰ ਅਜਿਹਾ ਨੈਤਿਕ ਬਲ ਭਰਿਆ ਹੈ ਜਿਸ ਨਾਲ ਲੋਕਾਂ ਅੰਦਰ ਇਹ ਭਰੋਸਾ ਪੈਦਾ ਹੋਇਆ ਹੈ ਕਿ ਹਰ ਆਗੂ ਭ੍ਰਿਸ਼ਟ ਤੇ ਲਾਲਚੀ ਨਹੀਂ ਹੁੰਦਾ। ਅੰਦੋਲਨ ਨੇ ਪਰਵਾਸੀ ਪੰਜਾਬੀ ਭਾਈਚਾਰੇ ਨਾਲ ਤੰਦਾਂ ਨੂੰ ਮਜ਼ਬੂਤ ਕੀਤਾ, ਖ਼ਾਸ ਕਰ ਕੇ ਉਨਾਂ ਦੀ ਨਵੀਂ ਪੀੜੀ ਦੀ ਪੰਜਾਬ, ਪੰਜਾਬੀ ਜ਼ਬਾਨ ਅਤੇ ਸਭਿਆਚਾਰ ਨਾਲ ਸਾਂਝ ਪੁਆਈ ਹੈ। ਇਸ ਨਾਲ ਪੰਜਾਬ ਅੰਦਰ ਖਪਤਵਾਦੀ ਅਤੇ ਨਿੱਜਵਾਦੀ ਕਲਚਰ ਦੀ ਬਜਾਏ ਸਮਾਜਿਕ ਇਕਜੁੱਟਤਾ, ਸੇਵਾ, ਕੁਦਰਤ ਦੇ ਸਤਿਕਾਰ ਅਤੇ ਸਾਂਝੀਵਾਲਤਾ ਦੀ ਮੁੜ ਜਾਗ ਲਾਈ ਹੈ ਜਿਸ ਸਦਕਾ ਸਭਿਅਕ ਤਬਦੀਲੀ ਦੇ ਬੀਜ ਪੁੰਗਰਨ ਲੱਗੇ ਹਨ।

ਕਿਸਾਨ ਜਥੇਬੰਦੀਆਂ ਤੇ ਚੋਣ ਰਣਨੀਤੀ ਕਿਸਾਨ ਅੰਦੋਲਨ ਦੇ ਕੌਮਾਂਤਰੀ ਪੱਧਰ ’ਤੇ ਤਿੰਨ ਸਿੱਟੇ ਉਭਰ ਕੇ ਸਾਹਮਣੇ ਆ ਰਹੇ ਹਨ- ਖੇਤੀ ਕਾਰੋਬਾਰ ਦੇ ਏਜੰਡੇ ਨੂੰ ਪਿਛਾਂਹ ਹਟਣਾ ਪਿਆ ਅਤੇ ਵਾਤਾਵਰਨ ਹੰਢਣਸਾਰਤਾ ਤੇ ਖ਼ੁਰਾਕ ਸੁਰੱਖਿਆ ਲਈ ਛੋਟੀਆਂ ਖੇਤੀ ਜੋਤਾਂ ਅਤੇ ਪਰਿਵਾਰਕ ਖੇਤੀ ਜੋਤਾਂ ਦਾ ਬਚਾਓ ਹੋਇਆ ਹੈ, ਕੌਮੀ ਪੱਧਰ ’ਤੇ ਸੰਘਵਾਦ, ਲੋਕਰਾਜ ਅਤੇ ਮਨੁੱਖੀ ਹਕੂਕ ਯਕੀਨੀ ਬਣਾਉਣ ਲਈ ਭਾਜਪਾ ਨੂੰ ਹਰਾਉਣਾ ਅਤੇ ਖੇਤਰੀ ਤੌਰ ’ਤੇ ਪੰਜਾਬ ਵਿਚ ਇਕ ਦੂਜੇ ਨਾਲ ਜੁੜੇ ਸਾਂਝੀਵਾਲਤਾ ਅਤੇ ਵਾਤਾਵਰਨ-ਮੁਖੀ ਤਹਿਜ਼ੀਬ ਵੱਲ ਕਦਮ ਪੁੱਟਣ ਵਾਸਤੇ ਕਿਸਾਨੀ ਅਤੇ ਕੁਦਰਤ ਦੀ ਰਾਖੀ ਕੀਤੀ ਜਾਵੇ।

ਕਿਸਾਨ ਮੋਰਚੇ ’ਚੋਂ ਵਿਗਸੇ ਇਨਾਂ ਤਿੰਨ ਅੰਤਰ-ਸਬੰਧਤ ਸਿੱਟਿਆਂ ਦੀ ਲੋਅ ’ਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦਾ ਇਹ ਤਵਾਰੀਖ਼ੀ ਫ਼ਰਜ਼ ਹੈ ਕਿ ਉਹ ਸੁਲਝੀ ਤੇ ਅਗਾਂਹਵਧੂ ਚੋਣ ਰਣਨੀਤੀ ਤਿਆਰ ਕਰਨ ਜੋ ਇਹ ਯਕੀਨੀ ਬਣਾਵੇ ਕਿ ਇਹ ਤਿੰਨ ਇੱਛਤ ਨਤੀਜੇ ਸਾਕਾਰ ਹੋ ਸਕਣ। ਕਿਸਾਨਾਂ ਦੇ ਕਿਸੇ ਹਿੱਸੇ ਦਾ ਇਹ ਵਿਚਾਰ ਹੋ ਸਕਦਾ ਹੈ ਕਿ ਸਿਆਸਤ ਗੰਦੀ ਖੇਡ ਹੈ ਤੇ ਉਨਾਂ ਨੂੰ ਪਾਰਟੀ ਤੇ ਚੁਣਾਵੀ ਸਿਆਸਤ ਤੋਂ ਦੂਰ ਰਹਿਣਾ ਚਾਹੀਦਾ ਹੈ, ਉਨਾਂ ਨੂੰ ਕਾਨੂੰਨ ਰੱਦ ਕਰਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਜ਼ਾਮਨੀ ਦੀਆਂ ਆਰਥਿਕ ਮੰਗਾਂ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ। ਭਾਰਤ ਅਤੇ ਪੰਜਾਬ ਵਿਚ ਵੀ ਜ਼ਿਆਦਾਤਰ ਸਿਆਸੀ ਪਾਰਟੀਆਂ ਦੇ ਕਾਰਵਿਹਾਰ ਨੂੰ ਦੇਖਦਿਆਂ ਉਨਾਂ ਦਾ ਮੌਜੂਦਾ ਸਿਆਸਤ ਬਾਰੇ ਨਜ਼ਰੀਆ ਕੁਝ ਹੱਦ ਤੱਕ ਠੀਕ ਹੋ ਸਕਦਾ ਹੈ, ਕਿਉਂਕਿ ਇਨਾਂ ਪਾਰਟੀਆਂ ਦਾ ਮੁੱਖ ਮਕਸਦ ਰਾਜ ਸੱਤਾ ਹਾਸਲ ਕਰਨ ਅਤੇ ਆਪਣੇ ਲਈ ਧਨ ਦੌਲਤ ਇਕੱਤਰ ਕਰਨਾ ਹੀ ਹੈ।

ਉਂਜ, ਕਿਸਾਨ ਆਗੂਆਂ ਵਲੋਂ ਲੋਕਤੰਤਰ (ਭਾਵੇਂ ਬੁਰਜਵਾ ਲੋਕਤੰਤਰ ਹੀ) ’ਚ ਚੋਣਾਂ ਦੀ ਅਹਿਮੀਅਤ ਨੂੰ ਛੁਟਿਆ ਕੇ ਦੇਖਣਾ ਗ਼ਲਤੀ ਹੋਵੇਗੀ। ਅਰਥਚਾਰੇ, ਸਿਆਸਤ, ਸੱਭਿਆਚਾਰ, ਸਿੱਖਿਆ, ਸਿਹਤ ਤੇ ਆਮ ਲੋਕਾਂ ਦੀ ਭਲਾਈ ਨੂੰ ਵਿਉਂਤਣ ਵਿਚ ਸਟੇਟ ਦੀ ਬਹੁਤ ਹੀ ਅਹਿਮ ਭੂਮਿਕਾ ਹੁੰਦੀ ਹੈ। ਕੇਰਲ ਦੇ ਤਜਰਬੇ ਅਤੇ ਕੁਝ ਹੱਦ ਤੱਕ ਪੰਜਾਬ ਦੇ ਤਜਰਬੇ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਵੀ ਸਟੇਟ ਦੀ ਇਹ ਭੂਮਿਕਾ ਹਾਂਪੱਖੀ ਹੋ ਸਕਦੀ ਹੈ ਅਤੇ ਮਨੁੱਖੀ ਹੱਕਾਂ ਦੇ ਲਿਹਾਜ਼ ਤੋਂ ਗੁਜਰਾਤ ਅਤੇ ਉੱਤਰ ਪ੍ਰਦੇਸ਼ ਜਿਹੇ ਹੋਰਨਾਂ ਸੂਬਿਆਂ ਦੇ ਤਜਰਬੇ ਅਤੇ ਕੁਝ ਹੱਦ ਤੱਕ ਪੰਜਾਬ ਦੇ ਤਜਰਬੇ ਤੋਂ ਵੀ ਪਤਾ ਲਗਦਾ ਹੈ ਕਿ ਇਹ ਭੂਮਿਕਾ ਨਾਂਹਪੱਖੀ ਵੀ ਹੋ ਸਕਦੀ ਹੈ।

ਜਿੱਥੋਂ ਤੱਕ ਤਿੰਨ ਖੇਤੀ ਕਾਨੂੰਨ ਰੱਦ ਕਰਾਉਣ ਅਤੇ ਐੱਮਐੱਸਪੀ ਜਿਹੀਆਂ ਆਰਥਿਕ ਮੰਗਾਂ ਤੱਕ ਮਹਿਦੂਦ ਰਹਿਣ ਦਾ ਸਵਾਲ ਹੈ ਤਾਂ ਇਹ ਸਟੈਂਡ ਵੀ ਬਹੁਤ ਤਿਲਕਵਾਂ ਤੇ ਬਹੁਤ ਜ਼ਿਆਦਾ ਜੋਖ਼ਮ ਭਰਪੂਰ ਹੈ। ਅਸੀਂ ਇਹ ਸੰਭਾਵਨਾ ਮੁੱਢੋਂ ਰੱਦ ਨਹੀਂ ਕਰ ਸਕਦੇ ਕਿ ਭਾਜਪਾ ਸਰਕਾਰ 2024 ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਕਿਸਾਨਾਂ ਦੀਆਂ ਮੰਗਾਂ ਸਵੀਕਾਰ ਕਰ ਸਕਦੀ ਹੈ ਅਤੇ ਫਿਰ ਜ਼ਬਰਦਸਤ ਮੀਡੀਆ ਪ੍ਰਚਾਰ ਮੁਹਿੰਮ ਚਲਾਵੇ ਕਿ ਪ੍ਰਧਾਨ ਮੰਤਰੀ ਮੋਦੀ ਕਿਸਾਨਾਂ ਨੂੰ ਕਿੰਨਾ ਪਿਆਰ ਕਰਦੇ ਹਨ ਕਿ ਉਨਾਂ ਖੇਤੀ ਕਾਨੂੰਨਾਂ ਦੇ ਲਾਹੇਵੰਦ ਹੋਣ ਦੀ ਸਮਝ ਦੇ ਬਾਵਜੂਦ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰ ਲਈਆਂ ਹਨ। ਉਸ ਸੂਰਤ ਵਿਚ ਕਿਸਾਨ ਜਥੇਬੰਦੀਆਂ ਕੋਲ ਸਰਕਾਰ ਦੀ ਆਲੋਚਨਾ ਕਰਨ ਦਾ ਕੋਈ ਬਹਾਨਾ ਨਹੀਂ ਹੋਵੇਗਾ ਤੇ ਭਾਜਪਾ ਇਕ ਵਾਰ ਫਿਰ ਸੱਤਾ ਵਿਚ ਆ ਕੇ ਖੇਤੀਬਾੜੀ, ਕਿਸਾਨੀ, ਸੰਘਵਾਦ (ਫੈਡਰਲਿਜ਼ਮ) ਅਤੇ ਲੋਕਰਾਜ ਲਈ ਤਬਾਹਕੁਨ ਸਿੱਟੇ ਲਿਆ ਸਕਦੀ ਹੈ। ਕਿਸਾਨ ਅੰਦੋਲਨ ਹੱਥੋਂ ਜ਼ਲਾਲਤ ਝਾਗਣ ਤੋਂ ਬਾਅਦ ਭਾਜਪਾ ਦੀ ਸੱਤਾ ਵਿਚ ਵਾਪਸੀ ਦੇ ਅਜਿਹੇ ਖੌਫ਼ਨਾਕ ਸਿੱਟੇ ਸਾਹਮਣੇ ਆ ਸਕਦੇ ਹਨ ਜਿਨਾਂ ਬਾਰੇ ਫ਼ਿਲਹਾਲ ਕਿਆਸ ਵੀ ਨਹੀਂ ਕੀਤਾ ਜਾ ਸਕਦਾ।

ਕੋਈ ਇਕ ਸੂਬਾ ਜਿੱਥੇ ਕਿਸਾਨ ਜਥੇਬੰਦੀਆਂ ਕੋਲ ਚੋਣਾਂ ਜਿੱਤਣ ਅਤੇ ਅਗਾਂਹਵਧੂ ਸਿਆਸੀ, ਆਰਥਿਕ ਅਤੇ ਸਮਾਜਿਕ ਤਬਦੀਲੀ ਲਈ ਰਾਜ ਸੱਤਾ ਦੀ ਵਰਤੋਂ ਕਰਨ ਦਾ ਬਿਹਤਰੀਨ ਮੌਕਾ ਹੈ ਤਾਂ ਉਹ ਪੰਜਾਬ ਹੈ। ਇਸ ਤਰਾਂ, ਪੰਜਾਬ ਹੋਰਨਾਂ ਸੂਬਿਆਂ ਲਈ ਚਾਨਣ ਮੁਨਾਰਾ ਬਣ ਸਕਦਾ ਹੈ। ਇਸ ਦਾ ਮਤਲਬ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਇਸ ਮੁੱਦੇ ’ਤੇ ਸੰਜੀਦਗੀ ਨਾਲ ਵਿਚਾਰ-ਚਰਚਾ ਕਰਨੀ ਚਾਹੀਦੀ ਹੈ ਕਿ ਉਨਾਂ ਨੂੰ ਕਿਸਾਨ-ਮਜ਼ਦੂਰ ਏਕਤਾ ਦੇ ਨਾਅਰੇ ਤਹਿਤ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਲੜਨੀਆਂ ਚਾਹੀਦੀਆਂ ਹਨ।

ਚੋਣਾਂ ਨਾ ਲੜਨ ਦਾ ਪੱਛਮੀ ਬੰਗਾਲ ਦਾ ਮਾਡਲ ਅਤੇ ਪੰਜਾਬ ਵਿਚ ਵੋਟਰਾਂ ਨੂੰ ਭਾਜਪਾ ਦੇ ਹੱਕ ਵਿਚ ਵੋਟਾਂ ਨਾ ਪਾਉਣ ਦੀ ਅਪੀਲ ਦੋ ਕਾਰਨਾਂ ਕਰ ਕੇ ਢੁਕਵੀਂ ਨਹੀਂ ਹੈ : ਪਹਿਲਾ, ਇਹ ਕਿ ਪੰਜਾਬ ਵਿਚ ਭਾਜਪਾ ਦੀ ਸਿਆਸੀ ਹੈਸੀਅਤ ਮਾਮੂਲੀ ਹੈ ਅਤੇ ਦੂਜਾ, ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੀ ਤਾਕਤ ਪੱਛਮੀ ਬੰਗਾਲ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਉਨਾਂ ਨੂੰ ਚੰਗੀ ਤਰਾਂ ਸੋਚ ਵਿਚਾਰ ਕਰ ਕੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਬੇਦਾਗ਼ ਦਿਆਨਤਦਾਰੀ ਅਤੇ ਬੌਧਿਕ ਕਾਬਲੀਅਤ ਵਾਲੇ ਕਿਸਾਨ ਮਜ਼ਦੂਰਾਂ ਦੇ ਨੁਮਾਇੰਦਿਆਂ ਦੀ 117 ਅਜਿਹੇ ਉਮੀਦਵਾਰਾਂ ਦੀ ਸੂਚੀ ਤਿਆਰ ਕਰਨੀ ਚਾਹੀਦੀ ਹੈ। ਇਸ ਸੂਚੀ ਵਿਚ ਇਸ ਅਨੁਪਾਤ ਦੇ ਹਿਸਾਬ ਨਾਲ ਬਹੁਤ ਹੀ ਸੂਝ-ਬੂਝ ਨਾਲ ਅਜਿਹੇ ਮਹਿਲਾ ਉਮੀਦਵਾਰ ਵੀ ਉਤਾਰਨੇ ਚਾਹੀਦੇ ਹਨ ਜਿਨਾਂ ਰਾਹੀਂ ਸਿਆਸਤ ਵਿਚ ਔਰਤਾਂ ਦੀ ਭੂਮਿਕਾ ਦੇ ਇਕ ਨਵੇਂ ਰੁਝਾਨ ਦੀ ਸ਼ੁਰੂਆਤ ਹੋ ਸਕੇ। ਹੋਰਨਾਂ ਪਾਰਟੀਆਂ ਨਾਲ ਸਬੰਧਤ ਕੁਝ ਵਿਅਕਤੀਗਤ ਉਮੀਦਵਾਰਾਂ ਦੀ ਹਮਾਇਤ ਕਰਨ ਬਾਰੇ ਕੁਝ ਛੱਡ-ਛਡਾਅ ਹੋ ਸਕਦਾ ਹੈ ਜੋ ਸ਼ੁਰੂ ਤੋਂ ਤਿੰਨ ਖੇਤੀ ਕਾਨੂੰਨਾਂ ਦਾ ਨਿੱਠ ਕੇ ਵਿਰੋਧ ਕਰ ਰਹੇ ਹਨ। ਅਜਿਹੇ ਉਮੀਦਵਾਰਾਂ ਦੀ ਹਮਾਇਤ ਲਈ ਉਨਾਂ ਦੇ ਪਾਰਟੀ ਸਬੰਧਾਂ ਵੱਲ ਤਵੱਜੋ ਨਹੀਂ ਦੇਣੀ ਚਾਹੀਦੀ ਸਗੋਂ ਕਿਸਾਨ ਅੰਦੋਲਨ ਦੌਰਾਨ ਉਨਾਂ ਦੇ ਕਿਰਦਾਰ ਦਾ ਇਕ-ਮਾਤਰ ਪੈਮਾਨਾ ਹੋਣਾ ਚਾਹੀਦਾ ਹੈ।

ਇਸ ਵੇਲੇ ਪੰਜਾਬ ਦੇ ਮੁੱਖ ਕਿਸਾਨ ਆਗੂਆਂ ਦਾ ਰੁਤਬਾ ਸੂਬੇ ਦੀ ਕਿਸੇ ਵੀ ਸਿਆਸੀ ਪਾਰਟੀ ਦੇ ਕਿਸੇ ਵੀ ਆਗੂ ਨਾਲੋਂ ਵੱਡਾ ਹੈ। ਇਕ ਜਾਂ ਦੂਜੇ ਕਾਰਨ ਕਰ ਕੇ ਪੰਜਾਬ ’ਚ ਮੌਜੂਦਾ ਸਿਆਸੀ ਪਾਰਟੀਆਂ ਦੇ ਜ਼ਿਆਦਾਤਰ ਆਗੂਆਂ ਦਾ ਕੋਈ ਸਤਿਕਾਰ ਨਹੀਂ। ਇਨਾਂ ’ਚੋਂ ਕਿਸੇ ਵੀ ਆਗੂ ਕੋਲ ਪੰਜਾਬ ਨੂੰ ਚਹੁਮੁਖੀ ਬਰਬਾਦੀ ਦੇ ਆਲਮ ਵਿਚੋਂ ਕੱਢ ਕੇ ਬਿਹਤਰ ਜ਼ਿੰਦਗੀ ਤਾਮੀਰ ਕਰਨ ਦੀ ਨਾ ਸੋਝੀ ਹੈ, ਨਾ ਹੀ ਜੇਰਾ ਹੈ। ਕਿਸਾਨ ਮਜ਼ਦੂਰ ਉਮੀਦਵਾਰਾਂ ਦੀ ਇਸ ਸੂਚੀ ਨੂੰ ਨਾ ਕੇਵਲ ਛੋਟੀ ਕਿਸਾਨੀ ਨੂੰ ਮਜ਼ਬੂਤ ਬਣਾਉਣ ਸਗੋਂ ਸਰਕਾਰੀ ਸਕੂਲ ਸਿੱਖਿਆ, ਜਨਤਕ ਸਿਹਤ, ਊਰਜਾ ਪੱਖੋਂ ਕੁਸ਼ਲ ਘਰ-ਨਿਰਮਾਣ, ਸਾਈਕਲ ਦੀ ਵਧੇਰੇ ਵਰਤੋਂ ਤੇ ਕਾਰਾਂ ‘ਤੇ ਨਿਰਭਰਤਾ ਘਟਾਉਣ ਵਾਲੀ ਜਨਤਕ ਟ੍ਰਾਂਸਪੋਰਟ ਅਤੇ ਸੜਕਾਂ ਦੇ ਨਵੇਂ ਡਿਜ਼ਾਈਨ ਤੇ ਵਾਤਾਵਰਨ ਦੇ ਲਿਹਾਜ਼ ਤੋਂ ਸਮੱਗਰੀ, ਸਾਈਕਲਾਂ ਲਈ ਉਚੇਚੇ ਮਾਰਗ ਅਤੇ ਸਾਈਕਲਾਂ ਦੀਆਂ ਨਵੀਆਂ ਦੁਕਾਨਾਂ ਤੇ ਰਿਪੇਅਰ ਕੇਂਦਰ ਖੋਲਣੇ, ਗਰੀਨ/ਵਾਤਾਵਰਨ-ਮੁਖੀ ਇਲੈਕਟ੍ਰੀਸ਼ਨਾਂ, ਪਲੰਬਰਾਂ, ਇਮਾਰਤਸਾਜ਼ਾਂ, ਮੁੜ ਨਵਿਆਉਣਯੋਗ ਊਰਜਾ ਤਕਨੀਸ਼ੀਅਨਾਂ ਤੇ ਗਰੀਨ ਸਿਖਿਅਕਾਂ ਤੇ ਵਿਦਿਅਕ ਸੰਸਥਾਵਾਂ ਦੇ ਜ਼ਰੀਏ ਲੱਖਾਂ ਦੀ ਤਾਦਾਦ ਵਿਚ ਰੁਜ਼ਗਾਰ ਦੇ ਅਵਸਰ ਪੈਦਾ ਕਰ ਕੇ ਅਰਥਚਾਰੇ ਨੂੰ ਗਰੀਨ ਹੁਲਾਰਾ ਦਿੱਤਾ ਜਾਵੇ। ਨਵਿਆਉਣਯੋਗ ਊਰਜਾ ਦੀ ਵਰਤੋਂ ਅਤੇ ਜੈਵਿਕ ਖੇਤੀ ਵਿਚ ਖੋਜ ਨੂੰ ਖੁੱਲੇ ਦਿਲ ਨਾਲ ਹੱਲਾਸ਼ੇਰੀ ਦਿੱਤੀ ਜਾਵੇ। ਪੰਜਾਬੀ ਜਬਾਨ ਦੀ ਵਰਤੋਂ ਨੂੰ ਬੱਝਵੇਂ ਰੂਪ ਵਿਚ ਥਾਪੜਾ ਦਿੱਤਾ ਜਾਵੇ ਤਾਂ ਕਿ ਪੰਜਾਬੀ ਭਾਸ਼ਾ ਵਿਚ ਸਾਰੇ ਸਰਕਾਰੀ ਦਸਤਾਵੇਜ਼ ਆਮ ਲੋਕਾਂ ਨੂੰ ਮੁਹੱਈਆ ਹੋ ਸਕਣ। ਕੋਵਿਡ-19 ਦਾ ਤਜਰਬਾ ਦਰਸਾਉਂਦਾ ਹੈ ਕਿ ਮਾਂ ਬੋਲੀ ’ਚ ਜਾਣਕਾਰੀ ਦਾ ਪ੍ਰਸਾਰ ਕਿੰਨੀ ਅਹਿਮੀਅਤ ਰੱਖਦਾ ਹੈ। ਜਾਗ੍ਰਿਤ ਸ਼ਹਿਰੀ ਵਿਕਾਸ ਦਾ ਅਸਾਸਾ ਹੁੰਦੇ ਹਨ। ਲੋਕਾਂ ਦੀ ਮਾਦਰੀ ਜ਼ੁਬਾਨ ਨੂੰ ਹੱਲਾਸ਼ੇਰੀ ਮਹਿਜ਼ ਸੱਭਿਆਚਾਰਕ ਮੁੱਦਾ ਹੀ ਨਹੀਂ ਸਗੋਂ ਇਹ ਵਿਕਾਸ ਨਾਲ ਵੀ ਓਨਾ ਹੀ ਜੁੜਿਆ ਹੋਇਆ ਹੈ। ਪੰਜਾਬ ਵਿਚਲੇ ਪ੍ਰਾਈਵੇਟ ਸਕੂਲਾਂ ਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਰਾਹੀਂ ਚਲਾਏ ਜਾਂਦੇ ਸਕੂਲਾਂ ਸਮੇਤ ਸਾਰੇ ਸਕੂਲਾਂ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਇਆ ਜਾਵੇ। ਇਸ ਤੋਂ ਇਲਾਵਾ ਅੰਗਰੇਜ਼ੀ ਦੀ ਮਿਆਰੀ ਪੜਾਈ ਯਕੀਨੀ ਬਣਾਈ ਜਾਵੇ ਕਿਉਂਕਿ ਅੰਗਰੇਜ਼ੀ ਤੇਜ਼ੀ ਨਾਲ ਕੌਮਾਂਤਰੀ ਭਾਸ਼ਾ ਬਣ ਰਹੀ ਹੈ। ਜਿਵੇਂ ਜਿਵੇਂ ਪੰਜਾਬੀ ਵਿਚ ਵਿਦਿਆਰਥੀਆਂ ਦੀ ਮਹਾਰਤ ਵਧੇਗੀ, ਤਿਵੇਂ ਤਿਵੇਂ ਉਨਾਂ ਦੀ ਅੰਗਰੇਜ਼ੀ ਵਿਚ ਕੰਮ ਕਰਨ ਦੀ ਯੋਗਤਾ ਵੀ ਵਧੇਗੀ।

ਇਸ ਵੇਲੇ ਅਸੀਂ ਇਹ ਸੋਚ ਵਿਚਾਰ ਕਰ ਰਹੇ ਹਾਂ ਕਿ ਪੰਜਾਬ ਦਾ ਮਾਲੀਆ ਕਿਵੇਂ ਵਧਾਇਆ ਜਾਵੇ। ਇਸ ਮੰਤਵ ਲਈ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੀ ਹੱਥੀਂ ਕਿਰਤ ਅਤੇ ਬੌਧਿਕ ਜਾਇਦਾਦ, ਜ਼ਮੀਨ, ਜੰਗਲਾਤ, ਖਾਣਾਂ, ਜਲ ਤੇ ਹੋਰ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕਰ ਕੇ ਧਨਾਢ ਬਣ ਚੁੱਕੇ ਲੋਕਾਂ ’ਤੇ ਵਿਸ਼ੇਸ਼ ਲੈਵੀ ਆਇਦ ਕਰ ਕੇ ਮਾਲੀਆ ਜੁਟਾਇਆ ਜਾਵੇ।

ਬਾਕੀ ਸਫ਼ਾ 31 ’ਤੇ

# DON'T FORGOT THAT SECOND SHOT OF THE PFIZER OR MODERNA COVID VACCINE

**WHILE NEARLY 60 PERCENT OF CALIFORNIANS ARE FULLY VACCINATED, JUST OVER 10 PERCENT ARE PARTIALLY VACCINATED — MEANING THEY HAVEN'T YET GOTTEN THE NECESSARY SECOND DOSE OF THE PFIZER OR MODERNA COVID-19 VACCINE, ACCORDING TO DATA FROM THE CALIFORNIA DEPARTMENT OF PUBLIC HEALTH . DOCTORS SAY GETTING THAT SECOND SHOT IS IMPORTANT BECAUSE A SINGLE DOSE OF THESE VACCINES DOES NOT PROVIDE THE EFFECTIVENESS OF TWO DOSES, ESPECIALLY AGAINST NEW VARIANTS.**

**IN THIS FAQ, DR. ROBERT WACHTER, CHAIR OF THE DEPARTMENT OF MEDICINE AT THE UNIVERSITY OF CALIFORNIA, SAN FRANCISCO, DISCUSSES WHY THE SECOND SHOT OF THESE VACCINES IS ABSOLUTELY NECESSARY, ESPECIALLY IN LIGHT OF THE RAPID SPREAD OF THE DELTA VARIANT, FIRST IDENTIFIED IN INDIA.**

**ETHNIC MEDIA SERVICES:** ***WHAT CONCERNS DO PEOPLE HAVE ABOUT GETTING THE NECESSARY SECOND DOSE OF THE PFIZER OR MODERNA VACCINE? HOW WOULD YOU ADDRESS THOSE CONCERNS, ESPECIALLY SINCE THE PANDEMIC ISN'T OVER YET?***




**DR. ROBERT WACHTER:** The vast majority of people who are getting vaccinated with two-shot vaccines do get their second shot. About 10% do not . Some may believe the protection they get from dose 1 is good enough. Some may have had a bad reaction after their first dose. And some may just forget or not bother. But here's the problem: Particularly with the Delta variant, we need to get people to take their second shots. Just taking one shot is a really bad strategy. The second shot yields stronger and more durable protection.

**EMS:** Should people who experienced side effects after the first shot—including a fever, sore throat, and muscle aches—still take the second dose?
**WACHTER:** Even if you had side effects, it is important to take dose 2. Severe allergic reactions are very, very rare. Everyone should take dose 2.

**EMS:** What if you have missed your appointment for your second vaccine? Can you take it later?
**WACHTER:** Yes, there is no harm in taking it later. The biggest risk is that going with a single dose for longer, which may not protect against variants like Delta.

**EMS:** What would you say to people who don't see the need for the second dose?
**WACHTER:** Efficacy of first dose with the original virus was about 80%. The second dose takes you to 95% and will give you better and more durable protection.
**EMS:** Do the current vaccines offer sufficient protection against the Delta variant and the P1 variant first identified in Brazil?
**WACHTER:** Full vaccination with the currently approved vaccines (including Pfizer, Moderna, and J&J) appear to give strong protection against the known variants. But you need to be fully vaccinated.



**DR. ROBERT WACHTER**

# ਕੈਨੇਡਾ ਦੇ ਮੂਲਵਾਸੀਆਂ ਦੇ ਬੱਚਿਆਂ ਦੀ ਨਸਲਕੁਸ਼ੀ ਦਾ ਕਾਲਾ ਅਧਿਆਇ



**ਡਾ. ਗੁਰਵਿੰਦਰ ਸਿੰਘ**
**ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.) ਐਬਟਸਫੋਰਡ, ਕੈਨੇਡਾ**
**੦੦੧ -੬੦੪-੮੨੫-੧੫੫੦**

ਪਹਿਲੀ ਜੁਲਾਈ ਦਾ ਦਿਹਾੜਾ ਹਰ ਸਾਲ ਕੈਨੇਡਾ ਦੇ ਸਥਾਪਨਾ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਪਰ ਇਸ ਵਾਰ ਕੈਨੇਡਾ ਭਰ 'ਚੋਂ 'ਕੈਨੇਡਾ ਡੇਅ' ਦੇ ਜਸ਼ਨ ਨਾ ਮਨਾਉਣ ਦੀ ਮੰਗ ਉੱਠੀ ਹੈ। ਕਾਰਨ ਇਹ ਹੈ ਕਿ ਕੈਨੇਡਾ ਦੇ ਮੂਲਵਾਸੀਆਂ ਦੇ 1148 ਬੱਚਿਆਂ ਦੇ ਸਰੀਰਕ ਅੰਗ ਵੱਖ-ਵੱਖ ਕਬਰਾਂ ਪੁੱਟਣ 'ਤੇ ਮਿਲਣ ਨਾਲ ਗ਼ਮਗੀਨ ਅਤੇ ਰੋਸ ਭਰਿਆ ਮਾਹੌਲ ਬਣਿਆ ਹੋਇਆ ਹੈ। 1 ਜੁਲਾਈ 1867 ਈਸਵੀ ਨੂੰ ਕਾਨਫੈਡਰੇਸ਼ਨ ਰਾਹੀਂ ਕੈਨੇਡੀਅਨ ਪ੍ਰੋਵਿੰਸ ਇਕੱਠੇ ਹੋ ਕੇ ਸੰਯੁਕਤ ਕੈਨੇਡਾ ਦੇ ਰੂਪ ਵਿਚ ਉੱਭਰੇ ਸਨ, ਜਿਸ ਵਿੱਚ ਮਗਰੋਂ ਹੋਰ ਪ੍ਰੋਵਿੰਸ ਵੀ ਜੁੜਦੇ ਗਏ, ਜਿਸ ਦੇ ਆਧਾਰ 'ਤੇ ਇਸ ਦਿਹਾੜੇ ਨੂੰ 'ਕੈਨੇਡਾ ਡੇਅ' ਵਜੋਂ ਮਨਾਏ ਜਾਣ ਦੀ ਪਿਰਤ ਪਈ। 'ਕੈਨੇਡਾ' ਸ਼ਬਦ ਵੀ ਮੂਲਵਾਸੀ ਅਰੋਕਵੀਨ ਭਾਈਚਾਰੇ ਦੇ ਲੋਕਾਂ ਦੀ ਬੋਲੀ ਤੋਂ ਆਇਆ ਹੈ, ਅਸਲ ਸ਼ਬਦ 'ਕਨਾਟਾ' ਹੈ, ਜਿਸ ਦਾ ਅਰਥ ਹੈ ਪਿੰਡ। ਕਹਿਣ ਨੂੰ ਚਾਹੇ ਕੈਨੇਡਾ ਨੂੰ 'ਪਰਵਾਸੀਆਂ ਦੀ ਧਰਤੀ' ਕਹਿ ਕੇ ਪ੍ਰਚਾਰਿਆ ਜਾਂਦਾ ਹੈ, ਪਰ ਅਸਲ ਵਿੱਚ ਇਹ ਇੰਡਿਜਨਸ ਭਾਈਚਾਰਿਆਂ ਦੀ ਧਰਤੀ ਹੈ, ਜੋ ਕਿ ਇੱਥੋਂ ਦੇ ਮੂਲ ਵਸਨੀਕ ਹਨ। ਜਦੋਂ ਤੋਂ ਯੂਰਪੀਅਨ ਕੌਮਾਂ ਨੇ ਚਰਚ ਦੇ ਆਦੇਸ਼ 'ਤੇ ਕੈਨੇਡਾ ਆ ਕੇ ਇਨਾਂ ਮੂਲਵਾਸੀ ਲੋਕਾਂ 'ਤੇ ਜਬਰ ਢਾਹੁਣੇ ਸ਼ੁਰੂ ਕੀਤੇ, ਉਦੋਂ ਤੋਂ ਕੈਨੇਡੀਅਨ ਇਤਿਹਾਸ ਇੱਥੋਂ ਦੀਆਂ ਮੂਲ ਕੌਮਾਂ ਦੀ ਬੋਲੀ ਅਤੇ ਸੱਭਿਆਚਾਰ ਦੀ ਨਸਲਕੁਸ਼ੀ ਦਾ ਇਤਿਹਾਸ ਬਣ ਗਿਆ। ਚਾਹੇ ਇਹ ਜਬਰ ਇੱਕ ਤੋਂ ਦੋ ਸਦੀਆਂ ਪਹਿਲਾਂ ਦੇ ਇਤਿਹਾਸ ਦਾ ਕਾਲਾ ਵਰਕਾ ਹੈ, ਪਰ ਅੱਜ ਵੀ ਇਸਦਾ ਕਲੰਕ ਕੈਨੇਡਾ ਨੂੰ ਸ਼ਰਮਸ਼ਾਰ ਕਰ ਰਿਹਾ ਹੈ। ਇਹ ਵੀ ਸੱਚ ਹੈ ਕਈ ਅਖੌਤੀ ਲੋਕਰਾਜੀ ਦੇਸ਼ਾਂ ਵਿਚ ਮੌਜੂਦਾ ਸਮੇਂ ਇਹੋ-ਜਿਹੇ ਜ਼ੁਲਮ ਜਾਰੀ ਹਨ, ਪਰ ਫਾਸ਼ੀਵਾਦੀ ਸਰਕਾਰਾਂ ਸ਼ਰਮਸਾਰ ਹੋਣ ਦੀ ਥਾਂ ਦਿਨੋਂ-ਦਿਨ ਲੋਕਾਂ 'ਤੇ ਤਸ਼ੱਦਦ ਵਧਾ ਰਹੀਆਂ ਹਨ।

ਕੈਨੇਡਾ ਦੇ ਇਤਿਹਾਸ ਦੇ ਕਾਲੇ ਅਧਿਆਇ ਬਾਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 22 ਸਤੰਬਰ 2017 ਨੂੰ ਸੰਯੁਕਤ ਰਾਸ਼ਟਰ ਵਿੱਚ ਬੋਲਦਿਆਂ ਕਿਹਾ ਸੀ ਕਿ ਕੈਨੇਡਾ ਅਜੂਬਿਆਂ ਦੀ ਧਰਤੀ ਨਹੀਂ, ਬਲਕਿ 12 ਲੱਖ ਮੂਲਵਾਸੀਆਂ ਸਬੰਧੀ ਨਾਕਾਮੀਆਂ, ਅਪਮਾਨ ਅਤੇ ਬਦਸਲੂਕੀ ਦੇ ਇਤਿਹਾਸ ਤੋਂ ਪ੍ਰਭਾਵਤ ਹੈ, ਜਿਸ ਨੂੰ ਕੌਮਾਂਤਰੀ ਭਾਈਚਾਰਾ ਮਨੁੱਖੀ ਅਧਿਕਾਰਾਂ ਦੇ ਮਾਪਦੰਡਾਂ ਅਨੁਸਾਰ ਸੁਧਾਰਨ ਦੀ ਆਸ









ਕਰਦਾ ਹੈ। ਮੌਜੂਦਾ ਸਮੇਂ ਕੈਨੇਡਾ ਦਿਹਾੜਾ ਨਾ ਮਨਾਉਣ ਦੀ ਮੂਲ ਵਾਸੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਸੋਚ ਅੱਗੇ ਸਿਰ ਝੁਕਾਉਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਇੰਡਿਜਨਸ ਭਾਈਚਾਰੇ ਦੀ ਇਹ ਮੰਗ ਜਾਇਜ਼ ਹੈ ਅਤੇ ਕੈਨੇਡਾ ਦਿਹਾੜਾ ਅਜਿਹੀਆਂ ਗ਼ਲਤੀਆਂ ਦੇ ਪਛਤਾਵੇ ਦਾ ਢੁੱਕਵਾਂ ਦਿਹਾੜਾ ਹੈ।

ਚਾਹੇ ਕੈਨੇਡਾ ਦੇ ਮੂਲਵਾਸੀ ਲੰਮੇ ਸਮੇਂ ਤੋਂ ਇਹ ਆਖਦੇ ਆ ਰਹੇ ਹਨ ਕਿ ਉਨਾਂ ਦੇ ਹਜ਼ਾਰਾਂ ਬੱਚੇ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਧਰਤੀ ਵਿਚ ਦਫਨ ਕਰ ਦਿੱਤੇ ਗਏ ਸਨ, ਪਰ ਇਸ ਹਕੀਕਤ ਨੂੰ ਹਮੇਸ਼ਾ ਦਬਾਉਣ ਦੀ ਹੀ ਕੋਸ਼ਿਸ਼ ਕੀਤੀ ਗਈ। ਤਾਜ਼ਾ ਘਟਨਾਵਾਂ ਨੇ ਇਸ ਕਾਲੇ ਅਧਿਆਏ ਤੋਂ ਪਰਦਾ ਚੁੱਕ ਦਿੱਤਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੈਮਲੂਪਸ ਵਿੱਚ ਕੈਥਲਿਕ ਚਰਚ ਅਤੇ ਡੋਮੀਨੀਅਨ ਕੈਨੇਡਾ ਦੀ ਸਰਕਾਰ ਵੱਲੋਂ ਸਥਾਪਤ ਕੀਤੇ ਗਏ ਰੈਜ਼ੀਡੈਂਸ਼ੀਅਲ ਸਕੂਲ ਦੀ ਜਗਾ ਤੋਂ 215 ਬੱਚਿਆਂ ਦੇ ਸਰੀਰਕ ਅੰਗ ਮਿਲਣ ਨਾਲ ਇੰਡਿਜਨਸ ਭਾਈਚਾਰੇ ਅੰਦਰ ਗੁੱਸੇ ਦੀ ਲਹਿਰ ਫੈਲ ਗਈ ਸੀ। ਕਿਹਾ ਜਾਂਦਾ ਹੈ ਕਿ ਇਸ ਸਕੂਲ ਵਿੱਚ ਪੰਜ ਸੌ ਤੋਂ ਵੱਧ ਮੂਲਵਾਸੀ ਬੱਚੇ ਸਨ, ਜਿੱਥੇ ਉਨਾਂ ਨੂੰ ਆਪਣੇ ਵਿਰਸੇ, ਬੋਲੀ ਅਤੇ ਪਛਾਣ ਭੁਲਾ ਕੇ, ਜਬਰੀ ਇਸਾਈ ਬਣਾਇਆ ਜਾਂਦਾ ਸੀ ਅਤੇ ਇੰਗਲਿਸ਼ ਪੜਾਈ ਜਾਂਦੀ ਸੀ। ਇਹ ਸਕੂਲ 1890 ਤੋਂ 1969 ਤੱਕ ਚਲਦਾ ਰਿਹਾ, ਜਿਸ ਵਿਚ ਮੂਲਵਾਸੀ ਬੱਚਿਆਂ ਦੇ ਜਿਸਮਾਨੀ ਸੋਸ਼ਣ ਤੋਂ ਲੈ ਕੇ ਹੱਤਿਆਵਾਂ ਤੱਕ, ਹਰ ਤਰਾਂ ਦਾ ਘਿਨਾਉਣਾ ਅਪਰਾਧ ਹੋਇਆ। ਕੈਮਲੂਪਸ ਤੋਂ 215 ਬੱਚਿਆਂ ਦੇ ਸਰੀਰਕ ਅੰਗ ਅਤੇ ਪਿੰਜਰ ਮਿਲਣ 'ਤੇ ਪਛਤਾਵੇ ਵਜੋਂ ਕੈਨੇਡਾ ਦਾ ਝੰਡਾ ਨੀਵਾਂ ਕੀਤਾ ਗਿਆ। ਕੈਨੇਡਾ ਵਸਦੇ ਸਿੱਖ ਭਾਈਚਾਰੇ ਨੇ 'ਸਿੱਖ ਰਾਈਡਰਜ਼' ਦੀ ਨਾਂ ਹੇਠ ਮੋਟਰਸਾਈਕਲਾਂ ਤੇ ਸਵਾਰ ਹੋ ਕੇ, ਕੈਮਲੂਪਸ ਪਹੁੰਚ ਕੇ ਇਨਾਂ ਪੀੜਤ ਲੋਕਾਂ ਨਾਲ ਹਮਦਰਦੀ ਜਤਾਈ, ਜਿਸ ਲਈ ਇੰਡੀਜੀਨੀਅਸ ਵੱਲੋਂ ਸਿੱਖਾਂ ਨੂੰ ਆਪਣੇ ਹਮਦਰਦ ਜਾਣਦਿਆਂ ਧੰਨਵਾਦ ਕੀਤਾ ਗਿਆ ਅਤੇ ਦੁੱਖ ਵਿੱਚ ਸ਼ਰੀਕ ਮੰਨਿਆ ਗਿਆ।

ਕੈਨੇਡਾ ਦੇ ਸੂਬੇ ਸਸਕੈਚਵਨ ਵਿੱਚ ਰਿਜਾਈਨਾ ਸ਼ਹਿਰ ਦੇ ਨੇੜਿਓਂ ਇਕ ਹੋਰ ਰੈਜ਼ੀਡੈਂਸ਼ੀਅਲ ਸਕੂਲ ਦੀ ਜਗਾ ਤੋਂ 571 ਮੂਲਵਾਸੀ ਬੱਚਿਆਂ ਦੇ ਸਰੀਰਕ ਅੰਗ ਮਿਲਣ ਕਾਰਨ ਰੋਹ ਸਿਖਰ 'ਤੇ ਪਹੁੰਚ ਚੁੱਕਿਆ ਹੈ। ਪੜਤਾਲ ਅਨੁਸਾਰ ਇਨਾਂ ਮ੍ਰਿਤਕ ਬੱਚਿਆਂ ਦੀ ਘੱਟ ਤੋਂ ਘੱਟ ਉਮਰ ਤਿੰਨ ਸਾਲ ਤੱਕ ਦੀ ਸੀ, ਜੋ ਕਿ ਹਿਰਦਾ ਵਲੂੰਧਰਨ ਵਾਲਾ ਸੱਚ ਹੈ।

ਇਹ ਸਕੂਲ 1899 ਤੋਂ ਲੈ ਕੇ 1997 ਤਕ ਚੱਲਿਆ, ਜਿਸ ਦੇ ਜ਼ੁਲਮ ਦੀ ਦਾਸਤਾਨ ਬੜੀ ਲੰਮੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਕਰਿੱਨਬਰੁਕ ਸ਼ਹਿਰ ਦੇ ਰੈਜ਼ੀਡੈਂਸ਼ੀਅਲ ਸਕੂਲ ਤੋਂ 182 ਬੱਚਿਆਂ ਦੇ ਅੰਗ ਮਿਲਣ ਨਾਲ ਮਾਤਮ ਹੋਰ ਵੀ ਡੂੰਘਾ ਹੋ ਗਿਆ ਹੈ। ਇਹ ਸ਼ਹਿਰ ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਦੀ ਸਰਹੱਦ 'ਤੇ ਕੈਲਗਰੀ ਤੋਂ ਥੋੜੀ ਦੂਰ ਤੇ ਪੈਂਦਾ ਹੈ, ਜਿੱਥੇ ਇਸ ਰੈਜ਼ੀਡੈਂਸ਼ੀਅਲ ਸਕੂਲ ਵਿਚ ਮੂਲ ਨਿਵਾਸੀ ਬੱਚਿਆਂ ਦਾ ਅੰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਸੀ ਅਤੇ ਬੱਚਿਆਂ ਦੀਆਂ ਹੱਤਿਆਵਾਂ ਉੱਘੀਆਂ ਹਸਤੀਆਂ ਵੱਲੋਂ ਕੀਤੀਆਂ ਜਾਂਦੀਆਂ ਸਨ। ਆਉਂਦੇ ਦਿਨਾਂ ਵਿਚ ਅਜਿਹੇ ਹੋਰ ਅਨੇਕਾਂ ਰੈਜ਼ੀਡੈਂਸ਼ੀਅਲ ਸਕੂਲਾਂ ਦੀਆਂ ਕਬਰਾਂ ਪੁੱਟਣ ਨਾਲ ਹੋਰ ਤਲਖ ਹਕੀਕਤਾਂ ਸਾਹਮਣੇ ਆਉਣ ਦੇ ਆਸਾਰ ਹਨ। ਫੈਡਰੇਸ਼ਨ ਆਫ ਸੋਵੇਰੀਅਨ ਇੰਡਿਜਨਸ ਫਰਸਟ ਨੇਸ਼ਨਜ਼, ਕਾਓਐਸਿਸ ਫਸਟ ਨੇਸ਼ਨ ਅਤੇ ਹੋਰਨਾਂ ਵੱਲੋਂ ਮੂਲਵਾਸੀ ਭਾਈਚਾਰਿਆਂ ਵੱਲੋਂ ਤਹੀਆ ਕੀਤਾ ਗਿਆ ਹੈ ਕਿ ਜਦੋਂ ਤਕ ਉਹ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਥਾਵਾਂ 'ਤੇ ਸਮੂਹ ਕਬਰਾਂ ਪੁੱਟ ਕੇ ਬੱਚਿਆਂ ਦੀਆਂ ਸਾਰੀਆਂ ਲਾਸ਼ਾਂ ਨਹੀਂ ਕਢਵਾ ਲੈਂਦੇ, ਓਦੋਂ ਤੱਕ ਉਹ ਚੈਨ ਨਾਲ ਨਹੀਂ ਬੈਠਣਗੇ। ਕੈਨੇਡਾ ਦੇ ਮੂਲਵਾਸੀ ਲੋਕਾਂ ਨਾਲ ਸੰਨ 1835 ਤੋਂ ਲੈ ਕੇ 1997 ਤੱਕ ਰੈਜ਼ੀਡੈਸ਼ੀਅਲ ਅਤੇ ਬੋਰਡਿੰਗ ਸਕੂਲਾਂ ਦੇ ਨਾਂ 'ਤੇ ਸ਼ੁਰੂ ਹੋਏ ਨਸਲਵਾਦ, ਜਬਰ-ਜ਼ੁਲਮ ਅਤੇ ਹੱਤਿਆਵਾਂ ਦੇ ਦੌਰ ਦੀ ਦਾਸਤਾਨ ਮੁੜ ਜੱਗ ਜ਼ਾਹਿਰ ਹੋਈ ਹੈ। ਇਹ ਵੀ ਪ੍ਰਤੱਖ ਕਰ ਦਿੱਤਾ ਹੈ ਕਿ 1879 ਵਿੱਚ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜੌਹਨ ਏ. ਮੈਕਡਾਨੋਲਡ ਨੇ ਕੈਨੇਡੀਅਨ ਪੁਲਿਸ ਦਾ ਮੁੱਢ ਬੰਨਦੇ ਹੋਏ, ਇਸ ਰਾਹੀ ਮੂਲਵਾਸੀਆਂ ਦੇ ਬੱਚਿਆਂ ਨੂੰ ਜ਼ਾਲਮਾਨਾ ਢੰਗ ਨਾਲ ਘਸਿਆਰੇ ਬਣਾਉਣ 'ਚ ਭੂਮਿਕਾ ਨਿਭਾਈ ਸੀ।

ਦਰਅਸਲ 17ਵੀਂ ਸਦੀ ਵਿੱਚ ਕੈਨੇਡਾ ਵਿਚ ਫਰਾਂਸ ਬਸਤੀਵਾਦ ਦੇ ਨਾਲ ਹੀ ਮੂਲਵਾਸੀ ਲੋਕਾਂ ਦਾ ਤਬਾਹੀ ਦਾ ਮੁੱਢ ਬੰਨਿਆ ਜਾ ਚੁੱਕਿਆ ਸੀ। ਇੰਗਲੈਂਡ ਚਰਚ, ਰੋਮਨ ਕੈਥੋਲਿਕ ਅਤੇ ਯੂਨਾਈਟਿਡ ਚਰਚ ਸਮੇਤ ਕਈ ਬਸਤੀਵਾਦੀ ਤੇ ਨਸਲਵਾਦੀ ਤਾਕਤਾਂ ਨੇ ਕੈਨੇਡਾ ਦੇ ਨੇਟਿਵ ਲੋਕਾਂ ਨੂੰ ਨਿਸ਼ਾਨਾ ਬਣਾਇਆ । 18ਵੀਂ ਅਤੇ 19ਵੀਂ ਸਦੀ ਦੇ ਦੌਰ ਵਿਚ ਇਨਾਂ ਈਸਾਈ ਚਰਚਾਂ ਨੇ ਮੂਲਵਾਸੀਆਂ ਦੀ ਵਿਰਾਸਤ, ਬੋਲੀ ਤੇ ਪਛਾਣ ਖਤਮ ਕਰਨ ਲਈ ਰੈਜ਼ੀਡੈਂਸ਼ੀਅਲ ਅਤੇ ਬੋਰਡਿੰਗ ਸਕੂਲਾਂ ਦਾ ਪੱਤਾ ਖੇਡਿਆ, ਜਿਥੇ ਕਿ ਮੂਲਵਾਸੀਆਂ ਦੇ ਬੱਚਿਆਂ ਨੂੰ ਗ਼ੁਲਾਮ ਬਣਾ ਕੇ ਉਨਾਂ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਜਾਂਦਾ ਸੀ। ਓਂਟਾਰੀਓ ਵਿਚ ਫਰੈਂਟਫੋਰਡ ਦੇ ਸਿਕਸ ਨੇਸ਼ਨ ਆਫ਼ ਗੋਲਡਨ ਰਿਵਰ ਦੇ ਮੂਲਵਾਸੀਆਂ ਨੂੰ 1834 ਵਿੱਚ

ਬਾਕੀ ਸਫ਼ਾ 31 'ਤੇ

# ਪ੍ਰਯੋਗਸ਼ਾਲਾ ਦੇ ਚੂਹਿਆਂ ਵਾਂਗ ਇਸਤੇਮਾਲ ਕੀਤੇ ਗਏ ਕੈਨੇਡਾ ਦੇ ਮੂਲ ਨਿਵਾਸੀ ਬੱਚੇ

**ਐਲੀਸਨ ਡੇਨੀਅਲ**
**ਦਿ ਕਨਵਰਸੇਸ਼ਨ**

ਕੈਨੇਡਾ ਦੇ ਮੂਲ ਨਿਵਾਸੀ ਬੱਚਿਆਂ ਨੂੰ ਵਿਗਿਆਨਿਕ ਅਧਿਐਨ ਲਈ 'ਪ੍ਰਯੋਗਸ਼ਾਲਾ ਦੇ ਚੂਹਿਆਂ ਵਾਂਗ ਇਸਤੇਮਾਲ ਕੀਤਾ ਗਿਆ।' ਇਸ ਸੱਚ ਦਾ ਓਦੋਂ ਪਤਾ ਚੱਲਿਆ ਜਦੋਂ ਕੈਨੇਡਾ ਦੇ ਇੱਕ ਤੋਂ ਬਾਅਦ ਇੱਕ ਰਿਹਾਇਸ਼ੀ ਸਕੂਲਾਂ ਦੀਆਂ ਸਮੂਹਿਕ ਕਬਰਾਂ ਅਤੇ ਬੱਚਿਆਂ ਦੇ ਪਿੰਜਰਾਂ ਨੇ ਉਸ ਕਹਿਰ 'ਤੇ ਰੌਸ਼ਨੀ ਪਾਈ।

ਇਹ ਕਹਿਰ ਬਸਤੀਵਾਦੀਆਂ ਨੇ ਉੱਥੋਂ ਦੇ ਰਿਹਾਇਸ਼ੀ ਸਕੂਲ ਸਿਸਟਮ ਜ਼ਰੀਏ ਮੂਲ ਨਿਵਾਸੀ ਬੱਚਿਆਂ ਉੱਪਰ ਢਾਹਿਆ ਸੀ। ਕੈਨੇਡਾ ਦੇ ਕੈਮਲੂਪਸ, ਬਰੈਂਡਨ ਅਤੇ ਕਾਓਸੈਸਿਸ ਦੇ ਰਿਹਾਇਸ਼ੀ ਸਕੂਲਾਂ ਵਿੱਚ ਬੱਚਿਆਂ ਦੇ ਪਿੰਜਰ ਮਿਲੇ ਹਨ ਜਿਸ ਤੋਂ ਬਾਅਦ ਦੇਸ਼ ਵਿੱਚ ਸ਼ੋਕ ਅਤੇ ਸਦਮੇ ਦੀ ਲਹਿਰ ਹੈ। ਕੈਨੇਡਾ ਵਿੱਚ ਬਸਤੀਵਾਦ ਅਤੇ ਪੋਸ਼ਣ ਮਾਹਰ ਹੋਣ ਦੇ ਨਾਤੇ ਮੈਂ ਆਪਣੇ ਸਹਿਕਰਮੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਉਸ ਨੁਕਸਾਨ ਨੂੰ ਤਸਲੀਮ ਕਰਨ ਜੋ ਕੈਨੇਡਾ ਦੇ ਮੂਲ ਨਿਵਾਸੀ ਬੱਚਿਆਂ ਉੱਪਰ ਕੀਤੇ ਗਏ ਕੁਪੋਸ਼ਣ ਸਬੰਧੀ ਅਧਿਐਨਾਂ ਨੇ ਢਾਹਿਆ ਸੀ।

ਇਸ ਤੋਂ ਵੀ ਵਧ ਕੇ ਇਨਾਂ ਅਧਿਐਨਾਂ ਦੀ ਮੂਲ ਨਿਵਾਸੀਆਂ ਦੀ ਵਿਰਾਸਤ ਉੱਪਰ ਕੀ ਛਾਪ ਪਈ ਹੈ? ਖ਼ੁਰਾਕ, ਮੂਲ ਨਿਵਾਸੀ ਸਿਹਤ ਅਤੇ ਕੈਨੇਡਾ ਵਿੱਚ ਬਸਤੀਵਾਦੀ ਸਿਆਸਤ ਦੇ ਇਤਿਹਾਸਕਾਰ ਇਆਨ ਮੋਜ਼ਡੋ ਨੇ ਕਿਹਾ ਕਿ ਸਾਲ 1942 ਤੋਂ 1952 ਦੌਰਾਨ ਕੈਨੇਡਾ ਦੇ ਉੱਘੇ ਪੋਸ਼ਣ ਵਿਗਿਆਨੀਆਂ ਨੇ 1300 ਮੂਲ ਨਿਵਾਸੀਆਂ ਜਿਨਾਂ ਵਿੱਚੋਂ 1000 ਬੱਚੇ ਸਨ, ਜਿਨਾਂ ਉੱਪਰ ਬਹੁਤ ਹੀ ਅਨੈਤਿਕ ਤਜਰਬੇ ਕੀਤੇ ਸਨ। ਤਜਰਬਿਆਂ ਵਿੱਚ ਸ਼ਾਮਲ ਲੋਕਾਂ/ਬੱਚਿਆਂ ਵਿੱਚੋਂ ਕਈ ਬਸਤੀਵਾਦੀ ਸਰਕਾਰ ਦੀਆਂ ਨੀਤੀਆਂ ਅਤੇ ਰਿਹਾਇਸ਼ੀ ਸਕੂਲਾਂ ਦੀ ਦਸ਼ਾ ਕਾਰਨ ਪਹਿਲਾਂ ਹੀ ਕੁਪੋਸ਼ਣ ਦੇ ਸ਼ਿਕਾਰ ਸਨ।

ਰਿਸਰਚ ਕਰਨ ਵਾਲਿਆਂ ਦੀਆਂ ਨਜ਼ਰਾਂ ਵਿੱਚ ਇਹ ਕੁਪੋਸ਼ਿਤ ਲੋਕ ਅਧਿਐਨ ਲਈ ਸਭ ਤੋਂ ਯੋਗ ਉਮੀਦਵਾਰ ਸਨ। ਫਰੈਡਰਿਕ ਟਿਸਡਲ ਜਿਨਾਂ ਨੂੰ ਬੀਮਾਰ ਬੱਚਿਆਂ ਲਈ ਪੈਬਲੁਮ ਖ਼ੁਰਾਕ ਦੇ ਸਹਿ-ਜਨਕ ਵਜੋਂ ਜਾਣਿਆ ਜਾਂਦਾ ਹੈ, ਇਨਾਂ ਤਜਰਬਿਆਂ ਦੇ ਮੁੱਖ ਕਰਤੇ-ਧਰਤੇ ਸਨ। ਉਨਾਂ ਨੇ





ਇਹ ਤਜਰਬੇ ਪੈਰਸੀ ਮੂਰੇ ਅਤੇ ਲਿਓਨੈਲ ਬਰੈਡਲੀ ਨਾਲ ਮਿਲ ਕੇ ਕੀਤੇ ਸਨ।

ਉਨਾਂ ਦਾ ਦਾਅਵਾ ਸੀ ਕਿ ਜੇ ਤੰਦਰੁਸਤ ਮੂਲ ਨਿਵਾਸੀਆਂ ਵਿੱਚ ਜੋ ਥੋੜੀਆਂ ਬੀਮਾਰੀਆਂ ਫ਼ੈਲਣਗੀਆਂ ਤਾਂ ਮੂਲ ਨਿਵਾਸੀ ਬਸਤੀਵਾਦੀਆਂ ਲਈ ਹੋਰ ਮੁੱਲਵਾਨ ਬਣ ਜਾਣਗੇ।

ਉਨਾਂ ਨੇ ਆਪਣੇ ਤਜਰਬੇ ਦੀ ਯੋਜਨਾ ਫੈਡਰਲ ਸਰਕਾਰ ਕੋਲ ਪੇਸ਼ ਕੀਤੀ ਅਤੇ ਪ੍ਰਵਾਨਗੀ ਹਾਸਲ ਕੀਤੀ ਸੀ। ਟਿਸਡਲ, ਮੂਰੇ ਅਤੇ ਉਨਾਂ ਦੀ ਟੀਮ ਨੇ ਆਪਣੀ ਤਜਵੀਜ਼-ਯੋਜਨਾ ਉੱਤਰੀ ਮਿਨੀਟੋਬਾ ਵਿੱਚ 400 ਬੱਚਿਆਂ ਅਤੇ ਬਾਲਗਾਂ ਉੱਪਰ ਕੀਤੇ ਅਧਿਐਨਾਂ ਦੇ ਨਤੀਜਿਆਂ, ਐਕਸਰੇ ਅਤੇ ਖ਼ੂਨ ਦੇ ਨਮੂਨਿਆਂ ਦੇ ਅਧਾਰ 'ਤੇ ਕੀਤੀ ਸੀ।

ਉਨਾਂ ਦੀ ਯੋਜਨਾ ਵਿੱਚ ਅਲਬੇਰਨੀ ਮੂਲ ਨਿਵਾਸੀ ਦੇ ਰਿਹਾਇਸ਼ੀ ਸਕੂਲ ਦੇ ਬੱਚਿਆਂ ਨੂੰ ਦੋ ਸਾਲ ਤੱਕ ਇੰਨਾ ਘੱਟ ਦੁੱਧ ਦੇਣਾ ਸੀ ਕਿ ਬੱਚਿਆਂ ਵਿੱਚ ਵਾਧੇ-ਵਿਕਾਸ ਲਈ ਜ਼ਰੂਰੀ ਸਾਰੇ ਪੋਸ਼ਕ ਖ਼ਤਮ ਹੋ ਜਾਣ। ਦੂਜੇ ਤਜਰਬਿਆਂ ਵਿੱਚ ਬੱਚਿਆਂ ਨੂੰ ਵੱਖ-ਵੱਖ ਵਰਗਾਂ ਵਿੱਚ ਵੰਡ ਕੇ ਜ਼ਰੂਰੀ ਖਣਿਜਾਂ ਅਤੇ ਵਿਟਾਮਿਨਾਂ ਤੋਂ ਮਹਿਰੂਮ ਰੱਖਣਾ ਸੀ।

ਉਨਾਂ ਨੇ ਬੱਚਿਆਂ ਨੂੰ ਦੰਦਾਂ ਦੀ ਸੰਭਾਲ ਲਈ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਡਾਕਟਰੀ ਮਦਦ ਵੀ ਬੰਦ ਕਰਵਾ ਦਿੱਤੀ ਸੀ। ਉਨਾਂ ਨੂੰ ਡਰ ਸੀ ਕਿ ਇਸ ਨਾਲ ਅਧਿਐਨ ਦੇ ਨਤੀਜਿਆਂ ਉੱਪਰ ਅਸਰ ਪੈ ਸਕਦਾ ਹੈ।

ਇਸ ਤਰਾਂ ਪ੍ਰਯੋਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੱਚੇ ਭੁਖਮਰੀ ਦੇ ਸ਼ਿਕਾਰ ਸਨ, ਉਨਾਂ ਵਿੱਚ ਵਿਟਾਮਿਨਾਂ, ਖਣਿਜਾਂ ਦੀ ਗੰਭੀਰ ਕਮੀ ਸੀ ਜਿਸ ਦੀ ਪੁਸ਼ਟੀ ਮੈਡੀਕਲ ਟੈਸਟ ਕਰਦੇ ਸਨ। ਪੋਸ਼ਣ ਸਬੰਧੀ ਖੋਜ ਵਿੱਚ ਸਾਇੰਸਦਾਨਾਂ ਦੀ ਦਿਲਚਸਪੀ 1940 ਦੇ ਦਹਾਕੇ ਵਿੱਚ ਖ਼ਾਸ ਤੌਰ 'ਤੇ ਵਧੀ। ਇਹ ਉਹ ਸਮਾਂ ਸੀ ਜਦੋਂ ਪੋਸ਼ਣ ਬਾਰੇ ਕੈਨੇਡਾ ਦੀ ਕਾਊਂਸਲ ਨੇ ਜਨਤਕ ਤੌਰ 'ਤੇ ਇਹ ਮੰਨਿਆ ਸੀ ਕਿ ਕੈਨੇਡਾ ਦੀ 60% ਵਸੋਂ ਕੁਪੋਸ਼ਿਤ ਸੀ।

ਹਾਲਾਂਕਿ, ਪੈਟ ਵਰਗੇ ਲੋਕਾਂ ਨੇ ਮੂਲ ਨਿਵਾਸੀਆਂ ਦੇ ਮਦਦਗਾਰ ਬਣ ਕੇ ਕੰਮ ਕਰਨ ਦਾ ਪਾਖੰਡ ਕੀਤਾ ਪਰ ਸਪੱਸ਼ਟ ਸੀ ਕਿ ਉਨਾਂ ਦੇ ਤਜਰਬਿਆਂ ਪਿੱਛੇ ਨਸਲੀ ਮਨਸੂਬੇ ਸਨ। ਮੂਰੇ, ਟਿਸਡਲ ਅਤੇ ਉਨਾਂ ਦੇ ਸਹਿਯੋਗੀਆਂ ਨੇ ਕੁਪਸ਼ੋਣ ਲਈ ਮੂਲ ਨਿਵਾਸੀਆਂ ਬਾਰੇ ਪ੍ਰਚਲਿਤ ਰੂੜੀਵਾਦੀ ਧਾਰਨਾਵਾਂ ਨੂੰ ਵਜਾ ਬਣਾ ਕੇ ਪੇਸ਼ ਕੀਤਾ, ਕਿ ਇਹ ਲੋਕ-ਲਾਪ੍ਰਵਾਹ ਹਨ, ਜਿੱਲੇ ਹਨ, ਇਨਾਂ ਦੇ ਸੁਭਾਅ ਦਾ ਪਤਾ ਨਹੀਂ ਚਲਦਾ ਆਦਿ।

ਅਲਬੇਰਨੀ ਦੇ ਮੂਲ ਨਿਵਾਸੀ ਰਿਹਾਇਸ਼ੀ ਸਕੂਲ ਦੇ ਨਿਰਦੇਸ਼ਕ ਨੇ ਬੱਚਿਆਂ ਦੇ ਕੁਪੋਸ਼ਣ ਲਈ ਰਵਾਇਤੀ ਖ਼ੁਰਾਕ, ਜੀਵਨ ਸ਼ੈਲੀ ਨੂੰ ਜ਼ਿੰਮੇਵਾਰ ਦੱਸਿਆ।

ਉਨਾਂ ਬੱਚਿਆਂ ਨੂੰ ਘਟੀਆ ਗੁਣਵੱਤਾ ਵਾਲਾ ਖਾਣਾ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ ਬੱਚਿਆਂ ਉੱਪਰ ਰਵਾਇਤੀ ਖਾਣਾ ਖਾਣ ਦੀ ਪਾਬੰਦੀ ਵੀ ਲਗਾਈ ਗਈ ਜੋ ਕਿ ਬਸਤੀਕਰਨ ਅਤੇ ਸੱਭਿਆਚਾਰਕ ਨਸਲਕੁਸ਼ੀ ਦਾ ਔਜ਼ਾਰ ਬਣਿਆ। ਉਨਾਂ ਦੀਆਂ ਖੋਜਾਂ ਮੌਜੂਦਾ ਮਿਆਰਾਂ ਮੁਤਾਬਕ ਅਨੈਤਿਕ ਹਨ।

ਇਸ ਘੱਲੂਘਾਰੇ ਅਤੇ ਬਾਇਓਮੈਡੀਕਲ ਤਜਰਬਿਆਂ ਤੋਂ ਬਾਅਦ ਹੀ ਸਾਲ 1947 ਵਿੱਚ 'ਦਿ ਨੂਰਮਬਰਗ ਕੋਡ' ਲਾਗੂ ਕੀਤਾ ਗਿਆ।

ਇਸ ਤਹਿਤ ਅਜਿਹੇ ਅਧਿਐਨਾਂ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਲਿਖਤੀ ਸਹਿਮਤੀ ਲਾਜ਼ਮੀ ਬਣਾਈ ਗਈ ਸੀ।ਬੱਚਿਆਂ ਵਿੱਚ ਕੁਪੋਸ਼ਣ ਜੇ ਉਨਾਂ ਨੂੰ ਬਿਮਾਰੀਆਂ ਦਾ ਵੀ ਖ਼ਤਰਾ ਹੋਵੇ ਤਾਂ ਬੇਹੱਦ ਖ਼ਤਰਨਾਕ ਹੋ ਸਕਦਾ ਹੈ। ਰਿਹਾਇਸ਼ੀ ਸਕੂਲਾਂ ਦੇ ਹਾਲਤ ਇਸ ਤੋਂ ਕੁਝ ਵੱਖਰੇ ਨਹੀਂ ਸਨ। ਜਿਹੜੇ ਇਨਾਂ ਰਿਹਾਇਸ਼ੀ ਸਕੂਲਾਂ ਦੇ ਤਜਰਬਿਆਂ ਤੋਂ ਬਚ ਗਏ ਉਨਾਂ ਵਿੱਚ ਇਸ ਦੇ ਅਸਰ ਹਾਲੇ ਵੀ ਨਜ਼ਰ ਆਉਂਦੇ ਹਨ। ਬਚਪਨ ਦੌਰਾਨ ਭੁੱਖੇ ਰਹਿਣ ਨਾਲ ਟਾਈਪ-2 ਕਿਸਮ ਦੀ ਡਾਇਬਿਟੀਜ਼ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਤੋਂ ਇਲਾਵਾ ਖੋਜ ਦੱਸਦੀ ਹੈ ਕਿ ਗੰਭੀਰ ਕੁਪੋਸ਼ਣ ਬੱਚਿਆਂ ਵਿੱਚ ਐਪੀਜੈਨੇਟਿਕ ਬਦਲਾਅ ਵੀ ਲਿਆ ਸਕਦਾ ਹੋ ਜੋ ਕਿ ਪੀੜੀ ਦਰ ਪੀੜੀ ਅੱਗੇ ਜਾ ਸਕਦੇ ਹਨ।

ਬੱਚੇ ਜੋ ਪਹਿਲਾਂ ਹੀ ਕੁਪੋਸ਼ਣ ਦੇ ਸ਼ਿਕਾਰ ਸਨ, ਉਨਾਂ ਉੱਪਰ ਅਜਿਹੇ ਤਜਰਬੇ ਕਰਨੇ ਅਨੈਤਿਕ ਸੀ। ਰਿਹਾਇਸ਼ੀ ਸਕੂਲ ਅਤੇ ਹੋਰ ਬਸਤੀਵਾਦੀ ਨੀਤੀਆਂ ਜੋ ਕਿ ਕੈਨੇਡਾ ਵਿੱਚ ਅਜੇ ਵੀ ਜਾਰੀ ਹਨ, ਮੂਲ ਨਿਵਾਸੀ ਭਾਈਚਾਰਿਆਂ ਵਿੱਚ ਕੁਪੋਸ਼ਣ ਦੀ ਵੱਡੀ ਵਜਾ ਹਨ। ਇਨਾਂ ਤਜ਼ਰਬਿਆਂ ਨੇ ਮੂਲ ਨਿਵਾਸੀਆਂ ਦੇ ਮਨ ਵਿੱਚ ਸਿਹਤ ਸੰਭਾਲ ਕੇਂਦਰਾਂ ਬਾਰੇ ਡਰ ਪੈਦਾ ਕਰ ਦਿੱਤਾ ਹੈ। ਇਨਾਂ ਵਿੱਚੋਂ ਕਈਆਂ ਨੇ ਤਾਂ ਕੋਵਿਡ-19 ਟੀਕਾਕਰਨ ਉੱਪਰ ਵੀ ਸਵਾਲ ਚੁੱਕੇ ਹਨ।

ਐਲੀਸਨ ਡੈਨੀਅਲ ਟੋਰਾਂਟੋ ਯੂਨੀਵਰਸਿਟੀ ਵਿੱਚ ਪੋਸ਼ਣ ਵਿਗਿਆਨ ਵਿੱਚ ਪੀਐੱਚਡੀ ਵਿਦਿਆਰਥੀ ਹਨ।

# ਕੁਦਰਤ ਕਿਸੇ ਵੀ ਵਿਅਕਤੀ ਨੂੰ ਕਦੇ ਨਹੀਂ ਭੁੱਲਦੀ



**ਰਣਜੀਤ ਸਿੰਘ, ਰਿਸਰਚ ਸਕਾਲਰ**
੭੬੯੬੬੯੮੧੯੬੪

1892 ਵਿੱਚ ਸਟੈਨਫੋਰਡ ਯੂਨੀਵਰਸਿਟੀ ਵਿੱਚ, ਇੱਕ 18 ਸਾਲਾ ਵਿਦਿਆਰਥੀ ਆਪਣੀ ਫੀਸ ਦਾ ਭੁਗਤਾਨ ਕਰਨ ਲਈ ਸੰਘਰਸ਼ ਕਰ ਰਿਹਾ ਸੀ, ਉਹ ਇੱਕ ਅਨਾਥ ਸੀ ਅਤੇ ਇਹ ਨਹੀਂ ਜਾਣਦਾ ਸੀ ਕਿ ਪੈਸਾ ਕਿਵੇਂ ਆਏਗਾ, ਉਸ ਨੂੰ ਇਕ ਸੁਝਾਅ ਆਇਆ। ਉਸ ਨੇ ਅਤੇ ਉਸਦੇ ਇਕ ਮਿੱਤਰ ਨੇ ਆਪਣੀ ਸਿੱਖਿਆ ਲਈ ਪੈਸਾ ਇਕੱਠਾ ਕਰਨ ਲਈ ਕੈਂਪਸ ਵਿਚ ਇਕ ਸੰਗੀਤ ਸਮਾਰੋਹ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ।

ਉਹ ਮਹਾਨ ਪਿਆਨੋ ਸ਼ਾਸਕ ਇਗਨੇਸੀ ਜੇ. ਪੈਡਰੇਵਸਕੀ ਤੱਕ ਪਹੁੰਚ ਗਏ। ਉਸ ਦੇ ਮੈਨੇਜਰ ਨੇ ਪਿਆਨੋ ਦੇ ਗਾਇਨ ਲਈ $ 2000 ਦੀ ਗਾਰੰਟੀਸ਼ੁਦਾ ਫੀਸ ਮੰਗੀ। ਇੱਕ ਸੌਦਾ ਮਾਰਿਆ ਗਿਆ ਅਤੇ ਮੁੰਡਿਆਂ ਨੇ ਸੰਗੀਤ ਸਮਾਰੋਹ ਨੂੰ ਕਾਮਯਾਬ ਬਣਾਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਨਿਸ਼ਚਿਤ ਦਿਨ ਆ ਗਿਆ ਪਰ ਬਦਕਿਸਮਤੀ ਨਾਲ, ਉਹ ਕਾਫੀ ਟਿਕਟਾਂ ਵੇਚਣ ਵਿਚ ਕਾਮਯਾਬ ਨਹੀਂ ਹੋਏ ਸਨ। ਕੁਲ ਕੁਲੈਕਸ਼ਨ ਸਿਰਫ $ 1600 ਸੀ। ਨਿਰਾਸ਼ ਹੋ ਕੇ, ਉਹ 'ਪੈਡਰੇਸਕੀ' ਕੋਲ ਗਏ ਅਤੇ ਉਨਾਂ ਆਪਣੀ ਦੁਰਦਸ਼ਾ ਨੂੰ ਸਮਝਾਇਆ। ਉਹਨਾਂ ਨੇ ਉਸ ਨੂੰ ਪੂਰੇ $ 1600, ਅਤੇ ਬਾਕੀ $ 400 ਦੇ ਲਈ ਇੱਕ ਚੈਕ ਦਿੱਤਾ। ਉਨਾਂ ਨੇ ਵਾਅਦਾ ਕੀਤਾ ਕਿ ਉਹ ਛੇਤੀ ਤੋਂ ਛੇਤੀ ਬਾਕੀ ਭੁਗਤਾਨ ਕਰਨਗੇ।

'ਨਹੀਂ' 'ਪੈਡਰੇਸਕੀ' ਨੇ ਕਿਹਾ, 'ਇਹ ਸਵੀਕਾਰ ਨਹੀਂ ਹੈ।' ਉਸਨੇ ਚੈੱਕ ਨੂੰ ਫਾੜ ਕੇ $ 1600 ਵਾਪਸ ਕਰ ਦਿੱਤੇ ਅਤੇ ਦੋਵੇਂ ਮੁੰਡਿਆਂ ਨੂੰ ਕਿਹਾ 'ਇਹ $ 1600 ਹੈ। ਕ੍ਰਿਪਾ ਕਰਕੇ ਜੋ ਵੀ ਖਰਚੇ ਹੋਏ ਹਨ, ਕੱਟ ਦਿਉ, ਆਪਣੀ ਫੀਸ ਲਈ ਰੱਖੋ ਅਤੇ ਬਸ ਜੋ ਵੀ ਬਚ ਗਿਆ ਹੈ ਮੈਨੂੰ ਦਿਓ।' ਮੁੰਡੇ ਹੈਰਾਨ ਹੋ ਗਏ ਸਨ, ਅਤੇ ਉਸ ਦਾ ਬਹੁਤ ਧੰਨਵਾਦ ਕੀਤਾ।

ਇਹ ਦਿਆਲਤਾ ਦਾ ਇਕ ਛੋਟਾ ਜਿਹਾ ਕਾਰਜ ਸੀ। ਪਰ ਇਸ ਨੇ ਸਪੱਸ਼ਟ ਤੌਰ 'ਤੇ 'ਪੈਡਰੇਸਕੀ' ਨੂੰ ਇੱਕ ਮਹਾਨ ਮਨੁੱਖ ਦੇ ਤੌਰ 'ਤੇ ਸਾਬਤ ਕੀਤਾ।

ਉਸ ਨੂੰ ਦੋ ਲੋਕਾਂ ਦੀ ਮਦਦ ਕਿਉਂ ਕਰਨੀ ਚਾਹੀਦੀ ਹੈ ਜਿਨਾਂ ਨੂੰ ਉਹ ਨਹੀਂ ਜਾਣਦਾ ?

ਅਸੀਂ ਸਾਰੇ ਇਸ ਤਰਾਂ ਦੀਆਂ ਸਥਿਤੀਆਂ ਵਿੱਚ ਆਪਣੇ ਜੀਵਨ ਵਿੱਚ ਆਉਂਦੇ ਹਾਂ ਅਤੇ ਸਾਡੇ ਵਿਚੋਂ ਬਹੁਤੇ ਸੋਚਦੇ ਹਨ, 'ਜੇ ਮੈਂ ਉਨਾਂ ਦੀ ਮਦਦ ਕਰਦਾ ਹਾਂ, ਤਾਂ ਮੇਰੇ ਨਾਲ ਕੀ ਹੋਵੇਗਾ ?' ਅਸਲ ਵਿੱਚ ਮਹਾਨ ਲੋਕ ਸੋਚਦੇ ਹਨ, 'ਜੇ ਮੈਂ ਉਨਾਂ ਦੀ ਮਦਦ ਨਹੀਂ ਕਰਦਾ, ਤਾਂ ਉਨਾਂ ਨਾਲ ਕੀ ਹੋਵੇਗਾ ?' ਉਹ ਇਸ ਵਿੱਚੋਂ ਕੁਝ ਵਾਪਸੀ ਦੀ ਉਮੀਦ ਨਹੀਂ ਰੱਖਦੇ, ਉਹ ਅਜਿਹਾ ਕਰਦੇ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਇਹ ਸਹੀ ਕੰਮ ਹੈ।

'ਪੈਡਰੇਸਕੀ' ਬਾਅਦ ਵਿਚ ਪੋਲੈਂਡ ਦੇ ਪ੍ਰਧਾਨ ਮੰਤਰੀ ਬਣ ਗਏ। ਉਹ ਇਕ ਮਹਾਨ ਆਗੂ ਸਨ, ਪਰ ਬਦਕਿਸਮਤੀ ਨਾਲ ਜਦੋਂ 'ਵਿਸ਼ਵ ਯੁੱਧ' ਸ਼ੁਰੂ ਹੋਇਆ, 'ਪੋਲੈਂਡ' ਨੂੰ ਤਬਾਹ ਕੀਤਾ ਗਿਆ ਸੀ ਉਸ ਦੇ ਦੇਸ਼ ਵਿਚ 50 ਲੱਖ ਤੋਂ ਜ਼ਿਆਦਾ



ਲੋਕ ਭੁੱਖੇ ਸਨ, ਅਤੇ ਉਨਾਂ ਦੇ ਖਾਣ ਲਈ ਕੋਈ ਪੈਸਾ ਨਹੀਂ ਸੀ। *ਪੈਡਰੇਵਸਕੀ' ਨੂੰ ਪਤਾ ਨਹੀਂ ਸੀ ਕਿ ਮਦਦ ਕਿੱਥੋਂ ਮਿਲ ਸਕਦੀ ਹੈ ਉਹ ਮਦਦ ਲਈ 'ਅਮਰੀਕੀ ਖੁਰਾਕ ਅਤੇ ਰਾਹਤ ਪ੍ਰਸ਼ਾਸਨ' ਤੱਕ ਪਹੁੰਚਿਆ।

ਉਸ ਨੇ ਸੁਣਿਆ ਕਿ 'ਹਰਬਰਟ ਹੂਵਰ' ਨਾਂ ਦਾ ਇਕ ਆਦਮੀ ਸੀ – ਬਾਅਦ ਵਿਚ ਉਹ ਅਮਰੀਕੀ ਰਾਸ਼ਟਰਪਤੀ ਬਣ ਗਿਆ। 'ਹੂਵਰ' ਭੁੱਖੇ 'ਪੋਲੀਟ' ਲੋਕਾਂ ਨੂੰ ਭੋਜਨ ਦੇਣ ਲਈ ਬਹੁਤ ਸਾਰੇ ਅਨਾਜ ਦੀ ਮਦਦ ਕਰਨ ਅਤੇ ਤੇਜ਼ੀ ਨਾਲ ਭੇਜਣ ਲਈ ਰਾਜ਼ੀ ਹੋਇਆ। ਬਿਪਤਾ ਨੂੰ ਰੋਕਿਆ ਗਿਆ ਅਤੇ 'ਪੈਡਰੇਵਸਕੀ' ਨੂੰ ਰਾਹਤ ਮਿਲੀ।

ਉਸ ਨੇ 'ਹੂਵਰ' ਨੂੰ ਮਿਲਣ ਅਤੇ ਉਸ ਦਾ ਧੰਨਵਾਦ ਕਰਨ ਦਾ ਫੈਸਲਾ ਕੀਤਾ। ਜਦੋਂ 'ਪੈਡਰੇਵਸਕੀ' ਨੇ ਉਸਦੇ ਨੇਕ ਰਵੱਈਏ ਲਈ 'ਹੂਵਰ' ਦਾ ਧੰਨਵਾਦ ਕਰਨਾ ਚਾਹਿਆ ਤਾਂ ' ਹੂਵਰ' ਨੇ ਕਿਹਾ, 'ਪ੍ਰਧਾਨ ਮੰਤਰੀ ਜੀ ਤੁਹਾਨੂੰ ਮੇਰਾ ਸ਼ੁਕਰਗੁਜ਼ਾਰ ਨਹੀਂ ਕਰਨਾ ਚਾਹੀਦਾ, ਤੁਹਾਨੂੰ ਸ਼ਾਇਦ ਇਹ ਯਾਦ ਨਹੀਂ, ਪਰ ਕਈ ਸਾਲ ਪਹਿਲਾਂ ਤੁਸੀਂ ਦੋ ਲੋਕਾਂ ਦੀ ਮਦਦ ਕੀਤੀ ਸੀ। ਨੌਜਵਾਨ ਵਿਦਿਆਰਥੀ ਜੋ ਕਾਲਜ ਵਿੱਚ ਪੜ੍ਹ ਰਹੇ ਸਨ, ਮੈਂ ਉਨਾਂ ਵਿਚੋਂ ਇਕ ਹਾਂ।'

ਵਿਸ਼ਵ ਇੱਕ ਸ਼ਾਨਦਾਰ ਸਥਾਨ ਹੈ। ਕਿਰਪਾ ਕਰਕੇ ਆਪਣੀ ਕਾਬਲੀਅਤ ਦੇ ਮੁਤਾਬਕ ਦੂਜਿਆਂ ਦੀ ਸਹਾਇਤਾ ਕਰੋ, ਇਸ ਤਰਾਂ ਕਰਨ ਨਾਲ ਤੁਸੀਂ ਆਪਣੇ ਆਪ ਦੀ ਮਦਦ ਕਰ ਰਹੇ ਹੋਵੋਗੇ। ਕੁਦਰਤ ਕਿਸੇ ਵੀ ਵਿਅਕਤੀ ਨੂੰ ਕਦੇ ਨਹੀਂ ਭੁੱਲਦੀ ਕਦੇ ਵੀ ਨਹੀਂ, ਜਿਹੜਾ ਦੂਸਰਿਆਂ ਲਈ ਚੰਗੇ ਬੀਜ ਬੀਜਦਾ ਹੈ।

ਕੁਦਰਤ ਵਿਚ ਕੁਝ ਵੀ ਆਪਣੇ ਲਈ ਨਹੀਂ ਰਹਿੰਦਾ ਨਦੀਆਂ ਨੇ ਆਪ ਪਾਣੀ ਨਹੀਂ ਪੀਣਾ, ਰੁੱਖ ਨੇ ਆਪਣਾ ਫਲ ਆਪ ਨਹੀਂ ਖਾਣਾ, ਸੂਰਜ ਆਪਣੇ ਆਪ ਲਈ ਗਰਮੀ ਨਹੀਂ ਦਿੰਦਾ, ਫੁੱਲ ਆਪਣੇ ਲਈ ਮਹਿਕਾਂ ਨਹੀਂ ਫੈਲਾਉਂਦੇ, ਦੂਸਰਿਆਂ ਲਈ ਜੀਣਾ ਕੁਦਰਤ ਦਾ ਸ਼ਾਸਨ ਹੈ ਅਤੇ ਇਸ ਵਿੱਚ ਜੀਵਨ ਦਾ ਰਹੱਸ ਹੈ।

---

# ਪੰਜਾਬ ਦਾ ਵਿਕਾਸ ਅਤੇ ਵਿਧਾਨ ਸਭਾ ਚੋਣਾਂ

**ਜਗਤਾਰ ਸਿੰਘ**

ਪੰਜਾਬ ਦੀਆਂ ਫ਼ਰਵਰੀ 2022 ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਗੱਲਾਂ ਅਤੇ ਬਹਿਸਾਂ ਹੁਣ ਘਰ ਘਰ ਹੋਣ ਲੱਗ ਪਈਆਂ ਹਨ। ਇਸ ਨੁਕਤੇ ਉੱਤੇ ਤਕਰੀਬਨ ਹਰ ਕੋਈ ਸਹਿਮਤ ਹੈ ਕਿ ਇਸ ਵਾਰੀ ਹਾਲਾਤ ਫ਼ਰਵਰੀ 2017 ਵਾਲੀਆਂ ਚੋਣਾਂ ਤੋਂ ਬਿਲਕੁੱਲ ਵੱਖਰੇ ਹਨ। ਨਵੇਂ ਸਿਆਸੀ ਜੋੜ-ਤੋੜਾਂ ਅਤੇ ਸਿਆਸੀ ਹਾਲਾਤ ਵਿਚ ਆਈਆਂ ਤਬਦੀਲੀਆਂ ਨੇ ਸੱਤਾਧਾਰੀ ਕਾਂਗਰਸ ਪਾਰਟੀ ਸਾਹਮਣੇ ਵੱਡੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ ਜਿਸ ਬਾਰੇ ਕੁਝ ਮਹੀਨੇ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਇਹ ਵਿਰੋਧੀਆਂ ਦੇ ਮੁਕਾਬਲੇ ਬੜੀ ਚੰਗੀ ਹਾਲਤ ਵਿਚ ਹੈ। ਸੂਬੇ ਦੀ ਸਿਆਸਤ ਵਿਚ ਇਸ ਸਮੇਂ ਕੇਂਦਰੀ ਨੁਕਤਾ ਚੱਲ ਰਿਹਾ ਕਿਸਾਨ ਅੰਦੋਲਨ ਹੈ ਜਿਸ ਨੇ ਸੂਬੇ ਤੇ ਮੁਲਕ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਦੇ ਨਾਲ ਨਾਲ ਆਲਮੀ ਪੱਧਰ 'ਤੇ ਭਾਰੂ ਵਿਕਾਸ ਮਾਡਲ ਨੂੰ ਚੁਣੌਤੀ ਦਿੱਤੀ ਹੈ। ਇਸ ਅੰਦੋਲਨ ਨੇ ਹਰ ਖੇਤਰ ਵਿਚ ਮੰਡੀ ਤਾਕਤਾਂ ਦੀ ਵਧ ਰਹੀ ਇਜਾਰੇਦਾਰੀ ਨੂੰ ਵੰਗਾਰਿਆ ਹੈ। ਸੂਬੇ ਦੀ ਵੋਟ ਸਿਆਸਤ ਨੂੰ ਸਭ ਤੋਂ ਵੱਧ ਪ੍ਰਭਾਵਿਤ ਇਸ ਕਿਸਾਨ ਅੰਦੋਲਨ ਨੇ ਕਰਨਾ ਹੈ। ਇਸ ਤੋਂ ਬਿਨਾ ਸੂਬੇ ਵਿਚ ਪਿਛਲੇ ਕੁਝ ਸਾਲਾਂ ਤੋਂ ਉੱਭਰੇ ਧਾਰਮਿਕ-ਸਿਆਸੀ ਮੁੱਦੇ ਵੀ ਆਉਣ ਵਾਲੀਆਂ ਚੋਣਾਂ ਉੱਤੇ ਅਸਰ ਪਾਉਣਗੇ।

ਆਮ ਆਦਮੀ ਪਾਰਟੀ ਨੇ ਹਰ ਘਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਵਾਅਦੇ ਨਾਲ ਸੂਬੇ ਦੇ ਸਿਆਸੀ ਪਾਣੀਆਂ ਵਿਚ ਨਵੀ ਹਲਚਲ ਪੈਦਾ ਕਰ ਦਿੱਤੀ ਹੈ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਐਲਾਨ ਨੂੰ ਚੋਣ ਵਾਅਦਾ ਨਹੀਂ, ਗਰੰਟੀ ਕਿਹਾ ਹੈ। ਪੰਜ ਵਾਰੀ ਮੁੱਖ ਮੰਤਰੀ ਰਹੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਫ਼ਰਵਰੀ 1997 ਦੀਆਂ ਚੋਣਾਂ ਤੋਂ ਪਹਿਲਾਂ ਖੇਤੀ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੇਣ ਦਾ ਐਲਾਨ ਕਰਦਿਆਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਦਮਗਜ਼ਾ ਮਾਰਿਆ ਸੀ। ਇਸ ਲਈ ਕਿਸੇ ਸਿਆਸੀ ਪਾਰਟੀ ਲਈ ਅਜਿਹੇ ਵਾਅਦੇ ਕਰਨ ਦਾ ਇਹ ਕੋਈ ਪਹਿਲਾ ਮੌਕਾ ਨਹੀਂ।

ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਹੋ ਰਹੀ ਚਰਚਾ ਵਿਚ ਕਿਸਾਨ ਅੰਦੋਲਨ ਅਤੇ 2015 ਵਿਚ ਬਰਗਾੜੀ ਵਿਚ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਦੇ ਮੁੱਦੇ ਹੀ ਭਾਰੂ ਹਨ।

ਸੂਬੇ ਦੀ ਸਿਆਸਤ 'ਚ ਸਭ ਤੋਂ ਮਹੱਤਵਪੂਰਨ ਤਬਦੀਲੀ ਅਕਾਲੀ ਦਲ ਵਲੋਂ ਕਿਸਾਨ ਅੰਦੋਲਨ ਦੇ ਦਬਾਅ ਹੇਠ ਭਾਜਪਾ ਨਾਲੋਂ 25 ਸਾਲ ਦਾ ਸਿਆਸੀ ਗੱਠਜੋੜ ਤੋੜਨਾ ਹੈ। ਅਕਾਲੀ ਦਲ ਕੁਝ ਮਹੀਨੇ ਬੜੀ ਉੱਚੀ ਸੁਰ ਵਿਚ ਖੇਤੀ ਕਾਨੂੰਨਾਂ ਦੀ ਹਮਾਇਤ ਕਰਦਾ ਰਿਹਾ ਪਰ ਜਦੋਂ ਬਾਜ਼ੀ ਹੱਥੋਂ ਜਾਂਦੀ ਦਿਸੀ ਤਾਂ ਭਾਜਪਾ ਨਾਲੋਂ ਉਹ ਸਿਆਸੀ ਗੱਠਜੋੜ ਤੋੜਨ ਲਈ ਮਜਬੂਰ ਹੋਣਾ ਪਿਆ ਜਿਸ ਨੂੰ ਪ੍ਰਕਾਸ਼ ਸਿੰਘ ਬਾਦਲ ਨਹੁੰ-ਮਾਸ ਦਾ ਰਿਸ਼ਤਾ ਕਹਿੰਦੇ ਸਨ। ਅਕਾਲੀ ਦਲ ਨੇ ਹੁਣ ਉਸ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਦਾ ਰਾਹ ਚੁਣਿਆ ਹੈ ਜਿਸ ਦੀ ਆਪਣੀ ਹਾਲਤ ਬਹੁਤ ਕਮਜ਼ੋਰ ਹੈ। ਕੀ ਬਹੁਜਨ ਸਮਾਜ ਪਾਰਟੀ ਅਕਾਲੀ ਦਲ ਨੂੰ ਭਾਜਪਾ ਨਾਲੋਂ ਸਿਆਸੀ ਨਾਤਾ ਤੋੜਨ ਨਾਲ ਪੈਣ ਵਾਲਾ ਵੋਟਾਂ ਦਾ ਘਾਟਾ ਪੂਰਾ ਕਰ ਸਕੇਗੀ ? ਸਭ ਨੂੰ ਪਤਾ ਹੈ ਕਿ ਆਰਐੱਸਐੱਸ ਦੀ ਹਮਾਇਤ ਵਾਲੀ ਭਾਜਪਾ ਦਾ ਆਧਾਰ ਬਹੁਜਨ ਸਮਾਜ ਪਾਰਟੀ ਤੋਂ ਕਿਤੇ ਵੱਧ ਹੈ। ਹੋਰ ਤਾਂ ਹੋਰ, ਸੂਬੇ 'ਚ ਬਹੁਜਨ ਸਮਾਜ ਪਾਰਟੀ ਦਾ ਆਧਾਰ ਦਿਨੋ-ਦਿਨ ਸੁੰਗੜ ਰਿਹਾ ਹੈ। ਇਹ ਅਮਲ ਪਿਛਲੀ ਇਕ ਚੌਥਾਈ ਸਦੀ ਤੋਂ ਵਾਪਰ ਰਿਹਾ ਹੈ ਜਦੋਂ ਕਿ ਸੂਬੇ 'ਚ ਦਲਿਤ ਆਬਾਦੀ 32 ਫ਼ੀਸਦੀ ਹੈ ਜੋ ਮੁਲਕ ਵਿਚ ਸਭ ਤੋਂ ਵੱਧ ਹੈ। ਬਹੁਜਨ ਸਮਾਜ ਪਾਰਟੀ ਇਸ ਦੇ ਮੋਢੀ ਕਾਂਸ਼ੀ ਰਾਮ ਦੇ ਆਪਣੇ ਸੂਬੇ ਪੰਜਾਬ ਵਿਚ ਉੱਭਰ ਹੀ ਨਹੀਂ ਸਕੀ। ਉਂਝ, ਇਹ ਸਪੱਸ਼ਟ ਹੈ ਕਿ ਅਕਾਲੀ ਦਲ ਨਾਲ ਸਮਝੌਤੇ ਵਿਚ ਬਸਪਾ ਨੂੰ ਹੀ ਵੱਧ ਫ਼ਾਇਦਾ ਹੋਵੇਗਾ ਕਿਉਂਕਿ ਇਸ ਦੇ ਪੱਲੇ ਗੁਆਉਣ ਨੂੰ ਕੁਝ ਵੀ ਨਹੀਂ ਹੈ।

ਮੁਲਕ ਵਿਚ ਤਕੜੀ ਮੋਦੀ ਲਹਿਰ ਦੇ ਬਾਵਜੂਦ 2019 ਦੀਆਂ ਲੋਕ ਸਭਾ ਚੋਣਾਂ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਸੂਬੇ ਦੀ ਸਿਆਸਤ ਵਿਚ ਮੁੜ ਉੱਭਰਨ ਦੇ ਕੋਈ ਸੰਕੇਤ ਸਾਹਮਣੇ ਨਹੀਂ ਆਏ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਵੇਂ 15 ਸੀਟਾਂ ਤੱਕ ਸਿਮਟ ਜਾਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦਾ ਆਪਣਾ ਕੇਡਰ ਆਧਾਰ ਨਹੀਂ ਖਿਸਕਿਆ ਪਰ ਇਸ ਨੂੰ ਸੱਤਾ ਵਿਚ ਆਉਣ ਲਈ ਆਪਣੇ ਆਪ ਨੂੰ ਆਮ ਲੋਕਾਂ ਦੀ ਪਾਰਟੀ ਵਿਚ ਤਬਦੀਲ ਕਰਨਾ ਪਵੇਗਾ ਜਿਹੜਾ ਕਿਸੇ ਵੇਲੇ ਇਸ ਦਾ ਖਾਸਾ ਸੀ। ਅਕਾਲੀ ਦਲ ਨੇ ਸੱਤਾ ਵਿਚ ਹੁੰਦਿਆਂ 2015 ਵਿਚ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਉੱਤੇ ਅਫ਼ਸੋਸ ਦਾ ਇਜ਼ਹਾਰ ਵੀ ਨਹੀਂ ਕੀਤਾ।

ਇਹ ਦੱਸਣਾ ਵੀ ਲਾਜ਼ਮੀ ਹੈ ਕਿ ਪੁਲਿਸ ਵਲੋਂ ਸਿੱਖ ਮੁਜ਼ਾਹਰਾਕਾਰੀਆਂ ਉੱਤੇ ਗੋਲੀ ਚਲਾਉਣ ਤੋਂ ਪਹਿਲਾਂ ਕਿਸਾਨਾਂ ਜਥੇਬੰਦੀਆਂ ਨੇ ਬਠਿੰਡਾ ਖੇਤਰ ਵਿਚ ਛੇ ਦਿਨਾਂ ਲਈ ਸੜਕੀ ਅਤੇ ਰੇਲਵੇ ਆਵਾਜਾਈ ਠੱਪ ਕਰ ਦਿੱਤੀ ਸੀ। ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਨੇ ਵੀ ਡੇਰਾ ਮੁਖੀ ਦੀ ਫਿਲਮ 'ਐੱਮਐੱਸਜੀ-2' ਸੂਬੇ ਵਿਚ ਰਿਲੀਜ਼ ਨਾ ਕਰਨ ਖ਼ਿਲਾਫ਼ ਰੋਸ ਪ੍ਰਗਟਾਉਣ ਲਈ ਬਠਿੰਡਾ ਖੇਤਰ ਵਿਚ ਦੋ ਦਿਨ ਰੇਲਵੇ ਆਵਾਜਾਈ ਨਹੀਂ ਚੱਲਣ ਦਿੱਤੀ ਸੀ। ਸਵਾਲ ਹੈ ਕਿ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖ਼ਿਲਾਫ਼ ਰੋਸ ਪ੍ਰਗਟਾਉਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ? ਇਸ ਘਟਨਾ ਨਾਲ ਸਬੰਧਤ ਕਈ ਅਜਿਹੇ ਮੁੱਦੇ ਹਨ ਜਿਹੜੇ ਰਹਿਤ ਮਰਿਯਾਦਾ ਦੇ ਘੇਰੇ ਵਿਚ ਆਉਂਦੇ ਹਨ, ਜਿਵੇਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਉੱਤੇ ਬੁਲਾ ਕੇ ਡੇਰਾ ਮੁਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਧਾਰਨ ਦੇ ਦੋਸ਼ ਵਿਚੋਂ ਬਿਨਾ ਮੰਗਿਆਂ ਮੁਆਫ਼ੀ ਦੇਣ ਲਈ ਕਹਿਣਾ।

ਮੁੱਖ ਵਿਰੋਧੀ ਪਾਰਟੀ ਹੋਣ ਦੇ ਬਾਵਜੂਦ ਸੂਬੇ ਦੇ ਸਿਆਸੀ ਮੈਦਾਨ ਵਿਚੋਂ ਇਕ ਵਾਰ ਉਖੜ ਚੁੱਕੀ ਆਮ ਆਦਮੀ ਪਾਰਟੀ ਮੁੜ ਪੈਰ ਜਮਾਉਣ ਦੀ ਕੋਸ਼ਿਸ਼ ਵਿਚ ਹੈ। ਪੰਜਾਬ ਦੀ ਜਨਤਾ ਵਲੋਂ ਅਕਾਲੀ-ਭਾਜਪਾ ਗੱਠਜੋੜ ਨੂੰ ਤੀਜੇ ਸਥਾਨ ਉੱਤੇ ਧੱਕ ਕੇ ਆਮ ਆਦਮੀ ਪਾਰਟੀ ਨੂੰ ਸੌਂਪੇ ਗਏ ਰੋਲ ਨੂੰ ਨਿਭਾਉਣ ਵਿਚ ਇਹ ਪਾਰਟੀ ਅਸਫ਼ਲ ਰਹੀ ਹੈ, ਇਥੋਂ ਤੱਕ ਕਿ ਇਹ ਪਾਰਟੀ ਆਪਣੇ ਆਪ ਨੂੰ ਇਕੱਠਾ ਵੀ ਨਹੀਂ ਰੱਖ ਸਕੀ।

ਸੱਤਾਧਾਰੀ ਕਾਂਗਰਸ ਨੇ ਆਪਣੀ ਸਰਕਾਰ ਦੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਉੱਤੇ ਜਨਤਕ ਤੌਰ ਉੱਤੇ ਸਵਾਲ ਖੜੇ ਕਰ ਕੇ ਆਪਣੇ ਆਪ ਨੂੰ ਬੜੀ ਹਾਸੋਹੀਣੀ ਹਾਲਤ ਵਿਚ ਫਸਾ ਲਿਆ ਹੈ। ਕਾਂਗਰਸ ਹਾਈਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ 18 ਨੁਕਾਤੀ ਪ੍ਰੋਗਰਾਮ ਦਾ 'ਹੋਮ ਵਰਕ' ਦੇ ਕੇ ਇਸ ਨੂੰ ਦਿੱਤੀ ਸਮਾਂ ਸੀਮਾ ਵਿਚ ਪੂਰਾ ਕਰਨ ਲਈ ਕਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਮੱਸਿਆ ਇਹ ਹੈ ਕਿ ਸਰਕਾਰ ਸਰਕਾਰੀ ਅਫਸਰਾਂ ਵੱਲੋਂ ਜ਼ਿਆਦਾ ਚਲਾਈ ਜਾ ਰਹੀ ਹੈ, ਸਿਆਸਤਦਾਨਾਂ ਵੱਲੋਂ ਘੱਟ। ਇਹ ਉਸੇ ਤਰਾਂ ਹੈ ਜਿਵੇਂ ਪਿਛਲੇ ਸਮਿਆਂ ਵਿਚ ਦੀਵਾਨ ਰਾਜ ਕਾਜ ਚਲਾਉਂਦੇ ਸਨ।

ਪੰਜਾਬ ਸ਼ਾਇਦ ਇਕੋ-ਇਕ ਸੂਬਾ ਹੈ ਜਿੱਥੋਂ ਦਾ ਮੁੱਖ ਮੰਤਰੀ ਸਿਵਲ ਸਕੱਤਰੇਤ ਵਿਚ ਆਪਣੇ ਦਫ਼ਤਰ ਨਹੀਂ ਆਉਂਦਾ ਜਿਹੜਾ ਉਸ ਦੀ ਸਰਕਾਰੀ ਰਿਹਾਇਸ਼ ਤੋਂ ਸਿਰਫ਼ ਪੰਜ ਮਿੰਟ ਦੇ ਰਾਹ ਉੱਤੇ ਹੈ। ਪਿਛਲੀ ਸਰਕਾਰ ਸਮੇਂ ਪ੍ਰਕਾਸ਼ ਸਿੰਘ ਬਾਦਲ ਦਾ ਸ਼ੁਰੂ ਕੀਤਾ ਇਹ ਵਰਤਾਰਾ ਹੁਣ ਚਰਮ ਸੀਮਾ 'ਤੇ ਹੈ। ਇਸੇ ਕਰ ਕੇ ਬੇਅਦਬੀ ਅਤੇ ਬਿਜਲੀ ਸਮਝੌਤਿਆਂ ਵਰਗੇ ਅਹਿਮ ਮੁੱਦੇ ਸਹੀ ਢੰਗ ਨਾਲ ਨਜਿੱਠੇ ਨਹੀਂ ਗਏ।

ਕਾਂਗਰਸ ਸਰਕਾਰ ਦੇ ਕੁਝ ਮੰਤਰੀਆਂ ਅਤੇ ਵਿਧਾਇਕਾਂ ਵਿਚ ਪਿਛਲੇ ਕੁਝ ਸਮੇਂ ਤੋਂ ਘੁਸਰ ਮੁਸਰ ਚੱਲ ਰਹੀ ਸੀ ਕਿ ਕੈਪਟਨ ਅਮਰਿੰਦਰ ਸਿੰਘ 2022 ਦੀ ਚੋਣ ਵਿਚ ਪਾਰਟੀ ਨੂੰ ਜਿਤਾ ਨਹੀਂ ਸਕਣਗੇ। ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਬੇਅਦਬੀ ਅਤੇ ਉਸ ਤੋਂ ਬਾਅਦ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਰੱਦ ਕਰਨ ਨਾਲ ਕਾਂਗਰਸੀ ਲੀਡਰਾਂ ਦੀ ਇਹ ਧਾਰਨਾ ਹੋਰ ਪੱਕੀ ਹੋ ਗਈ। ਉਨਾਂ ਵਲੋਂ ਜਨਤਕ ਤੌਰ 'ਤੇ ਇਹ ਭਾਵਨਾਵਾਂ ਪ੍ਰਗਟ ਕਰਨ ਨਾਲ ਪਾਰਟੀ ਦਾ ਮੌਜੂਦਾ ਸੰਕਟ ਖੜਾ ਹੋ ਗਿਆ। ਘਟਨਾਕ੍ਰਮ ਦਾ ਦਿਲਚਸਪ ਪੱਖ ਇਹ ਹੈ ਕਿ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਪੰਜਾਬ ਪੁਲਿਸ ਦੇ ਆਈਜੀ ਕੁੰਵਰ ਵਿਜੇ ਪ੍ਰਤਾਪ ਦੇ ਹੱਥਾਂ ਵਿਚ ਸੀ ਜੋ ਬਾਅਦ ਵਿਚ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ ਹਨ। ਇਸ ਵੇਲੇ ਕਾਂਗਰਸ ਆਪੇ ਲਾਏ ਫੱਟਾਂ ਕਾਰਨ ਦੁੱਖ ਭੋਗ ਰਹੀ ਹੈ।

ਇਸ ਸਮੇਂ ਮੁੱਦਾ ਸਿਰਫ਼ ਆਟਾ-ਦਾਲ ਜਾਂ 300 ਯੂਨਿਟ ਬਿਜਲੀ ਮੁਫ਼ਤ ਦੇਣ ਦਾ ਨਹੀਂ ਬਲਕਿ ਸੂਬੇ ਨੂੰ ਅਜਿਹੀ ਸਿਆਸੀ ਦ੍ਰਿਸ਼ਟੀ ਅਤੇ ਸੋਚ ਨਾਲ ਜੋੜਨ ਦਾ ਹੈ ਜਿਸ ਨਾਲ ਪੰਜਾਬੀਆਂ ਨੂੰ ਮੁਫ਼ਤਖੋਰੇ ਬਣਾਉਣ ਦੀ ਥਾਂ ਉਨਾਂ ਨੂੰ ਗੁਰੂ ਸਾਹਿਬਾਨ ਦੇ ਕਿਰਤ ਅਤੇ ਸਬਰ-ਸੰਤੋਖ ਦੇ ਸਭਿਆਚਾਰ ਨਾਲ ਜੋੜਿਆ ਜਾਵੇ। ਇਉਂ ਪੰਜਾਬੀਆਂ ਦੀ ਸ਼ਾਨ ਵੀ ਕਾਇਮ ਰਹੇਗੀ ਅਤੇ ਸੂਬੇ ਦੇ ਟਿਕਾਊ ਵਿਕਾਸ ਦੇ ਨਵੇਂ ਰਾਹ ਵੀ ਖੁੱਲਣਗੇ। ਦੱਖਣੀ ਭਾਰਤ ਦੀ ਨੌਜਵਾਨ ਪੀੜੀ ਅਮਰੀਕਾ ਕੈਨੇਡਾ ਵਰਗੇ ਮੁਲਕਾਂ ਵਿਚ ਜਾ ਕੇ ਸੂਚਨਾ ਤਕਨਾਲੋਜੀ ਅਤੇ ਮੈਨੇਜਮੈਂਟ ਖੇਤਰ ਦੀਆਂ ਨੌਕਰੀਆਂ ਕਰਦੀ ਹੈ ਅਤੇ ਪੰਜਾਬ ਦੇ ਬਹੁਤੇ ਨੌਜਵਾਨ ਡਰਾਈਵਰ ਬਣਦੇ ਹਨ। ਕੀ ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਕੋਲ ਪੰਜਾਬ ਤੋਂ ਵੱਧ ਖ਼ੁਦਮੁਖਤਾਰੀ ਹੈ ? ਸਮੱਸਿਆ ਦ੍ਰਿਸ਼ਟੀਹੀਣ, ਸਮਾਜਿਕ ਸਰੋਕਾਰਾਂ ਤੋਂ ਸੱਖਣੀ ਅਤੇ ਪੂਰੀ ਤਰਾਂ ਵਿਗੜ ਚੁੱਕੀ ਸਿਆਸੀ ਜਮਾਤ ਅਤੇ ਪ੍ਰਸ਼ਾਸਨ (ਅਫ਼ਸਰਸ਼ਾਹੀ) ਦੀ ਹੈ, ਖ਼ੁਦਮੁਖ਼ਤਾਰੀ ਦੀ ਨਹੀਂ। ਪੰਜਾਬ ਨੂੰ ਅਜਿਹੇ ਭੂਗੋਲਿਕ ਅਤੇ ਸਿਆਸੀ ਵਾਤਾਵਰਨ ਦੀ ਲੋੜ ਹੈ ਜਿੱਥੇ ਇਥੋਂ ਦਾ ਹਰ ਬਸ਼ਿੰਦਾ ਇੱਜ਼ਤ ਅਤੇ ਸ਼ਾਨ ਮਹਿਸੂਸ ਕਰੇ। ਪੰਜਾਬ ਪਹਿਲਾਂ ਵਾਂਗ ਮੁਲਕ ਦਾ ਅੱਵਲ ਸੂਬਾ ਬਣੇ। ਤ੍ਰਾਸਦੀ ਇਹ ਹੈ ਕਿ ਪੰਜਾਬ ਦੀ ਸਿਆਸੀ ਜਮਾਤ ਉਸੇ ਅਨੁਪਾਤ ਵਿਚ ਅਮੀਰ ਹੋਈ ਹੈ ਜਿਸ ਵਿਚ ਸੂਬਾ ਹੇਠਾਂ ਵੱਲ ਖਿਸਕਿਆ ਹੈ। ਇਸ ਅਮਲ ਨੂੰ ਉਲਟਾਉਣ ਦੀ ਲੋੜ ਹੈ। ਇਸ ਸਬੰਧ ਵਿਚ ਲੋਕ ਕਿਸਾਨ ਅੰਦੋਲਨ ਦੇ ਆਗੂਆਂ ਵੱਲ ਬਹੁਤ ਦਿਲਚਸਪੀ ਨਾਲ ਦੇਖ ਰਹੇ ਹਨ ਕਿ ਉਹ ਆਉਂਦੇ ਦਿਨਾਂ ਵਿਚ ਕਿਹੋ ਜਿਹਾ ਪੈਂਤੜਾ ਮੱਲਦੇ ਹਨ।

# ਤਵਾਰੀਖ਼ ਦੇ ਪੰਨਿਆਂ ’ਤੇ ਜੂਨ 1984

## (ਭਾਗ-6) ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ’



**ਪਰਮਪਾਲ ਸਿੰਘ ਸਭਰਾਅ**

9814991699

ਚਮਕੌਰ ਦੀ ਕੱਚੀ ਗੜ੍ਹੀ ਵਿਚ ਜਦ ਸਿੰਘਾਂ ਦੇ ਨਾਲ ਨਾਲ ਦਸ਼ਮੇਸ਼ ਪਿਤਾ ਨੇ ਆਪਣੇ ਪੁੱਤ ਵੀ ਜੰਗ ਨੂੰ ਤੋਰੇ ਸੀ ਤੇ ਗੜ੍ਹੀ ਵਿੱਚੋਂ ਤੁਰਨ ਲੱਗਿਆਂ ਪੁੱਤਾਂ ਦੀ ਥਾਂ ਆਪਣੀ ਪੱਗ ਤੇ ਕਲਗੀ ਪੰਥ ਦੇ ਸਿਰ ਬੰਨ ਦਿੱਤੀ ਸੀ, ਉਸ ਦਿਨ ਸਾਰੀਆਂ ਜਿੰਮੇਵਾਰੀਆਂ ਪੰਥਕ ਪੁੱਤਾਂ ਦੇ ਮੋਢਿਆਂ ’ਤੇ ਪਾ ਕੇ ਸੁਰਖ਼ਰੂ ਹੋ ਮਾਛੀਵਾੜੇ ਦੇ ਜੰਗਲ ਵਿਚ ਟਿੰਡ ਦਾ ਸਿਰਹਾਣਾ ਲੈ ਕੇ ਨਿਸਚਿੰਤ ਨੀਂਦ ਸੌਂ ਗਿਆ, ਉਸ ਦਿਨ ਤੋਂ ਆਪਣੇ ਸਿਰ ਤੇ ਬੱਝੀ ਦਸਮੇਸ਼ ਪਿਤਾ ਦੀ ਬਖ਼ਸ਼ੀ ਜਿੰਮੇਵਾਰੀ ਦੀ ਪੱਗ ਮਹਿਸੂਸ ਕਰਦਾ ਹੋਇਆ ਹਰ ਸਿੰਘ ਦਸ਼ਮੇਸ਼ ਦੇ ਪੁੱਤਾਂ ਦਾ ਵੀਰ ਹੋਣ ਦਾ ਯਤਨ ਕਰਦਾ ਹੈ, ਇਸੇ ਯਤਨ ਵਿਚ ਹੀ ਤਾਂ ਅਕਾਲ ਤਖ਼ਤ ਦੇ ਕਿਲੇ ਨੂੰ ਚਮਕੌਰ ਦੀ ਗੜ੍ਹੀ ਦਾ ਰੂਪ ਦੇ ਕੇ ਸੰਤ ਜਰਨੈਲ ਸਿੰਘ ਤੇ ਉਸ ਦੇ ਕੌਮੀਂ ਜੰਗਜੂਆਂ ਨੇ ਭਾਰਤੀ ਫੌਜ ਦੇ ਆਹੂ ਲਾਹ ਦਿੱਤੇ, ਦਰਬਾਰ ਸਾਹਿਬ ਦੀ ਪ੍ਰਕਰਮਾ ਫੌਜੀਆਂ ਦੀ ਕਤਲਗਾਹ ਬਣ ਗਈ, ਫੌਜੀਆਂ ਦੀਆਂ ਲਾਸ਼ਾਂ ਦੇ ਢੇਰ ਵੇਖਕੇ ਲੜ ਰਹੀ ਫੌਜ ਦਾ ਮਨੋਬਲ ਮੁਕਾ ਰਿਹਾ ਸੀ, ਭਾਰਤੀ ਫੌਜ ਦੇ ਜਰਨਲ ਕੁਲਦੀਪ ਬਰਾੜ ਦੇ ਹੱਥੀਂ ਲਿਖੇ ਅਨੁਸਾਰ ਸਾਰੇ ਜੰਗੀ ਪੈਂਤੜੇ ਫੇਲ ਹੋਣ ਕਾਰਨ ਵਾਰ ਵਾਰ ਬਦਲਣੇ ਪਏ ਪਰ ਸਭ ਵਿਅਰਥ ਸੀ। ਆਖਰ ਬੇਬੱਸ ਹੋ ਕੇ 6 ਜੂਨ ਸਵੇਰ 4:30 ਵਜੇ ਇਕ ਬਕਤਰਬੰਦ ਗੱਡੀ ਵਿਚ 15 ਕੁਮਾਊਂ ਰੈਜੀਮੈਂਟ ਦੇ ਫੌਜੀ ਲੱਦ ਕੇ ਬਾਕੀ ਸਾਰੀ ਕੰਪਨੀ ਨੂੰ ਮਗਰ ਮਗਰ ਤੋਰ ਦਿੱਤਾ ਤਾਂਕਿ ਗੱਡੀ ਦੀ ਓਟ ਵਿਚ ਫੌਜੀ ਅਕਾਲ ਤਖ਼ਤ ਦੇ ਸਾਹਮਣੇ ਪੈਰ ਰੱਖ ਸਕਣ, ਅਕਾਲ ਦੀ ਓਟ ਵਾਲਿਆਂ ਨੇ ਟੈਂਕਨੁਮਾ ਗੱਡੀ ਦੀ ਓਟ ਵਾਲਿਆਂ ਨੂੰ ਗੱਡੀ ਸਮੇਤ, ਗੱਡੀ ਚਾੜ ਦਿੱਤਾ, ਬਰਾੜ ਦੀ ਰੂਹ ਕੰਬ ਗਈ, ਉਹ ਲਿਖਦਾ ਹੈ ਕਿ ਮੈਂ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਇਸ ਤਰਾਂ ਵੀ ਹੋ ਸਕਦਾ ਹੈ, ਭਾਰਤੀ ਫੌਜ ਦੇ ਜਰਨੈਲਾਂ ਨੂੰ ਹਾਰ ਦਾ ਸਾਹਮਣਾ ਹੋ ਚੁੱਕਾ ਸੀ, ਅਗਲੀ ਸਵੇਰ ਹੁਣ ਕੁਝ ਪਲਾਂ ਦੀ ਬਾਤ ਸੀ, ਦਿੱਲੀ ਦੇ ਮਾਲਕਾਂ ਨੂੰ ਦੋ ਘੰਟਿਆਂ ਵਿੱਚ ਜੰਗ ਜਿੱਤਣ ਦੀ ਜੋ ਸ਼ੇਖੀ ਮਾਰਕੇ ਤੁਰੇ ਸੀ ਉਹ ਤਾਂ ਸਿੱਖ ਜੰਗਜੂਆਂ ਦੀ ਜੰਗੀ ਤਾਕਤ ਨੇ ਖਤਮ ਕਰ ਦਿੱਤੀ ਸੀ। ਹੁਣ ਜਾਨ ਵੀ ਬਚਾਉਣੀ ਸੀ ਤੇ ਇੱਜਤ ਵੀ ਸੋ ਆਖਰੀ ਹਥਿਆਰ ਸੀ ਟੈਂਕ। 5 ਵਜੇ ਟੈਂਕਾਂ ਆਸਰੇ ਅੰਦਰ ਲੰਘਣ ਦੀ ਦਿੱਲੀਓਂ ਆਗਿਆ ਮੰਗੀ ਗਈ ਜੋ ਅੰਤਾਂ ਦੇ ਹੋਏ ਜਾਨੀ ਨੁਕਸਾਨ ਨੂੰ ਵੇਖਦਿਆਂ ਇਕ ਪਲ ਵਿਚ ਮਿਲ ਗਈ। ਸਵੇਰੇ ਠੀਕ 5:21 ਤੇ ਟੈਂਕਾਂ ਨੂੰ ਹੁਕਮ ਹੋਇਆ ਕੇ ਹਾਰ ਨੂੰ ਜਿੱਤ ਵਿਚ ਬਦਲ ਕੇ ਹਿਸਾਬ ਬਰਾਬਰ ਕਰ ਦਿਓ, ਟੈਂਕਾਂ ਵਿਚੋਂ ਨਿਕਲਦੇ 105 ਐਮ ਐਮ ਦੇ ਗੋਲਿਆਂ ਦਾ ਮੀਂਹ ਅਕਾਲ ਤਖ਼ਤ ਸਾਹਿਬ ਦੀਆਂ ਨੀਹਾਂ ਹਿਲਾਉਣ ਦੀ ਜੁਰੱਅਤ ਕਰ ਰਿਹਾ ਸੀ। ਟੈਂਕ ਕੀ ਜਾਨਣ ਕਿ ਇਹ ਤਖ਼ਤ ਦੀ ਨੀਂਹ ਦੀਆਂ ਇੱਟਾਂ ਗੁਰੂ ਹਰਗੋਬਿੰਦ ਸਾਹਿਬ ਦੇ ਹੱਥਾਂ ਨਾਲ ਲੱਗੀਆਂ ਨੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਮੀਰੀ ਤੇ ਪੀਰੀ ਦਾ ਸੁਮੇਲ ਕਰਦਾ ਇਹ ਥੜਾ ਹੱਥੀਂ ਬਣਾਇਆ ਸੀ, ਇਹ ਇਕ ਇਮਾਰਤ ਨਹੀਂ ਹੈ, ਇਹ ਤਾਂ ਸਿਧਾਂਤ ਹੈ ਤੇ ਗੁਰੂ ਦੇ ਸਿਧਾਂਤ ਦੀ ਰਾਖੀ ਲਈ ਤਾਂ ਇਹ ਜੰਗਜੂ ਟੈਂਕਾਂ ਸਾਹਮਣੇ ਹਿੱਕਾਂ ਡਾਹ ਕੇ ਖਲੋਤੇ ਨੇ, ਸੰਸਾਰ ਦਾ ਜੰਗੀ ਇਤਿਹਾਸ ਗਵਾਹ ਹੈ ਕਿ ਬੰਦੇ ਤੇ ਟੈਂਕ ਦਾ ਕੋਈ ਮੁਕਾਬਲਾ ਨਹੀਂ ਹੋ ਸਕਦਾ, ਟੈਂਕਾਂ ਦੇ ਗੋਲੇ ਜਮੀਨ ਅਸਮਾਨ ਇਕ ਕਰ ਰਹੇ ਸਨ, ਅਕਾਲ ਤਖ਼ਤ ਸਾਹਿਬ ਦੀ ਇਮਾਰਤ ਕੁੱਝ ਪਲਾਂ ਵਿਚ ਹੀ ਖੰਡਰ ਹੋ ਗਈ ਸੀ, ਫੌਜ ਦੇ ਹੌਂਸਲੇ ਨੇ ਮੋੜਾ ਖਾਦਾ ਤੇ ਮੇਜਰ ਬੀ ਕੇ ਮਿਸ਼ਰਾ ਆਪਣੀ ਫੌਜੀ ਟੁਕੜੀ



ਨਾਲ ਅਕਾਲ ਤਖ਼ਤ ਵੱਲ ਵਧਿਆ ਪਰ ਤਖ਼ਤ ਸਾਹਿਬ ਦੀ ਅਜ਼ਮਤ ਲਈ ਜੂਝਦੇ ਜੰਗਜੂਆਂ ਨੇ ਟੈਂਕਾਂ ਦੇ ਵਰਦੇ ਗੋਲਿਆਂ ਵਿਚ ਵੀ ਇਸ ਟੁਕੜੀ ਨੂੰ ਥਾਈਂ ਢੇਰ ਕਰ ਦਿੱਤਾ। ਬਰਾੜ ਦਾ ਮੰਨਣਾ ਹੈ ਕਿ ਟੈਂਕ ਅੰਦਰ ਲੰਘਾਉਣ ਦੇ 3 ਫਾਇਦੇ ਸਨ, ਇਕ ਵਧੇਰੇ ਮਾਰ ਕਰਨੀ, ਦੂਜਾ ਟੈਂਕ ਦੇ ਬਲਬਾਂ ਦੀ ਰੌਸ਼ਨੀ ਵਿਚ ਜੰਗਜੂਆਂ ਨੂੰ ਅਨਿਆਂ ਕਰਨਾ, ਤੀਜਾ ਜੰਗਜੂਆਂ ਦੇ ਮਨਾਂ ਵਿਚ ਬੰਬਾਂ ਦੇ ਧਮਾਕਿਆਂ ਨਾਲ ਡਰ ਪੈਦਾ ਕਰਨਾ। ਬਰਾੜ ਨਹੀਂ ਜਾਣਦਾ ਸੀ ਕਿ ਇਹ ਉਹ ਨੇ ਜੋ ਜਲਾਦ ਨੂੰ ਆਪਣਾ ਬੰਦ ਬੰਦ ਕੱਟਣਾ ਆਪ ਸਿਖਾਉਂਦੇ ਹਨ, ਇਨਾਂ ਟੈਂਕਾਂ ਦੀ ਬੰਬਬਾਰੀ ਤੋਂ ਕੀ ਡਰਨਾ। ਬਰਾੜ ਲਿਖਦਾ ਹੈ ਕਿ ਅਕਾਲ ਤਖ਼ਤ ਅਤੇ ਨਾਲ ਦੇ ਮੋਰਚਿਆਂ ਵਿਚੋਂ ਸਵੈਚਾਲਕ ਹਥਿਆਰਾਂ ਨੇ ਟੈਂਕਾਂ ਦੀ ਮਾਰ ਦੀ ਪ੍ਰਵਾਹ ਨਾ ਕਰਦਿਆਂ ਵੀ ਜੰਗ ਜਾਰੀ ਰੱਖੀ ਤੇ ਟੈਂਕਾਂ ਦੀ ਸੁਰੱਖਿਆ ਛਤਰੀ ਹੇਠ ਅੰਦਰ ਗਈ ਫੌਜ ਨੂੰ ਬਹੁਤ ਭਾਰੀ ਨੁਕਸਾਨ ਕਰਵਾਉਣਾ ਪਿਆ, 35% ਫੌਜ ਇਥੇ ਫੇਰ ਮਾਰੀ ਗਈ।

6:20 ਵਜੇ ਭਾਰੀ ਨੁਕਸਾਨ ਨੂੰ ਵੇਖਦਿਆਂ ਫੌਜ ਪਿਛਾਂਹ ਮੁੜੀ ,ਬਰਾੜ ਲਿਖਦਾ ਹੈ ਕਿ ਨੀਤੀ ਵਿਚ ਫੇਰ ਬਦਲਾਅ ਕੀਤਾ ਗਿਆ। ਤਖ਼ਤ ਸਾਹਿਬ ਦੇ ਪਾਸਿਆਂ ਤੋਂ ਮਸ਼ੀਨਗੰਨਾਂ ਦਾ ਵਰਦਾ ਮੀਂਹ ਰੋਕਣ ਲਈ ਦੋ ਸਪੈਸ਼ਲ ਫੌਜੀ ਟੁਕੜੀਆਂ ਬਣਾਈਆਂ ਗਈਆਂ, ਚੋਣਵੇਂ ਫੌਜੀ ਸ਼ਾਮਲ ਕੀਤੇ ਗਏ, ਪਰ ਜੰਗਜੂਆਂ ਵਲੋਂ ਜ਼ੋਰਦਾਰ ਗੋਲੀਆਂ ਦੇ ਛੜਾ ਕੇ ਨਾਲ ਸਿਰਫ 3 ਬੁਰੀ ਤਰਾਂ ਜਖਮੀਂ ਫੌਜੀ ਹੀ ਜਾਨ ਬਚਾਉਣ ਵਿਚ ਕਾਮਯਾਬ ਹੋਏ, ਸਵੇਰ ਦੇ 7:30 ਵਜ ਗਏ ਸਨ, ਧੁੱਪ ਨਿਕਲ ਆਈ ਸੀ, ਪਰ ਅਕਾਲ ਤਖ਼ਤ ਦੇ ਰਾਖੇ ਅਜੇ ਵੀ ਚੜਦੀ ਕਲਾ ਨਾਲ ਡਟੇ ਹੋਏ ਸਨ। ਜਰਨਲ ਜਗਜੀਤ ਸਿੰਘ ਜੀ ਅਰੋੜਾ ਨੇ ਮਗਰੋਂ ਤਖ਼ਤ ਸਾਹਿਬ ਦੇ ਹਾਲਤ ਵੇਖ ਕੇ ਦੱਸਿਆ ਕਿ ਟੈਂਕਾਂ ਦੇ ਲਗਭਗ 80 ਗੋਲੇ ਤਖ਼ਤ ਸਾਹਿਬ ਦੀ ਇਮਾਰਤ ਤੇ ਸੁੱਟੇ ਗਏ ਸਨ। ਵੈਰੀਆਂ ਨੇ ਹਾਰ ਦਾ ਬਦਲਾ ਲੈਣ ਲਈ ਸਾਰੀ ਇਮਾਰਤ ਮਲਬਾ ਬਣਾ ਦਿੱਤੀ। ਓਧਰ ਕੌਮ ਦਾ ਜਰਨੈਲ ਵੀ ਹਾਲਾਤਾਂ ਨੂੰ ਬਾਰੀਕੀ ਨਾਲ ਜਾਣਦਿਆਂ ਹੋਇਆਂ ਫੈਸਲਾ ਕਰ ਚੁੱਕਾ ਸੀ, ਉਸ ਨੂੰ ਯਾਦ ਆਇਆ ਕਿ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੀ ਰਾਖੀ ਲਈ ਸਾਡਾ ਪੰਜਵਾਂ ਗੁਰੂ ਆਪ ਚੱਲਕੇ ਤੱਤੀ ਤਵੀ ’ਤੇ ਬੈਠ ਗਿਆ ਸੀ, ਉਸ ਨੂੰ ਯਾਦ ਆਇਆ ਕਿ ਸਾਡਾ ਨੌਵਾਂ ਗੁਰੂ ਧਰਮ ਦੀ ਅਜ਼ਾਦੀ ਲਈ ਅਨੰਦਪੁਰ ਤੋਂ ਆਪ ਚੱਲ ਕੇ ਦਿੱਲੀ ਚਾਂਦਨੀ ਚੌਂਕ ਸਿਰ ਦੇਣ ਗਿਆ ਸੀ, ਉਸ ਨੂੰ ਯਾਦ ਆਇਆ ਕਿ ਧਰਮ ਯੁੱਧ ਲਈ ਕਲਗੀਧਰ ਦੇ ਪੁੱਤ ਸ਼ਹੀਦ ਹੋਣ ਆਪ ਚੱਲ ਕੇ ਗਏ ਸੀ, ਉਸ ਨੂੰ ਯਾਦ ਆਇਆ ਕਿ ਪੰਥ ਦੀ ਜਿਸ ਮਿਸਲ ਦਾ ਉਹ ਹੁਣ ਜਥੇਦਾਰ ਹੈ ਉਸ ਦਾ ਮੋਢੀ ਬਾਬਾ ਦੀਪ ਸਿੰਘ ਦਰਬਾਰ ਸਾਹਿਬ ਦੀ ਅਜ਼ਮਤ ਲਈ ਤਲਵੰਡੀ ਸਾਬੋ ਤੋਂ ਆਪ ਚੱਲ ਕੇ ਅੰਮ੍ਰਿਤਸਰ ਸ਼ਹੀਦ ਹੋਣ ਆਇਆ ਸੀ, ਸੰਤ ਜਰਨੈਲ ਸਿੰਘ ਨੂੰ ਲੱਗਾ ਕਿ ਮੇਰਾ ਤਾਂ ਪੈਂਡਾ ਹੀ ਨਹੀਂ ਹੈ, ਹੁਣ ਤਾਂ ਬੱਸ ਪੰਜ ਸੱਤ ਕਦਮਾਂ ਤੇ ਸ਼ਹਾਦਤ ਨੇ ਗਲਵਕੜੀ ਪਾ ਲੈਣੀ ਹੈ, ਕੌਮੀ ਜਰਨੈਲ ਕੌਮ ਨੂੰ ਦਿੱਤਾ ਹੋਇਆ ਬਚਨ ਪੁਗਾਉਣਾ ਚਾਹੁੰਦਾ ਸੀ। ਉਸ ਨੇ ਇਕ ਵਾਰ ਫੇਰ ਉੱਚੀ ਆਵਾਜ ਵਿੱਚ ਗਾਇਆ ‘ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ’, ਉਹ ਉੱਠ ਕੇ ਖਲੋ ਗਿਆ, 47 ਸਿੰਘ ਉਸ ਦੇ ਹੁਕਮ ਦੀ ਉਡੀਕ ਕਰ ਰਹੇ ਸਨ। ਉਸ ਬਿਫ਼ਰੇ ਸ਼ੇਰ ਜਹੀ ਅਵਾਜ ਵਿਚ ਆਖਿਆ ਮੇਰੇ ਮਗਰ ਓਹੀ ਆਇਓ ਜਿਨਾਂ ਸ਼ਹੀਦ ਹੋਣਾ, ਅਰਦਾਸ ਕਰ ਕੇ ਉਹ ਬਾਹਰ ਨੂੰ ਤੁਰ ਪਿਆ 35 ਜੰਗਜੂ ਉਸ ਦੇ ਮਗਰ ਤੁਰ ਪਏ....... **ਚਲਦਾ**

**ਜਰੂਰੀ ਬੇਨਤੀ :** *ਜਨ. ਬਰਾੜ ਨੂੰ ਜਿਆਦਾ ਕੋਡ ਕਰਨ ਦਾ ਮਕਸਦ ਹੈ ਦੁਸ਼ਮਣ ਦਾ ਪ੍ਰਵਾਨ ਕੀਤਾ ਸੱਚ, ਜੋ ਅਸਲ ਸੱਚਾਈ ਨਾਲੋਂ ਬਹੁਤ ਘਟਾ ਕੇ ਲਿਖਿਆ ਗਿਆ ਹੋਊ, ਬੱਸ ਅੰਦਾਜਾ ਲਾ ਲੈਣਾ ਕਿ ਜੰਗ ਦੇ ਅਸਲ ਹਾਲਾਤ ਕੀ ਹੋਣਗੇ।*

---

# ਸ਼ਹੀਦ ਭਾਈ ਮਨੀ ਸਿੰਘ

**ਸੁਖਵਿੰਦਰ ਸਿੰਘ ਮੁੱਲਾਂਪੁਰ**

**9 ਜੁਲਾਈ ਸ਼ਹੀਦੀ ਦਿਵਸ**

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ ਨੂੰ ਅਲੀਪੁਰ ਜ਼ਿਲੇ ਦੇ ਮੁਜ਼ੱਫਰਗੜ (ਪਾਕਿਸਤਾਨ) ਵਿੱਚ ਭਾਈ ਮਾਈ ਦਾਸ ਅਤੇ ਬੀਬੀ ਮਧਰੀ ਬਾਈ ਦੇ ਘਰ ਹੋਇਆ। ਉਨਾਂ ਦਾ ਵਿਆਹ 1659 ਈ. ਨੂੰ ਭਾਈ ਲੱਖੀ ਸ਼ਾਹ ਵਣਜਾਰਾ ਦੀ ਪੁੱਤਰੀ ਨਾਲ ਹੋਇਆ।

1657 ਈ. ਨੂੰ ਭਾਈ ਮਨੀ ਸਿੰਘ ਆਪਣੇ ਪਿਤਾ ਨਾਲ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨਾਂ ਲਈ ਕੀਰਤਪੁਰ ਸਾਹਿਬ ਆਏ। ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਉਹ ਉੱਥੇ ਹੀ ਗੁਰੂ ਹਰਕ੍ਰਿਸ਼ਨ ਦੀ ਸੇਵਾ ’ਚ ਜੁੱਟ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਿੱਲੀ ’ਚ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਗੁਰੂ ਤੇਗ ਬਹਾਦਰ ਦੀ ਸੇਵਾ ਲਈ ਬਾਬੇ ਬਕਾਲੇ ਆ ਗਏ।

ਭਾਈ ਮਨੀ ਸਿੰਘ ਦੇ ਦਾਦਾ ਜੀ ਭਾਈ ਬਲੂ ਰਾਏ, ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਫ਼ੌਜ ਦੇ ਜਰਨੈਲ ਰਹੇ ਅਤੇ ਮੁਗਲਾਂ ਨਾਲ ਜੰਗ ਲੜਦੇ ਹੋਏ 1628 ਈ ਨੂੰ ਅੰਮ੍ਰਿਤਸਰ ਵਿੱਚ ਸ਼ਹੀਦੀ ਪਾ ਗਏ। ਭਾਈ ਮਨੀ ਸਿੰਘ ਹੁਣੀਂ 12 ਭਰਾ ਸਨ। ਇਨਾਂ ’ਚੋਂ 11 ਸ਼ਹੀਦ ਹੋਏ। ਭਾਈ ਮਨੀ ਸਿੰਘ ਦੇ 10 ਪੁੱਤਰਾਂ ’ਚੋਂ 7 ਪੁੱਤਰਾਂ ਅਤੇ 10 ਪੋਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਮਸਤ ਹਾਥੀ ਨਾਲ ਮੁਕਾਬਲਾ ਕਰਨ ਵਾਲੇ ਭਾਈ ਬਚਿੱਤਰ ਸਿੰਘ ਗੁਰੂ ਸਾਹਿਬ ਦੇ ਪੁੱਤਰ ਸਨ। ਇਸ ਤੋਂ ਇਲਾਵਾ ਸਰਸਾ ਨਦੀ ਦੇ ਕੰਢੇ ’ਤੇ ਭਾਈ ਸਾਹਿਬ ਦੇ ਪੁੱਤਰ ਉਦੈ ਸਿੰਘ ਨੇ ਭਾਈ ਅਜੀਤ ਸਿੰਘ ਦਾ ਬਚਾਅ ਕੀਤਾ।

ਭਾਈ ਅਨਕ ਸਿੰਘ, ਭਾਈ ਅਜਬ ਸਿੰਘ, ਭਾਈ ਅਜਾਇਬ ਸਿੰਘ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋਏ। 1705 ਤੋਂ 1706 ਈ ਵਿੱਚ ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿੱਚ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। ਜਦੋਂ ਗੁਰੂ ਤੇਗ ਬਹਾਦਰ ਦਿੱਲੀ ਸ਼ਹੀਦੀ ਪ੍ਰਾਪਤ ਕਰਨ ਗਏ ਤਾਂ ਉਹ ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਜੀ ਕੋਲ ਆਨੰਦਪੁਰ ਹੀ ਛੱਡ ਗਏ ਸਨ। ਮਾਤਾ ਸੁੰਦਰੀ ਦੇ ਕਹਿਣ ’ਤੇ ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਭਾਈ ਗੁਰਦਾਸ ਜੀ ਤੋਂ ਬਾਅਦ ਤੀਸਰੇ ਹੈਡ ਗ੍ਰੰਥੀ ਥਾਪੇ ਗਏ।

ਸਰਕਾਰ ਦੇ ਕਹਿਣ ’ਤੇ ਸੂਬਾ ਜ਼ਕਰੀਆ ਖਾਂ ਨੇ ਹਰੇਕ ਧਰਮ ਉੱਤੇ ਇੰਨੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ ਕਿ ਕੋਈ ਵੀ ਧਰਮ ਆਪਣੀ ਮਰਜ਼ੀ ਨਾਲ ਕੋਈ ਰੀਤੀ ਰਿਵਾਜ਼ ਨਹੀਂ ਕਰ ਸਕਦਾ ਸੀ। ਭਾਈ ਮਨੀ ਸਿੰਘ ਨੇ ਸਿੱਖ ਸੰਗਤ ਦੇ ਸਹਿਯੋਗ ਨਾਲ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣ ਦਾ ਫ਼ੈਸਲਾ ਕੀਤਾ। ਜਦ ਪ੍ਰਵਾਨਗੀ ਲਈ ਜ਼ਕਰੀਆ ਖਾਂ ਨੂੰ ਲਿਖ ਭੇਜਿਆ ਗਿਆ ਤਾਂ ਉਸ ਨੇ ਕਿਹਾ ਜੇ ਉਹ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣਾ ਚਾਹੁੰਦੇ ਹਨ ਤਾਂ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਟੈਕਸ ਵਜੋਂ ਦੇਣੇ ਪੈਣਗੇ। ਭਾਈ ਮਨੀ ਸਿੰਘ ਨੇ ਟੈਕਸ ਦੇਣ ਵਾਲੀ ਗੱਲ ਮੰਨ ਲਈ। ਪਰ ਜ਼ਕਰੀਆ ਖ਼ਾਨ ਨੇ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਦੀਵਾਲੀ ’ਤੇ ਇਕੱਠੀ ਹੋਈ ਸੰਗਤ ਨੂੰ ਮਾਰ ਦਿੱਤਾ ਜਾਵੇ। ਜਦ ਇਹ ਖ਼ਬਰ ਭਾਈ ਮਨੀ ਸਿੰਘ ਕੋਲ ਪਹੁੰਚੀ ਤਾਂ ਤਾਂ ਉਨਾਂ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣ ਦਾ ਫੈਸਲਾ ਰੱਦ ਕਰ ਦਿੱਤਾ। ਦੂਰ-ਦਰੇਡੇ ਤੋਂ ਤੁਰੀ ਸੰਗਤ ਨੂੰ ਰਸਤੇ ਵਿੱਚ ਹੀ ਰੋਕ ਦਿੱਤਾ ਗਿਆ। ਜੋ ਸੰਗਤ ਪਹੁੰਚ ਚੁੱਕੀ ਸੀ, ਉਨਾਂ ’ਚੋਂ ਕੁਝ ਵਾਪਸ ਚਲੇ ਗਏ ਤੇ ਕੁੱਝ ਫ਼ੌਜੀਆਂ ਨਾਲ ਟੱਕਰ ਲੈਂਦੇ ਸ਼ਹੀਦ ਹੋ ਗਏ।

ਜਦ ਸਰਕਾਰ ਨੇ ਭਾਈ ਮਨੀ ਸਿੰਘ ਕੋਲੋਂ ਪੰਜ ਹਜ਼ਾਰ ਰੁਪਏ ਦੀ ਮੰਗ ਕੀਤੀ ਤਾਂ ਭਾਈ ਮਨੀ ਸਿੰਘ ਨੇ ਕਿਹਾ, ‘ਜੇ ਦੀਵਾਲੀ ਮਨਾਈ ਹੀ ਨਹੀਂ ਤਾਂ ਟੈਕਸ ਕਿਉਂ ਦੇਈਏ।’ ਇਸ ਮਗਰੋਂ ਸੂਬਾ ਜ਼ਕਰੀਆ ਖਾਂ ਦੇ ਹੁਕਮ ਨਾਲ ਭਾਈ ਮਨੀ ਸਿੰਘ ਅਤੇ ਉਨਾਂ ਦੇ ਸਾਥੀਆਂ ਨੂੰ ਲਾਹੌਰ ਲਿਆਂਦਾ ਗਿਆ। ਇੱਥੇ ਭਾਈ ਮਨੀ ਸਿੰਘ ਨੂੰ ਧਰਮ ਬਦਲ ਕੇ ਮੁਸਲਮਾਨ ਬਣਨ ਲਈ ਕਿਹਾ ਗਿਆ। ਪਰ ਸਿੱਖੀ ਮਰਿਆਦਾ ਵਿੱਚ ਪੂਰਨ ਗੁਰਸਿੱਖ ਨੇ ਜਬਰ ਸਹਿਣਾ ਹੀ ਕਬੂਲ ਕੀਤਾ। ਮੁਗਲ ਸਰਕਾਰ ਨੇ ਹੁਕਮ ਦਿੱਤਾ ਕਿ ਭਾਈ ਮਨੀ ਸਿੰਘ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਵੇ।

24 ਜੂਨ 1734 ਨੂੰ 90 ਸਾਲ ਦੀ ਉਮਰ ਵਿੱਚ ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।ਉਨਾਂ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਦੇ ਸਾਹਮਣੇ ਰੇਲਵੇ ਸਟੇਸ਼ਨ, ਲਾਹੌਰ ਕੋਲ ਹੈ। ਇਸ ਮਹਾਨ ਸ਼ਹੀਦ ਦੀ ਜਗਾ ਵੰਡ ਵੇਲੇ ਪਕਿਸਤਾਨ ਵਿੱਚ ਰਹਿ ਗਈ ਕਰਕੇ ਅਸੀਂ ਸੇਵਾ ਸੰਭਾਲ ਅਤੇ ਨਤਮਸਤਕ ਹੋਣ ਤੋਂ ਵਾਂਝੇ ਹੋ ਗਏ ਹਾਂ।

---

## ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

**9 ਜੁਲਾਈ 1737**

ਹਾੜ ਦੇ ਮਹੀਨਾ ਤੇ ਪੰਝੀ’ ਤਾਰੀਖ਼ ਹੈਸੀ
ਕਾਲੇ ਬੱਦਲ਼’ ਅਸਮਾਨ ਤੇ ਛਾ ਰਹੇ ਸੀ।
ਲਾਹੌਰ ਸ਼ਹਿਰ ਦੇ ਚੌਂਕ ਨਖ਼ਾਸ’ ਅੰਦਰ,
ਮੁਗਲ, ਪਾਪੀ’ ਪਏ ਪਾਪ ਕਮਾ ਰਹੇ ਸੀ।
ਜ਼ਕਰੀਆ ਖਾਂ ਦੇ ਹੁਕਮ ਤੇ ਦੁਸ਼ਟ ਕਾਜ਼ੀ,
ਖੋਲ ਕਿਤਾਬ’ ਫ਼ਤਵਾ ਸੀ ਲਾਉਣ ਲੱਗਾ।
ਬੰਦ, ਬੰਦ’ ਮਨੀ ਸਿੰਘ ਜੀ ਦਾ ਕੱਟ ਦੇਵੋ,
ਸ਼ਰਾ ਕਾਨੂੰਨ’ ਦਾ ਹੁਕਮ ਸੁਣਾਉਣ ਲੱਗਾ।
ਭਾਈ ਮਨੀ ਸਿੰਘ ਜੀਓ ਸੀ ਅਡੋਲ ਬੈਠੇ,
ਗੁਰਸ਼ਬਦ’ ’ਚ ਧਿਆਨ ਲਗਾ ਰਹੇ ਸੀ।
ਪ੍ਰੀਤਮ ਪਿਆਰੇ ਗੁਰ ਕਲਗੀਆਂ ਵਾਲੇ ਦੇ,
ਪਾਵਨ ਚਰਨੀਂ ਸੁਰਤਿ’ ਟਿਕਾਅ ਰਹੇ ਸੀ।
ਲੋਕਾਂ ਵਿੱਚ ਭਾਵੇਂ ਦਹਿਸ਼ਤ ਫੈਲ ਰਹੀ ਸੀ,
ਭਾਈ ਮਨੀ ਸਿੰਘ ਜੀ ਮੁਸਕਰਾ ਰਹੇ ਸੀ।
ਓਧਰ ਪਾਪੀ ਜੱਲਾਦ’ ਵੀ ਟੋਕਿਆਂ ਨੂੰ,
ਤਿੱਖਿਆਂ ਕਰਨ ਦੇ ਲਈ ਘਸਾ ਰਹੇ ਸੀ।
ਕਾਜ਼ੀ, ਕੁ਼ਫ਼ਰ ਤੋਲ ਕੇ ਫਿਰ ਕਹਿਣ ਲੱਗਾ,
ਇੱਕੋ, ਇੱਕ ਐ ਤੇਰੇ ਲਈ ਹੁਣ ਰਾਹ ਸਿੰਘਾ।
ਸਿੱਖੀ ਛੱਡ ਕੇ, ਇਸਲਾਮ’ ਕਬੂਲ ਕਰ ਲੈ,
ਜਿਉਂਦਾ ਰਹਿਣ ਦੀ ਤੈਨੂੰ ਜੇ ਚਾਹ ਸਿੰਘਾ।
ਭਾਈ ਮਨੀ ਸਿੰਘ ਹੱਸ ਕੇ ਸੀ ਕਹਿਣ ਲੱਗੇ,
ਸਾਨੂੰ ਰਤਾ ਵੀ ਕੋਈ ਨਾ ਮਲਾਲ’ ਕਾਜ਼ੀ।
ਬੇਗਮਪੁਰੇ’ ਦੇ ਅਸੀਂ ਹਾਂ ਵਸਨੀਕ ਹੋ ਗਏ,
ਖ਼ੌਫ਼ ਖ਼ਤਾ ਨਾ, ਤਰਸ ਏ ਜ਼ਵਾਲ’ ਕਾਜ਼ੀ।
ਮਨੀ ਸਿੰਘ ਦਾ ਬੇਖ਼ੌਫ’ ਜੁਆਬ ਸੁਣ ਕੇ,
ਕਾਜ਼ੀ ਗ਼ੁੱਸੇ ’ਚ ਸੀ ਥਰ-ਥਰਾਉਣ ਲੱਗਾ।
ਬੋਟੀ, ਬੋਟੀ’ ਇਹਦੀ ਹੁਣੇ ਹੀ ਕਰ ਦੇਵੋ,
ਪਾਪੀ, ਜੱਲਾਦਾਂ ਨੂੰ ਹੁਕਮ ਸੁਣਾਉਣ ਲੱਗਾ।
ਦੇਖਣ ਵਾਲ਼ਿਆਂ ਦੇ ਹਿਰਦੇ ਕੰਬਣ ਲੱਗੇ,
ਜੁਲਮੀ ਰਾਜ’ ਦਾ ਅੰਤ ਕਰਾਉਣ ਲੱਗਾ।
ਕਲ਼ਗੀਧਰ ਪਿਤਾ ਦੇ ਪਿਆਰੇ ਗੁਰਸਿੱਖ ਨੂੰ,
ਤਸੀਹੇ ਦੇ ਕੇ, ਸ਼ਹੀਦ’ ਕਰਾਉਣ ਲੱਗਾ।
ਕਿਹਾ ਜੱਲਾਦ’ ਨੇ ਫੜ ਕੇ ਫਿਰ ਗੁੱਟ ਉੱਤੋਂ,
ਸਿੱਖਾ! ਬੰਦ-ਬੰਦ’ ਤੇਰਾ ਅੱਜ ਕੱਟਣਾ ਏਂ।
ਏਸ ਉਮਰੇ ਤੂੰ ਕਾਹਦੇ ਲਈ ਅੜੀ ਕਰਦੈਂ,
ਸਿੱਖੀ ਪਿਆਰ ਵਿੱਚੋਂ ਦੱਸ ਕੀ ਖੱਟਣਾ ਏਂ ?
ਤੇਰੇ ਚਿਹਰੇ ਤੋਂ ਖ਼ੁਦਾਇ’ ਦਾ ਰੂਪ ਦਿਸਦੈ,
ਤਜਿ ਵਾਹਿਗੁਰੂ, ਅੱਲਾ’ ਹੀ ਤੇ ਰੱਟਣਾ ਏਂ।
ਮੇਰੀ ਮੰਨ ਕੇ ਇਸਲਾਮ ਤੂੰ ਕਬੂਲ ਕਰ ਲੈ,
ਨਹੀਂ ਤੇ ਬੰਦ-ਬੰਦ’ ਪੈਣਾ ਮੈਨੂੰ ਕੱਟਣਾ ਏਂ।
ਕਿਸੇ ਵਜ਼ਦ ’ਚ ਗੁਰੂ ਕੇ ਸਿੱਖ ਪਿਆਰੇ,
ਹੋਇ ਮੁਖ਼ਾਤਿਬ ਓਹਨੂੰ ਸਮਝਾਉਣ ਲੱਗੇ।
ਤੇਰਾ ਕੰਮ ਹੈ ਮਾਲਕ’ ਦਾ ਹੁਕਮਿ ਮੰਨਣਾ,
ਜੱਲਾਦ’ ਨੂੰ ਕੰਮ ਓਦਾ ਯਾਦ ਕਰਾਉਣ ਲੱਗੇ।
ਸੱਜੇ ਹੱਥ’ ਦੀਆਂ ਉਂਗਲ਼ਾਂ ਨੂੰ ਰੱਖ ਸਾਹਵੇਂ,
ਇਸ਼ਾਰਾ ਪੋਟੇ’ ਵੱਲ ਕਰਿ ਫੁਰਮਾਉਣ ਲੱਗੇ।
ਭੋਲ਼ਿਆ, ਬੰਦ-ਬੰਦ’ ਤਾਂ ਏਥੋਂ ਹੈ ਸ਼ੁਰੂ ਹੁੰਦਾ,
ਸ਼ਹਾਦਤ ਕਾਜ਼ਿ’ ਆਰੰਭ ਰਚਾਉਣ ਲੱਗੇ।
ਏਨਾ ਆਖਿ ਗੁਰੂ ਪਿਆਰੇ ਮਨੀ ਸਿੰਘ ਜੀ,
ਅਟੱਲ ਸਮਾਧੀ ਦੇ ਵਿੱਚ ਲਿਵਲੀਨ ਹੋ ਗਏ।
ਬੰਦ, ਬੰਦ ਸੀ ਸਰੀਰ ਦਾ ਜਦੋਂ ਹੋਣ ਲੱਗਾ,
ਗੁਰੂ ਪਿਆਰ ਦੇ ਅੰਦਰ ਓਹ ਭੀਨ ਹੋ ਗਏ।
ਨਖ਼ਾਸ ਚੌਂਕ, ਲਹੂ’ ਦੇ ਨਾਲ ਲਾਲ’ ਹੋਇਆ,
ਗੁਰ-ਸਾਗਰ ਜਲ ਦੇ ਵਿੱਚ ਮੀਨ’ ਹੋ ਗਏ।
ਪਰ-ਉਪਕਾਰੀ, ਗੁਰਮੁਖਿ ਜਨ ਪਰਮਹੰਸ,
ਸਾਚੀ ਜੋਤਿ’ ਅੰਤਰਿ ਓਹ ਲੀਨ ਹੋ ਗਏ।

ਗੁਰਜੀਤ ਸਿੰਘ ਖਾਲਸਾ
ਐਡਮਿੰਟਨ ਸਿੱਖਜ਼, ਅਲਬਰਟਾ- ਕੈਨੇਡਾ

# ਬੰਦ ਕੀਤੀ ਜਾਵੇ ਗੁਰੂ ਗ੍ਰੰਥ ਸਾਹਿਬ ਜੀ ਉਪਰ ਸਿਆਸਤ ਖੇਡਣੀ



**ਹਰਕੀਰਤ ਕੌਰ**

**9779118066**

ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖ ਜਗਤ ਦੇ ਹੀ ਨਹੀਂ ਬਲਕਿ ਪੂਰੀ ਮਨੁੱਖਤਾ ਦੇ ਅਧਾਰ ਹਨ।ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦੇ ਇੱਕਲੌਤੇ ਅਜਿਹੇ ਗ੍ਰੰਥ ਹਨ, ਜਿਨਾਂ ਵਿੱਚ ਹਰ ਧਰਮ, ਹਰ ਮਜਹਬ ਅਤੇ ਹਰ ਜਾਤ ਨੂੰ ਸਤਿਕਾਰ ਦਿੱਤਾ ਗਿਆ ਹੈ। ਅੱਜ ਦੇ ਸਮੇਂ ਵਿੱਚ ਇੱਕ ਸੁਚੱਜੀ ਜੀਵਨ ਜਾਂਚ ਲਈ ਗੁਰੂ ਸਾਹਿਬ ਦੀ ਗੁਰਬਾਣੀ ਇੱਕ ਬਹੁਤ ਵੱਡਾ ਮਾਰਗ ਦਰਸ਼ਕ ਹੈ।

ਜੇਕਰ ਮੌਜੂਦਾ ਹਾਲਾਤਾਂ ਦੀ ਗੱਲ ਕੀਤੀ ਜਾਵੇ ਤਾਂ ਭ੍ਰਿਸ਼ਟ ਰਾਜਨੀਤੀ ਨੇ ਭ੍ਰਿਸ਼ਟਾਚਾਰ ਫੈਲਾਉਣ, ਕੁਰਸੀ ਹਥਿਆਉਣ ਲਈ ਸਮੇਂ ਸਮੇਂ ਤੇ ਹਰ ਹੱਥ ਕੰਡਾ ਵਰਤਿਆ। ਕਦੇ ਦੰਗੇ ਕਰਵਾਏ, ਕਦੇ ਗੁਰੂ ਘਰ ਹਮਲੇ, ਕਦੇ ਨਿਰਦੋਸ਼ ਸਿੱਖਾਂ ਦੇ ਕਤਲ ਅਤੇ ਕਦੇ ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ..।

2015 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ (ਗੁਰੂ ਗ੍ਰੰਥ ਸਾਹਿਬ ਦੀ ਅਪਵਿੱਤ੍ਰਤਾ), ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਦੀ ਬੇਇੱਜ਼ਤੀ ਦੀਆਂ ਘਟਨਾਵਾਂ ਦੀ ਇੱਕ ਲੜੀ ਹੈ ਅਤੇ ਅਕਤੂਬਰ 2015 ਵਿੱਚ ਪੰਜਾਬ, ਭਾਰਤ ਵਿੱਚ ਹੋਏ ਅਨੇਕਾਂ ਵਿਰੋਧ ਪ੍ਰਦਰਸ਼ਨ ਅਤੇ ਰੋਸ ਮੁਜ਼ਾਹਰੇ ਦੀ ਇੱਕ ਲੜੀ ਦਾ ਹਵਾਲਾ ਹੈ। ਬਰਗਾੜੀ, ਫਰੀਦਕੋਟ ਜ਼ਿਲੇ ਵਿੱਚ ਬੇਅਦਬੀ ਦੀ ਪਹਿਲੀ ਘਟਨਾ ਦੱਸੀ ਜਾਂਦੀ ਹੈ, ਜਿੱਥੇ 12 ਅਕਤੂਬਰ ਨੂੰ ਪਵਿੱਤਰ ਗੁਰੂ ਸਾਹਿਬ ਦੇ 110 ਅੰਗ ਫਟੇ ਹੋਏ ਮਿਲੇ ਸਨ। 14 ਅਕਤੂਬਰ ਦੀ ਸਵੇਰ ਨੂੰ, ਪੁਲਿਸ ਨੇ ਇੱਕ ਨਿਰਦੋਸ਼ ਹਥਿਆਰਬੰਦ ਹਮਲੇ ਦੌਰਾਨ ਦੋ ਸਿੱਖ ਪ੍ਰਦਰਸ਼ਨਕਾਰੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਜਦੋਂ ਕਿ ਸਿੱਖ ਸ਼ਾਂਤੀਪੂਰਨ ਵਿਰੋਧ ਵਿੱਚ ਬੈਠੇ ਹੋਏ ਸਨ। ਇਨਾਂ ਘਟਨਾਵਾਂ ਨੂੰ ਯੂ.ਕੇ., ਅਮਰੀਕਾ ਅਤੇ ਕੈਨੇਡਾ ਵਿੱਚ ਸਿੱਧੇ ਤੌਰ 'ਤੇ ਸਿੱਖ ਜਥੇਬੰਦੀਆਂ ਵੱਲੋਂ ਨਿੰਦਾ ਕੀਤੀ ਗਈ ਸੀ। 20 ਨਵੰਬਰ ਨੂੰ, ਪੰਜਾਬ ਕੈਬਨਿਟ ਨੇ ਧਰਮ ਅਪਵਿਤ੍ਰਤਾ ਦੀ ਸਜ਼ਾ ਨੂੰ ਤਿੰਨ ਸਾਲਾਂ ਦੀ ਕੈਦ ਤੋਂ ਉਮਰ ਕੈਦ ਵਿੱਚ ਵਧਾਉਣ ਦਾ ਪ੍ਰਸਤਾਵ ਕੀਤਾ। ਇਹ ਬਿੱਲ 22 ਮਾਰਚ 2016 ਨੂੰ ਪਾਸ ਕੀਤਾ ਗਿਆ । ਇਸ ਉਪਰੰਤ ਹੋਰ ਵੀ ਕਈ ਥਾਵਾਂ 'ਤੇ ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹੇ । ਬੀਤੇ ਦਿਨੀਂ ਭਵਾਨੀਗੜ ਦੇ ਪਿੰਡ ਜੌਲੀਆਂ ਵਿਖੇ ਇੱਕ ਔਰਤ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਮਲਾ ਸਾਹਮਣੇ ਆਇਆ। ਮੈਨੂੰ ਨਹੀਂ ਲੱਗਦਾ ਕਿ ਸਾਡੇ ਲਈ ਇਸ ਤੋਂ ਵੱਡੀ ਦੁਰਭਾਗਤਾ ਦੀ ਗੱਲ ਕੋਈ ਹੋਰ ਹੋਵੇਗੀ ਕਿ ਕੋਈ ਵੀ ਜਣਾ ਖਣਾ ਆ ਕੇ ਜਗਤ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਜਾਵੇ। ਜਿਸ ਦਿਨ ਦੀ ਬੇਅਦਬੀ ਹੋਈ ਹੈ, ਮਨ ਵਿੱਚ ਅਨੇਕਾਂ ਸਵਾਲ ਆ ਰਹੇ ਸਨ ? ਜਿਨਾਂ ਦਾ ਜਵਾਬ ਲੱਭਣ ਦਾ ਯਤਨ ਕਰ ਰਹੀ ਸਾਂ, ਸੋਚਦਿਆਂ ਵਿਚਾਰਦਿਆਂ ਸਭ ਤੋਂ ਪਹਿਲਾਂ ਇਹ ਗੱਲ ਜਹਿਨ ਵਿੱਚ ਆਈ ਕਿ ਹਰ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਨੂੰ ਅਖੀਰ ਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਿਉਂ ਦੱਸ ਦਿੱਤਾ ਜਾਂਦਾ ਹੈ ? ਇੱਥੇ ਦੋ ਗੱਲਾਂ ਹੋਰ ਸੋਚਣ ਵਾਲੀਆਂ ਹਨ। ਪਹਿਲੀ ਤਾਂ ਇਹ ਕਿ ਜੇਕਰ ਬਿਲਕੁਲ ਇਸੇ ਤਰਾਂ ਕਿਸੇ ਮਾਨਸਿਕ ਰੋਗੀ ਦੁਆਰਾ ਕਿਸੇ ਇਨਸਾਨ ਦਾ ਕਤਲ ਕਰ ਦਿੱਤਾ ਜਾਵੇ ਤਾਂ ਕੀ ਕਾਨੂੰਨ ਜਾਂ ਉਸਦੇ ਪਰਿਵਾਰਿਕ ਮੈਂਬਰ ਉਸ ਨੂੰ ਮੁਆਫ਼ ਕਰਨਗੇ ? ਦੂਸਰੀ ਗੱਲ ਇਹ ਸੋਚਣ ਵਾਲੀ ਹੈ ਕਿ ਕਿਤੇ ਇਹ ਕਿਸੇ ਦੀ ਸੋਚੀ ਸਮਝੀ ਚਾਲ ਤਾਂ ਨਹੀਂ, ਕਿ ਪਹਿਲਾਂ ਕਿਸੇ ਕੋਲੋਂ ਬੇਅਦਬੀ ਕਰਵਾ ਲਈ ਜਾਵੇ ਅਤੇ ਫਿਰ ਉਸਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣ ਦਾ ਬਹਾਨਾ ਲਗਾ ਬਚਾ ਲਿਆ ਜਾਵੇ। ਮੰਨਿਆ ਕਿ ਕੋਈ ਮਾਨਸਿਕ ਤੌਰ ਉੱਪਰ ਪ੍ਰੇਸ਼ਾਨ ਹੈ ਤਾਂ ਉਸ ਨੇ ਆਪਣੇ ਘਰ ਨੂੰ ਅੱਗ ਕਿਉਂ ਨਾ ਲਗਾਈ, ਉਸ ਨੇ ਆਪਣੇ ਆਪ ਨੂੰ ਅੱਗ ਕਿਉਂ ਨਾ ਲਗਾਈ, ਦਿਮਾਗੀ ਤੌਰ ਤੇ ਪ੍ਰੇਸ਼ਾਨ ਇਨਾਂ ਮਰੀ ਜਮੀਰ ਵਾਲਿਆਂ ਨੂੰ ਗੁਰੂਘਰ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹੀ ਕਿਉਂ ਨਜ਼ਰ ਆਉਂਦੇ ਹਨ।

ਇਨਾਂ ਸਾਰੀਆਂ ਘਟਨਾਵਾਂ ਪਿੱਛੇ ਬਹੁਤ ਗਹਿਰੇ ਰਾਜ ਛਿਪੇ ਹੋਏ ਹਨ। ਸੱਚ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਹਾਂ ਜੇਕਰ ਅਸੀਂ ਅੱਖਾਂ ਉੱਪਰ ਪੱਟੀ ਬੰਨਣੀ ਹੈ ਤਾਂ ਉਹ ਗੱਲ ਵੱਖਰੀ ਹੈ।

ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ, ਹਿੰਸਾ ਫੈਲਾਉਣ, ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਫਿਰ ਪੰਥ ਦਰਦੀ ਹੋਣ ਦਾ ਨਾਟਕ ਕਰਨਾ ਇਹ ਸਭ ਸੋਚੀਆਂ ਸਮਝੀਆਂ ਚਾਲਾਂ ਹਨ। ਅੱਜ ਸਾਡੀ ਇਸ ਤੋਂ ਵੱਡੀ ਬਦਕਿਸਮਤੀ ਕੀ ਹੋ ਸਕਦੀ ਹੈ ਕਿ ਅੱਜ ਸਾਡੇ ਗੁਰੂ ਸਾਹਿਬ ਨੂੰ ਵੀ ਇਸ ਗੰਦੀ ਰਾਜਨੀਤੀ ਦੇ ਚੱਕਰ ਵਿੱਚ ਇੱਕ ਮੋਹਰੇ ਦੀ ਤਰਾਂ ਵਰਤਿਆ ਜਾ ਰਿਹਾ ਹੈ। ਇਸਤੋਂ ਵੀ ਵੱਧ ਅਫਸੋਸ ਦੀ ਗੱਲ ਇਹ ਹੈ ਕਿ ਇਹ ਮਸਲਾ ਵੀ ਪੁਰਾਣੇ ਕੇਸਾਂ ਦੀ ਤਰਾਂ ਕੋਰਟ ਕਚਿਹਰੀਆਂ ਦੀਆਂ ਫਾਈਲਾਂ ਵਿੱਚ ਦਫਨ ਹੋ ਕੇ ਰਹਿ ਜਾਵੇਗਾ। ਅੱਜ ਸਾਡੀ ਕੌਮ ਦੀ ਤਰਾਸਦੀ ਹੈ ਕਿ ਸਾਡੀ ਕੌਮ ਦੀ ਯੋਗ ਅਗਵਾਈ ਕਰਨ ਵਾਲੇ ਪੰਥਕ ਆਗੂ ਨਹੀਂ ਹਨ, ਜਿਹੜੇ ਹਨ ਉਨਾਂ ਦੇ ਮੂੰਹ ਪੂਰੀ ਤਰਾਂ ਬੰਦ ਕੀਤੇ ਹੋਏ ਹਨ ਜਾਂ ਜੇਲਾਂ ਵਿੱਚ ਤਾੜੇ ਹੋਏ ਹਨ। ਪਰ ਗੁਰਬਾਣੀ ਦਾ ਫੁਰਮਾਨ ਹੈ ਕਿ

**'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।।'**

ਜੋ ਲੋਕ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੇ ਚੱਕਰ ਵਿੱਚ ਜਾਂ ਕਿਸੇ ਹੋਰ ਰੰਜਿਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨਾਲ ਛੇੜਛਾੜ ਕਰ ਰਹੇ ਹਨ, ਉਹਨਾਂ ਨੂੰ ਉਨਾਂ ਦੁਆਰਾ ਕੀਤੇ ਦੁਸ਼ਕਰਮਾ ਸਜ਼ਾ ਆਪ ਮਿਲੇਗੀ। ਜਿਵੇਂ ਢਾਡੀ ਮਹਿਲ ਸਿੰਘ ਜਫਰਨਾਮੇ ਵਿੱਚ ਜ਼ਿਕਰ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ ਸਮੇਂ ਇੱਕ ਔਰੰਗਾ ਸੀ, ਪਰ ਹੁਣ ਚੱਪੇ ਚੱਪੇ ਤੇ ਔਰੰਗੇ (ਔਰੰਗਜ਼ੇਬ) ਬੈਠੇ ਹੋਏ ਹਨ ਜੋ ਸਿੱਖੀ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲ ਰਹੇ ਹਨ, ਪਰ ਅਖੀਰ ਖਹਿੜਾ ਇਨਾਂ ਦਾ ਵੀ ਵਾਹਿਗੁਰੂ ਦੇ ਨਾਮ ਨਾਲ ਹੀ ਛੁਟਣਾ ਹੈ।

ਅੱਜ ਜ਼ਰੂਰਤ ਹੈ ਪੰਥ ਦਰਦੀਆਂ ਨੂੰ ਹੰਭਲਾ ਮਾਰਨ ਦੀ, ਇੱਕਜੁਟ ਹੋ ਇਸ ਕੋਝੀ ਰਾਜਨੀਤੀ ਦਾ ਪਰਦਾਫਾਸ਼ ਕਰਨ ਦੀ। ਪੰਥਕ ਆਗੂ ਆਪਣੀ ਜਿੰਮੇਵਾਰੀ ਨੂੰ ਸਮਝਣ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਣ ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਘਟਨਾ ਨੂੰ ਅੰਜਾਮ ਦੇਣ ਬਾਰੇ ਨਾ ਸੋਚ ਸਕੇ।

# ਰਾਫੇਲ ਦਾ ਜਿੰਨ ਫਿਰ ਬਾਹਰ

**✪ ਫ਼ਰਾਂਸ ਸਰਕਾਰ ਨੇ ਘਪਲੇ ਬਾਰੇ ਨਿਆਂਇਕ ਜਾਂਚ ਲਈ ਇੱਕ ਜੱਜ ਦੀ ਨਿਯੁਕਤੀ**

**✪ ਰਾਫੇਲ ਸੌਦੇ ਦੀ ਹੋਵੇ ਜੇ.ਪੀ.ਸੀ. ਜਾਂਚ ✪ ਸਾਬਕਾ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਕੀਤੀ ਮੰਗ**

**ਨਵੀਂ ਦਿੱਲੀ/ਏ.ਟੀ.ਨਿਊਜ਼ :** ਰਾਫੇਲ ਲੜਾਕੂ ਜਹਾਜ਼ ਦੇ ਸੌਦੇ ਨੂੰ ਲੈ ਕੇ ਕਾਂਗਰਸ ਇੱਕ ਵਾਰ ਫਿਰ ਹਮਲਾਵਰ ਹੋ ਗਈ ਹੈ। ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਏ.ਕੇ. ਐਂਟਨੀ ਨੇ ਸਰਕਾਰ 'ਤੇ ਹਮਲਾ ਬੋਲਿਆ ਹੈ। ਏ.ਕੇ. ਐਂਟਨੀ ਨੇ ਸਰਕਾਰ ਦੀ ਮੰਸ਼ਾ 'ਤੇ ਸਵਾਲ ਚੁੱਕਦੇ ਹੋਏ ਕਿਹਾ ਹੈ ਕਿ ਪਹਿਲੀ ਨਜ਼ਰ ਵਿੱਚ ਭ੍ਰਿਸ਼ਟਾਚਾਰ ਨਜ਼ਰ ਆ ਰਿਹਾ ਹੈ। ਇਸ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਨੂੰ ਲੈ ਕੇ ਸਰਕਾਰ ਦੀ ਚੁੱਪੀ ਭ੍ਰਿਸ਼ਟਾਚਾਰ ਨੂੰ ਦਬਾਉਣ ਦੀ ਮਨਸ਼ਾ ਦਰਸਾਉਂਦੀ ਹੈ।ਐਂਟਨੀ ਨੇ ਕਿਹਾ ਕਿ ਸਰਕਾਰ ਦੇ ਕੋਲ ਰਾਫੇਲ ਮਾਮਲੇ ਵਿੱਚ ਸੰਯੁਕਤ ਸੰਸਦੀ ਕਮੇਟੀ ਦੀ ਜਾਂਚ ਦੇ ਹੁਕਮ ਦੇਣ ਤੋਂ ਇਲਾਵਾ ਕੋਈ ਬਦਲ ਨਹੀਂ ਹੈ। ਉਨਾਂ ਕਿਹਾ ਹੈ ਕਿ ਰਾਫੇਲ ਸੌਦੇ ਵਿੱਚ ਭ੍ਰਿਸ਼ਟਾਚਾਰ ਨੂੰ ਲੈ ਕੇ ਕਾਂਗਰਸ ਦਾ ਰੁਖ਼ ਸਹੀ ਸਾਬਤ ਹੋਇਆ। ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਨੇ ਕਿਹਾ ਕਿ ਰਾਫੇਲ ਸੌਦੇ ਦੀ ਫਰਾਂਸੀਸੀ ਸਰਕਾਰੀ ਵਕੀਲ ਏਜੰਸੀ ਤੋਂ ਜਾਂਚ ਕਰਾਉਣ ਦੇ ਹੁਕਮ ਨੂੰ ਹਫਤਾ ਲੰਘ ਗਿਆ ਪਰ ਸਰਕਾਰ ਇਸ 'ਤੇ ਚੁੱਪ ਹੈ। ਇਹ ਚੁੱਪੀ ਰਹੱਸਮਈ ਹੈ।

ਕਾਂਗਰਸ ਦੇ ਸੀਨੀਅਰ ਨੇਤਾ ਨੇ ਸਵਾਲ ਕੀਤਾ ਕਿ ਸਰਕਾਰ ਨੇ ਚੁੱਪ ਰਹਿਣਾ ਕਿਉਂ ਚੁਣਿਆ। ਫ਼ਰਾਂਸ ਦੀ ਸਰਕਾਰੀ ਵਕੀਲ ਏਜੰਸੀ ਵਲੋਂ ਇਸ ਸੌਦੇ ਵਿੱਚ ਭ੍ਰਿਸ਼ਟਾਚਾਰ ਅਤੇ ਮੁਨਾਫ਼ਾ ਪਹੁੰਚਾਏ ਜਾਣ ਦੀ ਜਾਂਚ ਲਈ ਜੱਜ ਦੀ ਨਿਯੁਕਤੀ 'ਤੇ ਪੀ.ਐੱਮ. ਅੱਗੇ ਆ ਕੇ ਪ੍ਰਤੀਕਿਰਿਆ ਕਿਉਂ ਜ਼ਾਹਿਰ ਨਹੀਂ ਕਰ ਰਹੇ।

ਉਨਾਂ ਕਿਹਾ ਕਿ ਸਰਕਾਰ ਚੁੱਪੀ ਵੱਟ ਕੇ ਭ੍ਰਿਸ਼ਟਾਚਾਰ ਨੂੰ ਲੈ ਕੇ ਆਪਣੀ ਜਵਾਬਦੇਹੀ ਤੋਂ ਬੱਚ ਨਹੀਂ ਸਕਦੀ। ਐਂਟਨੀ ਨੇ ਸਵਾਲੀਆ ਲਹਿਜੇ ਵਿੱਚ ਕਿਹਾ ਕਿ ਕੀ ਇਹ ਸਰਕਾਰ ਦੀ ਜ਼ਿੰਮੇਦਾਰੀ ਨਹੀਂ ਹੈ ਕਿ ਉਹ ਸਾਹਮਣੇ ਆਏ ਅਤੇ ਰਾਫੇਲ ਸੌਦੇ ਵਿੱਚ ਭ੍ਰਿਸ਼ਟਾਚਾਰ ਹੋਣ ਦੀ ਗੱਲ ਨੂੰ ਸਵੀਕਾਰ ਕਰੇ।

ਇਥੇ ਜ਼ਿਕਰਯੋਗ ਹੈ ਕਿ ਰਾਫੇਲ ਜੰਗੀ ਜਹਾਜ਼ ਸੌਦੇ ਵਿੱਚ ਹੋਏ ਕਥਿਤ ਭ੍ਰਿਸ਼ਟਾਚਾਰ ਤੇ ਪੱਖਪਾਤ ਦੇ ਦੋਸ਼ ਉਜਾਗਰ ਹੋਣ ਤੋਂ ਬਾਅਦ ਫ਼ਰਾਂਸ ਸਰਕਾਰ ਨੇ ਇਸ ਦੀ ਨਿਆਂਇਕ ਜਾਂਚ ਲਈ ਇੱਕ ਫਰਾਂਸੀਸੀ ਜੱਜ ਦੀ ਨਿਯੁਕਤੀ ਕਰ ਦਿੱਤੀ ਹੈ ।ਰਾਜ ਸਭਾ ਦੀ ਕੁਰਸੀ ਹਾਸਲ ਕਰਨ ਲਈ ਵੇਲੇ ਦੇ ਚੀਫ਼ ਜਸਟਿਸ ਰੰਜਨ ਗੰਗੋਈ ਨੇ ਜਿਸ ਰਾਫੇਲ ਘੋਟਾਲੇ ਨੂੰ ਫਾਂਸੀ ਦੇ ਦਿੱਤੀ ਸੀ, ਉਹ ਫਰਾਂਸ ਵਿੱਚ ਜਿਊਂਦਾ ਹੋ ਗਿਆ ਹੈ ।ਫਰਾਂਸ ਵਿੱਚ ਇਸ ਸੌਦੇ ਦਾ ਕਾਲਾ ਚਿੱਠਾ ਖੁਲਣ ਤੋਂ ਬਾਅਦ ਇਹ ਸਾਹਮਣੇ ਆਉਣ ਲੱਗ ਪਿਆ ਹੈ ਕਿ ਮੋਦੀ ਦੇ ਦੂਜੇ ਕਾਰਜਕਾਲ ਦਾ ਹਸ਼ਰ ਵੀ ਡਾ. ਮਨਮੋਹਨ ਸਿੰਘ ਦੇ ਦੂਜੇ ਕਾਰਜਕਾਲ ਵਰਗਾ ਹੋਣ ਵਾਲਾ ਹੈ ।

ਡਾ. ਮਨਮੋਹਨ ਸਿੰਘ ਦੇ ਦੂਜੇ ਕਾਰਜਕਾਲ ਦੌਰਾਨ ਕਾਂਗਰਸੀਆਂ ਦੇ ਇੱਕ ਤੋਂ ਬਾਅਦ ਇੱਕ ਘੁਟਾਲੇ ਸਾਹਮਣੇ ਆਉਣ ਕਾਰਨ ਕਾਂਗਰਸ ਦੀ ਲੋਕਾਂ ਵਿੱਚ ਏਨੀ ਬਦਨਾਮੀ ਹੋ ਗਈ ਸੀ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਇਮਾਨਦਾਰਾਨਾ ਛਵੀ ਵੀ ਕਾਂਗਰਸ ਨੂੰ ਬਚਾਅ ਨਹੀਂ ਸੀ ਸਕੀ । ਲਗਾਤਾਰ ਦਸ ਸਾਲ ਰਾਜ ਕਰਨ ਵਾਲੀ ਪਾਰਟੀ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਏਨਾ ਸੁੰਗੜ ਗਈ ਕਿ ਉਹ ਵਿਰੋਧੀ ਦਲ ਦਾ ਰੁਤਬਾ ਵੀ ਹਾਸਲ ਨਾ ਕਰ ਸਕੀ ਤੇ ਲੋਕਾਂ ਨੇ 2019 ਦੀਆਂ ਚੋਣਾਂ ਵਿੱਚ ਵੀ ਉਸ ਨੂੰ ਮਾਫ਼ ਨਾ ਕੀਤਾ ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪਿਟਾਰਾ ਤਾਂ ਨਾਕਾਮੀਆਂ ਤੇ ਭ੍ਰਿਸ਼ਟਾਚਾਰ ਨਾਲ ਲਬਾਲਬ ਭਰ ਚੁੱਕਾ ਹੈ । ਭਾਰਤ ਵਿੱਚ ਕੋਰੋਨਾ ਮਹਾਂਮਾਰੀ ਵਿਰੁੱਧ ਲੜਨ ਵਿੱਚ ਨਾਕਾਮੀ, ਬੈਂਕਾਂ ਦੀ ਲੁੱਟ, ਜਨਤਕ ਜਾਇਦਾਦਾਂ ਦੀ ਨਿਲਾਮੀ, ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਉੱਤੇ ਅੰਨੇ ਟੈਕਸਾਂ ਰਾਹੀਂ ਲੋਕਾਂ ਦੀਆਂ ਜੇਬਾਂ ਉੱਤੇ ਡਾਕਾ, ਮਹਿੰਗਾਈ ਦੀ ਮਾਰ ਤੇ ਅਰਥ-ਵਿਵਸਥਾ ਦੀ ਬਦਹਾਲੀ ਨੇ ਭਾਜਪਾ ਸਰਕਾਰ ਦੇ ਕੁਸ਼ਾਸਨ ਦਾ ਏਨਾ ਖਿਲਾਰਾ ਪਾ ਦਿੱਤਾ ਹੈ ਕਿ ਇਸ ਨੂੰ ਸਮੇਟਣਾ ਉਸ ਦੇ ਵੱਸ ਵਿੱਚ ਨਹੀਂ ਰਿਹਾ। ਭਾਜਪਾ ਲਈ ਇੱਕੋ-ਇੱਕ ਸਹਾਰਾ ਮੋਦੀ ਦੀ ਛਵੀ ਸੀ, ਜਿਹੜੀ ਰਾਫੇਲ ਘੁਟਾਲੇ ਦੇ ਜਿੰਨ ਦੇ ਬੋਤਲ ਵਿਚੋਂ ਬਾਹਰ ਆਉਣ ਤੋਂ ਬਾਅਦ ਤਾਰ-ਤਾਰ ਹੋਣ




ਜਾ ਰਹੀ ਹੈ ।

ਹੁਣ ਤੱਕ ਤਾਂ ਮੋਦੀ ਸਾਹਿਬ ਗੋਦੀ ਮੀਡੀਆ ਤੇ ਸੁਪਰੀਮ ਕੋਰਟ ਦੇ ਕੁਝ ਜੱਜਾਂ ਦੀ ਮਿਹਰਬਾਨੀ ਨਾਲ ਬਚਦੇ ਰਹੇ ਹਨ, ਪਰ ਫ਼ਰਾਂਸ ਸਰਕਾਰ ਵੱਲੋਂ ਲਏ ਗਏ ਫੈਸਲੇ ਨਾਲ ਜਦੋਂ ਸਾਰਾ ਘਪਲਾ ਬਾਹਰ ਆਵੇਗਾ ਤਾਂ ਮੋਦੀ ਕੀ ਜੁਆਬ ਦੇਣਗੇ।

ਕੀ ਹੈ ਘਪਲੇ ਦਾ ਇਤਿਹਾਸ ਫਰਾਂਸੀਸੀ ਵੈੱਬਸਾਈਟ ਮੀਡੀਆਪਾਰਟ ਨੇ ਅਪ੍ਰੈਲ 2021 ਵਿੱਚ ਰਾਫੇਲ ਸੌਦੇ ਵਿੱਚ ਹੋਏ ਭ੍ਰਿਸ਼ਟਾਚਾਰ ਸਬੰਧੀ ਕਈ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਸਨ। ਇਨਾਂ ਵਿੱਚ ਇੱਕ ਵਿਚੋਲੀਏ ਦੀ ਭੂਮਿਕਾ ਦਾ ਵੀ ਖੁਲਾਸਾ ਕੀਤਾ ਗਿਆ ਸੀ। ਉਸ ਸਮੇਂ ਫਰਾਂਸ ਦੀ ਪਬਲਿਕ ਪ੍ਰਾਸੀਕਿਊਸ਼ਨ ਸਰਵਿਸ ਨੇ ਇਸ ਸੌਦੇ ਦੀ ਜਾਂਚ ਦੀ ਮੰਗ ਰੱਦ ਕਰ ਦਿੱਤੀ ਸੀ। ਉਸ ਸਮੇਂ ਸਾਡੇ ਦੇਸ਼ ਵਿੱਚ ਵੀ ਰਾਫੇਲ ਸੌਦੇ ਦੀ ਜਾਂਚ ਦੀ ਮੰਗ ਉੱਠੀ ਸੀ, ਪਰ ਸਾਡੇ ਹਾਕਮ ਤੇ ਗੋਦੀ ਮੀਡੀਆ ਇਸ ਦਾ ਮਖੌਲ ਉਡਾਉਦਿਆਂ ਰਾਫੇਲ ਜਹਾਜ਼ਾਂ ਦੇ ਭਾਰਤ ਪੁੱਜਣ ਦਾ ਸਵਾਗਤ ਕਰਨ ਵਿੱਚ ਮਗਨ ਸਨ। ਹੁਣ ਫਰਾਂਸ ਦੇ ਪਬਲਿਕ ਪ੍ਰਾਸੀਕਿਊਸ਼ਨ ਸਰਵਿਸ ਦੇ ਨਵੇਂ ਮੁਖੀ ਜੀਨ ਫਰੈਂਕੋਇਸ ਨੇ ਜਾਂਚ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਜਾਂਚ ਅਧੀਨ ਸੌਦੇ ਉੱਤੇ ਮੋਦੀ ਨਾਲ ਦਸਤਖਤ ਕਰਨ ਵਾਲੇ ਫ਼ਰਾਂਸ ਦੇ ਵੇਲੇ ਦੇ ਰਾਸ਼ਟਰਪਤੀ ਫਰਾਂਸਵਾ ਓਲਾਂਦ, ਰਾਸ਼ਟਰਪਤੀ ਮੈਕਰਾਨ, ਜੋ ਉਸ ਸਮੇਂ ਵਿੱਤ ਮੰਤਰੀ ਸਨ ਤੇ ਵਿਦੇਸ਼ ਮੰਤਰੀ ਜੀਨ ਡਰਾਇਨ, ਜੋ ਉਸ ਸਮੇਂ ਰੱਖਿਆ ਮੰਤਰੀ ਸਨ, ਤੋਂ ਪੁੱਛ-ਪੜਤਾਲ ਕੀਤੀ ਜਾਵੇਗੀ । ਰਾਫੇਲ ਸੌਦੇ ਤੋਂ ਪਹਿਲਾਂ ਰੱਖਿਆ ਸੌਦਿਆਂ ਵਿੱਚ ਹੋਇਆ ਸਭ ਤੋਂ ਵੱਡਾ ਘੁਟਾਲਾ ਬੋਫਰਜ਼ ਘੁਟਾਲਾ ਸੀ ।ਇਸ ਘੁਟਾਲੇ ਨੇ ਭਾਰਤੀ ਸਿਆਸਤ ਦੀ ਦਸ਼ਾ ਤੇ ਦਿਸ਼ਾ ਬਦਲ ਦਿੱਤੀ ਸੀ ।ਇਸ ਤੋਂ ਬਾਅਦ ਰੱਖਿਆ ਸੌਦਿਆਂ ਲਈ ਪਾਰਦਰਸ਼ੀ ਨਿਯਮ ਬਣਾਏ ਗਏ। ਇਨਾਂ ਅਧੀਨ ਫੌਜ, ਰੱਖਿਆ ਮੰਤਰਾਲਾ ਤੇ ਸੰਸਦੀ ਕਮੇਟੀ ਦੀ ਸਹਿਮਤੀ ਨਾਲ ਹੀ ਕੋਈ ਰੱਖਿਆ ਸੌਦਾ ਹੋ ਸਕਦਾ ਹੈ, ਪਰ ਰਾਫੇਲ ਸੌਦੇ ਸਮੇਂ ਇਨਾਂ ਨਿਯਮਾਂ ਨੂੰ ਤਾਕ ਉਤੇ ਰੱਖਦਿਆਂ ਇਕੱਲੇ ਪ੍ਰਧਾਨ ਮੰਤਰੀ ਨੇ ਹੀ ਮਨਮਰਜ਼ੀ ਨਾਲ ਸੌਦਾ ਸਿਰੇ ਚਾੜ ਦਿੱਤਾ ।ਯੂ.ਪੀ.ਏ. ਸਰਕਾਰ ਨੇ ਡਸਾਲਟ ਨਾਲ 136 ਜਹਾਜ਼ਾਂ ਦਾ ਸੌਦਾ ਕਰਦੇ ਸਮੇਂ ਤਕਨੀਕ ਸਪੁਰਦ ਕਰਨ ਦੀ ਵੀ ਸ਼ਰਤ ਰੱਖੀ ਸੀ, ਪਰ ਮੋਦੀ ਨੇ ਇਹ ਸ਼ਰਤ ਹਟਾ ਦਿੱਤੀ ਤੇ ਜਹਾਜ਼ 136 ਤੋਂ ਘਟਾ ਕੇ 36 ਕਰ ਦਿੱਤੇ । ਇਸ ਦੇ ਨਾਲ ਹੀ ਦੇਸ਼ ਦੀ 78 ਸਾਲ ਪੁਰਾਣੀ ਸਰਕਾਰੀ ਕੰਪਨੀ ਐੱਚ ਏ ਐੱਲ ਨੂੰ ਸੌਦੇ ਵਿੱਚੋਂ ਬਾਹਰ ਕਰਕੇ 10 ਦਿਨ ਪਹਿਲਾਂ ਬਣੀ ਅਨਿਲ ਅੰਬਾਨੀ ਦੀ ਰਿਲਾਇੰਸ ਕੰਪਨੀ ਨੂੰ ਆਫਸੈੱਟ ਕੰਟਰੈਕਟ ਦੇ ਦਿੱਤਾ ਗਿਆ । ਇਸ ਸਮਝੌਤੇ ਅਧੀਨ ਆਫਸੈੱਟ ਕੰਟਰੈਕਟ ਲਈ ਮਿਲਣ ਵਾਲੇ 30 ਹਜ਼ਾਰ ਕਰੋੜ ਵਿੱਚੋਂ ਵੱਡਾ ਹਿੱਸਾ ਅੰਬਾਨੀ ਦੀ ਕੰਪਨੀ ਨੂੰ ਮਿਲੇਗਾ। ਇਸ ਗੱਲ ਨੂੰ ਡਸਾਲਟ, ਰਿਲਾਇੰਸ ਤੇ ਭਾਰਤ ਸਰਕਾਰ ਦੋਵਾਂ ਨੇ ਛੁਪਾ ਕੇ ਰੱਖਿਆ । ਪ੍ਰਧਾਨ ਮੰਤਰੀ ਨੇ ਸਮਝੌਤੇ ਤੋਂ ਬਾਅਦ ਕਿਹਾ ਕਿ ਜਹਾਜ਼ ਉਸੇ ਰੇਟ ਨਾਲ ਖਰੀਦੇ ਜਾਣਗੇ, ਜਿਹੜਾ ਪਹਿਲਾਂ ਤੈਅ ਕੀਤਾ ਗਿਆ ਸੀ, ਪ੍ਰੰਤੂ ਨਵੇਂ ਸਮਝੌਤੇ ਵਿੱਚ 670 ਕਰੋੜ ਦਾ ਜਹਾਜ਼ 1600 ਕਰੋੜ ਦਾ ਹੋ ਗਿਆ । ਸਭ ਤੋਂ ਵੱਡੀ ਗੱਲ ਇਹ ਹੈ ਕਿ ਨਵੇਂ ਸਮਝੌਤੇ ਵਿੱਚ ਬੈਂਕ ਗਰੰਟੀ ਤੇ ਐਂਟੀ ਕੁਰੱਪਸ਼ਨ ਦੀਆਂ ਮੱਦਾਂ ਨੂੰ ਹਟਾ ਕੇ ਕੰਪਨੀਆਂ ਨੂੰ ਰਾਹਤ ਦਿੱਤੀ ਗਈ। ਇਸ ਸੌਦੇ ਤੋਂ ਪਹਿਲਾਂ ਅਨਿਲ ਅੰਬਾਨੀ ਦੀ ਕੰਪਨੀ ਵੱਲੋਂ ਫਰਾਂਸ ਦੇ ਵੇਲੇ ਦੇ ਰਾਸ਼ਟਰਪਤੀ ਫਰਾਂਸਵਾ ਓਲਾਂਦ ਦੀ ਪ੍ਰੇਮਿਕਾ ਦੀ ਫਿਲਮ ਵਿੱਚ 200 ਕਰੋੜ ਦਾ ਨਿਵੇਸ਼ ਕੀਤਾ ਗਿਆ । ਮੀਡੀਆਪਾਰਟ ਨੇ ਲਿਖਿਆ ਹੈ ਕਿ ਸਤੰਬਰ 2016 ਵਿੱਚ ਜਦੋਂ ਰਾਫੇਲ ਸੌਦੇ ਉੱਤੇ ਦਸਤਖਤ ਹੋਏ, ਉਸੇ ਦਿਨ ਇੱਕ ਗੁਪਤ ਸਮਝੌਤੇ ਉੱਤੇ ਵੀ ਦਸਤਖਤ ਹੋਏ ਸਨ ।ਇਸ ਗੁਪਤ ਸਮਝੌਤੇ ਰਾਹੀਂ ਡਸਾਲਟ ਵੱਲੋਂ ਰਿਲਾਇੰਸ ਨੂੰ ਇੱਕ ਵੱਡੀ ਰਕਮ ਤੋਹਫ਼ੇ ਵਜੋਂ ਦਿੱਤੀ ਗਈ ਸੀ । ਅਸਲ ਵਿੱਚ ਇਸ ਸਾਰੇ ਸੌਦੇ ਦੀ ਇੱਕ-ਇੱਕ ਮੱਦ ਹੀ ਘੁਟਾਲਾ ਹੈ।

# ਮਨੁੱਖ ਦਾ ਪਲਾਸਟਿਕ ਨਾਲ ਰਿਸ਼ਤਾ



**ਇਕਵਾਕ ਸਿੰਘ ਪੱਟੀ**

ਪਲਾਸਟਿਕ ਤੋਂ ਭਾਵ ਉਹ ਪਦਾਰਥ ਹੁੰਦੇ ਹਨ ਜਿਹੜੇ ਉੱਚੇ ਦਬਾਅ ਅਤੇ ਤਾਪ ’ਤੇ ਤਿਆਰ ਕੀਤੇ ਜਾਂਦੇ ਹਨ। ਜਿਨਾਂ ਨੂੰ ਮਰਜ਼ੀ ਮੁਤਾਬਕ ਕਿਸੇ ਵੀ ਰੰਗ-ਰੂਪ-ਢੰਗ ਜਾਂ ਸ਼ਕਲ ਵਿੱਚ ਢਾਲਿਆ ਜਾ ਸਕਦਾ ਹੈ, ਪਰ ਇਨਾਂ ਦਾ ਜੈਵਿਕ ਵਿਘਟਨ ਨਹੀਂ ਹੁੰਦਾ। ਛੇਤੀ ਕੀਤਿਆਂ ਨਾ ਤਾਂ ਸੜਦੇ ਹਨ ਨਾ ਹੀ ਗਲਦੇ ਹਨ। ਬਲਕਿ ਸੈਂਕੜੇ/ ਹਜ਼ਾਰਾਂ ਸਾਲਾਂ ਤੱਕ ਇਨਾਂ ਨੂੰ ਗਾਲਣਾ, ਸਾੜਨਾ ਅਸੰਭਵ ਰਹਿੰਦਾ ਹੈ। ਜੇਕਰ ਸਾੜਿਆਂ ਵੀ ਜਾਵੇ ਤਾਂ ਸਾੜਨ ਤੋਂ ਬਾਅਦ ਪੈਦਾ ਹੋਣ ਵਾਲਾ ਧੂੰਆਂ ਹਵਾਂ ਨੂੰ ਬੇਹੱਦ ਜ਼ਹਰੀਲਾ ਕਰ ਦਿੰਦਾ ਹੈ। ਜਿਸ ਕਰਕੇ ਪਲਾਸਟਿਕ ਦੇ ਵੱਧ ਰਹੇ ਕਚਰੇ ਨੂੰ ਖਤਮ ਕਰਨਾ ਸੱਭ ਤੋਂ ਵੱਡ ਸਮੱਸਿਆ ਬਣਾ ਜਾ ਰਿਹਾ ਹੈ। ਇੱਕ ਵਾਰ ਵਰਤੋਂ ਤੋਂ ਬਾਅਦ ਸੁੱਟ ਦਿੱਤਾ ਜਾਣ ਵਾਲਾ ਪਲਾਸਟਿਕ ਪਾਣੀ ਦੀਆਂ ਬੋਤਲਾਂ, ਡਿਸਪੋਸੇਬਲ, ਲਿਫਾਫਿਆਂ ਦੇ ਰੂਪ ਵਿੱਚ ਹੋਵੇ ਤਾਂ ਉਹ ਲੰਮਾਂ ਸਮਾਂ ਸੱਜੇ ਖੱਬੇ ਘੁੰਮਦਾ ਰਹਿੰਦਾ ਹੈ। ਸੀਵਰੇਜ ਵਿੱਚ ਫਸ ਜਾਣ ਨਾਲ ਜਿੱਥੇ ਨੁਕਸਾਨ ਕਰਦਾ ਹੈ, ਉੱਥੇ ਅਵਾਰਾ ਪਸ਼ੂਆਂ ਵੱਲੋਂ ਨਿਗਲ ਜਾਣ ਤੇ ਉਨਾਂ ਦੀ ਮੌਤ ਦਾ ਕਾਰਨ ਬਣ ਜਾਂਦਾ ਹੈ।

ਯੂ.ਐਨ.ਓ ਦੀਆਂ ਦੋ ਰਿਪੋਰਟਾਂ ਵਿੱਚ ਇਹ ਖੁਲਾਸਾ ਕਰਦਿਆਂ ਬਹੁਦਿਸ਼ਾਵੀ ਆਰਥਿਕਤਾ ਲਾਭਾਂ ਲਈ ਪਲਾਸਟਿਕ ਵਸਤਾਂ ਦੀ ਰੀਸਾਈਕਲਿੰਗ ਅਤੇ ਮੁੜ ਡਿਜ਼ਾਈਨਿੰਗ ਦੀ ਲੋੜ ਉਤੇ ਜ਼ੋਰ ਦੇਣ ਲਈ ਕਿਹਾ ਗਿਆ ਹੈ। ਯੂ ਐਨ ਓ ਦੇ ਵਾਤਾਵਰਨ ਸਬੰਧੀ ਪ੍ਰੋਗਰਾਮ (ਯੂ ਐਨ ਈ ਪੀ) ਦੀ ਈਅਰ ਬੁੱਕ ਦੇ 11ਵੇਂ ਐਡੀਸ਼ਨ ਵਿੱਚ ਕਿਹਾ ਗਿਆ ਹੈ ਕਿ ਪਲਾਸਟਿਕ ਦੇ ਪ੍ਰਦੂਸ਼ਣ ਕਾਰਨ ਜਨਜੀਵਨ, ਸੈਰ ਸਪਾਟੇ, ਮੱਛੀ ਪਾਲਣ ਤੇ ਕਾਰੋਬਾਰਾਂ ਉਤੇ ਮੰਦਾ ਅਸਰ ਪੈ ਰਿਹਾ ਹੈ। ਯੂ ਐਨ ਈ ਪੀ ਦੇ ਕਾਰਜਕਾਰੀ ਡਾਇਰੈਕਟਰ ਆਚਿਮ ਸਟੀਅਨਰ ਨੇ ਕਿਹਾ ਕਿ ਆਧੁਨਿਕ ਜੀਵਨ ਸ਼ੈਲੀ ਵਿੱਚ ਪਲਾਸਟਿਕ ਦੀ ਅਹਿਮ ਭੂਮਿਕਾ ਹੈ, ਪਰ ਜਿਸ ਤਰਾਂ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ, ਉਸ ਦੇ ਵਾਤਾਵਰਨ ਉਤੇ ਪੈ ਰਹੇ ਪ੍ਰਭਾਵਾਂ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਯੂ ਐਨ ਈ ਪੀ ਦੀ ਸ਼ਮੂਲੀਅਤ ਵਾਲੀ ‘ਪਲਾਸਟਿਕ ਦਾ ਮੁੱਲਾਂਕਣ’ ਕਰਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਆਪਕ ਪੱਧਰ ’ਤੇ ਫੈਲੇ ਪਲਾਸਟਿਕ ਦੇ ਕਚਰੇ ਨਾਲ ਜਲ ਵਾਤਾਵਰਨ ਤੇ ਆਲੇ ਦੁਆਲੇ ਦਾ 13 ਅਰਬ ਡਾਲਰ ਸਾਲਾਨਾ ਵਿੱਤੀ ਨੁਕਸਾਨ ਹੁੰਦਾ ਹੈ।

ਇਸ ਕਰਕੇ ਅੱਜ ਪਲਾਸਟਿਕ ਤੋਂ ਪੈਦਾ ਹੋਣ ਵਾਲਾ



ਪ੍ਰਦੂਸ਼ਣ ਭਿਆਨਕ ਰੂਪ ਧਾਰਨ ਕਰ ਚੁੱਕਾ ਹੈ। ਜਿਸ ਕਰਕੇ ਅੱਜ ਦੇ ਸਮੇਂ ਵਿੱਚ ਇਹ ਅਹਿਮ ਅਤੇ ਜ਼ਰੂਰੀ ਹੈ ਕਿ ਜਨਜੀਵਨ ਅਤੇ ਵਾਤਾਵਰਨ ਲਈ ਘਾਤਕ ਸਾਬਤ ਹੋ ਰਹੇ ਪਲਾਸਟਿਕ ਪ੍ਰਦੂਸ਼ਣ ਵਿਰੁੱਧ ਲੋਕ ਲਹਿਰ ਖੜੀ ਕੀਤੀ ਜਾਵੇ। ਆਮ ਲੋਕਾਂ ਨੂੰ ਨਾਲ ਲਿਆ ਜਾਵੇ ਅਤੇ ਪਲਾਸਟਿਕ ਦੀ ਵਰਤੋਂ ਘਟਾਉਣ ਉੱਥੇ ਪਲਾਸਟਿਕ ਦੀ ਇੱਕ ਵਾਰ ਵਰਤੋਂ ਤਾਂ ਬਿਲਕੁੱਲ ਬੰਦ ਕਰਨ। ਅੱਜ ਪਲਾਸਟਿਕ ਸਾਡੀ ਜਿੰਦਗੀ ਵਿੱਚ ਉਹ ਸਥਾਨ ਹਾਸਲ ਕਰ ਚੁੱਕਾ ਹੈ, ਜਿਸ ਤੋਂ ਬਿਨਾਂ ਜਿੰਦਗੀ ਵਿੱਚ ਵੀ ਅਧੂਰਾਪਣ ਜਾਪਣ ਲੱਗ ਜਾਂਦਾ ਹੈ। ਜੰਮਣ ਤੋਂ ਮਰਨ ਤੱਕ, ਉੱਠਣ ਤੋਂ ਸੌਣ ਤੱਕ, ਘਰ ਤੋਂ ਦਫਤਰ ਅਤੇ ਦਫ਼ਤਰ ਤੋਂ ਘਰ ਤੱਕ, ਖ੍ਰੀਦੋ-ਫਰੋਖਤ ਕਰਨ ਵੇਲੇ ਗੱਲ ਕੀ ਹਰ ਖੇਤਰ ਵਿੱਚ, ਹਰ ਸ਼ਹਿਰ ਵਿੱਚ, ਹਰ ਗਲੀ ਮੁਹੱਲੇ ਕੀ ਬਲਕਿ ਹਰ ਘਰ ਵਿੱਚ ਵਿਅਕਤੀਗਤ ਤੌਰ ਤੇ ਮਨੁੱਖ ਪਲਾਸਟਿਕ ਨਾਲ ਗੂੜਾ ਸਬੰਧ ਬਣਾ ਬੈਠਾ ਹੈ। ਕੰਪਿਊਟਰ/ਲੈਪਟਾਪ, ਮੋਬਾਇਲ, ਚਾਰਜਰ, ਟੀ.ਵੀ. ਰਿਮੋਰਟ, ਐਨਕਾਂ ਦੇ ਫਰੇਮ, ਟੂਥਬਰੱਸ਼, ਬੱਚਿਆਂ ਦੇ ਖਿਡਾਉਣੇ, ਹਰ ਤਰਾਂ ਖਾਣ-ਪੀਣ ਦੀਆਂ ਵਸਤੂਆਂ ਦੀ ਪੈਕਿੰਗ, ਪਾਣੀ ਦੀਆਂ ਬੋਤਲਾਂ, ਡਿਪੋਸੇਬਲ, ਕੁਰਸੀਆਂ/ਮੇਜ਼, ਘਰੇਲੂ ਜਾਂ ਦਫਤਰੀ ਸਮਾਨ, ਸਜਾਵਟੀ ਸਮਾਨ, ਧਾਰਮਿਕ ਸਥਾਨਾਂ ਤੇ ਪ੍ਰਸਾਦ ਦੇ ਪੈਕਟ, ਹਰ ਚੀਜ਼ ਛੋਟੇ ਜਾਂ ਵੱਡੇ ਰੂਪ ਵਿੱਚ ਪਲਾਸਟਿਕ ਤੋਂ ਹੀ ਬਣ ਰਹੀ ਹੈ।

ਪੰਜਾਬ ਵਿੱਚ ਪਲਾਸਟਿਕ ਕੈਰੀ ਬੈਗਜ਼ ਕੰਟਰੋਲ ਐਕਟ 2005 ਦੀ ਧਾਰਾ 7 ਦੇ ਅਧੀਨ ਨਾਨ-ਬਾਇਓਡਿਗ੍ਰੇਡੇਬਲ ਪਲਾਸਟਿਕ ਕੈਰੀ ਬੈਗਾਂ ਜਾਂ ਕਨਟੇਨਰਾਂ, ਜਿਸ ਵਿੱਚ ਥਰਮੋਕੋਲ ਤੋਂ ਬਣੀਆਂ ਆਈਟਮਾਂ ਵੀ ਸ਼ਾਮਲ ਹਨ ’ਤੇ ਪਹਿਲਾਂ ਤੋਂ ਹੀ ਮੁਕੰਮਲ ਪਾਬੰਦੀ ਹੈ। ਪਰ ਇਸ ਰੋਕਥਾਮ ਦੇ ਬਾਵਜੂਦ ਪਲਾਸਟਿਕ ਲਿਫ਼ਾਫ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸਦੇ ਨਾਲ ਆਪਣੀ ਜਿੰਮੇਵਾਰੀ ਆਪ ਪਹਿਚਾਣਦੇ ਹੋਏ 22 ਅਪ੍ਰੈਲ ਧਰਤ ਦਿਵਸ ਮਨਾਉਂਦੇ ਹੋਏ ਇਹ ਪ੍ਰਣ ਕਰੀਏ ਕਿ ਅਸੀਂ ਆਪਣੇ ਘਰ ਆਪਣੀ ਧਰਤੀ ਨੂੰ ਪਲੀਤ ਹੋਣੋਂ ਬਚਾਉਣ ਲਈ ਯਤਨਸ਼ੀਲ ਹੋਵਾਂਗੇ ਅਤੇ ਹਰ ਉਹ ਛੋਟੀ ਵੱਡੀ ਕੋਸ਼ਿਸ਼ ਕਰਾਂਗੇ ਜੋ ਸਾਡੇ ਇਸ ਧਰਤੀ ਘਰ ਦੇ ਹਰ ਮੈਂਬਰ ਮਨੁੱਖਾ ਜਾਤੀ, ਜੀਵ ਜੰਤੂਆਂ ਇੱਥੋਂ ਦੇ ਪੌਣ ਪਾਣੀ ਨੂੰ ਬਚਾਉਣ ਲਈ ਸ਼ੁੱਧ ਵਾਤਾਵਰਣ ਸਿਰਜਣ ਵਿੱਚ ਆਪਣੀ ਭੂਮਿਕਾ ਨਿਭਾਵੇਗੀ ਅਤੇ ਉਸ ਪ੍ਰਮਾਤਮਾ ਦੀ ਸਾਜੀ ਹੋਈ ਕੁਦਰਤ ਨਾਲ ਖਿਲਵਾੜ ਨਹੀਂ ਕਰਾਂਗੇ। ਉੱਥੇ ਆਪਣੇ ਆਲੇ ਦੁਆਲੇ ਪਰਵਾਰਕ ਰਿਸ਼ੇਦਾਰਾਂ, ਆਂਢ-ਗੁਆਂਢ, ਦੋਸਤਾਂ/ਮਿੱਤਰਾਂ ਨੂੰ ਵੀ ਪਲਾਸਟਿਕ ਦੇ ਪੈ ਰਹੇ ਬੁਰੇ ਪ੍ਰਭਾਵਾਂ ਬਾਰੇ ਜਾਣੂ ਕਰਵਾਈਏ ਅਤੇ ਇਸਦੀ ਸ਼ੁਰੂਆਤ ਆਪਣੇ ਘਰ ਤੋਂ ਕਰੀਏ। ਪ੍ਰਦੂਸ਼ਣ ਰਹਿਤ ਅਤੇ ਗਲਣਸ਼ੀਲ ਪਲਾਸਟਿਕ ਦੀ ਵਰਤੋਂ ਯਕੀਨੀ ਬਣਾਈਏ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਵੱਲੋਂ ਵੀ ਸਖਤੀ ਨਾਲ ਪ੍ਰਦੂਸ਼ਣ ਫਿਲਾਉਣ ਵਾਲੇ ਪਲਾਸਟਿਕ ਵਿਕ੍ਰੇਤਾਵਾਂ, ਵਰਤੋਂਕਾਰਾਂ ਲਈ ਜਾਗਰੂਕਤਾ ਮਹਿੰਮ ਚਲਾਉਣੀ ਚਾਹੀਦੀ ਹੈ।

ਅਖਿਰ ਵਿੱਚ ਜ਼ਿਕਰ ਕਰਦਾ ਜਾਵਾਂ ਸਾਲ 2017 ਵਿੱਚ ਹੀ ਵਿਗਿਆਨੀਆਂ ਨੇ 7 ਨਵੇਂ ਗ੍ਰਹਿ (ਪਲੈਨੇਟ) ਲੱਭੇ ਹਨ ਜੋ ਲੱਖਾਂ ਕਰੋੜਾਂ ਰੋਸ਼ਨੀ ਵਰਿਆਂ ਦੀ ਵਿੱਥ ਤੇ ਹਨ। ਜਿਵੇਂ ਕਿ ਗੁਰੂਬਾਣੀ ਵਿੱਚ ਪੰਜਵੇਂ ਪਾਤਸ਼ਾਹ ਜੀ ਦਾ ਇੱਕ ਸ਼ਬਦ ਹੈ ‘ਮਨ ਖੋਜ ਮਾਰਗੁ ॥’ ਭਾਵ ਇਹ ਮਨ ਜਿਸ ਦੇ ਅੰਦਰ ਵੀ ਇੱਕ ਬ੍ਰਹਿਮੰਡ ਹੈ ਖੋਜਣ ਦਾ ਮਾਰਗ ਹੈ, ਸ਼ਾਇਦ ਇਹੀ ਕਾਰਣ ਹੈ ਕਿ ਸਾਇੰਸਦਾਨ ਹਮੇਸ਼ਾਂ ਨਵੀਂ ਤੋਂ ਨਵੀਂ ਖੋਜ ਕਰਨ ਵਿੱਚ ਮਸ਼ਰੂਫ ਰਹਿੰਦੇ ਹਨ ਅਤੇ ਨਵੀਆਂ ਖੋਜਾਂ ਸਾਨੂੰ ਜਿੰਦਗੀ ਜਿਊਣ ਵਿੱਚ ਕਈ ਤਰਾਂ ਦੇ ਸੁੱਖ ਸਹੂਲਤਾਂ ਦਿੰਦੀਆਂ ਹਨ। ਨਵੀਆਂ ਧਰਤੀਆਂ ਸਬੰਧੀ ਜਦੋਂ ਵੀ ਕੋਈ ਖੋਜ ਸਾਹਮਣੇ ਆਉਂਦੀ ਹੈ ਤਾਂ ਗੁਰੂ ਬਾਬੇ ਨਾਨਕ ਦੀ ਉਚਾਰਣ ਕੀਤੀ ਬਾਣੀ ਆਪ ਮੁਹਾਰੇ ਮੂੰਹੋਂ ਨਿਕਲ ਆਉਂਦੀ ਹੈ, ‘ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰ ਤਲੈ ਕਵਣੁ ਜੋਰੁ ॥ (ਜਪੁਜੀ ਸਾਹਿਬ) ਨਵਾਂ ਖੋਜਣਾ ਚੰਗੀ ਗੱਲ ਹੈ, ਪਰ ਉਸਦੇ ਨਾਲ ਜਿਆਦਾ ਜ਼ਰੂਰੀ ਹੈ ਕਿ ਜੋ ਖੋਜਿਆ ਹੋਇਆ ਸਾਨੂੰ ਮਿਲਿਆ ਹੈ, ਉਸਦੀ ਸੰਭਾਲ ਪ੍ਰਤੀ ਸਾਡੀ ਕੀ ਜਿੰਮੇਵਾਰੀ ਬਣਦੀ ਹੈ ਇਸ ਦਾ ਸਾਨੂੰ ਪਤਾ ਹੋਵੇ। ਭਾਵੇਂ ਕਿ ਚੰਨ ਉੱਤੇ ਜੀਵਨ ਸਬੰਧੀ ਤਿਆਰੀ ਚੱਲ ਰਹੀ ਹੈ, ਪਰ ਕਿਉਂਕਿ ਧਰਤੀ ਜੋ ਸਾਡਾ ਪਹਿਲਾ ਘਰ ਹੈ, ਉਸ ਪ੍ਰਤੀ ਸੰਜੀਦਾ ਅਤੇ ਗੰਭੀਰ ਹੋਣਾ ਵੀ ਉਨਾ ਹੀ ਜ਼ਰੂਰੀ ਹੈ, ਜਿੰਨਾ ਅਸੀਂ ਹੋਰਨਾਂ ਗ੍ਰਹਿਆਂ ਅਤੇ ਧਰਤੀਆਂ ਲੱਭਣ, ਦੇਖਣ ਅਤੇ ਉੱਥੇ ਜਾਣ ਲਈ ਸੰਜੀਦਾ, ਗੰਭੀਰ ਅਤੇ ਉਤਸ਼ਾਹਤ ਹਾਂ। ਹਮੇਸ਼ਾ ਯਾਦ ਰੱਖਣਯੋਗ ਅਤੇ ਕਦੇ ਵੀ ਨਾਂਹ ਭੁੱਲਣਯੋਗ ਗੱਲ ਇਹ ਹੈ ਕਿ ਕੁਦਰਤ ਦੀ ਸਾਜੀ ਸਮੁੱਚੀ ਸ੍ਰਿਸ਼ਟੀ ਵਿੱਚ ਸਿਰਫ ਪ੍ਰਿਥਵੀ ਹੀ ਹੁਣ ਤੱਕ ਦਾ ਇੱਕੋ ਇੱਕ ਅਜਿਹਾ ਗ੍ਰਹਿ ਹੈ ਜਿਸ ਉਪਰ ਮੁਕੰਮਲ ਜੀਵਨ ਸੰਭਵ ਹੋ ਸਕਿਆ ਹੈ। ਸੋ ਆਪਣੀ ਧਰਤ ਨੂੰ, ਵਾਤਾਵਰਨ, ਪੌਣ ਪਾਣੀ ਨੂੰ ਨਿਰਮਲ ਸ਼ੁੱਧ ਬਣਾਈ ਰੱਖਣ ਵਿੱਚ ਭੂਮਿਕਾ ਅਦਾ ਕਰੀਏ ਤਾਂਕਿ ਕੁਦਰਤ ਦੇ ਸੁਹੱਪਣ ਨੂੰ ਮਾਣਿਆ ਜਾ ਸਕੇ।

---

# ਹੋਰ ਰੋਗਾਂ ਦਾ ਕੋਰੋਨਾ ਖ਼ਿਲਾ.ਫ ਧਰਨਾ

**ਹਰਦੀਪ ਸਿੰਘ ਜਟਾਣਾ**
**੯੪੧੭੨-੫੪੫੧੭**

ਵਿਅੰਗ

ਅੱਜ ਕੈਂਸਰ, ਸ਼ੂਗਰ, ਬ੍ਰੇਨ ਹੈਮਰੇਜ, ਬਲੱਡ ਪ੍ਰੈਸ਼ਰ, ਕਾਲਾ ਪੀਲੀਆ, ਡੇਂਗੂ ਤੇ ਅਨੇਕਾਂ ਹੋਰ ਜਾਨਲੇਵਾ ਰੋਗਾਂ ਨੇ ਕੋਰੋਨਾ ਖ਼ਿਲਾਫ਼ ਧਰਨਾ ਦਿੱਤਾ। ਧਰਨੇ ਦੌਰਾਨ ਸਾਰੇ ਰੋਗਾਂ ਇਕਸੁਰ ਹੁੰਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ। ਧਰਨੇ ਵਿੱਚ ਨਿੱਕੇ ਵੱਡੇ ਰੋਗਾਂ ਦੇ ਸੈਂਕੜੇ ਪ੍ਰਤੀਨਿਧੀਆਂ ਨੇ ਸ਼ਮੂਲੀਅਤ ਕੀਤੀ। ਧਰਨਾਕਾਰੀਆਂ ਨੇ ਵਿਸ਼ਵ ਸਿਹਤ ਸੰਗਠਨ ਦੇ ਮੁਖੀ ਅਤੇ ਵੱਖ ਵੱਖ ਮੁਲਕਾਂ ਦੇ ਰਾਸ਼ਟਰਪਤੀਆਂ ਅਤੇ ਪ੍ਰਧਾਨ ਮੰਤਰੀਆਂ ’ਤੇ ਕੋਰੋਨਾ ਦਾ ਪੱਖ ਪੂਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਕੱਲ ਦੀ ਭੂਤਨੀ ਨੂੰ ਸਿਵਿਆਂ ਦਾ ਮਾਲਕ ਬਣਾ ਦੇਣਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕੈਂਸਰ ਨੇ ਕਿਹਾ, ‘ਕੋਰੋਨਾ ਤੋਂ ਪਹਿਲਾਂ ਮੇਰੀ ਤੂਤੀ ਬੋਲਦੀ ਹੁੰਦੀ ਸੀ। ਸ਼ੋਅਲੇ ਫਿਲਮ ਵਾਲੇ ਗੱਬਰ ਵਾਂਗ ਮੇਰਾ ਨਾਮ ਸੁਣ ਕੇ ਹੀ ਲੋਕ ਡਰ ਨਾਲ ਕੰਬ ਜਾਂਦੇ ਸਨ। ਪਿੰਡਾਂ ਦੇ ਲੋਕ ਡਰਦੇ ਮਾਰੇ ਮੇਰਾ ਨਾਮ ਤੱਕ ਨਹੀਂ ਸਨ ਲਿਆ ਕਰਦੇ। ਜੇ ਕਿਸੇ ਔਰਤ ਨੇ ਗੱਲ ਕਰਨੀ ਹੁੰਦੀ ਤਾਂ ਉਹ ਕੈਂਸਰ ਦੀ ਥਾਂ ਦੂਜਾ ਫੋੜਾ ਆਖ ਕੇ ਬਿਮਾਰੀ ਦਾ ਨਾਮ ਦੱਸਿਆ ਕਰਦੀ ਸੀ, ਤੇ ਹੁਣ ਜਦੋਂ ਦਾ ਕੋਰੋਨਾ ਆਇਐ ਲੋਕ ਮੇਰਾ ਨਾਮ ਹੀ ਭੁੱਲ ਗਏ ਹਨ। ਨੇਤਾਵਾਂ ਤੇ ਕਾਰਪੋਰੇਟਾਂ ਨਾਲ ਰਲੇ ਕੋਰੋਨਾ ਨੇ ਮੇਰੀ ਮਰੀਜ਼ਾਂ ਨੂੰ ਮਾਰਨ ਲਈ ਕਈ ਕਈ ਸਾਲ ਦੀ ਕੀਤੀ ਮਿਹਨਤ ਮਿੱਟੀ ਮਿਲਾ ਦਿੱਤੀ ਹੈ। ਅੱਜ ਇਹ ਹਾਲ ਹੋ ਗਿਆ ਹੈ ਕਿ ਬੰਦਾ ਭਾਵੇਂ ਮੈਂ ਮਾਰਾਂ, ਪਰ ਸਿਹਰਾ ਕਰੋਨਾ ਸਿਰ ਬੰਨਿਆ ਜਾ ਰਿਹਾ ਹੈ।’ ਲੇਰ ਜਿਹੀ ਮਾਰਦਿਆਂ ਕੈਂਸਰ ਆਂਹਦਾ, ‘ਹੁਣ ਮੈਂ ਕਾਹਦਾ ਰੋਗ ਹਾਂ ਯਾਰ! ਲੋਕਾਂ ਨੇ ਮੈਨੂੰ ਭਿੱਜੀ ਬਿੱਲੀ ਸਮਝ ਰੱਖਿਆ ਹੈ।’ ਦੂਸਰੇ ਬੁਲਾਰੇ ਹਾਰਟ ਅਟੈਕ ਨੇ ਕਿਹਾ, ‘ਕਰੋਨਾ ਨੇ ਮੇਰੇ ਨਾਲ ਵੀ ਚੰਗੀ ਨਹੀਂ ਕੀਤੀ। ਅੱਜ ਵੀ ਅੱਧੋਂ ਵੱਧ ਮੌਤਾਂ ਮੈਂ ਕਰਦਾ ਹਾਂ, ਪਰ ਨਾਮ ਫਿਰ ਵੀ ਚੀਨੀ ਔਲਾਦ ਕਰੋਨਾ ਦਾ ਹੀ ਲਿਆ ਜਾਂਦਾ ਹੈ।



ਪਤਾ ਨਹੀਂ ਲੋਕਾਂ ਨੂੰ ਕਦੋਂ ਸਮਝ ਆਊ ਕਿ ਇੱਕੋ ਝਟਕੇ ਮੌਤ ਸਿਰਫ਼ ਮੇਰੇ ਕਰਕੇ ਹੀ ਹੋ ਸਕਦੀ ਹੈ। ਬੁਜ਼ਦਿਲ ਕਰੋਨਾ ’ਚ ਐਨੀ ਤਾਕਤ ਕਿੱਥੇ ਬਈ ਉਹ ਬੰਦੇ ਨੂੰ ਤੁਰਦੇ ਫਿਰਦੇ ਪਾਰ ਬੁਲਾ ਦੇਵੇ।’ ਪੰਡਾਲ ’ਚ ਬੈਠ ਕੇ ਦੰਦੀਆਂ ਕਰੀਚ ਰਹੇ ਜ਼ੁਕਾਮ ਦੀ ਜਦੋਂ ਵਾਰੀ ਆਈ ਤਾਂ ਉਹ ਪੂਰੇ ਜੋਸ਼ ਨਾਲ ਕੜਕਿਆ, ‘ਕੋਰੋਨਿਆ, ਜੇ ਹਿੰਮਤ ਹੈ ਤਾਂ ਸਾਹਮਣੇ ਆ ਕੇ ਗੱਲ ਕਰ। ਲੁਕ ਛਿਪ ਕੇ ਸਾਡੇ ਨਾਮ ਦੀ ਖੱਟੀ ਖਾਣ ਵਾਲਿਆ ਬੁਜ਼ਦਿਲਾ ਖੰਘ ਜ਼ੁਕਾਮ ਜਿਹੇ ਸਾਧਾਰਨ ਰੋਗ ਨੂੰ ਤੂੰ ਕੋਰੋਨਾ ਬਣਾ ਕੇ ਚੰਗਾ ਨਹੀਂ ਕੀਤਾ। ਉਏ ਦੁਸ਼ਮਣਾ! ਤੇਰੇ ਤੋਂ ਪਹਿਲਾਂ ਸਾਡੇ ਨਾਮ ਦੇ ਬਹਾਨੇ ਲਾ ਲਾ ਲੋਕ ਛੁੱਟੀਆਂ ਲਿਆ ਕਰਦੇ ਸਨ, ਪਰ ਜਦੋਂ ਦਾ ਤੂੰ ਆਇਐਂ ਉਦੋਂ ਤੋਂ ਲੋਕ ਖੰਘੂਰੇ ਮਾਰਨ ਤੋਂ ਵੀ ਡਰਨ ਲੱਗ ਪਏ ਹਨ। ਦਮ ਹੈ ਤਾਂ ਬਿਨਾਂ ਖੰਘ ਜ਼ੁਕਾਮ ਇੱਕ ਬੰਦਾ ਮਾਰ ਕੇ ਵਿਖਾ। ਆਹ ਆਕਸੀਜਨ ਦੀ ਘਾਟ ਨਾਲ ਮੌਤ ਵਾਲਾ ਜਿਹੜਾ ਦਾਅ ਤੂੰ ਆਪਣੇ ਨਾਮ ਕਰਵਾਇਐ ਇਹ ਤਾਂ ਸੈਂਕੜੇ ਸਾਲਾਂ ਤੋਂ ਮੇਰਾ ਛੋਟਾ ਵੀਰ ਅਸਥਮਾ ਵਰਤ ਰਿਹੈ।’ ਏਨਾ ਕਹਿ ਜ਼ੁਕਾਮ ਨੇ ਖੰਘੂਰਾ ਮਾਰਿਆ ਤੇ ਆਪਣੀ ਥਾਂ ਜਾ ਬੈਠਾ। ਮੰਚ ਸੰਚਾਲਕ ਨੇ ਕਿਹਾ, ‘ਸੈਂਕੜੇ ਬੁਲਾਰੇ ਹੋਣ ਕਰਕੇ ਸਾਰਿਆਂ ਨੂੰ ਸਮਾਂ ਤਾਂ ਨਹੀਂ ਦਿੱਤਾ ਜਾ ਸਕਦਾ, ਪਰ ਖ਼ੁਸ਼ੀ ਦੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਤਿਆਰ ਕੀਤੀ ਕਿੱਟ ’ਚ ਇੱਕ ਵੀ ਦਵਾਈ ਕਰੋਨਾ ਦੀ ਨਹੀਂ। ਸਾਰੀਆਂ ਦਵਾਈਆਂ ਜਾਂ ਤਾਂ ਖੰਘ ਦੀਆਂ ਨੇ, ਜਾਂ ਬੁਖ਼ਾਰ ਦੀਆਂ, ਜਾਂ ਸਿਰ ਦਰਦ ਦੀਆਂ, ਜਾਂ ਕੁਝ ਵਿਸ਼ੇਸ਼ ਤੱਤਾਂ ਦੀ ਘਾਟ ਦੀਆਂ।’ ਅਗਲਾ ਬੁਲਾਰਾ ਸ਼ੂਗਰ ਸੀ। ਆਪਣੇ ਸੰਬੋਧਨ ’ਚ ਉਹ ਆਂਹਦਾ, ‘ਮੈਂ ਆਪਣੀ ਮਿਹਨਤ ਸਦਕਾ ਹਰ ਤੀਸਰੇ ਪੰਜਾਬੀ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਮਨੁੱਖੀ ਸਰੀਰ ਦੇ ਅੱਧੋਂ ਵੱਧ ਰੋਗ ਮੇਰੇ ਸਹਾਰੇ ਜਿਉਂਦੇ ਹਨ। ਹੁਣ ਵੀ ਆਹ ਬਲੈਕ ਫੰਗਸ ਨਾਮੀ ਜਿਹੜਾ ਨਵਾਂ ਰੋਗ ਮਾਰਕੀਟ ’ਚ ਆਇਐ ਇਹ ਵੀ ਮੇਰਾ ਦੋਹਤਾ ਪੋਤਾ ਹੀ ਹੈ। ਮੇਰੀ ਸਲਾਹ ਹੈ ਕਿ ਆਪਾਂ ਕਰੋਨਾ ਖ਼ਿਲਾਫ਼ ਅਦਾਲਤ ’ਚ ਜਾਈਏ ਤੇ ਇਸ ਦੇ ਝੂਠ ਨੂੰ ਨੰਗਾ ਕਰੀਏ।’ ਹੱਕ ’ਚ ਨਾਅਰੇ ਗੂੰਜੇ, ਸਾਰੇ ਰੋਗ ਪ੍ਰਤਿਨਿਧਾਂ ਨੇ ਝੂਠਾ ਕੋਰੋਨਾ ਮੁਰਦਾਬਾਦ ਕਿਹਾ। ਸਟੇਜ ਸੈਕਟਰੀ ਨੇ ਬੁਖ਼ਾਰ ਨੂੰ ਮੰਚ ’ਤੇ ਆਉਣ ਦਾ ਸੱਦਾ ਦਿੱਤਾ। ਆਪਣੇ ਵਾਂਗ ਤੱਤੇ ਸੁਰ ’ਚ ਬੋਲਦਿਆਂ ਬੁਖ਼ਾਰ ਆਂਹਦਾ, ‘ਆਹ ਜਿਹੜਾ ਕੋਰੋਨਾ ਅੱਜ ਹੀਰੋ ਬਣਿਆ ਫਿਰਦੈ ਮੇਰੇ ਬਿਨਾਂ ਇਹ ਨੂੰ ਕੁੱਤੀ ਨੀਂ ਭੌਂਕਦੀ। ਸਿੱਧਾ ਮਤਲਬ ਹੈ ਜੇ ਮੈਂ ਆਪਣੇ ਜੌਹਰ ਨਾ ਵਿਖਾਵਾਂ ਤਾਂ ਲੋਕ ਕੋਰੋਨਾ ਨੂੰ ਲੱਤਾਂ ਮੁੱਕੀਆਂ ਨਾਲ ਕੁੱਟਿਆ ਕਰਨ। ਮਿਲੀਭੁਗਤ ਕਰਕੇ ਮੇਰੇ ਨਾਲ ਕੀਤੀ ਜਾ ਰਹੀ ਜੱਗੋਂ ਤੇਰਵੀਂ ਵੇਖੋ, ਬੰਦੇ ਨੂੰ ਸਭ ਤੋਂ ਪਹਿਲਾਂ ਚੜਦਾ ਮੈਂ ਹਾਂ ਤੇ ਨੱਕ ’ਚ ਡੱਕਾ ਜਿਹਾ ਮਾਰ ਕੇ ਸਿਹਤ ਕਰਮਚਾਰੀ ਕਹਿਣਗੇ ਤੈਨੂੰ ਕਰੋਨੈ। ਓਏ ਭਲੇ ਮਾਣਸੋ! ਸਾਹਮਣੇ ਆਉਣ ਕਰਕੇ ਨਾਮ ਤਾਂ ਮੇਰਾ ਬਦਨਾਮ ਹੁੰਦਾ ਹੈ ਤੇ ਮਸ਼ਹੂਰੀ ਤੁਸੀਂ ਕੋਰੋਨਾ ਦੀ ਕਰੀ ਜਾਨੇ ਓਂ।’ ਬੁਖ਼ਾਰ ਨੇ ਆਖਿਆ, ‘ਇੱਕ ਜੀਅ ਤਾਂ ਕਰਦੈ ਕਿ ਮੈਂ ਲੋਕਾਂ ਨੂੰ ਚੜਨਾ ਹੀ ਬੰਦ ਕਰ ਦਿਆਂ, ਪਰ ਫਿਰ ਸੋਚਦਾ ਹਾਂ ਕਿ ਮੇਰੇ ਪੁੱਤਰ ਪੋਤਰੇ ਕੀ ਕਹਿਣਗੇ ਬਈ ਦੁਨੀਆ ਨੂੰ ਡਰਾਉਣ ਵਾਲਾ ਸਾਡਾ ਬਾਪੂ ਡਰ ਕੇ ਪਿੱਛੇ ਹਟ ਗਿਆ ਸੀ। ਇਸ ਲਈ ਭਰਾਵੋ ਮੇਰੀ ਸਲਾਹ ਹੈ ਆਪਾਂ ਸਾਰੇ ਰਲਕੇ ਕੋਰੋਨਾ ਨੂੰ ਘੇਰੀਏ ਤੇ ਲੋਕਾਂ ਦਾ ਡਰ ਕੱਢੀਏ।’ ਬੁਲਾਰਿਆਂ ਵਿੱਚ ਡੇਂਗੂ, ਸਵਾਈਨ ਫਲੂ, ਦਸਤ, ਹੈਜ਼ਾ, ਕਾਲਾ ਪੀਲੀਆ, ਪੇਟ ਗੈਸ, ਤੇਜ਼ਾਬ, ਹੱਡ ਭੰਨਣੀ, ਸਿਰ ਦਰਦ ਸਮੇਤ ਦੋ ਦਰਜਨ ਬੁਲਾਰਿਆਂ ਨੇ ਸੰਬੋਧਨ ਕੀਤਾ। ਸਾਰਿਆਂ ਦੀ ਸਲਾਹ ਸੀ ਕਿ ਕਰੋਨਾ ਨੂੰ ਕਟਹਿਰੇ ਖੜਾ ਕੇ ਪੁੱਛਿਆ ਜਾਵੇ: ਤੇਰੀ ਵੱਖਰੀ ਪਹਿਚਾਣ ਕੀ ਹੈ? ਤੂੰ ਆਪਣੇ ਸ਼ਿਕਾਰ ਦਾ ਪੋਸਟ-ਮਾਰਟਮ ਕਿਉਂ ਨਹੀਂ ਕਰਨ ਦਿੰਦਾ? ਤੇਰੇ ਪੱਕੇ ਲੱਛਣ ਕਿਉਂ ਨਹੀਂ? ਸਾਰਿਆਂ ਨੇ ਸਹਿਮਤੀ ਦਿੰਦਿਆਂ ਮੁੜ ਕੋਰੋਨਾ ਮੁਰਦਾਬਾਦ ਦੇ ਨਾਅਰੇ ਲਗਾਏ।

# 1947 ਦੇ ਸਾਂਝੇ ਪੰਜਾਬ ਵਿਚ ਸਿੱਖ-ਮੁਸਲਿਮ ਸਿਆਸਤ

ਬੁੱਕ ਰੀਵਿਊ

ਡਾ. ਅਖ਼ਤਰ ਹੁਸੈਨ ਸੰਧੂ ਜੋ ਲਾਹੌਰ ਯੂਨੀਵਰਸਿਟੀ ਵਿਚ ਹਿਸਟਰੀ ਦੇ ਪ੍ਰੋਫੈਸਰ ਹਨ। ਡਾ. ਹੁਸੈਨ ਪੰਜਾਬ ਤੇ ਪੰਜਾਬੀਆਤ ਨੂੰ ਪਿਆਰ ਕਰਨ ਵਾਲੇ ਅਜਿਹੇ ਪ੍ਰੋਫੈਸਰ ਹਨ ਜੋ ਸਦੈਵ ਸਿੱਖ ਮੁਸਲਿਮ ਪਿਆਰ ਤੇ ਭਾਈਚਾਰਕ ਸਾਂਝ ਦੀ ਗੱਲ ਕਰਦੇ ਹਨ।ਉਹਨਾਂ ਦੁਆਰਾ ਲਿਖੀ ਪੁਸਤਕ **'An Anatomy of Muslim-sikh Politics'**

**'ਮੁਸਲਿਮ-ਸਿੱਖ ਸਿਆਸਤ ਦੀ ਇੱਕ ਰਚਨਾ' ਜੋ 1947 ਤੋਂ ਪਹਿਲਾਂ ਦੀ ਸਿੱਖ -ਮੁਸਲਿਮ ਸਿਆਸਤ ਨੂੰ ਉਜਾਗਰ ਕਰਦੀ ਹੈ। ਇਸ ਪੁਸਤਕ ਦਾ ਰੀਵਿਊ ਬਲਕਾਰ ਸਿੰਘ, ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਪਟਿਆਲਾ ਵਲੋਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤਾ ਗਿਆ ਹੈ। ਪਾਕਿਸਤਾਨ ਨਾਲ ਸਬੰਧ ਰੱਖਣ ਵਾਲੇ ਡਾ. ਅਖ਼ਤਰ ਹੁਸੈਨ ਸੰਧੂ ਤੇ ਪੰਜਾਬ ਨਾਲ ਸਬੰਧ ਰੱਖਣ ਵਾਲੇ ਬਲਕਾਰ ਸਿੰਘ ਦੋਨੋਂ ਨੇ ਮਾਨਸਿਕ ਮਨੋਬਿਰਤੀ ਵਿਚ ਸਿੱਖ ਮੁਸਲਿਮ ਸਿਆਸਤ ਨੂੰ ਆਪਣੇ-ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਬਲਕਾਰ ਸਿੰਘ ਦੇ ਪੱਖ ਨੂੰ ਬਿਆਨ ਕਰਦੀ ਇਹ ਲੜੀ '1947 ਦੇ ਸਾਂਝੇ ਪੰਜਾਬ ਵਿਚ ਸਿੱਖ ਮੁਸਲਿਮ ਸਿਆਸਤ' ਦੇ ਹੇਠ ਪ੍ਰਕਾਸ਼ਤ ਕਰ ਰਹੇ ਹਾਂ।**

ਇਹ ਪੁਸਤਕ ਨਾਮ ਤੋਂ ਭਾਵੇਂ ਸਿੱਖਾਂ ਤੇ ਮੁਸਲਮਾਨਾਂ ਦੀ ਸਿਆਸਤ ਨਾਲ ਸਬੰਧਤ ਲੱਗਦੀ ਹੈ, ਪਰ ਇਸ ਵਿਚ ਪੰਜਾਬ ਦੇ ਉਹ ਸਾਰੇ ਪੱਖ ਕਿਸੇ ਨਾ ਕਿਸੇ ਰੂਪ ਵਿਚ ਆ ਗਏ ਹਨ, ਜਿਨਾਂ ਦਾ ਸਬੰਧ 1947 ਦੀ ਵੰਡ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਹੋਇਆ ਹੈ। ਕਿਸੇ ਵੀ ਪੰਜਾਬੀ ਅਦੀਬ ਵੱਲੋਂ ਇਸ ਪੀਰੀਅਡ ਬਾਰੇ ਲਿਖਦਿਆਂ ਆਪਣੇ ਆਪ ਨੂੰ ਨਿਰਲੇਪ ਰੱਖਣਾ ਕਾਫੀ ਮੁਸ਼ਕਲ ਹੈ ਅਤੇ ਇਸ ਸਮੇਂ ਨਾਲ ਜੁੜੀਆਂ ਲਿਖਤਾਂ ਨੂੰ ਉਸ ਵੇਲੇ ਦੀ ਸਿਆਸਤ ਅਤੇ ਸਿਆਸਤ ਨਾਲ ਜੁੜੇ ਹੋਏ ਧਰਮ ਪ੍ਰਭਾਵਿਤ ਕਰਦੇ ਆਏ ਹਨ। ਸਿੱਖਾਂ ਅਥੇ ਮੁਸਲਮਾਨਾਂ ਦੀ ਪੰਜਾਬ ਕੇਂਦਰਤ ਸਾਂਝ ਨੂੰ ਸਮਝਣ ਲਈ ਤਾਰਿਕ ਫਤਹਿ ਦੀ ਇਹ ਟਿਪਣੀ ਧਿਆਨ ਵਿਚ ਰੱਖ ਲੈਣੀ ਚਾਹੀਦੀ ਹੈ ਕਿ ਪੰਜਾਬੀ ਮੁਸਲਮਾਨ ਜਿਵੇਂ ਪੰਜਾਬੀ ਜ਼ਬਾਨ ਨਾਲ ਜੁੜਿਆ ਹੋਇਆ ਹੈ, ਉਸ ਤਰਾਂ ਕੁਰਾਨ ਦੀ ਜ਼ਬਾਨ ਨਾਲ ਨਹੀਂ ਜੁੜਿਆ ਹੋਇਆ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਪੰਜਾਬੀ ਮੁਸਲਮਾਨ, ਜਿਸ ਤਰਾਂ ਗੁਰੂ ਨਾਨਕ ਦੇਵ ਜੀ ਦਾ ਭੇਤੀ/ਨੇੜੂ/ਜਾਣੂ ਹੈ, ਉਸ ਤਰਾਂ ਹਜ਼ਰਤ ਮੁਹੰਮਦ ਸਾਹਿਬ ਦਾ ਨਹੀਂ ਹੈ ਜਾਂ ਨਹੀਂ ਹੋ ਸਕਦਾ। ਪੰਜਾਬੀ ਕੌਮੀਅਤ ਦਾ ਇਹ ਪ੍ਰਸੰਗ ਇਸ ਪੁਸਤਕ ਵਿਚੋਂ ਇਸ ਕਰਕੇ ਗੁੰਮ ਹੋ ਗਿਆ ਲੱਗਦਾ ਹੈ ਕਿਉਂਕਿ ਸਿਆਸਤ ਨੇ ਪੰਜਾਬੀਆਂ ਨੂੰ ਪਹਿਲਾਂ ਹਿੰਦੂ ਸਿਆਸਤ ਅਤੇ ਮੁਸਲਮਾਨ ਸਿਆਸਤ ਦੇ ਕੱਟੜ ਵਰਤਾਰਿਆਂ ਵਿਚ ਵੰਡਿਆ ਸੀ ਅਤੇ ਫਿਰ ਪੰਜਾਬ ਦੇ ਹਵਾਲੇ ਨਾਲ ਏਸੇ ਨੂੰ ਸਿੱਖ-ਸਿਆਸਤ ਅਤੇ ਮੁਸਲਮਾਨ-ਸਿਆਸਤ ਵਿਚ ਵੰਡਕੇ ਵੇਖਣ ਵਾਲਿਆਂ ਨੂੰ ਵੇਖਿਆ, ਸੁਣਿਆ ਅਤੇ ਹੰਢਾਇਆ ਜਾਂਦਾ ਰਿਹਾ ਹੈ। ਅਸਲ ਵਿਚ ਪੰਜਾਬੀਆਂ ਨੂੰ ਸਿਆਸੀ ਪਰਤਾਂ ਵਿਚ ਵੰਡਕੇ ਵੇਖਣ ਦੀ ਕੋਸ਼ਿਸ਼ ਓਨੀ ਪੰਜਾਬੀਆਂ ਵੱਲੋਂ ਨਹੀਂ ਹੋਈ, ਜਿੰਨੀ ਪਹਿਲਾਂ ਅੰਗ੍ਰੇਜ਼ਾਂ ਵੱਲੋਂ ਹੋਈ ਸੀ ਅਤੇ ਫਿਰ ਭਾਰਤੀ ਸਿਆਸਤਦਾਨਾਂ ਵੱਲੋਂ ਕੀਤੀ ਹੋਈ ਨਜ਼ਰ ਆਉਂਦੀ ਰਹੀ ਹੈ। ਕਾਰਨ ਇਹ ਹੈ ਕਿ ਅੰਗ੍ਰੇਜ਼ਾਂ ਨੂੰ ਪੰਜਾਬੀਆਂ ਦੀ ਸਿਆਸਤ ਨੂੰ ਸਮਝਣ ਲਈ ਉਚੇਚੀਆਂ ਕੋਸ਼ਿਸ਼ਾਂ ਕਰਨੀਆਂ ਪਈਆਂ ਸਨ ਕਿਉਂਕਿ ਇਹ ਉਨਾਂ ਦੀ ਸਿਆਸੀ ਲੋੜ ਸੀ ਅਤੇ ਭਾਰਤੀ ਪ੍ਰਸੰਗ ਵਿਚ ਹਿੰਦੂਆਂ ਦੀ ਪ੍ਰਤੀਨਿਧਤਾ ਮਹਾਤਮਾ ਗਾਂਧੀ ਕਰ ਰਿਹਾ ਸੀ ਅਤੇ ਮੁਸਲਮਾਨਾਂ ਦੀ ਪ੍ਰਤੀਨਿਧਤਾ ਮੁਹੰਮਦ ਅਲੀ ਜਿਨਾਹ ਕਰ ਰਿਹਾ ਸੀ। ਜਿਵੇਂ ਮਹਾਤਮਾ ਗਾਂਧੀ ਭਾਰਤੀਆਂ ਦਾ ਬਾਪੂ ਐਲਾਨ ਦਿੱਤਾ ਗਿਆ ਸੀ, ਓਵੇਂ ਹੀ ਮੁਹੰਮਦ ਅਲੀ ਜਿਨਾਹ ਨੂੰ ਪਾਕਿਸਤਾਨ ਦਾ ਕਾਇਦੇ ਆਜ਼ਮ ਐਲਾਨ ਦਿੱਤਾ ਗਿਆ ਸੀ। ਦੋਵੇਂ ਹੀ ਪੰਜਾਬੀਆਂ ਨੂੰ ਪੰਜਾਬ ਰਾਹੀਂ ਸਮਝਣ ਦੇ ਸਮਰੱਥ ਹੀ ਨਹੀਂ ਸਨ। ਇਸੇ ਕਰਕੇ ਪਾਕਿਸਤਾਨ, ਮੁਸਲਮਾਨ ਬਹੁਗਿਣਤੀ ਵਾਲਾ ਦੇਸ਼ ਬਣ ਗਿਆ ਸੀ/ਹੈ ਅਤੇ ਭਾਰਤ, ਹਿੰਦੂ ਬਹੁਗਿਣਤੀ ਵਾਲਾ ਦੇਸ਼ ਬਣ ਗਿਆ ਸੀ/ਹੈ। ਨਤੀਜਨ ਪੰਜਾਬੀਆਂ ਦੀ ਕੀਮਤ ਤੇ ਦੋਹਾਂ ਦੇਸ਼ਾਂ ਦੇ ਪੰਜਾਬਾਂ ਨੂੰ ਜਿਹੋ ਜਿਹੀ ਸਿਆਸੀ ਹੋਣੀ ਭੋਗਣੀ ਪਈ ਸੀ ਜਾਂ ਭੋਗਣੀ ਪੈ ਰਹੀ ਹੈ, ਇਸ ਨੂੰ ਦੋ ਕੌਮਾਂ ਦੀ ਸਿਆਸਤ ਰਾਹੀਂ ਸਮਝਿਆ ਹੀ ਨਹੀਂ ਜਾ ਸਕਦਾ। ਅਖੰਡ ਭਾਰਤ ਅਤੇ ਪਾਕਿਸਤਾਨ ਦੇ ਸਿਆਸੀ ਮੁਦਈਆਂ ਵਾਸਤੇ ਪੰਜਾਬ ਦਾ ਮਹੱਤਵ ਆਪਣੀਆਂ ਆਪਣੀਆਂ ਸਿਆਸੀ ਗਰਜਾਂ ਨਾਲ ਜੁੜਿਆ ਹੋਇਆ ਸੀ। ਦੋ ਕੌਮਾਂ ਦੇ ਸਿਧਾਂਤ ਦਾ ਮੁਦਈ ਕੱਟੜ ਹਿੰਦੂ ਸਾਵਰਕਰ ਸੀ ਅਤੇ ਇਸ ਦਾ ਸਿਆਸੀ ਲਾਹਾ, ਪਾਕਿਸਤਾਨ ਦੇ ਰੂਪ ਵਿਚ ਲਿਬਰਲ ਮੁਸਲਮਾਨ ਕਾਇਦੇ ਆਜ਼ਮ ਦੀ ਸਿਆਸਤ ਨੂੰ ਮਿਲਿਆ ਸੀ ਅਤੇ ਲਿਬਰਲ ਹਿੰਦੂ ਮਹਾਤਮਾ ਗਾਂਧੀ ਨੂੰ ਭਾਰਤ ਦੇ ਰੂਪ ਵਿਚ ਮਿਲਿਆ ਸੀ। ਦੋਹਾਂ ਵਾਸਤੇ ਪੰਜਾਬ ਦੀ ਕਿੰਨੀ ਕੂ ਅਹਿਮੀਅਤ ਸੀ, ਇਸ ਵੱਲ ਇਸ਼ਾਰੇ ਇਸ ਪੁਸਤਕ ਵਿਚ ਬੇਸ਼ਕ ਵਿਚ ਹੋ ਗਏ ਹਨ, ਪਰ ਉਹ ਪੰਜਾਬੀਆਂ ਨੂੰ ਪੰਜਾਬ ਦੇ ਹਵਾਲੇ ਨਾਲ ਸਮਝਣ ਦੀ ਥਾਂ ਦੋ ਕੌਮਾਂ ਦੇ ਸਿਧਾਂਤ ਦੇ ਇਰਦ ਗਿਰਦ ਹੀ ਘੁੰਮਦੇ ਨਜ਼ਰ ਆ ਜਾਂਦੇ ਹਨ। ਇਹ ਕਿਸੇ ਨੂੰ ਚੇਤਾ ਹੀ ਨਾ ਰਿਹਾ ਕਿ ਪਾਕਿਸਤਾਨੀ ਮੁਸਲਮਾਨਾਂ ਨਾਲੋਂ ਭਾਰਤੀ ਮੁਸਲਮਾਨਾਂ ਦੀ ਗਿਣਤੀ ਵੱਧ ਹੋਣ ਦੇ ਬਾਵਜੂਦ, ਉਹ ਭਾਰਤ ਵਿਚ ਘਟਗਿਣਤੀ ਵਾਲੇ ਮਹਿਕੂਮ ਹੋਣ ਦੇ ਅਜਿਹੇ ਅਹਿਸਾਸ ਵੱਲ ਧੱਕੇ ਗਏ ਹਨ, ਜਿਸ ਦਾ ਪ੍ਰਗਟਾਵਾ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਰਾਹੀਂ ਜਿਸ ਤਰਾਂ ਇਸ ਵੇਲੇ ਸਾਹਮਣੇ ਆਉਣ ਲੱਗ ਪਿਆ ਹੈ, ਉਸ ਦੇ ਹਵਾਲੇ ਨਾਲ ਵੇਖਣ ਦੀ ਕੋਸ਼ਿਸ਼ ਕਰਾਂਗੇ ਤਾਂ ਨਤੀਜੇ ਇਸ ਪੁਸਤਕ ਦੇ ਨਤੀਜਿਆਂ ਵਰਗੇ ਨਹੀਂ ਨਿਕਲਣਗੇ। ਜਿਹੋ ਜਿਹੀ ਸਿਆਸਤ ਧਰਮ ਦੇ ਨਾਮ ਤੇ ਪਾਕਿਸਤਾਨ ਦੇ ਬਣ ਜਾਣ ਨਾਲ ਸ਼ੁਰੂ ਹੋਈ ਸੀ, ਉਸ ਦਾ ਇਕ ਨਤੀਜਾ ਬੰਗਲਾ ਦੇਸ਼ ਦੇ ਪਾਕਿਸਤਾਨ ਨਾਲੋਂ ਵੱਖ ਹੋ ਜਾਣ ਨਾਲ ਇਹ ਸਾਬਤ ਹੋ ਗਿਆ ਹੈ ਕਿ ਪਾਕਿਸਤਾਨ ਦੇ ਬਣ ਜਾਣ ਨਾਲ ਮੁਸਲਮਾਨਾਂ ਦੀਆਂ ਮੁਸ਼ਕਲਾਂ ਘਟੀਆਂ ਨਹੀਂ। ਸਗੋਂ ਵਧੀਆਂ ਹਨ। ਜਿਨਾਂ ਨੇ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਜਾਣ ਨਾਲੋਂ ਭਾਰਤ ਵਿਚ ਰਹਿਣ ਦਾ ਫੈਸਲਾ ਗੱਜ ਵੱਜਕੇ ਲਿਆ ਸੀ, ਉਨਾਂ ਨੂੰ ਬਿਨਾਂ ਪੁੱਛੇ ਪਾਕਿਸਤਾਨ ਚਲੇ ਜਾਣ ਦੇ ਸਿਆਸੀ ਮਿਹਣੇ ਲਗਾਤਾਰ ਸਹਿਣੇ ਪੈ ਰਹੇ ਹਨ। ਇਹ ਟਿਪਣੀ ਦੋ ਕੌਮਾਂ ਦੇ ਸਿਧਾਂਤ ਨਾਲ ਜੁੜੀ ਹੋਈ ਇਸ ਪੁਸਤਕ ਬਾਰੇ ਗੱਲ ਸ਼ੁਰੂ ਕਰਨ ਨਾਲ ਜੁੜੀ ਹੋਈ ਹੈ।

ਇਸ ਪੁਸਤਕ ਵਿਚ ਦੋ ਕੌਮਾਂ ਦੇ ਸਿਧਾਂਤ ਨੂੰ ਲੈ ਕੇ ਜਿਹੋ ਜਿਹੀ ਸਿਆਸਤ ਦੇ ਵੇਰਵੇ ਵਿਸਥਾਰ ਵਿਚ ਆ ਗਏ ਹਨ, ਉਹ ਕੱਟੜ ਮੁਸਲਮਾਨਾਂ ਦੀ ਸਿਆਸਤ ਅਤੇ ਕੱਟੜ ਹਿੰਦੂਆਂ ਦੀ ਸਿਆਸਤ ਨੂੰ ਠੀਕ ਬੈਠਦੇ ਹੋ ਸਕਦੇ ਹਨ, ਪਰ ਉਸ ਨਾਲ ਲਿਬਰਲ ਹਿੰਦੂ ਅਤੇ ਲਿਬਰਲ ਮੁਸਲਮਾਨ ਨੂੰ ਲਾਭ ਤਾਂ ਕੀ ਹੋਣਾ ਸੀ, ਲਗਾਤਾਰ ਕੀਮਤ ਦੇਣੀ ਪੈਂਦੀ ਰਹੀ ਰਹੀ ਹੈ। ਇਸ ਨੂੰ ਅੱਜ ਕੱਲ ਮੌਲਵੀਆਂ ਅਤੇ ਪੰਡਤਾਂ ਦੀ ਸਿਆਸਤ ਕਿਹਾ ਜਾਣ ਲੱਗ ਪਿਆ ਹੈ। ਇਸ ਵਿਚ ਕੱਟੜ ਸਿੱਖਾਂ ਦੀ ਸਿਆਸਤ ਵੀ ਘੁਸਪੈਠ ਕਰਨ ਦੀ ਕੋਸ਼ਿਸ਼ ਕਰਨ ਲੱਗ ਪਈ ਹੈ। ਕੌਣ ਕਿਸ ਨੂੰ ਦੱਸੇ ਕਿ ਕੱਟੜਤਾ ਕਿਸੇ ਵੀ ਕੌਮ ਦਾ ਆਵਾਮ ਨਹੀਂ ਹੋ ਸਕਦੀ ਅਤੇ ਪ੍ਰਤੀਸ਼ਤ ਦੇ ਹਿਸਾਬ ਨਾਲ ਕੱਟੜਤਾ, ਪੰਜਾਬ ਦੇ ਹਵਾਲੇ ਵਿਚ ਆਪਣੇ ਆਪਣੇ ਭਾਈਚਾਰਿਆਂ ਵਿਚ ਮਸਾਂ ਹੀ 2% ਬਣਦੀ ਹੋਵੇਗੀ। ਇਸ ਹਾਲਤ ਵਿਚ ਇਸ ਪੁਸਤਕ ਬਾਰੇ ਗੱਲ ਕਰਨੀ ਮੇਰੇ ਲਈ ਬਹੁਤ ਦਿਲਚਸਪ ਹੋ ਗਈ ਹੈ ਕਿਉਂਕਿ ਮੈਂ ਆਪਣੇ ਆਪ ਨੂੰ ਲਿਬਰਲ ਸਿੱਖ ਸਮਝਦਾ ਹਾਂ ਅਤੇ ਇਸ ਪੁਸਤਕ ਨੂੰ ਸਿਆਸੀ ਸ਼ਿਕੰਜੇ ਵਿਚ ਕਸਕੇ ਵੇਖਣ ਦੀ ਥਾਂ ਤੇ ਪੰਜਾਬੀ ਸਭਿਆਚਾਰ, ਸਿੱਖ ਸਭਿਆਚਾਰ, ਹਿੰਦੂ ਸਭਿਆਚਾਰ ਅਤੇ ਮੁਸਲਿਮ ਸਭਿਆਚਾਰ ਦੇ ਹਵਾਲੇ ਨਾਲ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸ ਨਾਲ ਤਿੰਨਾਂ ਧਰਮਾਂ ਦੇ ਸਭਿਆਚਾਰਾਂ ਨੂੰ ਪੰਜਾਬ ਦੇ ਹਵਾਲੇ ਨਾਲ ਆਪਣੇ ਆਪਣੇ ਧਰਮ ਨਾਲ ਨਿਭਦਿਆਂ, ਇਕ ਦੂਜੇ ਨਾਲ ਨਿਭਣ ਦੇ ਸਲੀਕੇ ਨੂੰ ਪੰਜਾਬੀ ਸਭਿਆਚਾਰ ਕਹਿ ਰਿਹਾ ਹਾਂ। ਅਜਿਹਾ ਨਹੀਂ ਸਮਝਾਂਗੇ ਤਾਂ ਕਿਸੇ ਨਾ ਕਿਸੇ ਕਿਸਮ ਦੇ ਸਿਆਸੀ ਵਹਿਣ ਵਿਚ ਵਹਿਣ ਦੀ ਸਿਧਾਂਤਕਤਾ ਨਾਲ ਨਿਭਣ ਦੀ ਸਿਆਸਤ ਕਰ ਰਹੇ ਹੋਵਾਂਗੇ ਜਾਂ ਦੋ ਕੌਮਾਂ ਦੇ ਸਿਧਾਂਤ ਦੀ ਸਿਆਸੀ ਪੱਤਰਕਾਰੀ ਕਰ ਰਹੇ ਹੋਵਾਂਗੇ। ਇਹੋ ਜਿਹੀ ਦ੍ਰਿਸ਼ਟੀ ਤੋਂ ਅਖਤਰ ਹੁਸੈਨ ਸੰਧੂ ਵਰਗੇ ਜਾਗੇ ਹੋਏ ਪੰਜਾਬੀ ਦਾਨਸ਼ਵਰ ਦੀ ਇਸ ਪੁਸਤਕ ਨੂੰ ਰਿੜਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਪੁਸਤਕ ਬਾਰੇ ਆਪਣੀ ਗੱਲ ਇਥੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਜਦੋਂ ਸਿਆਸੀ ਵਹਿਣ ਵਿਚ ਵਹਿ ਰਹੇ ਹੋਈਏ ਤਾਂ ਆਪਣਾ ਸਿਧਾਂਤ ਅਤੇ ਦੂਜੇ ਦੇ ਅਮਲ ਨੂੰ ਲੈਕੇ ਮਨਮਰਜ਼ੀ ਦੇ ਨਤੀਜੇ ਕੱਢਣ ਵਾਲੇ ਰਾਹ ਪੈ ਜਣ ਦਾ ਖਤਰਾ ਬਣਿਆ ਰਹਿੰਦਾ ਹੈ। ਪੱਤਰਕਾਰਤਾ ਵਿਚ ਇਹੋ ਜਿਹੀ ਗੱਲ ਏਸ ਕਰਕੇ ਚੱਲ ਜਾਂਦੀ ਹੈ ਕਿਉਂਕਿ ਪੱਤਰਕਾਰਤਾ ਦੇ ਕੇਂਦਰ ਵਿਚ ਵੀ ਮੇਰੇ ਨਜ਼ਦੀਕ ਸਿਆਸਤ ਵਰਗਾ ਹੀ ਗੌਂਅਮੁਖੀ ਵਰਤਾਰਾ ਜਾਂ ਸਿਆਸੀ ਪਹੁੰਚ ਭਾਰੂ ਭਾਰੂ ਰਹਿੰਦੀ ਹੈ। ਇਸੇ ਕਰਕੇ ਸੰਧੂ ਸਾਹਿਬ ਜਦੋਂ ਹਵਾਲਿਆਂ ਦੀ ਚੋਣ ਅਤੇ ਪੇਸ਼ਕਾਰੀ ਨੂੰ ਲੀਗੀ ਸਿਆਸਤ ਦੇ ਹੱਕ ਵਿਚ ਭੁਗਤਾਉਂਦੇ ਹਨ ਤਾਂ ਇਹ ਭੁੱਲ ਰਹੇ ਹੁੰਦੇ ਹਨ ਕਿ ਇਸ ਨੂੰ ਜਦੋਂ ਕਿਸੇ ਹੋਰ ਧਰਮ ਦੀ ਸਿਆਸਤ ਨੂੰ ਜਾਨਣ ਜਾਂ ਮੰਨਣ ਵਾਲਾ ਪੜੇਗਾ ਤਾਂ ਕਿਹੋ ਜਿਹੇ ਨਤੀਜੇ ਕੱਢੇਗਾ? ਮਿਸਾਲ ਦੇ ਤੌਰ 'ਤੇ ਵੰਡੋ ਤੇ ਰਾਜ ਕਰੋ ਦੀ ਸਿਆਸਤ ਹਰ ਰੰਗ ਦੀ ਸਿਆਸਤ ਦਾ ਹਿੱਸਾ ਰਹੀ ਹੈ ਅਤੇ ਰਹਿਣੀ ਵੀ ਹੈ। ਏਸੇ ਕਰਕੇ ਧਰਮ ਦੇ ਨਾਮ ਤੇ ਸਿਆਸਤ ਓਨਾ ਚਿਰ ਹੋ ਹੀ ਨਹੀਂ ਸਕਦੀ, ਜਿਨਾਂ ਚਿਰ ਧਰਮ ਨੂੰ ਸਿਆਸੀ ਸੰਦ ਵਜੋਂ ਵਰਤਣ ਲਈ ਤਿਆਰ ਨਹੀਂ ਹੁੰਦੇ। ਸੰਧੂ ਸਾਹਿਬ ਜਦੋਂ ਇਸ ਆਮ ਸਿਆਸੀ ਪੈਂਤੜੇ ਤੋਂ ਕਲੋਨੀਅਲ ਸਿਆਸਤ ਨੂੰ ਬਰੀ ਕਰਕੇ ਹਿੰਦੂ ਸਿਆਸਤ ਦੀ ਚੂਲ ਗਰਦਾਨਦੇ ਹਨ (34, 134) ਤਾਂ ਤੇਰੀ ਸਿਆਸਤ, ਮੇਰੀ ਸਿਆਸਤ ਅਤੇ ਉਹਦੀ ਸਿਆਸਤ ਦੇ ਚੱਕਰ ਵਿਹੂ ਵਿਚ ਫਸੇ ਹੋਏ ਲੱਗਣ ਲੱਗ ਪੈਂਦੇ ਹਨ। ਪੁਸਤਕ ਕਿਸੇ ਵੀ ਮੁੱਦੇ ਦਾ ਪ੍ਰਸੰਗਕ ਬਿਰਤਾਂਤ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਕੋਈ ਵੀ ਲਿਖਤ ਕਿਸੇ ਪ੍ਰਸੰਗ ਵਿਚ ਹੀ ਸਮਝੀ ਜਾ ਸਕਦੀ ਹੈ। ਇਸ ਪੁਸਤਕ ਦਾ ਪ੍ਰਸੰਗ, ਬੇਸ਼ਕ ਸਿੱਖ-ਮੁਸਲਮਾਨ ਸਿਆਸਤ ਹੈ, ਪਰ ਇਸ ਵਿਚੋਂ ਸਿੱਖ-ਮੁਸਲਮਾਨ ਰਿਸ਼ਤਿਆਂ ਦਾ ਪੰਜਾਬੀਅਤ ਵਾਲਾ ਪੱਖ ਗੁੰਮ ਹੀ ਕਹਿ ਸਕਦੇ ਹਾਂ ਕਿਉਂਕਿ 15ਵੇਂ-16ਵੇਂ ਚੈਪਟਰ ਵਿਚ ਪੰਜਾਬ ਅਤੇ ਪੰਜਾਬੀਅਤ ਦਾ ਚਲਾਵਾਂ ਜਿਹਾ ਜ਼ਿਕਰ ਆ ਤਾਂ ਗਿਆ ਹੈ,




ਪਰ ਉਸ ਨਾਲ ਪਹਿਲਾਂ ਹੋ ਗਈਆਂ ਸਥਾਪਤੀਆਂ ਨੂੰ ਕੋਈ ਫਰਕ ਨਹੀਂ ਪੈਂਦਾ।ਜੇ ਸਿੱਖਾਂ ਨੂੰ ਇਤਿਹਾਸ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਨਿਰਸੰਦੇਹ ਮੁਗ਼ਲ ਜੇਤੂਆਂ ਵਰਗਾ ਵਿਜਈ ਲੱਗਣ ਲੱਗ ਪਵੇਗਾ। ਸਿੱਖ ਨੂੰ ਜੇ ਸਿੱਖੀ ਦੇ ਪ੍ਰਸੰਗ ਵਿਚ ਸਮਝਣਾ ਹੈ ਤਾਂ ਬਾਣੀ ਦੇ ਪ੍ਰਸੰਗ ਵਿਚ ਹੀ ਸਮਝਣਾ ਪਵੇਗਾ। ਇਸ ਪੱਖੋਂ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਦੇ ਬੰਦੇ ਦੀ ਹੈਸੀਅਤ ਵਿਚ ਧਰਮ-ਯੁੱਧ ਨੂੰ ਲੋਕ-ਯੁੱਧ ਵਿਚ ਤਬਦੀਲ ਕਰਦਾ ਹੈ। ਪਰ ਇਸ ਦੀ ਨਿਰੰਤਰਤਾ ਵਿਚ ਪੈਦਾ ਹੋਈਆਂ ਸਿੱਖ-ਮਿਸਲਾਂ, ਮੁਗ਼ਲਾਂ ਦਾ ਸਿਆਸੀ ਬਦਲ ਬਣਨ ਨਾਲ ਸੰਤੁਸ਼ਟ ਹੋ ਜਾਂਦੀਆਂ ਹਨ। ਇਹ ਸਿੱਖ ਸਿਆਸਤ ਤਾਂ ਕਹੀ ਜਾ ਸਕਦੀ ਹੈ ਅਤੇ ਇਸ ਦੀਆਂ ਪ੍ਰਾਪਤੀਆਂ ਨੂੰ ਇਤਿਹਾਸ ਨੇ ਬੇਸ਼ਕ ਸਿੱਖ ਰਾਜ ਵਾਂਗ ਸੰਭਾਲਿਆ ਹੋਇਆ ਵੀ ਹੈ, ਪਰ ਇਸ ਦਾ ਬਾਣੀ ਦੀ ਰੋਸ਼ਨੀ ਵਿਚ ਵਿਸ਼ਲੇਸ਼ਣ ਕਰਨ ਵੱਲ ਧਿਆਨ ਅਜੇ ਜਾਣਾ ਹੈ। ਇਸ ਕਰਕੇ ਸੰਧੂ ਸਾਹਿਬ ਨੂੰ ਜਿਵੇਂ ਮੁਸਲਮ ਸਿਆਸਤ ਇਸਲਾਮ ਲੱਗਦੀ ਹੈ, ਮੈਨੂੰ ਉਸ ਤਰਾਂ ਸਿੱਖ ਸਿਆਸਤ ਸਿੱਖੀ ਨਹੀਂ ਲੱਗਦੀ। ਜਿਹੜੇ ਵੇਲਿਆਂ ਦੀ ਸਿੱਖ ਸਿਆਸਤ ਦੀ ਛਾਣਬੀਣ ਇਸ ਪੁਸਤਕ ਵਿਚ ਹੋਈ ਹੈ, ਉਸ ਵੇਲੇ ਤੱਕ ਤਾਂ ਸਿੱਖਾਂ ਦੀ ਮੁੱਖ ਧਾਰਾ ਬਰਾਸਤਾ ਸਿੰਘ ਸਭਾ ਲਹਿਰ ਜਿਸ ਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋ ਗਈ ਸੀ, ਉਸ ਤਰਾਂ ਸ੍ਰੋਮਣੀ ਅਕਾਲੀ ਦਲ ਸਿੱਖਾਂ ਦਾ ਸਿਆਸੀ ਵਿੰਗ ਹੋ ਜਾਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵਾਂਗ ਸਿੱਖਾਂ ਦੀ ਮੁੱਖ ਧਾਰਾ ਨਹੀਂ ਹੋ ਸਕਿਆ ਸੀ।ਏਸੇ ਕਰਕੇ ਮਾਸਟਰ ਤਾਰਾ ਸਿੰਘ ਵਰਗੇ ਸਿੱਖ ਸਿਆਸਤਦਾਨ ਨੂੰ ਵੀ ਮੁੱਖ ਧਾਰਾ ਨੂੰ ਨਾਲ ਲੈਣ ਵਾਸਤੇ ਇਹ ਕਹਿਣਾ ਪੈਂਦਾ ਸੀ ਕਿ ਜੋ ਪੰਥਕ ਨਹੀਂ ਉਹ ਉਸ ਦੀ ਸਿਆਸਤ ਨਹੀਂ ਹੈ। ਜੇ ਉਨਾਂ ਦੀ ਇਸ ਪਹੁੰਚ ਨੂੰ ਨਹੀਂ ਸਮਝਾਂਗੇ ਤਾਂ ਸਿਆਸੀ ਭੇੜ ਵਿਚ ਮਾਸਟਰ ਤਾਰਾ ਸਿੰਘ ਦੀ ਭੂਮਿਕਾ ਦਾ ਪ੍ਰਸੰਗਕ ਉਸਾਰ ਨਹੀਂ ਕਰ ਸਕਾਂਗੇ।ਇਹ ਘਾਟ ਇਸ ਪੁਸਤਕ ਨੂੰ ਪੜਦਿਆਂ ਨਜ਼ਰ ਆ ਜਾਂਦੀ ਹੈ।

ਇਸ ਪੁਸਤਕ ਵਿਚ ਪਾਕਿਸਤਾਨ ਦੇ ਚਿਤਵਨ ਤੋਂ ਲੈਕੇ ਬਣ ਜਾਣ ਬਾਰੇ ਜੋ ਕੁਝ ਵੀ ਲਿਖਿਆ ਗਿਆ ਹੈ, ਉਸ ਦੀ ਦਿੱਤੇ ਗਏ ਹਵਾਲਿਆਂ ਰਾਹੀਂ ਨਿਸ਼ਾਦੇਹੀ ਬੇਸ਼ੱਕ ਹੋ ਗਈ ਹੈ, ਪਰ ਲੀਗੀ ਸਿਆਸਤ ਦੇ ਲੜ ਲੱਗਕੇ ਪੰਜਾਬ ਦੀ ਸਿਆਸਤ ਦਾ ਲੇਖਾ ਜੋਖਾ ਉਸ ਤਰਾਂ ਇਸ ਪੁਸਤਕ ਦਾ ਹਿੱਸਾ ਨਹੀਂ ਹੈ, ਜਿਸ ਤਰਾਂ ਕੌਮੀ ਪ੍ਰਸੰਗ ਵਿਚ ਲੀਗੀ ਸਿਆਸਤ ਦਾ ਹੈ।ਜੇ ਇਹ ਨਹੀਂ ਹੈ ਤਾਂ ਫਿਰ ਸਿੱਖਾਂ ਦੀ ਸੂਬਾਈ ਸਿਆਸਤ ਨੂੰ ਮੁਸਲਮਾਨਾਂ ਦੀ ਕੌਮੀ ਸਿਆਸਤ ਦੇ ਹਵਾਲੇ ਨਾਲ ਕਿਵੇਂ ਸਮਝਿਆ ਜਾ ਸਕਦਾ ਹੈ? ਫਿਰ ਵੀ ਇਸ ਪੁਸਤਕ ਰਾਹੀਂ ਹੋ ਗਈ ਮਿਹਨਤ ਲਈ ਸੰਧੂ ਸਾਹਿਬ ਇਸ ਲਈ ਵਧਾਈ ਦੇ ਪਾਤਰ ਹਨ ਕਿਉਂਕਿ ਹਵਾਲਿਆਂ ਦੇ ਹੜ ਵਿਚੋਂ ਵੀ ਉਹ ਚੰਗੇ ਤਾਰੂ ਵਾਂਗ ਬਚੇ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਉਨਾਂ ਨਾਲ ਅਸਹਿਮਤ ਤਾਂ ਹੋਇਆ ਜਾ ਸਕਦਾ ਹੈ ਪਰ ਉਨਾਂ ਦੀ ਦਿਆਨਤਦਾਰੀ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਪਾਕਿਸਤਾਨ ਦੀ ਮੋਹੜੀ ਗੱਡਣ ਵਾਲਾ ਬੇਸ਼ਕ ਕਾਇਦੇ ਆਜ਼ਮ ਹੀ ਸੀ ਅਤੇ ਇਸ ਨੂੰ ਅੰਜਾਮ ਤੱਕ ਲੈਕੇ ਵੀ ਉਹੀ ਗਿਆ ਸੀ ਕਿਉਂਕਿ ਉਹੀ ਜਾ ਸਕਦਾ ਸੀ। ਇਸ ਦੀ ਹਮਾਇਤ ਸਿੱਖਾਂ ਨੇ ਕਦੇ ਵੀ ਨਹੀਂ ਕੀਤੀ ਕਿਉਂਕਿ ਸਿੱਖ ਸਿਆਸਤਦਾਨਾਂ ਨੂੰ ਇਹ ਸਮਝ ਸੀ ਕਿ ਪਾਕਿਸਤਾਨ ਬਣ ਜਾਣ ਦੀ ਕੀਮਤ ਸਾਰਿਆਂ ਨਾਲੋਂ ਵੱਧ ਸਿੱਖਾਂ ਅਤੇ ਪੰਜਾਬੀਆਂ ਨੂੰ ਹੀ ਦੇਣੀ ਪੈਣੀ ਸੀ। ਇਸ ਦੇ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਏਥੇ ਨਹੀਂ ਹੈ। ਇਹੋ ਜਿਹੀ ਸਥਿਤੀ ਵਿਚ ਜਿਹੋ ਜਿਹੀ ਸਿਆਸਤ ਸਿੱਖਾਂ ਨੂੰ ਕਰਨੀ ਪਈ ਸੀ, ਉਹ ਸਿੱਖਾਂ ਦੀ ਆਪਣੀ ਸਹੇੜ ਘੱਟ ਅਤੇ ਦੂਜਿਆਂ ਵੱਲੋਂ ਗਲ ਪਾਈ ਗਈ ਸਿਆਸਤ ਵੱਧ ਸੀ।ਵੈਸੇ ਵੀ ਸਿੱਖ-ਸਿਆਸਤ ਦਾ ਆਰੰਭ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ 1708 ਤੋਂ ਹੀ ਹੋਇਆ ਕਹਿਣਾ ਚਾਹੀਦਾ ਹੈ ਕਿਉਂਕਿ ਗੁਰੂ ਕਾਲ ਵਿਚ ਤਾਂ ਸਿੱਖ-ਸਿਆਸਤ ਵਰਗਾ ਕੁਝ ਵੀ ਨਹੀਂ ਸੀ। ਗੁਰੂ ਕਾਲ ਵਿਚ ਸਿੱਖ ਭਾਈਚਾਰਾ ਡਰਨ ਅਤੇ ਡਰਾਉਣ ਦੀ ਸਿਆਸਤ ਤੋਂ ਨਾਬਰ ਹੋ ਕੇ ਆਤਮ ਸੁਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਬਰ ਤਿਆਰ ਭਾਈਚਾਰਾ ਹੋ ਗਿਆ ਸੀ। ਇਹੋ ਜਿਹੀ ਨਾਬਰੀ ਨੂੰ ਹਕੂਮਤਾਂ ਬਰਦਾਸ਼ਤ ਨਹੀਂ ਕਰਦੀਆਂ ਅਤੇ ਇਸੇ ਦੀ ਕੀਮਤ ਪਹਿਲਾਂ ਗੁਰੂ ਸਾਹਿਬਾਨ ਦੀ ਸ਼ਹੀਦੀ ਨਾਲ ਸ਼ੁਰੂ ਹੋ ਕੇ ਗੁਰੂ ਦੇ ਸਿੱਖਾਂ ਦੀਆਂ ਸ਼ਹੀਦੀਆਂ ਦਾ ਇਤਿਹਾਸ ਸਿਰਜਦੀ ਰਹੀ ਸੀ। ਲੜਾਈਆਂ ਤਾਂ ਗੁਰੂ ਸਾਹਿਬਾਨ ਨੂੰ ਵੀ ਲੜਣੀਆਂ ਪਈਆਂ ਸਨ ਅਤੇ ਇਹੀ ਸਿਆਸਤ ਮੁਕਤ ਲੜਾਈਆਂ ਆਮ ਕਰਕੇ ਲੋਕ ਲਹਿਰ ਅਤੇ ਖਾਸ ਕਰਕੇ ਸਿੱਖ ਲਹਿਰ ਦਾ ਹਿੱਸਾ ਹੋ ਗਈਆਂ ਸਨ। ਇਸ ਨੂੰ ਮੁਸਲਮਾਨ-ਸਿੱਖ ਸਿਆਸਤ ਵਾਂਗ ਤਾਂ ਬਾਬਾ ਬੰਦਾ ਸਿੰਘ ਵੇਲੇ ਵੀ ਨਹੀਂ ਵੇਖਿਆ ਜਾ ਰਿਹਾ ਸੀ। ਏਸੇ ਦੀ ਨਿਰੰਤਰਤਾ ਵਿਚ ਸਿੱਖ-ਸਿਆਸਤ, ਮਿਸਲਦਾਰੀਆਂ ਵਜੋਂ ਉਸਰਦੀ ਰਹੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਰਾਜ (1799-1849) ਵਜੋਂ ਸਥਾਪਤ ਹੋ ਗਈ ਸੀ। ਮਾਰਧਾੜ ਅਤੇ ਖੋਹਾਖਿੰਝੀ ਦੀ ਇਸ ਸਿਆਸਤ ਵਿਚ ਵੀ ਆਮ ਮੁਸਲਮਾਨ ਨੂੰ ਮੁਸਲਮਾਨ ਵਜੋਂ ਨਿਸ਼ਾਨਾ ਨਹੀਂ ਬਨਾਇਆ ਗਿਆ ਸੀ। ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜਾ ਹੋ ਜਾਣ ਤੱਕ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ ਮੁਸਲਮਾਨ-ਸਿੱਖ ਸਿਆਸਤ ਵਰਗੀ ਬਲਾ ਪੰਜਾਬ ਦੇ ਗਲ ਨਹੀਂ ਪਈ ਸੀ ਅਤੇ ਪੰਜਾਬੀਅਤ ਨਾਲ ਸਿੱਖ, ਮੁਸਲਮਾਨ ਅਤੇ ਹਿੰਦੂ ਇਕੱਠੇ ਨਿਭ ਰਹੇ ਰਹੇ ਸਨ। ਅੰਗਰੇਜ਼ਾਂ ਦੀ ਪਰਜਾ ਹੋ ਗਿਆ ਪੰਜਾਬ ਆਪਣੇ ਆਪਣੇ ਧਰਮਾਂ ਨਾਲ ਨਿਭਦਾ ਹੋਇਆ ਜਿਸ ਤਰਾਂ ਦੇ ਧਾਰਮਿਕ ਸਹਿਚਾਰ ਵਿਚ ਪੰਜਾਬੀਅਤ ਦੀ ਕਿੱਲੀ ਦੁਆਲੇ ਘੁੰਮ ਰਿਹਾ ਸੀ, ਉਸ ਵਿਚ ਪਹਿਲੀ ਚੁਆਤੀ ਈਸਾਈਅਤ ਦੀ ਧਰਮ ਪਰਿਵਰਤਨ ਦੀ ਸਿਆਸਤ ਨੇ ਲਾਈ ਸੀ। ਧਰਮ ਪਰਿਵਰਤਨ ਤਾਂ ਇਸਲਾਮੀ ਸਿਆਸਤ ਦਾ ਵੀ ਹਿੱਸਾ ਰਿਹਾ ਸੀ, ਪਰ ਧਰਮ ਪਰਿਵਰਤਨ ਨੂੰ ਲੈ ਕੇ ਜਿਹੋ ਜਿਹਾ ਖਲਲ ਈਸਾਈਅਤ ਦੇ ਪੈਰੋਂ ਪੰਜਾਬ ਵਿਚ ਪਿਆ ਸੀ, ਉਹ ਇਸਲਾਮ ਦੀ ਧਰਮ ਪਰਿਵਰਤਨ ਦੀ ਸਿਆਸਤ ਨਾਲ ਨਹੀਂ ਪਿਆ ਸੀ। ਲੇਖਕ ਨੇ ਏਸੇ ਨੂੰ ਇਸ ਤਰਾਂ ਦੱਸਿਆ ਹੋਇਆ ਹੈ ਕਿ ਇਸ ਦਾ ਕਾਰਨ ਇਹ ਸੀ ਕਿ ਇਸਲਾਮ ਵਿਚ ਖਾਦੇ ਪੀਂਦੇ ਪੰਜਾਬੀ ਗਏ ਸਨ ਅਤੇ ਉਹ ਧਰਮ ਬਦਲ ਕੇ ਵੀ ਪੰਜਾਬੀ ਹੀ ਰਹੇ ਸਨ।

ਪਰ ਈਸਾਈਅਤ ਵਿਚ ਭੁੱਖੇ ਨੰਗੇ ਪੰਜਾਬੀ ਗਏ ਸਨ ਅਤੇ ਜਿਵੇਂ ਉਹ ਈਸਾਈ ਹੋ ਜਾਣ ਤੋਂ ਪਹਿਲਾਂ ਪੰਜਾਬੀਅਤ ਨਾਲ ਜੁੜੇ ਹੋਏ ਸਨ, ਉਹ ਵੀ ਛੱਡ ਬੈਠੇ ਸਨ। ਜਦੋਂ ਮੈਂ ਕਿਤਾਬ ਵਿਚੋਂ ਇਸ ਪ੍ਰਸੰਗ ਵਿਚ 'ਕੰਮੀ' ਸ਼ਬਦ ਵਰਤਿਆ ਹੋਇਆ ਪੜਿਆ ਤਾਂ ਮੈਨੂੰ ਲੱਗਿਆ ਕਿ ਧਰਮ ਹੀ ਹੈ, ਜਿਥੇ ਕੰਮੀ ਅਤੇ ਸਰਦਾਰ ਇਕੱਠੇ ਵਿਚਰ ਸਕਦੇ ਹਨ। ਇਸ ਦ੍ਰਿਸ਼ਟੀ ਤੋਂ ਪੰਜਾਬੀਆਂ ਵਿਚ ਕਮਜ਼ੋਰੀਆਂ ਅਤੇ ਵਿਤਕਰਿਆਂ ਨੂੰ ਢਕਣ ਵਾਸਤੇ ਧਰਮ ਨੂੰ ਸਿਆਸੀ ਜੁਗਾੜ ਵਾਂਗ ਵੀ ਵਰਤਿਆ ਜਾਂਦਾ ਰਿਹਾ ਹੈ।ਏਥੇ ਜਾਕੇ ਮੈਨੂੰ ਤੇ ਸੰਧੂ ਨੂੰ ਸਿੱਖ ਤੇ ਮੁਸਲਮਾਨ ਸਿਆਸਤ ਵੱਖਰੀ ਵੱਖਰੀ ਲੱਗਣ ਲੱਗ ਸਕਦੀ ਹੈ। ਜਿਹੜੇ ਵੇਲਿਆਂ ਦੀ ਇਸ ਪੁਸਤਕ ਵਿਚ ਗੱਲ ਕੀਤੀ ਜਾ ਰਹੀ ਹੈ, ਉਸ ਵੇਲੇ ਤਾਂ ਸਿਆਸੀ ਦ੍ਰਿਸ਼ਟੀ ਤੋਂ ਦੋ ਹੀ ਧਿਰਾਂ ਸਨ- ਅੰਗਰੇਜ਼ ਅਤੇ ਭਾਰਤੀ। ਮੁੱਦਾ ਦੋਹਾਂ ਲਈ ਆਜ਼ਾਦੀ ਨਾਲ ਜੁੜਿਆ ਹੋਇਆ ਸੀ। ਜਦੋਂ ਅਜ਼ਾਦੀ ਆਉਂਦੀ ਦਿੱਸਣ ਲੱਗ ਪਈ ਤਾਂ ਸਾਰਿਆਂ ਨੂੰ ਦੇਸ਼ ਦੀ ਅਜ਼ਾਦੀ ਦੀ ਥਾਂ ਤੇ ਆਪਣੇ ਆਪਣੇ ਧਰਮਾਂ ਅਤੇ ਭਾਈਚਾਰਿਆਂ ਦੀ ਅਜ਼ਾਦੀ ਦਾ ਫਿਕਰ ਪੈ ਗਿਆ ਸੀ। ਇਸ ਖੋਹਾਖਿੰਝੀ ਵਿਚੋਂ ਨਿਕਲੀ ਇਹ ਪੁਸਤਕ ਮੈਨੂੰ ਪੰਜਾਬੀਆਂ ਦੀ ਸਿਆਸਤ ਦੀ ਸਾਂਝੀ ਹੋਣੀ ਦਾ ਲੇਖਾਜੋਖਾ ਲੱਗਦੀ ਹੈ। ਇਸ ਪੁਸਤਕ ਵਿਚ ਆਏ ਹਵਾਲਿਆਂ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਟੋਟੇ ਟੋਟੇ ਹੋ ਗਈ ਪੰਜਾਬੀ ਸਿਆਸਤ ਦੇ ਖੋਜੀਆਂ ਵਾਸਤੇ ਇਹ ਪੁਸਤਕ ਪੰਜਾਬੀਆਂ ਦੀ ਸਿਆਸਤ ਦਾ ਸਮਕਾਲੀ ਪ੍ਰਸੰਗ ਉਸਾਰਨ ਵਾਸਤੇ ਬਹੁਤ ਕੰਮ ਆ ਸਕਦੀ ਹੈ।

# 1984-37 ਸਾਲਾਂ ਬਾਅਦ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

ਟਾਈਮ ਮੈਗਜ਼ੀਨ ਨੇ ਛਾਪਿਆ, 'ਭਾਰਤ ਵਿਚ 1984 ਵਿਚ ਕੁੱਝ ਦਿਨਾਂ ਵਿਚ ਏਨੇ ਸਿੱਖ ਮਾਰੇ ਗਏ ਸਨ ਜਿੰਨੇ ਚਿੱਲੀ ਵਿਚ 17 ਸਾਲ ਦੇ ਜਨਰਲ ਅਗਸਤੋ ਦੇ ਮਿਲਟਰੀ ਰਾਜ ਵਿਚ ਉੱਥੋਂ ਦੇ ਲੋਕ ਮਾਰੇ ਗਏ ਸਨ। ਫ਼ਰਕ ਸਿਰਫ਼ ਏਨਾ ਸੀ ਕਿ ਚਿੱਲੀ ਵਿਚ 1973 ਤੋਂ 1990 ਤੱਕ ਇਹ ਮੌਤਾਂ ਹੋਈਆਂ ਸਨ ਜਦ ਕਿ ਭਾਰਤ ਵਿਚ 5000 ਤੋਂ ਵੱਧ ਸਿੱਖ, ਯਾਨੀ ਹਰ ਮਿੰਟ ਵਿਚ ਇੱਕ ਸਿੱਖ ਦੇ ਹਿਸਾਬ ਨਾਲ ਸਾੜ ਕੇ, ਵੱਢ ਟੁੱਕ ਕੇ, ਨਾਲੀਆਂ ਅਤੇ ਸੜਕਾਂ ਉੱਤੇ ਕੁੱਤਿਆਂ ਵੱਲੋਂ ਪਾੜੇ ਜਾਣ ਲਈ ਲਾਸ਼ਾਂ ਬਣਾ ਕੇ ਸੁੱਟ ਦਿੱਤੇ ਗਏ ਸਨ।

ਨਸਲਕੁਸ਼ੀ, ਬੁਰਛਾਗਰਦੀ, ਦਰਿੰਦਗੀ ਦੇ ਨਾਚ ਸਿਰਫ਼ ਭਾਰਤ ਵਿਚ ਹੀ ਨਹੀਂ, ਅਰਜਨਟੀਨਾ, ਰਵਾਂਡਾ, ਸਾਊਥ ਅਫਰੀਕਾ ਤੇ ਚਿੱਲੀ ਵਿਚ ਵੀ ਹੋਏ ਹਨ।

ਫ਼ਰਕ ਸਿਰਫ਼ ਏਨਾ ਹੈ ਕਿ ਉਨ੍ਹਾਂ ਥਾਵਾਂ ਉੱਤੇ ਕੀਤੀ ਦਰਿੰਦਗੀ ਨੂੰ ਭਿਆਨਕ ਮੰਨ ਲਿਆ ਗਿਆ, ਪਰ ਭਾਰਤ ਵਿਚ ਹੋਈ ਹਿੰਸਾ ਨੂੰ ਤਿੰਨ ਦਹਾਕਿਆਂ ਤੋਂ ਵੱਧ ਲੰਘ ਜਾਣ ਉੱਤੇ ਵੀ ਹਾਲੇ ਤੱਕ 'ਦੰਗੇ' ਦਾ ਨਾਂ ਨਹੀਂ ਦਿੱਤਾ ਜਾ ਰਿਹਾ। ਨਿਰੋਲ ਨਸਲਕੁਸ਼ੀ ਕਰਨ ਦੇ ਸਰਕਾਰੀ ਹੁਕਮਾਂ ਨੂੰ ਜਾਇਜ਼ ਠਹਿਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦਿਆਂ ਹਾਲੇ ਤੱਕ ਉਸ ਸਮੇਂ ਦੇ ਕੁਰਸੀ ਧਾਰੀ ਤੇ ਹਿੰਸਕ ਭੀੜ ਦੀ ਅਗਵਾਈ ਕਰਨ ਵਾਲਿਆਂ ਨੂੰ ਖੁੱਲ੍ਹੀ ਛੁੱਟ ਦਿੱਤੀ ਹੋਈ ਹੈ!

ਇਨ੍ਹਾਂ ਜ਼ਖ਼ਮਾਂ ਨੂੰ ਸਿਰਫ਼ ਉਦੋਂ ਹੀ ਕੁਰੇਦਿਆ ਜਾਂਦਾ ਹੈ ਜਦੋਂ ਸਿਆਸੀ ਲੋਕਾਂ ਦੀ ਪਾਰੀ ਖੇਡਣ ਦਾ ਸਮਾਂ ਆਉਂਦਾ ਹੈ।

ਇਹ ਸਾਰਾ ਮਸਲਾ ਆਖ਼ਰ ਸ਼ੁਰੂ ਕਿੱਥੋਂ ਹੋਇਆ ਤੇ ਕੌਣ ਸੂਤਰਧਾਰ ਸੀ, ਸਭ ਜਾਣਦੇ ਹਨ। ਇਸ ਸਾਰੇ ਵਰਤਾਰੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਢਾਹੁਣਾ ਸਿੱਖ ਕੌਮ ਦੇ ਮਨਾਂ ਅੰਦਰ ਬਹੁਤ ਡੂੰਘੀ ਸੱਟ ਮਾਰ ਗਿਆ।

ਸਮਝਣ ਦੀ ਕੋਸ਼ਿਸ਼ ਕਰੀਏ ਕਿ ਧਰਮ ਮਨੁੱਖੀ ਜੀਵਨ ਉੱਤੇ ਕੀ ਪ੍ਰਭਾਵ ਪਾਉਂਦਾ ਹੈ? ਮੰਨੀ ਪ੍ਰਮੰਨੀ ਗੱਲ ਹੈ ਕਿ ਧਰਮ ਅਫ਼ੀਮ ਵਾਂਗ ਦਿਮਾਗ਼ ਦੇ ਸੋਚਣ ਸਮਝਣ ਦੇ ਸੈਂਟਰ ਨੂੰ ਜੱਫਾ ਮਾਰ ਲੈਂਦਾ ਹੈ। ਇਹੀ ਕਾਰਨ ਹੈ ਕਿ ਬਹੁਗਿਣਤੀ ਲੋਕ ਧਰਮ ਦੇ ਪ੍ਰਭਾਵ ਹੇਠ ਦੂਜੇ ਧਰਮ ਦੇ ਲੋਕਾਂ ਪ੍ਰਤੀ ਮਨਾਂ ਵਿਚ ਪਾੜ ਬਣਾ ਲੈਂਦੇ ਹਨ। ਇਹ ਪਾੜ ਹੇਠਲੀ ਪੱਧਰ ਉੱਤੇ ਰੋਜ਼ਮਰਾ ਦੇ ਕੰਮ ਕਾਰ ਕਰਦਿਆਂ ਸਾਹਮਣੇ ਨਹੀਂ ਆਉਂਦਾ। ਮਿਸਾਲ ਵਜੋਂ ਦੁੱਧ ਲੈਣ ਵਾਲਾ, ਜੁੱਤੀ ਗੰਢਣ ਵਾਲਾ, ਸਬਜ਼ੀ ਵੇਚਣ ਵਾਲਾ ਆਦਿ।

ਜਦੋਂ ਕਿਸੇ ਧਰਮ ਦਾ ਮੋਢੀ ਇਸ਼ਾਰਾ ਕਰਦਾ ਹੈ ਜਾਂ ਉਕਸਾਉਂਦਾ ਹੈ ਤਾਂ ਉੱਪਰੋਂ ਹੇਠਾਂ ਤੱਕ ਹਰ ਜਣਾ ਧਾਰਮਿਕ ਦੰਗਿਆਂ ਉੱਤੇ ਉਤਾਰੂ ਹੋ ਜਾਂਦਾ ਹੈ। ਉਦੋਂ ਉਹੀ ਦੁੱਧ ਵਾਲਾ ਜਾਂ ਉਹੀ ਜੁੱਤੀਆਂ ਗੰਢਣ ਵਾਲਾ ਸਭ ਤੋਂ ਵੱਡਾ ਵੈਰੀ ਬਣ ਕੇ ਉਭਰ ਆਉਂਦਾ ਹੈ ਤੇ ਸੌਖਾ ਸ਼ਿਕਾਰ ਬਣ ਜਾਂਦਾ ਹੈ।

ਧਿਆਨ ਕਰੀਏ ਇੰਗਲੈਂਡ ਦੀ ਪੁਲਿਸ ਦੇ ਅੰਕੜਿਆਂ ਵੱਲ, ਜਿਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੰਨ 2016-17 ਤੋਂ ਸੰਨ 2017-18 ਵਿਚ ਧਰਮ ਆਧਾਰਿਤ ਨਫ਼ਰਤ ਸਦਕਾ ਜੁਰਮ ਵਿਚ 40 ਫੀਸਦੀ ਵਾਧਾ ਰਿਕਾਰਡ ਕੀਤਾ ਗਿਆ। ਜਿੰਨੇ ਵੀ ਧਰਮ ਆਧਾਰਿਤ ਜੁਰਮ ਹੋਏ, ਉਨ੍ਹਾਂ ਵਿੱਚੋਂ 52 ਫੀਸਦੀ ਮੁਸਲਮਾਨਾਂ ਵਿਰੁੱਧ ਹੋਏ। ਕਾਰਨ, ਈਸਾਈ ਧਰਮ ਦੇ ਲੋਕਾਂ ਨੂੰ ਇਹ ਸਮਝਾਇਆ ਗਿਆ ਕਿ ਹਰ ਮੁਸਲਮਾਨ ਏਥੇ ਉਨ੍ਹਾਂ ਦੀ ਨੌਕਰੀ, ਕਾਰੋਬਾਰ, ਘਰ ਬਾਰ ਨੂੰ ਹਥਿਆਉਣ ਤੇ ਉਨ੍ਹਾਂ ਦੀਆਂ ਧੀਆਂ ਨੂੰ ਵਰਗਲਾਉਣ ਲਈ ਹੀ ਡਟਿਆ ਹੋਇਆ ਹੈ।

ਕੁੱਝ ਗਿਣੇ ਚੁਣੇ ਲੋਕਾਂ ਵੱਲੋਂ ਕੀਤੇ ਜੁਰਮਾਂ ਨੂੰ ਵਾਰ-ਵਾਰ ਉਭਾਰਿਆ ਗਿਆ ਤਾਂ ਜੋ ਲੋਕ ਵੱਡੀ ਪੱਧਰ ਉੱਤੇ ਭੜਕ ਜਾਣ ਤੇ ਹਰ ਮੁਸਲਮਾਨ ਵਿਰੁੱਧ ਮਨ ਵਿਚ ਜ਼ਹਿਰ ਭਰ ਲੈਣ। ਚੁਫ਼ੇਰਿਓਂ ਇਸ ਤਰਾਂ ਦੀ ਨਫ਼ਰਤ ਭਰੀ ਭਾਵਨਾ ਨਾਲ ਵੱਡੀ ਪੱਧਰ ਉੱਤੇ ਮੁਸਲਮਾਨ ਵੀ ਆਹਤ ਹੋਣੇ ਸਨ। ਨਤੀਜਾ, ਦਿਨੋਂ ਦਿਨ ਵਧਦੀ ਮਾਰ ਧਾੜ ਤੇ ਲੁੱਟ ਖਸੁੱਟ।

ਕੁੱਝ ਇਹੋ ਜਿਹਾ ਹੀ ਸਿੱਖੀ ਸੋਚ ਨਾਲ ਜੁੜੇ ਲੋਕਾਂ ਨਾਲ ਵਾਪਰਿਆ। ਇਤਿਹਾਸ ਵਿਚ ਝਾਤ ਮਾਰਿਆਂ ਸਮਝ ਆ ਜਾਂਦੀ ਹੈ ਕਿ ਸਿੱਖਾਂ ਦੀ ਬਹਾਦਰੀ ਅਤੇ ਸੇਵਾ ਭਾਵਨਾ ਸਦਕਾ ਲੋਕਾਂ ਵਿਚ ਬਣਦੀ ਚੰਗੀ ਸਾਖ ਨੂੰ ਢਾਹ ਲਾਉਣ ਲਈ ਹਰ ਸਦੀ ਦੇ ਹੁਕਮਰਾਨਾਂ ਵੱਲੋਂ ਸਿੱਖਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ।

ਕਿਸੇ ਵੀ ਧਰਮ ਜਾਂ ਮਤ ਨੂੰ ਮੰਨਣ ਵਾਲਿਆਂ ਨੂੰ ਸਭ ਤੋਂ ਡੂੰਘੀ ਮਾਰ ਦੋ ਤਰਾਂ ਹੀ ਵੱਜਦੀ ਹੈ :-

-ਧਾਰਮਿਕ ਥਾਵਾਂ ਦੀ ਬੇਅਦਬੀ ਜਾਂ ਉਨ੍ਹਾਂ ਦਾ ਢਾਹੁਣਾ

-ਉਸ ਧਰਮ ਦੀਆਂ ਔਰਤਾਂ ਦੀ ਬੇਪਤੀ

ਮਿਸਾਲ ਵਜੋਂ, ਕੋਈ ਮੱਕੇ ਮਦੀਨੇ ਉੱਤੇ ਹੱਲਾ ਬੋਲੇ ਤਾਂ ਦੁਨੀਆ ਭਰ ਦੇ 99 ਫੀਸਦੀ ਮੁਸਲਮਾਨ ਵੱਧ ਜਾਂ ਘੱਟ ਪੀੜਤ ਜ਼ਰੂਰ ਮਹਿਸੂਸ ਕਰਨਗੇ। ਇਹੋ ਕੁੱਝ ਮੰਦਰ, ਮਸਜਿਦ, ਗੁਰਦੁਆਰਾ, ਈਦਗਾਹ, ਗਿਰਜਾਘਰ ਨਾਲ ਵਾਪਰਦਾ ਹੈ।

ਇਹੋ ਜਿਹੇ ਧਾਰਮਿਕ ਦੰਗੇ ਸਿਰਫ਼ ਅਤੇ ਸਿਰਫ਼ ਹੁਕਮਰਾਨਾਂ ਵੱਲੋਂ ਰਚੀ ਸਾਜ਼ਿਸ਼ ਹੁੰਦੀ ਹੈ ਤਾਂ ਜੋ ਲੋਕਾਂ ਨੂੰ ਕਿਸੇ ਆਹਰੇ ਲਾ ਕੇ ਆਪ ਸੁਰਖ਼ਰੂ ਹੋ ਕੇ ਰਾਜ ਪਾਟ ਸਾਂਭੀ ਰੱਖਣ। ਅਜਿਹੇ ਧਾਰਮਿਕ ਦੰਗਿਆਂ ਵਿਚ ਹਮੇਸ਼ਾ ਹੁਕਮਰਾਨਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ ਨੂੰ ਹੀ ਫ਼ਾਇਦਾ ਮਿਲਦਾ ਰਿਹਾ ਹੈ। ਦੰਗੇ ਸ਼ੁਰੂ ਕਰਵਾਉਣ ਵਾਲਿਆਂ ਨੂੰ ਹਮੇਸ਼ਾ ਉੱਚੀ ਪਦਵੀ ਦੇ ਕੇ, ਵੱਡਾ ਇਨਾਮ ਦੇ ਕੇ ਜਾਂ ਉਨ੍ਹਾਂ ਦੇ ਪੁੱਤਰਾਂ ਧੀਆ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ।

ਸਿੱਖਾਂ ਵੱਲੋਂ ਕਿੰਨੀ ਹੀ ਸਮਾਜ ਸੇਵਾ ਕੀਤੀ ਜਾਂਦੀ ਰਹੀ ਹੋਵੇ ਜਾਂ ਆਪਣੀ ਮਿਹਨਤ ਨਾਲ ਆਪਣਾ ਰੁਤਬਾ ਜਾਂ ਕਾਰੋਬਾਰ ਹਾਸਲ ਕੀਤਾ ਹੋਵੇ, ਵਿਸ਼ਵ ਭਰ ਵਿਚ ਵੱਖੋ ਵੱਖਰੇ ਮੁਲਕਾਂ ਵਿਚ ਉਨ੍ਹਾਂ ਵਿਰੁੱਧ ਨਸਲੀ ਹਿੰਸਾ ਜਾਰੀ ਹੈ। ਬਿਲਕੁਲ ਏਸੇ ਤਰਾਂ ਧਰਮ ਨੂੰ ਆਧਾਰ ਬਣਾ ਕੇ, ਸਿੱਖਾਂ ਨੂੰ 'ਅੱਤਵਾਦੀ' ਦਾ ਦਰਜਾ ਦੇ ਕੇ ਭਾਰਤ ਅੰਦਰ ਵੀ ਇੱਕਲੇ ਇੱਕਲੇ ਸਿੱਖ ਨੂੰ ਫੜ ਕੇ ਮਾਰਨਾ ਕੁੱਟਣਾ ਲਗਾਤਾਰ ਜਾਰੀ ਹੈ।

ਜੇ ਗੱਲ ਕਰੀਏ ਸੰਨ 1984 ਦੀ, ਤਾਂ ਉਸ ਸਮੇਂ ਬੇਦੋਸ਼ੇ ਮੁੱਛ ਫੁੱਟ ਦਸਤਾਰਧਾਰੀ ਗਭਰੂਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਅਣਪਛਾਤੀਆਂ ਲਾਸ਼ਾਂ ਬਣਾ ਦਿੱਤਾ ਗਿਆ। ਕੂੜੇ ਦੇ ਭਰੇ ਟਰੱਕਾਂ ਵਿਚ ਅਧਮੋਇਆਂ ਨੂੰ ਲੱਦ ਕੇ ਇਕੱਠੇ ਇੱਕੋ ਥਾਂ ਢੇਰ ਲਾ ਕੇ ਅੱਗ ਦੇ ਹਵਾਲੇ ਕਰ ਦਿੱਤਾ ਗਿਆ।

ਸਵਾਲ ਵੱਡਾ ਇਹ ਉੱਠਦਾ ਹੈ ਕਿ ਬੇਦੋਸ਼ਿਆਂ ਉੱਤੇ ਜ਼ੁਲਮ ਕਿਉਂ ਢਾਹਿਆ ਗਿਆ? ਕੀ ਉਹ ਮਾਵਾਂ, ਧੀਆਂ, ਭੈਣਾਂ, ਜਿਨ੍ਹਾਂ ਦੇ ਘਰ ਵਿੱਚੋਂ ਇੱਕ ਬੇਦੋਸ਼ਾ ਲਾਲ ਮਾਰ ਮੁਕਾਇਆ ਗਿਆ ਹੋਵੇ, ਕਦੇ ਵੀ ਆਪਣੇ ਜ਼ਖ਼ਮ ਭਰ ਸਕਦੀਆਂ ਹਨ? ਇਹ ਪੀੜ ਪੁਸ਼ਤ-ਦਰ-ਪੁਸ਼ਤ ਚੱਲਦੀ ਹੈ। ਉਸ ਤੋਂ ਵੀ ਉੱਤੇ, ਉਨ੍ਹਾਂ ਮਾਵਾਂ ਧੀਆਂ ਭੈਣਾਂ ਦੀਆਂ ਅੱਖਾਂ ਸਾਹਮਣੇ ਟਾਇਰ ਪਾ ਕੇ ਸਿਰਾਂ ਦੇ ਸਾਈਂ ਜਾਂ ਪੁੱਤਰ, ਪਿਤਾ ਸਾੜ ਕੇ ਕੁੱਤਿਆਂ ਅੱਗੇ ਚੂੰਢੇ ਜਾਣ ਲਈ ਸੁੱਟ ਦਿੱਤੇ ਜਾਣ ਅਤੇ ਘਰ ਵਿਚਲੀ ਹਰ ਔਰਤ ਨੂੰ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਬਣਾਇਆ ਜਾਵੇ, ਤਾਂ ਕੀ ਇਹ ਦੰਗੇ ਕਦੇ ਭੁਲਾਏ ਜਾ ਸਕਦੇ ਹਨ?

ਜੇ ਇਸ ਤੋਂ ਵੀ ਹੋਰ ਉੱਚਾ ਕਦਮ ਚੁੱਕਿਆ ਗਿਆ ਹੋਵੇ ਕਿ ਇੱਕ ਧਰਮ ਨਾਲ ਜੁੜਿਆਂ ਦੀ ਨਸਲਕੁਸ਼ੀ ਕਰਨ ਉੱਤੇ ਹੀ ਹੁਕਮਰਾਨ ਉਤਾਰੂ ਹੋ ਜਾਣ ਪਰ ਨਾਂ 'ਦੁਪਾਸੀ ਹਿੰਸਾ' ਦੇ ਦਿੱਤਾ ਜਾਵੇ ਤਾਂ ਸੌਖਿਆਂ ਹੀ ਸਮਝ ਆ ਸਕਦੀ ਹੈ ਕਿ ਪੀੜ ਸਦੀਵੀ ਰਹਿਣ ਵਾਲੀ ਹੈ। ਇਸ ਤਰਾਂ ਦੀ ਪੀੜ ਨਾਸੂਰ ਬਣ ਕੇ ਹਮੇਸ਼ਾ ਵਿਰੋਧ ਜਾਂ ਬਗ਼ਾਵਤ ਹੀ ਪੈਦਾ ਕਰਦੀ ਹੈ।

ਰਤਾ 1984 ਦੇ ਧਰਮੀ ਫੌਜੀਆਂ ਦੀ ਗੱਲ ਕਰੀਏ।

12 ਜੂਨ ਸੰਨ 1984 ਵਿਚ ਵਾਸ਼ਿੰਗਟਨ ਪੋਸਟ ਅਖ਼ਬਾਰ ਵਿਚ ਖ਼ਬਰ ਛਪੀ- 'ਭਾਰਤੀ ਫੌਜ ਵਿਚਲੇ 500 ਤੋਂ 600 ਸਿੱਖ ਫੌਜੀ ਜੋ ਭਗੌੜੇ ਹੋਏ, ਉਨ੍ਹਾਂ ਨੂੰ ਤਿੰਨ ਥਾਵਾਂ ਤੋਂ ਕੈਦ ਕਰ ਲਿਆ ਗਿਆ ਹੈ। ਇਨ੍ਹਾਂ ਵਿੱਚੋਂ 26 'ਅੱਤਵਾਦੀ ਫੌਜੀ' ਭਾਰਤੀ ਫੌਜ ਨੇ ਗੋਲੀਆਂ ਨਾਲ ਵਿੰਨ ਸੁੱਟੇ।' ਇਹ ਖ਼ਬਰ 'ਭਾਰਤੀ ਨਿਊਜ਼ ਏਜੰਸੀ' ਦੇ ਹਵਾਲੇ ਨਾਲ ਛਾਪੀ ਗਈ ਸੀ।

'ਕੁੱਝ ਹੋਰ ਥਾਵਾਂ ਤੋਂ ਵੀ, ਜਿਵੇਂ ਦਿੱਲੀ, ਬੰਬਈ, ਰਾਮਗੜ੍ਹ ਤੋਂ 574 ਭਗੌੜੇ ਸਿੱਖ ਅੱਤਵਾਦੀ ਫੌਜੀ ਫੜ ਲਏ ਗਏ।' ਇਹ ਖ਼ਬਰ ਪ੍ਰੈੱਸ ਟਰੱਸਟ ਆਫ਼ ਇੰਡੀਆ ਵੱਲੋਂ ਜਾਰੀ ਕੀਤੀ ਗਈ।

ਇਸ ਤੋਂ ਅੱਗੇ ਵਾਸ਼ਿੰਗਟਨ ਪੋਸਟ ਵਿਚ ਲਿਖਿਆ ਗਿਆ- 'ਇਹ ਖ਼ਬਰਾਂ ਭਾਰਤੀ ਮੀਡੀਆ ਰਾਹੀਂ ਬਾਹਰ ਭੇਜੀਆਂ ਜਾ ਰਹੀਆਂ ਹਨ। ਅਸਲ ਵਿਚ ਹੋਇਆ ਕੀ ਸੀ? ਸਿੱਖਾਂ ਦੇ ਗੁਰਦੁਆਰੇ, ਜਿਸ ਨੂੰ ਉਹ ਬਹੁਤ ਪਵਿੱਤਰ ਅਤੇ ਮੁਕੱਦਸ ਮੰਨਦੇ ਹਨ, ਨੂੰ ਬਹੁਤ ਬੁਰੀ ਤਰਾਂ ਤੋਪਾਂ ਨਾਲ ਢਾਹ ਦਿੱਤਾ ਗਿਆ ਹੈ। ਭਾਰਤ ਵਿਚ ਅਨੇਕ ਧਰਮਾਂ ਦੇ ਲੋਕ ਵੱਸਦੇ ਹਨ ਅਤੇ ਅਨੇਕ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ। ਧਰਮ ਦੇ ਆਧਾਰ ਉੱਤੇ ਹੀ ਵੰਡੀਆਂ ਪਾਉਣੀਆਂ, ਉੱਥੇ ਆਮ ਗੱਲ ਹੈ। ਉਸ ਧਾਰਮਿਕ ਥਾਂ ਦੇ ਨੁਕਸਾਨ ਨਾਲ ਸਿੱਖਾਂ ਦੇ ਮਨ ਨੂੰ ਅਥਾਹ ਠੇਸ ਪਹੁੰਚੀ ਜਿਸ ਸਦਕਾ ਵੱਡੀ ਗਿਣਤੀ ਸਿੱਖਾਂ ਨੇ ਇਸ ਨੂੰ ਆਪਣੇ ਗੁਰੂ ਉੱਤੇ ਹੱਲਾ ਮੰਨਦਿਆਂ ਆਪੋ ਆਪਣੇ ਢੰਗ ਨਾਲ ਵਿਰੋਧ ਕੀਤਾ। ਉਨ੍ਹਾਂ ਵਿੱਚੋਂ ਹੀ ਸਨ ਭਾਰਤੀ ਫੌਜ ਵਿਚਲੇ ਜਵਾਨ ਸਿੱਖ ਜਿਨ੍ਹਾਂ ਕੋਲੋਂ ਇਹ ਪੀੜ ਬਰਦਾਸ਼ਤ ਨਹੀਂ ਹੋਈ।'

ਰਤਾ ਵੇਖੀਏ, ਕਿਸ ਤਰਾਂ ਦੀ ਖ਼ਬਰ ਉਨ੍ਹਾਂ ਜਵਾਨ ਫੌਜੀਆਂ ਕੋਲ ਪਹੁੰਚੀ ਸੀ :- 'ਸ੍ਰੀ ਦਰਬਾਰ ਸਾਹਿਬ ਦੇ ਗੁੰਬਦ ਉੱਤੇ ਸਾਢੇ ਤਿੰਨ ਸੌ ਗੋਲੀਆਂ ਲੱਗੀਆਂ, ਬਥੇਰੀਆਂ ਅੰਦਰ ਵੀ ਲੱਗੀਆਂ। ਇੱਕ ਗੋਲੀ ਸਾਡੇ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 82 ਅੰਗ ਪਾੜ ਕੇ ਅੰਦਰ ਲੰਘ ਗਈ। ਭਾਈ ਅਮਰੀਕ ਸਿੰਘ ਰਾਗੀ, ਜੋ ਕੀਰਤਨ ਕਰ ਕੇ ਬਾਹਰ ਨਿਕਲੇ ਤਾਂ ਉਡਾ ਦਿੱਤੇ ਗਏ। ਵੱਡੀ ਬੀੜ ਸਾਹਿਬ ਦੇ ਤਾਬਿਆ ਬੈਠੇ ਸੁਖ-ਆਸਣ ਕਰਦੇ ਗਿਆਨੀ ਭਾਈ ਰਾਮ ਸਿੰਘ ਜੀ ਨੂੰ ਵੀ ਗੋਲੀ ਲੱਗੀ ਤੇ ਉਹ ਲਹੂ ਲੁਹਾਨ ਹੋ ਗਏ। ਭਾਰਤੀ ਟੈਂਕਾਂ ਨੇ ਅਤੇ ਭਾਰਤੀ ਸੈਨਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪੂਰਾ ਢਾਹ ਦਿੱਤਾ ਹੈ ਤੇ ਸਿਰਫ਼ ਖੰਡਰ ਬਚੇ ਹਨ। ਦਰਸ਼ਨੀ ਡਿਉਢੀ ਬੰਬਾਂ ਨਾਲ ਤਬਾਹ ਕਰ ਦਿੱਤੀ ਗਈ ਹੈ। ਤੋਸ਼ਾਖ਼ਾਨਾ ਪੂਰਾ ਖ਼ਤਮ ਹੋ ਚੁੱਕਿਆ ਹੈ। ਸੋਨੇ ਚਾਂਦੀ ਦੀਆਂ ਪਾਲਕੀਆਂ, ਅਣਮੋਲ ਚਾਨਣੀਆਂ, ਰੁਮਾਲੇ, ਪੰਥ ਦਾ ਅਣਮੋਲ ਖ਼ਜ਼ਾਨਾ, ਪੁਰਾਤਨ ਬੀੜਾਂ, ਰੈਫ਼ਰੈਂਸ ਲਾਇਬ੍ਰੇਰੀ, ਭਾਈ ਗੁਰਦਾਸ ਜੀ ਵਾਲੀ ਬੀੜ, ਕਲਗੀਧਰ ਪਾਤਸ਼ਾਹ ਜੀ ਦੇ ਆਪਣੇ ਤੀਰ, ਸਾਰਾ ਪੁਰਾਣਾ ਸਿੱਖ ਪੰਥ ਦਾ ਰਿਕਾਰਡ ਆਦਿ, ਕੁੱਝ ਵੀ ਨਹੀਂ ਬਚਿਆ। ਸ੍ਰੀ ਗੁਰੂ ਰਾਮ ਦਾਸ ਜੀ ਦੇ ਆਪਣੇ ਕਰ ਕਮਲਾਂ ਨਾਲ ਉਸਾਰਿਆ ਦਰਬਾਰ ਸਾਹਿਬ ਤਹਿਸ ਨਹਿਸ ਹੋ ਚੁੱਕਿਆ ਹੈ। ਚੁਫ਼ੇਰੇ ਲਾਸ਼ਾਂ ਹੀ ਲਾਸ਼ਾਂ ਹਨ। ਸਰੋਵਰ ਲਹੂ ਨਾਲ ਲਾਲ ਹੋ ਚੁੱਕਿਆ ਹੈ। ਬੇਦੋਸ਼ੇ ਆਏ ਸ਼ਰਧਾਲੂਆਂ ਨੂੰ ਨਿਰਵਸਤਰ ਕਰ ਕੇ ਬਾਹਰ ਕੱਢ ਕੇ, ਬਾਹਵਾਂ ਬੰਨ ਕੇ ਛਾਤੀ ਵਿਚ ਗੋਲੀਆਂ ਮਾਰ ਕੇ ਵਿੰਨ ਦਿੱਤਾ ਗਿਆ। ਜਿਹੜੇ ਬਚ ਗਏ, ਉਨ੍ਹਾਂ ਨੂੰ ਬੰਨ ਕੇ ਗਰਮੀ ਵਿਚ ਬਿਨਾਂ ਪਾਣੀ ਤੋਂ ਸਹਿਕਦੇ ਮਰਨ ਲਈ ਛੱਡ ਦਿੱਤਾ ਗਿਆ। ਬੱਚਾ, ਔਰਤ, ਬੁੱਢਾ, ਜਵਾਨ, ਕੋਈ ਵੀ ਨਹੀਂ ਛੱਡਿਆ ਗਿਆ। ਹਰ ਕਿਸੇ ਨਾਲ ਪਸ਼ੂਆਂ ਤੋਂ ਵੀ ਭੈੜਾ ਵਰਤਾਰਾ ਕੀਤਾ ਗਿਆ। ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਗਿਆਨੀ ਸੋਹਣ ਸਿੰਘ ਜੀ ਨੂੰ ਪ੍ਰਵਾਰ ਸਮੇਤ ਬਾਹਵਾਂ ਬੰਨ ਕੇ ਬੇਤਹਾਸ਼ਾ ਕੁੱਟ-ਕੁੱਟ ਕੇ ਅਧਮੋਇਆ ਕਰ ਕੇ, ਪਾਣੀ ਨੂੰ ਤਰਸਦੇ ਮਰਨ ਲਈ ਛੱਡ ਦਿੱਤਾ ਗਿਆ। ਪ੍ਰਕਰਮਾ ਵਿਚ ਸਿਰਫ਼ ਕੇਸ, ਲਾਸ਼ਾਂ ਦੇ ਟੋਟੇ ਤੇ ਲਹੂ ਹੀ ਲਹੂ ਹੈ ਜਾਂ ਗੋਲੀਆਂ ਬੰਬਾਂ ਦੇ ਹਿੱਸੇ। ਇਹ ਸਾਰੀ ਘਿਨਾਉਣੀ ਕਾਰਵਾਈ ਹਿੰਦੁਸਤਾਨੀ ਸਰਕਾਰ ਵੱਲੋਂ ਭਾਰਤੀ ਫੌਜ ਰਾਹੀਂ ਕੀਤੀ ਗਈ ਹੈ। ਇਸ ਤੋਂ ਬਾਅਦ ਅਨੇਕ ਥਾਈਂ ਲੱਡੂ ਵੰਡੇ ਗਏ ਤੇ ਭੰਗੜੇ ਵੀ ਪਾਏ ਗਏ। ਅੰਦਰ ਮਿਲੀਆਂ ਲਾਸ਼ਾਂ ਨੂੰ ਫੌਜੀਆਂ ਨੇ ਠੁੱਡੇ ਮਾਰ ਕੇ ਅਤੇ ਉਨ੍ਹਾਂ ਉੱਪਰ ਆਪਣੇ ਬੂਟ ਰੱਖ ਕੇ ਸੰਗੀਨਾਂ ਫੜ ਕੇ ਖਿੜਖਿੜਾ ਕੇ ਹੱਸਦਿਆਂ ਤਸਵੀਰਾਂ ਖਿਚਵਾਈਆਂ।'

ਇਹ ਖ਼ਬਰ ਕਿਸ ਨੂੰ ਬੇਚੈਨ ਨਹੀਂ ਕਰੇਗੀ? ਇਸ ਦੌਰਾਨ ਜਾਣ ਬੁੱਝ ਕੇ ਸਾਰੇ ਸਿੱਖ ਫੌਜੀਆਂ ਨੂੰ ਦੱਖਣੀ ਭਾਰਤ ਤੇ ਫਿਰ ਉੱਤਰੀ ਭਾਰਤ ਵੱਲ ਭੇਜ ਦਿੱਤਾ ਗਿਆ ਤੇ ਸਾਰੀਆਂ ਤਰਾਂ ਦੀਆਂ ਖ਼ਬਰਾਂ ਉੱਤੇ ਰੋਕ ਲਾ ਦਿੱਤੀ ਗਈ। ਜਦੋਂ ਸਿੱਖ ਫੌਜੀ ਗੱਡੀਆਂ ਰਾਹੀਂ ਭੱਜੇ ਕਿ ਦਰਬਾਰ ਸਾਹਿਬ ਪਹੁੰਚ ਸਕਣ ਤਾਂ ਉਹ ਰਾਹ ਵਿਚ ਮਾਰ ਮੁਕਾ ਦਿੱਤੇ ਗਏ। ਜਿਹੜੇ ਮੋਟਰਾਂ ਰਾਹੀਂ ਤੁਰੇ, ਉਨ੍ਹਾਂ ਨੂੰ ਪੈਟਰੋਲ ਡੀਜ਼ਲ ਦੇਣਾ ਬੰਦ ਕਰਵਾ ਦਿੱਤਾ ਗਿਆ। ਵੱਡੀ ਗਿਣਤੀ ਪੁਲਿਸ ਤੇ ਫੌਜ ਉਨ੍ਹਾਂ ਨਾਲ ਮੁਕਾਬਲਾ ਕਰਨ ਭੇਜ ਦਿੱਤੀ ਗਈ। ਬਥੇਰਿਆਂ ਦੇ ਘਰ ਵਾਲਿਆਂ ਨੂੰ ਤਸ਼ੱਦਦ ਸਹਿਣਾ ਪਿਆ। ਉਨ੍ਹਾਂ ਦੇ ਘਰ-ਬਾਰ, ਜ਼ਮੀਨਾਂ ਲੁੱਟ ਲਈਆਂ ਗਈਆਂ।

ਇਸ ਸਾਰੇ ਵਰਤਾਰੇ ਵਿੱਚੋਂ ਸਿਆਸੀ ਲਾਹਾ ਲੈਣ ਵਾਲਿਆਂ ਨੇ ਰਾਮਬਾਣ ਛੱਡ ਦਿੱਤਾ। ਪੂਰੇ ਧੜੱਲੇ ਨਾਲ ਫੌਜੀਆਂ ਨੂੰ ਹਵਾ ਦਿੱਤੀ ਗਈ- 'ਆ ਜਾਓ ਬਾਹਰ, ਅਸੀਂ ਸਾਂਭਾਂਗੇ।'

ਭਾਵਨਾਵਾਂ ਵਿਚ ਜਕੜੇ ਨੌਜਵਾਨ ਫੌਜੀ ਵੇਖ ਨਹੀਂ ਸਕੇ ਕਿ ਕਾਰਾ ਕਰਵਾਉਣ ਵਾਲਿਆਂ ਵਿਚ ਬਥੇਰੇ ਦੋਖੀ ਇਨ੍ਹਾਂ ਸਿਆਸਤਦਾਨਾਂ ਦੇ ਹੀ ਰਿਸ਼ਤੇਦਾਰ ਸਨ ਜਿਨ੍ਹਾਂ 15 ਸਾਲ ਰਾਜ ਕਰਨ ਬਾਅਦ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ।

37 ਸਾਲ ਬਾਅਦ ਵੀ ਹਰ ਪੰਜ ਸਾਲਾਂ ਬਾਅਦ ਇਹ ਮੁੱਦਾ ਸਿਆਸੀ ਲੋਕਾਂ ਲਈ ਰੋਟੀਆਂ ਸੇਕਣ ਵਾਸਤੇ ਬਹੁਤ ਵਧੀਆ ਸਾਬਤ ਹੁੰਦਾ ਰਿਹਾ ਹੈ ਤੇ ਹੁੰਦਾ ਰਹੇਗਾ। ਅਨੇਕ ਸੰਸਥਾਵਾਂ ਨੇ ਲੋਕਾਂ ਵੱਲੋਂ ਭੇਜੇ ਪੈਸਿਆਂ ਨਾਲ ਝੋਲੀਆਂ ਭਰ ਕੇ ਆਪਣੇ ਮਹਿਲ ਮਾੜੀਆਂ ਉਸਾਰ ਲਏ ਪਰ ਉਹ ਧਰਮੀ ਫੌਜੀ ਦਿਹਾੜੀਆਂ ਕਰਨ ਉੱਤੇ ਮਜਬੂਰ ਹਾਲੇ ਤੱਕ ਦੋ ਵੇਲੇ ਦੀਆਂ ਰੋਟੀਆਂ ਨੂੰ ਤਰਸਦੇ ਬੈਠੇ ਹਨ। ਬਥੇਰੇ ਮਰ ਖੱਪ ਗਏ ਤੇ ਬਥੇਰੇ ਤੁਰ ਜਾਣ ਨੂੰ ਤਿਆਰ ਬੈਠੇ ਹਨ।

ਸਿਰਫ਼ ਏਨਾ ਹੀ ਕਹਿਣਾ ਬਾਕੀ ਰਹਿ ਗਿਆ ਕਿ ਸਿੱਖ ਕੌਮ ਨੇ ਵਿੱਤੋਂ ਬਾਹਰ ਜਾ ਕੇ ਵੀ ਦੁਨੀਆ ਭਰ ਵਿਚ ਲੋੜਵੰਦਾਂ ਦੀ ਮਦਦ ਕੀਤੀ ਹੈ। ਖ਼ਰਬਾਂ ਰੁਪਏ ਧਾਰਮਿਕ ਥਾਵਾਂ ਉੱਤੇ ਵੀ ਦਾਨ ਕੀਤੇ ਹਨ। ਇਹ ਥੋੜੀ ਗਿਣਤੀ ਭਾਵਨਾਤਮਕ ਪੱਖੋਂ ਧਰਮ ਨਾਲ ਜੁੜਿਆਂ ਦੀ ਮਦਦ ਕਰਨੋਂ ਵੀ ਪਿਛਾਂਹ ਨਹੀਂ ਰਹੇ ਪਰ ਫਿਰ ਵੀ ਮਾਇਆ ਉਨ੍ਹਾਂ ਤੱਕ ਪਹੁੰਚੀ ਨਹੀਂ ਕਿਉਂਕਿ ਰਾਹ ਵਿਚ ਹੀ ਹਜ਼ਮ ਹੋ ਗਈ। ਇੱਕ ਸੰਸਥਾ ਜੋ ਸਿਰਫ਼ ਇਨ੍ਹਾਂ ਧਰਮੀ ਫੌਜੀਆਂ ਤੇ ਉਨ੍ਹਾਂ ਦੇ ਟੱਬਰਾਂ ਦੀ ਸਾਂਭ ਸੰਭਾਲ, ਉਨ੍ਹਾਂ ਲਈ ਰਹਿਣ ਦੀ ਥਾਂ, ਇਲਾਜ ਦਾ ਖ਼ਰਚਾ ਤੇ ਕਮਾਈ ਦੇ ਸਾਧਨ ਜੁਟਾਉਣ ਲਈ ਸਰਗਰਮ ਹੋਵੇ, ਦੀ ਸਖ਼ਤ ਲੋੜ ਹੈ। ਜੇਲਾਂ ਵਿਚ ਡੱਕੇ ਪਇਆਂ ਨੂੰ ਛੁਡਾਉਣਾ ਪਹਿਲਾ ਕੰਮ ਹੋਣਾ ਚਾਹੀਦਾ ਹੈ। ਇਨ੍ਹਾਂ ਲੋੜਵੰਦਾਂ ਦੇ ਖਾਤਿਆਂ ਵਿਚ ਸਿੱਧੀ ਰਕਮ ਭੇਜਣੀ ਹੀ ਠੀਕ ਰਹੇਗੀ।

ਅਸਲ ਮੁੱਦਾ ਇਹ ਹੈ ਕਿ ਆਖ਼ਰ ਕਦੋਂ ਤੱਕ ਅਸੀਂ ਸਿਆਸੀ ਖਿਡਾਰੀਆਂ ਹੱਥੋਂ ਪਸਤ ਹੁੰਦੇ ਰਹਾਂਗੇ? ਕਦੇ ਤਾਂ ਜਾਗੀਏ ਤੇ ਸਮਝੀਏ ਕਿ ਕਿਹੜੀਆਂ ਤਾਕਤਾਂ ਸਾਨੂੰ ਲੜਾ ਕੇ ਆਪ ਰਾਜ ਪਾਟ ਸਾਂਭਦੀਆ ਰਹੀਆਂ ਹਨ?

ਅੱਗੋਂ ਤੋਂ ਧਾਰਮਿਕ ਆਧਾਰ ਉੱਤੇ ਛੇਤੀ ਵਿਚਲਿਤ ਹੋਣ ਤੋਂ ਬਚਣ ਅਤੇ ਸੋਚਣ ਸਮਝਣ ਦੀ ਸ਼ਕਤੀ ਬਰਕਰਾਰ ਰੱਖਣ ਲਈ ਇਨ੍ਹਾਂ ਤੁਕਾਂ ਦਾ ਅਰਥ ਸਮਝਣ ਦੀ ਲੋੜ ਹੈ :-

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ**
**ਕੋਈ ਸੇਵੈ ਗੁਸਈਆ ਕੋਈ ਅਲਾਹਿ ॥**
(ਅੰਗ 885)

ਰੱਬ ਇੱਕੋ ਹੀ ਹੈ। ਸਿਰਫ਼ ਅਸੀਂ ਹੀ ਆਪਣੀਆਂ ਧਰਮ ਪੁਸਤਕਾਂ ਦੀ ਬੋਲੀ ਅਨੁਸਾਰ ਰੱਬ ਦੇ ਵੱਖੋ-ਵੱਖ ਨਾਂ ਰੱਖ ਲਏ ਹਨ। ਕੋਈ ਨਾਮ ਉਚਾਰਦਾ ਹੈ, ਕੋਈ ਭਗਤੀ ਕਰਦਾ ਹੈ ਤੇ ਕੋਈ ਬੰਦਗੀ, ਕੋਈ ਮੂਰਤੀ ਪੂਜਾ, ਕੋਈ ਨਮਾਜ਼ ਅਤੇ ਕੋਈ ਤੀਰਥ ਉੱਤੇ ਇਸ਼ਨਾਨ ਕਰਦਾ ਹੈ।

ਹਰ ਧਰਮ ਦਾ ਹੀ ਬੰਦਾ ਰੱਬ ਕੋਲੋਂ ਸੁਰਗ ਜਾਂ ਬਹਿਸ਼ਤ ਮੰਗਦਾ ਹੈ ਪਰ ਅਸਲ ਵਿਚ ਜਿਸ ਮਨੁੱਖ ਨੇ ਰੱਬ ਦਾ ਹੁਕਮ ਪਛਾਣ ਲਿਆ ਹੈ, ਉਹੀ ਰੱਬ ਦਾ ਭੇਤ ਪਾ ਸਕਿਆ ਹੈ।

ਏਨੀ ਕੁ ਸਮਝ ਹੀ ਸਾਡੇ ਮਨਾਂ ਵਿਚਲੇ ਪਾੜ ਭਰ ਸਕਦੀ ਹੈ ਅਤੇ ਅਸੀਂ ਇਕਜੁੱਟ ਹੋ ਕੇ ਵੰਡੀਆਂ ਪਾਉਣ ਵਾਲਿਆਂ ਨਾਲ ਜੰਗ ਵਿੱਢ ਸਕਦੇ ਹਾਂ। ਧਿਆਨ ਰਹੇ, ਧਰਮੀ ਫੌਜੀਆਂ ਨੂੰ ਹਾਲੇ ਵੀ ਸਾਡੀ ਸਖ਼ਤ ਲੋੜ ਹੈ। ਜੇਲਾਂ ਵਿੱਚੋਂ ਕੱਢਣਾ, ਪਹਿਲ ਕਦਮੀ ਉੱਤੇ ਕਰਨ ਵਾਲਾ ਕੰਮ ਹੈ।



# ਅਜ਼ਾਦੀ ਦਾ ਐਲਾਨ ਕਰਨ ਵਾਲਿਆਂ ਨੂੰ ਭੁੱਲੇ ਅਮਰੀਕਾ ਦੇ ਮੂਲ ਨਿਵਾਸੀ



ਸਰਬਜੀਤ ਕੌਰ 'ਸਰਬ'

**ਬਦੀ ਦੀ ਜੜ - ਡਾ. ਦਲਜੀਤ ਸਿੰਘ ਵਿੱਚੋਂ**

ਅਜ਼ਾਦੀ ਦੇ ਇਹ ਪਰਵਾਨੇ ਕਿਸ ਮਿੱਟੀ ਤੋਂ ਬਣੇ ਸਨ ਤੇ ਕਿ ਸੋਚ ਕੇ ਇਨਾਂ ਨੇ ਆਪਣੇ ਉਪਰ ਤਸ਼ੱਦਦ ਨੂੰ ਸਵੀਕਾਰ ਕੀਤਾ ?

4 ਜੁਲਾਈ ਸੰਨ 1776 ਨੂੰ ਬ੍ਰਿਟੇਨ ਤੋਂ ਬਗ਼ਾਵਤ/ਅਜ਼ਾਦੀ ਦਾ ਐਲਾਨ ਕੀਤਾ ਗਿਆ । ਅਮਰੀਕਾ ਦੀ ਇਸ ਅਜਾਦੀ ਲਈ ਹੀ ਅਮਰੀਕਾ ਦੇ 13 ਸੂਬਿਆਂ ਤੋਂ ਇਕੱਠੇ ਹੋਏ 56 ਨੁਮਾਇੰਦਿਆਂ ਜਿਨਾਂ ਨੇ ਇਸ ਅਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਕਿ ਕਦੇ ਕਿਸੇ ਨੇ ਸੋਚਿਐ ਕਿ ਉਨਾਂ 56 ਦਾ ਕੀ ਬਣਿਆ, ਜਿਨਾਂ ਨੇ ਅਜ਼ਾਦੀ ਦਾ ਐਲਾਨ ਕੀਤਾ ? ਰੋਸ਼ਨੀਆਂ, ਆਤਿਸ਼ਬਾਜ਼ੀਆਂ, ਪਿਕਨਿਕਾਂ ਅਤੇ ਮਾਸ ਭੁੰਨ ਕੇ ਖਾਣ ਦੀਆਂ ਪਾਰਟੀਆਂ ਦੇ ਰੌਲੇ ਵਿਚ ਉਨਾਂ 56 ਨੂੰ ਕੋਈ ਯਾਦ ਕਰਦੈ ?

ਇਸ ਅਜ਼ਾਦੀ ਲਈ ਉਨਾਂ ਨੇ ਦਸਖ਼ਤਾਂ ਦੇ ਨਾਲ ਆਪਣੀ ਇੱਜ਼ਤ, ਤਨ ਅਤੇ ਧਨ ਸਭ ਅਰਪਨ ਕਰਨ ਦੀ ਸਹੁੰ ਖਾਧੀ ਅਤੇ ਨਿਭਾਈ ਵੀ। ਅਜ਼ਾਦੀ ਵਿਚ ਹਿੱਸਾ ਪਾਉਣ ਵਾਲੇ ਭਾਵ ਦਸਖ਼ਤ ਕਰਨ ਵਾਲੇ ਪੰਜ ਤਾਂ ਬ੍ਰਿਟਿਸ਼ ਨੇ ਝੱਟ ਫੜ ਲਏ। ਉਨਾਂ ਨੂੰ ਬਾਗ਼ੀ ਕਰਾਰ ਕੀਤਾ ਅਤੇ ਤਸੀਹੇ ਦੇ ਕੇ ਮਾਰਿਆ। ਬਾਰਾਂ ਦੇ ਘਰਾਂ ਉੱਤੇ ਧਾਵਾ ਬੋਲਿਆ ਗਿਆ, ਮਗਰੋਂ ਸਾੜ ਦਿੱਤੇ ਗਏ। ਦੋ ਬੱਚੇ ਇਕ ਦੇ ਅਤੇ ਦੋ ਬੱਚੇ ਇਕ ਹੋਰ ਦੇ ਇਨਕਲਾਬੀ ਜੰਗ ਵਿਚ ਮਾਰੇ ਗਏ। ਨੌਂ ਇਨਕਲਾਬੀ ਜੰਗ ਵਿਚ ਜ਼ਖ਼ਮੀ ਹੋ ਕੇ, ਜ਼ਖ਼ਮਾਂ ਅਤੇ ਹੋਰ ਮੁਸੀਬਤਾਂ ਕਾਰਨ ਮਰੇ। ਅਜ਼ਾਦੀ ਦੇ ਇਹ ਪਰਵਾਨੇ ਕਿਸ ਮਿੱਟੀ ਤੋਂ ਬਣੇ ਸਨ ਤੇ ਕਿ ਸੋਚ ਕੇ ਇਨਾਂ ਨੇ ਆਪਣੇ ਉਪਰ ਤਸ਼ੱਦਦ ਨੂੰ ਸਵੀਕਾਰ ਕੀਤਾ ? ਉਨਾਂ ਵਿਚ 24 ਵਕੀਲ ਜਾਂ ਜੱਜ ਸਨ, ਪੰਦਰਾਂ ਵਪਾਰੀ ਸਨ, ਨੌਂ ਵੱਡੀਆਂ ਜ਼ਮੀਨਾਂ ਦੇ ਮਾਲਕ ਸਨ। ਸਭਨਾਂ ਦਾ ਪਿਛੋਕੜ ਰੱਜੇ ਪੁੱਜੇ ਦਾ ਸੀ, ਹੈਸੀਅਤ ਵਾਲੇ ਸਨ, ਖ਼ੂਬ ਪੜ੍ਹੇ-ਲਿਖੇ ਸਨ। ਜਦੋਂ ਉਨਾਂ ਦਸਤਖ਼ਤ ਕੀਤੇ ਤਾਂ ਉਨਾਂ ਨੂੰ ਭਲੀਭਾਂਤ ਸਮਝ ਸੀ ਕਿ ਉਹ ਮੌਤ ਨਾਲ ਖੇਡ ਰਹੇ ਹਨ ਉਨਾਂ ਨੂੰ ਪਤਾ ਵੀ ਸੀ ਕਿ ਕਾਬੂ ਆਉਣ ਉੱਤੇ ਉਨਾਂ ਨੂੰ ਮਾਰ ਦਿੱਤਾ ਜਾਵੇਗਾ।ਇਨਾਂ ਯੋਧਿਆਂ 'ਚੋਂ ਕੁੱਝ ਨਾਲ ਅਣਮਨੁੱਖੀ ਕਹਿਰ ਦਾ ਵਰਤਾਰਾ ਸਾਂਝਾ ਕਰਨ ਦਾ ਯਤਨ ਕੀਤਾ ਹੈ।

ਵਰਜੀਨੀਆ ਦਾ 'ਕਾਰਟਰ ਬੈਕਸਟਨ' ਇਕ ਵਪਾਰੀ ਅਤੇ ਵੱਡੀ ਖੇਤੀ ਦਾ ਮਾਲਕ ਸੀ। ਬ੍ਰਿਟਿਸ਼ ਨੇਵੀ ਨੇ ਉਸ ਦੇ ਜਹਾਜ਼ ਡੋਬ ਦਿੱਤੇ। ਉਸ ਨੇ ਆਪਣੇ ਕਰਜ਼ੇ ਉਤਾਰਨ ਲਈ ਸਾਰੀ ਜਾਇਦਾਦ ਵੇਚ ਦਿੱਤੀ ਅਤੇ ਆਪ ਚੀਥੜਿਆਂ ਵਿਚ ਮਰਿਆ।







ਥਾਮਸ ਮੈਕੀਮ ਆਪਣੇ ਟੱਬਰ ਸਮੇਤ ਸਦਾ ਬ੍ਰਿਟਿਸ਼ ਦਾ ਭਗੌੜਾ ਰਿਹਾ। ਉਸ ਦੀ ਸਾਰੀ ਜਾਇਦਾਦ ਦੀ ਪੂਰਨ ਕੁਰਕੀ ਕੀਤੀ ਗਈ ਅਤੇ ਉਹ ਗ਼ਰੀਬੀ ਭੋਗਦਾ ਰਿਹਾ। ਇਸ ਦੇ ਨਾਲ ਹੀ ਅੱਠ ਹੋਰਨਾਂ ਦੀਆਂ ਵੀ ਕੁਰਕੀਆਂ ਕੀਤੀਆਂ ਗਈਆਂ।

ਯਾਰਕ ਟਾਊਨ ਦੀ ਜੰਗ ਵੇਲੇ 'ਨੈਲਸਨ' ਨੇ ਜਨਰਲ ਜਾਰਜ ਵਾਸ਼ਿੰਗਟਨ ਨੂੰ ਖ਼ਬਰ ਦਿੱਤੀ ਕਿ ਮੇਰੀ ਰਿਹਾਇਸ਼ਗਾਹ ਉੱਤੇ ਬ੍ਰਿਟਿਸ਼ ਜਨਰਲ ਕਾਰਨਵਾਲਿਸ ਨੇ ਮੁੱਖ ਅੱਡਾ ਬਣਾਇਆ ਹੈ। ਜੰਗ ਦੌਰਾਨ ਉਸ ਘਰ ਨੂੰ ਉਡਾ ਦਿੱਤਾ ਗਿਆ। ਨੈਲਸਨ ਦੀਵਾਲੀਆ ਹੋ ਕੇ ਮਰਿਆ। 'ਫ਼ਰਾਂਸਿਸ ਲੂਇਸ' ਦਾ ਘਰ ਤਬਾਹ ਕੀਤਾ ਗਿਆ, ਉਸ ਦੀ ਪਤਨੀ ਕੈਦ ਕੀਤੀ ਗਈ, ਜੋ ਕੁਝ ਮਹੀਨਿਆਂ ਪਿੱਛੋਂ ਹੀ ਮਰ ਗਈ।

ਆਟਾ-ਚੱਕੀ ਦਾ ਮਾਲਕ 'ਜੌਹਨ ਹਾਰਟ' ਆਪਣੀ ਮੌਤ ਕੰਢੇ ਪਤਨੀ ਦੇ ਕੋਲ ਬੈਠਾ ਸੀ, ਜਦੋਂ ਬ੍ਰਿਟਿਸ਼ ਛਾਪਾ ਪਿਆ। ਉਹ ਭੱਜ ਗਿਆ ਅਤੇ ਉਸ ਦੇ 13 ਬੱਚੇ ਵੀ ਨਿਕਲ ਗਏ। ਉਸ ਦੇ ਖੇਤ ਅਤੇ ਆਟਾ-ਮਿੱਲ ਤਬਾਹ ਕੀਤੇ ਗਏ। ਉਹ ਆਪ ਇਕ ਸਾਲ ਦੇ ਕਰੀਬ ਜੰਗਲਾਂ ਅਤੇ ਗੁਫ਼ਾਵਾਂ ਵਿਚ ਛੁਪਦਾ ਰਿਹਾ। ਜਦੋਂ ਵਾਪਸ ਪਰਤਿਆ ਤਾਂ ਜਾਣਿਆ ਕਿ ਸਭ ਖਿੰਡ-ਪੁੰਡ ਗਏ ਸਨ, ਪਤਨੀ ਮਰ ਗਈ ਸੀ। ਅਤਿ ਦੀ ਥਕਾਵਟ ਅਤੇ ਏਸ ਭਾਰੀ ਸਦਮੇ ਨੂੰ ਸਹਿ ਨਹੀਂ ਸਕਿਆ। ਕੁਝ ਕੁ ਹਫ਼ਤਿਆਂ ਵਿਚ ਉਹ ਮਰ ਗਿਆ। ਹੋਰ ਵੀ ਕਈਆਂ ਦੀ ਕਿਸਮਤ ਵਿਚ ਅਜਿਹੀ ਹੀ ਮੌਤ ਸੀ।

ਅਜਿਹੀਆਂ ਸਨ ਗਾਥਾਵਾਂ ਜਿਨਾਂ ਨੇ ਅਮਰੀਕਨ ਇਨਕਲਾਬ ਲਈ ਕੁਰਬਾਨੀਆਂ ਕੀਤੀਆਂ। ਉਹ ਕੋਈ ਸ਼ੈਤਾਨ ਨਹੀਂ ਸਨ। ਉਹ ਹੈਸੀਅਤਾਂ ਵਾਲੇ ਪੜ੍ਹੇ-ਲਿਖੇ ਲੋਕ ਸਨ। ਉਹ ਚਾਹੁੰਦੇ ਤਾਂ ਐਸ਼ ਦੀ ਜ਼ਿੰਦਗੀ ਬਤੀਤ ਕਰ ਲੈਂਦੇ। ਪਰ ਉਨਾਂ ਨੇ ਆਜ਼ਾਦੀ ਨੂੰ ਚੁਣ ਲਿਆ ਸੀ। ਅਜਿਹੀਆਂ ਨੇਕ ਬਖ਼ਤ ਰੂਹਾਂ ਹੀ ਆਮ ਲੋਕਾਈ ਨੂੰ ਅਜ਼ਾਦੀ ਦੀ ਰੋਸ਼ਨੀ ਦੇਂਦੀਆ ਹਨ। ਪਰ ਅਫ਼ਸੋਸ ਇਨਾਂ ਅਜ਼ਾਦੀ ਦੇ ਜਸ਼ਨਾ ਵਿਚ ਪੈ ਕੇ ਉਨਾਂ ਯੋਧਿਆਂ ਨੂੰ ਭੁੱਲ ਜਾਂਦੇ ਹਨ ਜਿਨਾਂ ਨੇ ਇਸ ਦੀ ਸ਼ੁਰੂਆਤ ਕੀਤੀ ਹੁੰਦੀ ਹੈ।

# ਗੁਰਬਤ ਖਤਮ ਕਰਨ ਲਈ ਲੋਕਾਂ ਦੀ ਆਮਦਨ ਵਧਾਉਣੀ ਜ਼ਰੂਰੀ

ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ- 0175 5191856

ਇਹ ਗੱਲ ਹਰ ਕਿਸੇ ਦੀ ਸਮਝ ਵਿੱਚ ਆ ਚੁੱਕੀ ਹੈ ਕਿ ਅੱਜ ਪੈਸੇ ਦੀ ਖੇਡ ਹੈ ਅਤੇ ਇਹ ਪੈਸਾ ਕਮਾਉਣਾ ਪੈਂਦਾ ਹੈ। ਚੋਰੀਆਂ, ਡਾਕੇ ਠਗੀਆਂ, ਰਿਸ਼ਵਤਾਂ, ਭ੍ਰਿਸ਼ਟਾਚਾਰ ਅਤੇ ਗਬਨ ਕਰਕੇ ਅਗਰ ਅਸੀਂ ਪੈਸਾ ਇਕੱਠਾ ਕਰਦੇ ਹਾਂ ਤਾਂ ਇਹ ਅਪਰਾਧ ਹੈ ਅਤੇ ਅਪਰਾਧੀ ਢੰਗ ਨਾਲ ਜਿਹੜਾ ਪੈਸਾ ਘਰ ਵਿੱਚ ਆ ਜਾਵੇ ਉਹ ਫੜੇ ਜਾਣ ਦੇ ਡਰ ਦੇ ਘੇਰੇ ਵਿੱਚ ਆ ਜਾਂਦਾ ਹੈ ਅਤੇ ਆਦਮੀ ਚੈਨ ਦਾ ਜੀਵਨ ਬਸਰ ਨਹੀਂ ਕਰ ਸਕਦਾ। ਇਤਿਹਾਸ ਗਵਾਹ ਹੈ ਕਿ ਸਾਡੇ ਮੁਲਕ ਵਿੱਚ ਬਹੁਤਾ ਚਿਰ ਹੀ ਨਹੀਂ ਬਲਕਿ ਸਦੀਆਂ ਤੋਂ ਆਖ ਲਓ ਅਤੇ ਅਸੀਂ ਜੇਕਰ ਆਪਣੇ ਮਿਥਿਹਾਸ ਦੀ ਗੱਲ ਕਰੀਏ, ਹਮੇਸ਼ਾ ਹੀ ਅਸੀਂ ਇਕਪੁਰਖਾ ਰਾਜ ਅਧੀਨ ਰਹੇ ਹਾਂ ਅਤੇ ਇਹ ਗੱਲ ਵੀ ਸਾਡੀ ਸਮਝ ਵਿੱਚ ਆ ਗਈ ਹੈ ਕਿ ਇਹ ਗੁਰਬਤ ਇੱਕ ਵਾਰ ਜਿਸ ਵੀ ਘਰ ਵਿੱਚ ਆ ਵੜੇ ਫਿਰ ਬਾਹਰ ਨਹੀਂ ਨਿਕਲਦੀ ਅਤੇ ਫਿਰ ਅਗਲੀਆਂ ਸਾਰੀਆਂ ਦੀਆਂ ਸਾਰੀਆਂ ਪੀੜੀਆਂ ਗਰੀਬ ਹੀ ਹੋਈ ਜਾਂਦੀਆਂ ਹਨ। ਅੱਜ ਜੇਕਰ ਸਾਡੇ ਮੁਲਕ ਦਾ ਸੱਤਰ ਅੱਸੀ ਕਰੋੜ ਆਦਮੀ ਗਰੀਬ ਹੋ ਗਿਆ ਹੈ ਤਾਂ ਇਹ ਕੋਈ ਇਸ ਅਜ਼ਾਦੀ ਅਤੇ ਇਸ ਪਰਜਾਤੰਤਰ ਤੋਂ ਬਾਅਦ ਹੀ ਨਹੀਂ ਹੋ ਗਿਆ, ਬਲਕਿ ਇਹ ਆਖ ਲਓ ਕਿ ਸਦੀਆਂ ਤੋਂ ਉਪਰੋਕਤ ਦੱਸਿਆ ਸਿਧਾਂਤ ਹੀ ਚਲਦਾ ਰਿਹਾ ਹੈ। ਜੇਕਰ ਅੱਜ ਵੀ ਇਹ ਪੀੜੀਆਂ ਗਰੀਬ ਹੋਈ ਜਾਣ, ਜੇਕਰ ਅਸੀਂ ਰੋਕਾਂਗੇ ਨਹੀਂ ਤਾਂ ਇਹ ਗੁਰਬਤ ਵਧਦੀ ਹੀ ਰਹੇਗੀ।

ਅਸੀਂ ਆਜ਼ਾਦ ਹੋਣ ਜਾ ਰਹੇ ਸਾਂ ਤਾਂ ਮਹਾਤਮਾ ਗਾਂਧੀ ਨੇ ਇਹ ਆਖ ਦਿੱਤਾ ਸੀ ਕਿ ਅਸੀਂ ਹੁਣ ਰਾਮ ਰਾਜ ਸਥਾਪਤ ਕਰ ਲਵਾਂਗੇ ਅਤੇ ਸ੍ਰੀ ਰਾਮ ਦਾ ਰਾਜ ਸੁਣ ਕੇ ਅਸਾਂ ਇਹ ਅੰਦਾਜ਼ਾ ਲਾ ਲਿਆ ਸੀ ਕਿ ਬਹੁਤ ਹੀ ਵਧੀਆ ਵਕਤ ਆਉਣ ਵਾਲਾ ਹੈ। ਪਰ ਅੱਜ ਸਾਢੇ ਸਤ ਦਹਾਕਿਆਂ ਦੀ ਅਜ਼ਾਦੀ ਅਤੇ ਅੱਜ ਵਾਲਾ ਪ੍ਰਜਾਤੰਤਰ ਅਸੀਂ ਦੇਖ ਲਿਆ ਹੈ ਅਤੇ ਇਹ ਜਿਹੜੀਆਂ ਵੀ ਸਰਕਾਰਾਂ ਬਣਦੀਆਂ ਰਹੀਆਂ ਹਨ, ਇਹ ਬੇਸ਼ੱਕ ਲੋਕ ਰਾਜ ਅਖਵਾਉਂਦੀਆਂ ਰਹੀਆਂ ਹਨ ਅਤੇ ਬਕਾਇਦਾ ਚੋਣਾਂ ਕਰਵਾ ਕੇ ਕਾਇਮ ਹੁੰਦੀਆਂ ਰਹੀਆਂ ਹਨ ਪਰ ਰਾਜ ਇਕ-ਪੁਰਖਾ ਜਿਹਾ ਹੀ ਰਿਹਾ ਹੈ ਅਤੇ ਇਹ ਰਾਜ ਹਾਲੇ ਤੱਕ ਪਰਜਾਤੰਤਰ ਨਹੀਂ ਬਣ ਸਕਿਆ ਹੈ। ਇਕਪੁਰਖਾ ਰਾਜ ਤਾਂ ਤਾਨਾਸ਼ਾਸ਼ਾਹੀ ਹੀ ਰਹਿੰਦਾ ਹੈ ਅਤੇ ਜਨਤਾ ਦੀ ਭਲਾਈ ਬਾਰੇ ਕਦੇ ਸੋਚਿਆ ਹੀ ਨਹੀਂ ਜਾਂਦਾ।

ਸਾਡੇ ਮੁਲਕ ਵਿੱਚ ਇਹ ਜਿਹੜੇ ਵੀ ਰਾਜਸੀ ਲੋਕ ਹਨ, ਇਹ ਕੋਈ ਅਰਥਸ਼ਾਸਤਰੀ ਨਹੀਂ ਅਤੇ ਨਾ ਹੀ ਇਹ ਰਾਜਸੀ ਲੋਕਾਂ ਪਾਸ ਕੋਈ ਟੀਚਾ ਹੀ ਹੈ। ਇਹ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਆਪਣੇ ਪੰਜ ਸਾਲ ਪੂਰੇ ਕਰੀ ਜਾਂਦੇ ਹਨ ਅਤੇ ਇਸ ਤਰਾਂ ਕਰਦਿਆਂ ਕਰਦਿਆਂ ਅੱਜ ਸਾਢੇ ਸੱਤ ਦਹਾਕਿਆਂ ਦਾ ਸਮਾਂ ਲੰਘ ਗਿਆ ਹੈ। ਜਿਵੇਂ ਅੱਗੇ ਸਦੀਆਂ ਲੰਘ ਗਈਆਂ ਹਨ, ਹੁਣ ਵੀ ਜੇਕਰ ਇਸੇ ਤਰਾਂ ਚਲਦਾ ਰਹਿੰਦਾ ਹੈ ਤਾਂ ਪੌਣੀ ਸਦੀ ਤਾਂ ਲੰਘ ਹੀ ਗਈ ਹੈ, ਸਦੀਆਂ ਵੀ ਲੰਘ ਸਕਦੀਆਂ ਹਨ ਕਿਉਂਕਿ ਹਾਲੇ ਤੱਕ ਗਰੀਬਾਂ ਨੇ ਇਹ ਅਵਾਜ਼ ਨਹੀਂ ਉਠਾਈ ਕਿ ਇਹ ਜਿਹੜੀ ਤਰੱਕੀ ਹੋ ਰਹੀ ਹੈ ਇਸ ਵਿੱਚ ਸਾਡਾ ਵੀ ਹਿੱਸਾ ਬਣਦਾ ਹੈ ਅਤੇ ਸਾਡੇ ਪੱਲੇ ਪੈਣਾ ਚਾਹੀਦਾ ਹੈ। ਇਹ ਅਵਾਜ਼ ਕਦੇ ਕਿਸੇ ਉਠਾਉਣੀ ਹੀ ਨਹੀਂ ਅਤੇ ਇਹ ਜਿਹੜੀਆਂ ਵੀ ਵੋਟਾਂ ਹਾਸਲ ਕਰਨ ਲਈ ਮੁਫਲੀ ਸਹਾਇਤਾ ਦੀਆਂ ਸਕੀਮਾਂ ਚਲਾ ਕੇ ਵੋਟਾਂ ਲੈ ਲਈਆਂ ਜਾਂਦੀਆਂ ਹਨ, ਇਹ ਚਲਦੀਆਂ ਰਹਿਣਗੀਆਂ ਅਤੇ ਗੁਰਬਤ ਖਤਮ ਹੋਣ ਦੀ ਬਜਾਏ ਵਧਦੀ ਹੀ ਰਹੇਗੀ।

ਸਾਡਾ ਮੁਲਕ ਬਹੁਤ ਹੀ ਜ਼ਿਆਦਾ ਤਰੱਕੀ ਕਰ ਚੁੱਕਾ ਹੈ। ਅਸੀਂ ਆਪਣੇ ਜੋਗਾ ਅਨਾਜ ਪੈਦਾ ਕਰ ਰਹੇ ਹਾਂ। ਸਾਡੇ ਕਾਰਖਾਨਿਆਂ ਨੇ ਆਦਮੀ ਦੀ ਹਰ ਜ਼ਰੂਰਤ ਪੂਰੀ ਕਰ ਦਿੱਤੀ ਹੈ ਅਤੇ ਸਾਡੇ ਬਾਜ਼ਾਰਾਂ ਵਿੱਚ ਆਦਮੀ ਦੀ ਲੋੜਦੀ ਹਰ ਚੀਜ਼ ਮੌਜੂਦ ਹੈ। ਅੱਜ ਸਿਹਤ, ਵਿਦਿਆ, ਸਿਖਲਾਈ ਲਈ ਹਰ ਤਰਾਂ ਦਾ ਪ੍ਰਬੰਧ ਆ ਗਿਆ ਹੈ ਅਤੇ ਇਹ ਵੀ ਪ੍ਰਤੱਖ ਹੈ ਕਿ ਇਹ ਗਰੀਬ ਲੋਕ ਵੀ ਹਰ ਬਣ ਆਈ ਚੀਜ਼ ਵਰਤਣਾ ਚਾਹ ਰਹੇ ਹਨ ਅਤੇ ਅਸਲ ਵਿੱਚ ਇਹ ਚੀਜ਼ਾਂ ਅੱਜ ਜੀਵਨ ਦਾ ਹਿੱਸਾ ਬਣ ਗਈਆਂ ਹਨ। ਪਰ ਮੁਸ਼ਕਲ ਇਹ ਆ ਗਈ ਹੈ ਕਿ ਏਨੀ ਵੱਡੀ ਗਿਣਤੀ ਜਿਹੜੀ ਗਰੀਬਾਂ ਦੀ ਹੈ ਇਨਾਂ ਦੀ ਮਾਸਿਕ ਆਮਦਨ ਹੀ ਬਹੁਤ ਘੱਟ ਹੈ ਅਤੇ ਅੱਜ ਦੇ ਦਿਹਾੜਿਆਂ ਵਿੱਚ ਵੀ ਉਹ ਮਸਾਂ ਦੋ ਵਕਤਾਂ ਦੀ ਰੋਟੀ ਹੀ ਕਮਾ ਸਕਦੇ ਹਨ। ਇਕ ਤਰਾਂ ਨਾਲ ਇਹ ਹੋ ਰਹੀ ਤਰੱਕੀ ਉਨਾਂ ਲਈ ਕੋਈ ਅਰਥ ਨਹੀਂ ਰੱਖਦੀ। ਇਹ ਵੀ ਸਾਫ ਦਿਖ ਰਿਹਾ ਹੈ ਕਿ ਜੇਕਰ ਸਾਡਾ ਪੈਦਾ ਕੀਤਾ ਅਨਾਜ ਅਤੇ ਸਾਡੇ ਕਾਰਖਾਨਿਆਂ ਵਿੱਚ ਬਣਿਆ ਮਾਲ ਵਿਕੇਗਾ ਨਹੀਂ ਤਾਂ ਹੋ ਰਹੀ ਤਰੱਕੀ ਵੀ ਰੁਕ ਜਾਵੇਗੀ। ਇਹ ਗੱਲ ਕਿਸੇ ਦੇ ਵੀ ਸਮਝ ਨਹੀਂ ਆ ਰਹੀ ਅਤੇ ਜੇਕਰ ਇਹੋ ਹਾਲ ਰਿਹਾ ਤਾਂ ਕੁਝ ਹੀ ਸਾਲਾਂ ਵਿੱਚ ਮੁਲਕ ਦਾ ਹਾਲ ਕੀ ਬਣ ਜਾਵੇਗਾ ਜਿਸਦਾ ਅੰਦਾਜ਼ਾ ਕੋਈ ਵੀ ਨਹੀਂ ਲਗਾ ਸਕਦਾ।

ਇਹ ਜਿਹੜੀਆਂ ਵੀ ਸਰਕਾਰਾਂ ਹਨ ਇਹ ਤਾਂ ਆਪ ਮਲੰਗ ਹੋ ਗਈਆਂ ਹਨ ਅਤੇ ਜਿਹੜੇ ਲੋਕ ਸਰਕਾਰਾਂ ਪਾਸ ਕੰਮ ਵੀ ਕਰ ਰਹੇ ਹਨ ਉਨਾਂ ਉਤੇ ਖਰਚਾ ਘਟਾਉਣ ਲਈ ਭਰਤੀ ਦੀਆਂ ਕਈ ਕਈ ਸਕੀਮਾਂ ਚਲ ਰਹੀਆਂ ਹਨ ਅਤੇ ਇਹ ਅੱਜ ਵਾਲੀਆਂ ਸਰਕਾਰਾਂ ਲੋਕਾਂ ਲਈ ਨਾ ਤਾਂ ਰੁਜ਼ਗਾਰ ਪੈਦਾ ਕਰ ਸਕੀਆਂ ਅਤੇ ਨਾ ਹੀ ਵਾਜਬ ਜਿਹੀਆਂ ਮਜ਼ਦੂਰੀਆਂ ਹੀ ਨਿਸ਼ਚਿਤ ਕਰ ਸਕੀਆਂ। ਲਗਦਾ ਹੈ ਇਹ ਦੋਵੇਂ ਖੇਤਰਾਂ ਵਿੱਚ ਸਾਡੀ ਮਦਦ ਹੁਣ ਇਹ ਕਾਰਪੋਰੇਟ ਅਦਾਰੇ ਅਤੇ ਨਿੱਜੀ ਖੇਤਰ ਵਾਲੇ ਅਦਾਰੇ ਹੀ ਕਰ ਸਕਦੇ ਹਨ। ਅਸੀਂ ਜੇਕਰ ਕਾਨੂੰਨ ਬਣਾ ਦੇਈਏ ਕਿ ਇਹ ਅਦਾਰੇ ਆਪਣੀਆਂ ਇਕਾਈਆਂ ਵਿੱਚ ਏਨੀ ਪ੍ਰਤੀਸ਼ਤ ਰੁਜ਼ਗਾਰ ਵਧਾਉਣ ਅਤੇ ਏਨੀ ਪ੍ਰਤੀਸ਼ਤ ਉਜਰਤਾਂ ਵਧਾ ਦੇਣ ਤਾਂ ਕੋਈ ਹਰਜ਼ ਨਹੀਂ ਹੈ। ਕਾਰਖਾਨਿਆਂ ਲਈ ਬਿਜਲੀ, ਤੇਲ, ਗੈਸ ਅਤੇ ਬੈਂਕਾਂ ਤੋਂ ਕਰਜ਼ੇ ਦੀਆਂ ਰਕਮਾਂ ਵਧਾਈਆਂ ਜਾ ਸਕਦੀਆਂ ਹਨ ਅਤੇ ਹੋਰ ਸਹੂਲਤਾਂ ਵੀ ਦਿੱਤੀਆਂ ਜਾ ਸਕਦੀਆਂ ਹਨ। ਮੁਲਕ ਦੀ ਏਨੀ ਵੱਡੀ ਬੇਰੁਜ਼ਗਾਰੀ ਹੁਣ ਇਹ ਕਾਰਪੋਰੇਟ ਅਤੇ ਨਿੱਜੀ ਅਦਾਰੇ ਹੀ ਘਟਾ ਸਕਦੇ ਹਨ ਅਤੇ ਵਕਤ ਦੀਆਂ ਸਰਕਾਰਾਂ ਦੇ ਵਸਦੀ ਗੱਲ ਨਹੀਂ ਰਹੀ।

# ਆਓ ਜਾਣੀਏ ਕੀ ਹੁੰਦਾ ਹੈ ਆਪਣਿਆਂ ਦੇ ਵਿਛੋੜੇ ਦਾ ਦਰਦ

ਗਗਨਦੀਪ ਧਾਲੀਵਾਲ

ਦੋਸਤੋ ਕਿਸੇ ਆਪਣੇ ਦੇ ਵਿਛੜਨ ਜਾਣ ਦਾ ਦਰਦ ਸਿਰਫ ਓਹੀ ਸਮਝ ਸਕਦੇ ਹਨ ਜਿਨਾਂ ਨਾਲ ਖ਼ੁਦ ਬੀਤੀ ਹੋਵੇ। ਦੋਸਤੋ ਵਿਛੋੜੇ ਦਾ ਦਰਦ ਅਜਿਹਾ ਦਰਦ ਹੈ ਜਿਸਦਾ ਕੋਈ ਇਲਾਜ ਨਹੀਂ ਹੈ ਜੋ ਦਵਾਈ ਲੈਣ ਤੇ ਹਟ ਜਾਵੇ । ਇਹ ਤਾਂ ਦੂਜਿਆਂ ਲਈ ਬੱਸ ਇੱਕ ਚਾਰ ਕੁ ਦਿਨਾਂ ਦਾ ਮੇਲਾ ਹੀ ਹੁੰਦਾ ਹੈ ਵਿਛੋੜਾ ਤਾਂ ਇਕੱਲਿਆਂ ਨੂੰ ਹੀ ਜਰਨਾ ਪੈਂਦਾ ਹੈ।ਵਿਛੋੜੇ ਦੇ ਦਰਦ ਦਾ ਅਹਿਸਾਸ ਕਈ ਲੋਕਾਂ ਨੂੰ ਇਸ ਕੋਰੋਨਾ ਕਾਲ ਵਿੱਚ ਹੋਈਆਂ ਅਨੇਕਾਂ ਮੌਤਾਂ ਦੇ ਕਾਰਨ ਹੀ ਮਹਿਸੂਸ ਹੋਇਆ ਹੋਵੇਗਾ।ਕਿਉਂਕਿ ਦੋਸਤੋ ਇਹ ਅਜਿਹਾ ਦੌਰ ਚੱਲ ਰਿਹਾ ਹੈ ਕਿ ਕਿਸੇ ਦੀ ਮੌਤ ਹੋ ਜਾਣ 'ਤੇ ਵੀ ਕੋਈ ਸੱਜਣ ਬੇਲੀ ਰਿਸ਼ਤੇਦਾਰ ਵੀ ਨਹੀਂ ਆਉਂਦਾ ।ਇਸ ਕੋਰੋਨਾ ਕਾਲ ਕਾਰਨ ਰਿਸ਼ਤਿਆਂ ਵਿਚ ਦੂਰੀ ਬਹੁਤ ਵੱਧ ਗਈ ਹੈ।ਖ਼ੂਨ ਸਫ਼ੈਦ ਹੋ ਗਏ ਹਨ, ਆਪਣਿਆਂ ਦੇ ਦੂਰ ਜਾਣ ਦਾ ਅਹਿਸਾਸ ਤੱਕ ਨਹੀਂ ਰਿਹਾ। ਲਾਸ਼ ਨੂੰ ਹੱਥ ਤੱਕ ਨਹੀਂ ਲਾਇਆ ਜਾਂਦਾ। ਬੇਗਾਨਿਆਂ ਦੀ ਤਰਾਂ ਸ਼ਮਸ਼ਾਨਘਾਟ ਵਿੱਚ ਜਲਣ ਲਈ ਸੁੱਟ ਆਉਂਦੇ ਹਨ । ਹੁਣ ਤਾਂ ਤੀਜੇ ਦਿਨ ਹੀ ਪਾਠ ਦਾ ਭੋਗ ਪਾ ਦਿੱਤਾ ਜਾਂਦਾ ਹੈ। ਪਰ ਦੋਸਤੋ ਕਈ ਪਰਿਵਾਰ ਅਜਿਹੇ ਹਨ ਜੋ ਅੱਜ ਵੀ ਆਪਣੇ ਕਿਸੇ ਦੀ ਮੌਤ ਦਾ ਦੁੱਖ ਸਹਿ ਰਹੇ ਹਨ। ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਹੇ ਹਨ । ਦੋਸਤੋ ਆਪਣੇ ਕਿਸੇ ਕਰੀਬੀ ਦੀ ਮੌਤ ਤੋਂ ਵੱਡਾ ਕੋਈ ਗ਼ਮ ਨਹੀਂ। ਪਰਿਵਾਰ ਵਿੱਚ ਵਾਪਰੀਆਂ ਘਟਨਾਵਾਂ ਕਈ ਵਾਰ ਇਨਸਾਨ ਨੂੰ ਤੋੜ ਦਿੰਦੀਆਂ ਹਨ। ਜਦੋਂ ਕੋਈ ਆਪਣਾ ਦੂਰ ਹੋ ਜਾਂਦਾ ਹੈ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡਾ ਸਾਰਾ ਕੁੱਝ ਲੁੱਟਿਆ ਗਿਆ ਹੈ ਹਾਸੇ-ਚਾਅ ਆਦਿ। ਅਸੀਂ ਹਮੇਸ਼ਾ ਲਈ ਗਵਾ ਲਿਆ ਹੈ ਜੋ ਕਦੇ ਮੁੜ ਕੇ ਵਾਪਿਸ ਨਹੀਂ ਆਵੇਗਾ। ਕਈ ਵਾਰ ਪਰਿਵਾਰ ਵਿੱਚ ਮੰਦਭਾਗੀ ਘਟਨਾ ਘਟ ਜਾਂਦੀ ਹੈ ਜਵਾਨ ਧੀ -ਪੁੱਤ ਮਾਪਿਆਂ ਤੋਂ ਪਹਿਲਾਂ ਹੀ ਦੁਨੀਆਂ ਤੋਂ ਤੁਰ ਜਾਂਦੇ ਹਨ। ਸੋਚੋ ਜਿਸ ਇਨਸਾਨ 'ਤੇ ਦੁੱਖਾਂ ਦਾ ਏਨਾ ਵੱਡਾ ਪਹਾੜ ਟੁੱਟ ਪਿਆ ਹੋਵੇ ਤੇ ਸ਼ਾਇਦ ਉਹ ਹਮੇਸ਼ਾ ਲਈ ਹਾਸਾ ਭੁੱਲ ਗਏ ਹੋਣ, ਉਹ ਕਦੇ ਦੁਬਾਰਾ ਖ਼ੁਸ਼ ਨਾ ਹੋ ਪਾਉਣ। ਅਜਿਹਾ ਸੋਗ ਉਨਾਂ ਦੀ ਜ਼ਿੰਦਗੀ ਨੂੰ ਘੁਣ ਵਾਂਗ ਖਾ ਜਾਂਦਾ ਹੈ। ਥੋੜਾ ਸਮਾਂ ਹੀ ਰਿਸ਼ਤੇਦਾਰ ਮਿੱਤਰ ਸੋਗ ਵਿੱਚ ਸ਼ਾਮਿਲ ਹੁੰਦੇ ਹਨ ਤੇ ਫਿਰ ਦੋਸਤ ਆਪਣੇ ਕੰਮਾਂ-ਕਾਰਾਂ ਵਿਚ ਰੁੱਝ ਜਾਂਦੇ ਹਨ। ਕਈ ਲੋਕ ਤਾਂ ਇਹ ਕਹਿ ਦਿੰਦੇ ਹਨ ਕਿ ਸਾਡਾ ਔਖਾ ਸਮਾਂ ਕਿਸੇ ਨੇ ਨਹੀਂ ਲੰਘਾਇਆ ਪਰ ਬਹੁਤ ਸਾਰੇ ਲੋਕ ਇਸ ਗੱਲ ਦੀ ਕਦਰ ਕਰਦੇ ਹਨ ਰਿਸ਼ਤੇਦਾਰਾਂ ਦੋਸਤਾਂ ਨੇ ਉਨਾਂ ਦਾ ਮਨ ਹਲਕਾ ਕਰਨ ਵਿਚ ਮਦਦ ਕੀਤੀ ਹੈ । ਦੋਸਤੋ ਕਿਹਾ ਜਾਂਦਾ ਹੈ ਕਿ ਦੁੱਖ ਸਾਂਝਾ ਕਰਨ ਨਾਲ ਦਰਦ ਘਟ ਜਾਂਦਾ ਹੈ ਤੇ ਖੁਸ਼ੀ ਸਾਂਝੀ ਕਰਨ ਨਾਲ ਵਧ ਜਾਂਦੀ ਹੈ। ਦੋਸਤੋ ਤੁਰ ਜਾਣ ਵਾਲਿਆਂ ਦੀ ਥਾਂ ਤਾਂ ਕੋਈ ਲੈ ਨਹੀਂ ਸਕਦਾ ਨਾ ਹੀ ਉਹ ਜ਼ਖ਼ਮ ਭਰ ਸਕਦਾ ਹੈ ਪਰ ਪਿਆਰ ਭਰੀਆਂ ਗੱਲਾਂ ਨਾਲ ਅਸੀਂ ਦਿਲਾਸਾ ਦੇ ਸਕਦੇ ਹਾਂ ਅਤੇ ਮਦਦ ਕਰ ਸਕਦੇ ਹਾਂ।

ਅੰਗਰੇਜ਼ੀ ਵਿਦਵਾਨ ਜਾਰਜ ਇਲੀਅਟ ਨੇ ਲਿਖਿਆ ਹੈ ਕਿ ਵਿਛੋੜੇ ਦੇ ਦਰਦ ਦੀ ਗਹਿਰਾਈ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਿਛੜੀ ਰੂਹ ਨਾਲ ਤੁਹਾਡਾ ਕੀ ਸਬੰਧ ਸੀ, ਕਿੰਨਾ ਕੁ ਪਿਆਰ ਸੀ, ਕਿੰਨੀ ਕੁ ਹਮ-ਖਿਆਲ ਸੀ ਅਤੇ ਕਿੰਨਾ ਕੁ ਲੰਮਾ ਵਾਹ-ਵਾਸਤਾ ਸੀ।ਦੋਸਤੋ ਆਪਣਿਆਂ ਦੇ ਵਿਛੜ ਜਾਣ 'ਤੇ ਇੰਝ ਮਹਿਸੂਸ ਹੁੰਦਾ ਕਿ ਚੀਕਾਂ ਮਾਰ-ਮਾਰ ਆਪਣਾ ਆਪ ਗਵਾ ਲਈਏ । ਪਰ ਸਮਾਂ ਬਹੁਤ ਬਲਵਾਨ ਹੁੰਦਾ ਹੈ ਉਸਦੇ ਅੱਗੇ ਕਿਸੇ ਦੀ ਪੇਸ਼ ਨਹੀਂ ਚੱਲਦੀ। ਬੱਸ ਕੁਦਰਤ ਦਾ ਭਾਣਾ ਮੰਨ ਕੇ ਹੀ ਆਪਣੇ ਆਪ ਨੂੰ ਪਰਿਵਾਰ ਲਈ ਬੱਚਿਆਂ ਲਈ ਜਿਊਣਾ ਪੈਂਦਾ ਹੈ।

# ਪੰਜਾਬੀ ਅਕਾਦਮੀ ਦਿੱਲੀ ਦੇ ਸਾਬਕਾ ਸਕੱਤਰ ਸ.ਗੁਰਭੇਜ ਸਿੰਘ ਗੁਰਾਇਆ ਜੀ



**ਅਰਵਿੰਦਰ ਸੰਧੂ**

**੭੯੮੮੮੭੧੪੪੫**

ਸ . ਗੁਰਭੇਜ ਸਿੰਘ ਗੁਰਾਇਆ ਇਕ ਬਹੁਪੱਖੀ ਅਤੇ ਬਹੁ-ਪ੍ਰਤਿਭਾਸ਼ਾਲੀ ਸ਼ਖਸੀਅਤ ਦਾ ਨਾਮ ਹੈ। ਪੂਰੀ ਤਰਾਂ ਆਪਣੇ ਫਰਜ਼ਾਂ ਪ੍ਰਤੀ ਸਮਰਪਿਤ ਰਹਿਣ ਵਾਲੀ ਸਖਸ਼ੀਅਤ ।ਦਿੱਲੀ ਦੇ ਸਾਹਿਤਕ, ਸਮਾਜਿਕ ਅਤੇ ਸਰਕਾਰੀ ਹਲਕਿਆਂ ਵਿੱਚ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ। ਉਹ ਬਹੁਤ ਹੀ ਮਿੱਠੇ-ਬੋਲੜੇ ਅਤੇ ਮਿਲਣਸਾਰ ਸੁਭਾਅ ਦੇ ਮਾਲਕ ਹਨ। ਲੋਹੜੀ ਦੇ ਮੁਬਾਰਕ ਮੌਕੇ ਤੇ' ਪਿਤਾ ਸਵ. ਸ.ਬਲੀ ਸਿੰਘ ਗੁਰਾਇਆ ਮਾਤਾ (ਸਵ.)ਗੁਰਮੀਤ ਕੌਰ ਦੇ ਘਰ ਜ਼ਿਲਾ ਸਿਰਸਾ ਹਰਿਆਣਾ ਵਿਚ ਜਨਮੇ ਗੁਰਭੇਜ ਸਿੰਘ ਗੁਰਾਇਆ ਨੇ ਮੁੱਢਲੀ ਸਕੂਲੀ ਸਿੱਖਿਆ ਪਿੰਡ 'ਚ ਹਾਸਿਲ ਕਰਨ ਤੋਂ ਬਾਅਦ ਗੈਜੂਏਸ਼ਨ ਪੰਜਾਬ ਯੂਨੀਵਰਸਿਟੀ ਚੰਡੀਗੜ ਫਿਰ ਐਮ. ਏ. ਪੰਜਾਬੀ ਅਤੇ ਐਲ. ਐਲ.ਬੀ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੂਰੀ ਕੀਤੀ ।ਗੁਰਭੇਜ ਸਿੰਘ ਗੁਰਾਇਆ ਨੇ ਅਪਣਾ ਵਕਾਲਤ ਦਾ ਸਫਰ 1990 ਵਿੱਚ ਸਿਰਸਾ (ਹਰਿਆਣਾ) ਦੀ ਜ਼ਿਲਾ ਕਚਹਿਰੀ ਤੋਂ ਸ਼ੁਰੂ ਕੀਤਾ ਅਤੇ ਜ਼ਿਲਾ ਬਾਰ ਐਸੋਸੀਏਸ਼ਨ ਸਿਰਸਾ ਦੇ ਸਕੱਤਰ ਵੀ ਰਹੇ ।1993 ਈ: ਵਿੱਚ ਉਨਾਂ ਦੀ ਚੋਣ ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਵਿੱਚ ਬਤੌਰ ਸਰਕਾਰੀ ਵਕੀਲ ਹੋਈ।

ਉਨਾਂ ਕਈ ਅਹਿਮ ਕੇਸਾਂ ਚ ਸਰਕਾਰ ਦਾ ਪੱਖ ਬਹੁਤ ਹੀ ਨਿਡਰਤਾ ਨਾਲ ਪੇਸ਼ ਕੀਤਾ। ਉਹ ਦਿੱਲੀ ਦੀ ਸਾਹਿਤ ਫਿਜ਼ਾ ਵਿਚ ਵਿਚਰਦੇ ਰਹੇ ਤੇ ਇਕ ਉਪਰਾਲਾ ਸਭ ਤੋਂ ਪਹਿਲਾ ਉਨਾਂ ਨੇ ਹੀ ਕੀਤਾ ਕਿ ਜਿਹੜੇ ਵਿਦਿਆਰਥੀ IAS ਦੀ ਪ੍ਰੀਖਿਆ ਪੰਜਾਬੀ ਮਾਧਿਅਮ ਰਾਹੀਂ ਕਰਦੇ ਨੇ ਉਨਾਂ ਨੂੰ ਹੱਲਾ ਸ਼ੇਰੀ ਦਿੱਤੀ ਜਾਵੇ। ਇਸ ਤਹਿਤ ਇਕ ਸਲਾਨਾ ਸਨਮਾਨ ਵੀ ਦਿੱਤਾ ਜਾਣ ਲੱਗਾ। ਵਰਿੰਦਰ ਸ਼ਰਮਾ, ਕੁਲਵੰਤ ਸਿੰਘ ਬਲਵਿੰਦਰ ਧਾਲੀਵਾਲ ਮਨਦੀਪ ਸਿੰਘ ਆਦਿ ਆਈ.ਏ. ਐਸ. ਅਫਸਰਾਂ ਨੂੰ ਸਨਮਾਨਿਤ ਕੀਤਾ ਗਿਆ।

ਗੁਰਭੇਜ ਸਿੰਘ ਗੁਰਾਇਆ ਨੂੰ ਸਹਿਤ ਪੜਨ ਅਤੇ ਲਿਖਣ ਦੀ ਚੇਟਕ ਘਰੋਂ ਹੀ ਲੱਗੀ ਹੈ । ਉਨਾਂ ਦੇ ਦਾਦਾ ਜੀ ਸ. ਤਰਨ ਸਿੰਘ ਵਹਿਮੀ ਨੇ ਅਨੇਕ ਇਤਿਹਾਸਕ ਪੁਸਤਕਾਂ ਪੰਜਾਬੀ ਸਹਿਤ ਦੀ ਝੋਲੀ ਪਾਈਆਂ ਹਨ। ਆਪਣੇ ਦਾਦਾ ਜੀ ਦੀਆਂ ਲਿਖਤਾਂ ਅਤੇ ਕਈ ਹੋਰ ਪੁਸਤਕਾਂ ਦੀ ਸੰਪਾਦਨਾ ਬੜੀ ਖ਼ੂਬਸੂਰਤੀ ਅਤੇ ਇੱਕ ਪਰਪੱਕ ਸੰਪਾਦਕ ਵਜੋਂ ਕਰਕੇ ਸਾਹਿਤ ਦੇ ਖੇਤਰ ਵਿੱਚ ਆਪਣਾ ਨਾਮ ਬਣਾਇਆ।

ਉਨਾਂ ਦੇ ਦਾਦਾ ਜੀ ਦੇ ਨਾਮ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਸਲਾਨਾ 1.5 ਲੱਖ ਦਾ ਸਨਮਾਨ ਪੰਜਾਬੀ ਲੇਖਕ ਨੂੰ ਦਿੱਤਾ ਜਾਂਦਾ ਹੈ

ਕਿਸਾਨੀ ਪਰਿਵਾਰ ਨਾਲ ਸਬੰਧਤ ਗੁਰਭੇਜ ਸਿੰਘ ਗੁਰਾਇਆ ਨੇ ਕਾਨੂੰਨ ਦੀਆਂ ਬਾਰੀਕੀਆਂ ਨਾਲ ਦਸਤਪੰਜਾ ਲੈਂਦਿਆਂ ਸਹਿਤ ਨਾਲ ਵੀ ਨਿਰੰਤਰ ਨਾਤਾ ਜੋੜੀ ਰੱਖਿਆ ।ਸਮੇਂ ਸਮੇਂ ਤੇ ਉਨਾਂ ਦੇ ਲੇਖ ਮਾਸਿਕ ਰਸਾਲੇ 'ਵਰਿਆਮ' ਅਤੇ 'ਸਤਿਜੁਗ' ਵਿੱਚ ਛਪਦੇ ਰਹਿੰਦੇ ਹਨ।

ਉਹ 1990 ਤੋਂ ਪੰਜਾਬੀ ਸਹਿਤ ਸਭਾ ਸਿਰਸਾ ਦੇ ਮੈਂਬਰ ਚਲੇ ਆ ਰਹੇ ਹਨ।

**ਸਖਸ਼ੀਅਤ**

2016 ਵਿਚ ਪੰਜਾਬੀ ਅਕਾਦਮੀ ਦੇ ਸਕੱਤਰ ਨਿਯੁਕਤ ਹੋਣ ਤੱਕ ਉਨਾਂ ਇਸ ਅਹੁਦੇ ਦੀ ਮਾਣ ਮਰਿਆਦਾ ਨੂੰ ਬਰਕਰਾਰ ਰੱਖਦਿਆਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ



ਆਪਣੀਆਂ ਸੇਵਾਵਾਂ ਨਿਭਾਈਆਂ।

ਕੂਕਾ ਲਹਿਰ-ਸਾਹਿਤ ਤੇ ਇਤਿਹਾਸ :
'ਸੰਤ ਸਾਖੀਆਂ – ਵਹਿਮੀ ਰਚਨਾਵਲੀ'
'ਸੁਖਵਿੰਦਰ ਅੰਮ੍ਰਿਤ ਦੀ ਕਾਵਿ ਚੇਤਨਾ',,'ਪੰਜਾਬੀ ਕਵਿਤਾ ਦਾ ਸੁੱਚਾ ਪੱਤਣ : ਹਜ਼ਾਰਾ ਸਿੰਘ ਗੁਰਦਾਸਪੁਰੀ'
ਅਤੇ 'ਸ਼ਹੀਦ ਊਧਮ ਸਿੰਘ : ਜੀਵਨ ਤੇ ਸੰਘਰਸ਼' ਪੁਸਤਕਾਂ ਦਾ ਸੰਪਾਦਨ ਕੀਤਾ। ਪੰਜਾਬੀ ਅਕਾਦਮੀ, ਦਿੱਲੀ ਦੇ ਦੋ-ਮਾਸਿਕ ਰਸਾਲੇ 'ਸਮਦਰਸ਼ੀ' ਦਾ ਸਫਲਤਾਪੂਰਵਕ ਸੰਪਾਦਨ ਵੀ ਕੀਤਾ।

ਉਨਾਂ ਦੀਆਂ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਵਜੋਂ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਵੀ ਜ਼ਿਕਰਯੋਗ ਪ੍ਰਾਪਤੀਆਂ ਹਨ। ਉਨਾਂ ਨੇ ਜਿੱਥੇ ਦਿੱਲੀ ਤੋਂ ਇਲਾਵਾ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਜੰਮੂ ਕਸ਼ਮੀਰ ਅਤੇ ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਦੇ ਸਾਹਿਤਕਾਰਾਂ ਨੂੰ ਅਕਾਦਮੀ ਨਾਲ ਜੋੜਿਆ ਓਥੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ, ਧਾਰਮਿਕ ਅਤੇ ਸੱਭਿਆਚਾਰਿਕ ਖੇਤਰ ਵਿੱਚ ਵੀ ਅਜਿਹੇ ਮੀਲ ਪੱਥਰ ਗੱਡੇ ਹਨ। ਸਕੱਤਰ ਹੁੰਦਿਆਂ ਦਿੱਲੀ ਵਿਖੇ ਵੱਖ ਵੱਖ ਇਲਾਕਿਆਂ ਵਿੱਚ ਸੱਭਿਆਚਾਰਕ ਮੇਲੇ ਲਗਾਏ ਗਏ ਜਿਸ ਸਦਕਾ ਆਮ ਲੋਕਾਂ ਅਤੇ ਬੱਚਿਆਂ ਤੱਕ ਪੰਜਾਬੀ ਸੱਭਿਆਚਾਰ ਲੈ ਜਾਣ ਵਾਸਤੇ ਪਹਿਲੀ ਵਾਰ ਹੋਇਆ, ਗਿੱਧੇ ਭੰਗੜੇ ਪੰਜਾਬੀ ਸਿਖਲਾਈ, ਗੁਰਮੁਖੀ ਅੱਖਰਾਂ ਸਿਖਲਾਈ, ਵੱਡੇ ਪੱਧਰ ਮੇਲੇ ਲਾਏ । ਦਿੱਲੀ ਵਿੱਚ ਵਿਰਾਸਤੀ ਮੇਲੇ ਵੀ ਲਗਵਾਏ ਗਏ ਅਤੇ ਪਹਿਲੀ ਵਾਰ ਹੋਇਆ ਕਿ ਪੰਜਾਬੀ ਅਕਾਦਮੀ ਵੱਲੋਂ ਸਹਿਤ ਅਤੇ ਸੱਭਿਆਚਾਰ ਦੇ ਵੀ ਮੇਲੇ ਵੀ ਲਗਵਾਏ ਗਏ। ਜਿਸ ਸਦਕਾ ਬਹੁਤ ਲੋਕਾਂ ਨੂੰ ਆਪਣੇ ਵਿਰਸੇ ਨਾਲ ਜਾਣ ਪਹਿਚਾਣ ਦਾ ਮੌਕਾ ਮਿਲਿਆ। ਇਨਾਂ ਵਿਰਾਸਤੀ ਮੇਲਿਆਂ ਦੀ ਪ੍ਰਾਰੰਭਤਾ ਵਿੱਚ ਸਾਰਾ ਦਿਨ ਬੱਚਿਆਂ ਲਈ ਸੈਮੀਨਾਰ, ਸਾਹਿਤਕ ਚਰਚਾ, ਕਵੀ ਦਰਬਾਰ, ਸ਼ਾਮ ਨੂੰ ਗਿੱਧਾ ਭੰਗੜਾ ਅਤੇ ਸਾਹਿਤਕ ਗਾਇਕੀ ਆਦਿ ਪ੍ਰੋਗਰਾਮ ਕਰਵਾਏ। ਹਰੇਕ ਪੰਜਾਬੀ ਸੰਸਥਾ ਨਾਲ ਮੋਡੇ ਨਾਲ ਮੋਡਾ ਜੋੜ ਕੇ ਮਾਂ ਬੋਲੀ ਪੰਜਾਬੀ ਨੂੰ ਅੱਗੇ ਲਿਆਉਣ ਦਾ ਹਰ ਯਤਨ ਕੀਤਾ। ਸ. ਗੁਰਭੇਜ ਗੁਰਾਇਆ ਨੂੰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪੰਜਾਬ ਕਲਾ ਵਿਸ਼ਵ ਦਾ ਮੈਂਬਰ ਹੋਣ ਦਾ ਵੀ ਮਾਣ ਪ੍ਰਾਪਤ ਹੋਇਆ।

---

## ਕਿਸਾਨੀਅਤ ਦਾ...

ਗੱਲਾਂ ਕਰਦੇ-ਕਰਦੇ ਉਹ ਕਹਿੰਦੇ ਤੁਹਾਡੇ ਪਾਣੀ ਦਾ ਕੀ ਸਾਧਨ ਆ। ਮੈਂ ਕਿਹਾ ਆਜੋ ਉੱਧਰ ਮੋਟਰ ਆਲ਼ੇ ਪਾਸੇ ਨਾਲੇ ਤੁਹਾਨੂੰ ਬਠਿੰਡੇ ਵਾਲੀ ਚਾਹ ਬਣਾ ਕੇ ਪਿਆਉਣਾ। ਕਹਿੰਦੇ ਨਹੀਂ ਅਸੀਂ ਤੇਰਾ ਕੰਮ ਨਹੀਂ ਖੜਾਉਣਾ ਤੂੰ ਅੰਦਰੋਂ ਸਾਨੂੰ ਗਾਲ਼ਾ ਦੇਵੇਗਾ ਕਿ ਵਿਹਲੜ ਆ ਗਏ ਕੰਮ ਰੋਕਣ। ਮੈਂ ਕਿਹਾ ਨਹੀਂ ਭਲੇ ਮਾਨਸੋ ਮੈਂ ਤਾਂ ਸ਼ੁਕਰ ਮਨਾਇਆ ਤੁਹਾਡੇ ਆਉਣ ਤੇ। ਮੈਂ ਉੱਥੋਂ ਕੁਝ ਸੰਤਰੇ ਤੋੜ ਕੇ ਮਜ਼ਾਕ ਵਿਚ ਕਿਹਾ ਕਿ ਪਹਿਲਾਂ ਤੁਸੀਂ ਹਾਸਤੇ-ਹਾਸਤੇ ਇੱਧਰ ਆਏ ਸੀ ਹੁਣ ਆਹ ਖਾਂਦੇ-ਖਾਂਦੇ ਮੇਰੇ ਮੋਟਰ ਵਾਲੇ ਕੋਠੇ ਤੇ ਆਜੋ ਬਹਿ ਕੇ ਹੋਰ ਦੁੱਖ-ਸੁੱਖ ਕਰਾਂਗੇ। ਉਨਾਂ ਨੇ ਇਕ-ਇਕ ਸੰਤਰਾ ਫੜ ਲਿਆ ਤੇ ਇਕ-ਇਕ ਜੇਬ ਵਿਚ ਪਾ ਕੇ ਕਹਿੰਦੇ ਸਾਡੇ ਘਰ ਵਾਲੀਆਂ ਵੀ ਨੇ ਨਾਲ ਅਸੀਂ ਜਾ ਕੇ ਉਨਾਂ ਨੂੰ ਦੇਵਾਂਗੇ। ਮੈਂ ਕਿਹਾ ਕੋਈ ਨਾ ਜਾਂਦੇ ਉਨਾਂ ਲਈ ਝੋਲੀ ਭਰ ਕੇ ਹੋਰ ਲੈ ਜਾਇਓ।

ਚਲੋ ਉਹ ਖੇਤ ਦੀ ਦੱਖਣੀ ਗੁੱਠ ਤੇ ਬਣੀ ਮੋਟਰ ਵੱਲ ਤੁਰ ਪਏ ਤੇ ਮੈਂ ਟਰੈਕਟਰ ਨਾਲ ਦੂਜਾ ਬਿੰਨ ਚੁੱਕਣ ਤੁਰ ਪਿਆ। ਅਸੀਂ ਇਕੱਠੇ ਜਿਹੇ ਮੋਟਰ ਤੇ ਪੁੱਜੇ ਮੈਂ ਚਾਹ ਬਣਾਉਣੀ ਚਾਹੀ ਕਹਿੰਦੇ ਨਹੀਂ ਅਸੀਂ ਅੱਜ ਆਪਣੀਆਂ ਘਰ ਵਾਲੀਆਂ ਨਾਲ ਕਿਤੇ ਸ਼ਾਮ ਦਾ ਖਾਣਾ ਖਾਣ ਜਾਣਾ, ਸੋ ਹਾਲੇ ਇੱਥੇ ਹੀ ਹਾਂ ਇਕ ਦੋ ਦਿਨ, ਚਾਹ ਫੇਰ ਪੀ ਕੇ ਜਾਵਾਂਗੇ। ਕੁਝ ਦੇਰ ਗੱਲਾਂ ਮਾਰ ਲੈਂਦੇ ਹਾਂ ਹੋਰ।

ਮੈਂ ਛੇਤੀ ਦਿਨੇ ਮੰਜਾ ਡਾਹਿਆ ਤੇ ਕੋਲ ਦੋ ਕੁਰਸੀਆਂ ਕਰ ਲਈਆਂ। ਜੌਨ ਕੁਰਸੀ ਤੇ ਬਹਿ ਗਿਆ ਪਰ ਪਾਲ ਮੰਜੇ ਨੂੰ ਦੇਖ ਬੜਾ ਖ਼ੁਸ਼ ਹੋਇਆ ਕਹਿੰਦਾ ਇਹ ਬੜਾ ਵਧੀਆ ਹੈ। ਤੇ ਉਹ ਆ ਕੇ ਮੇਰੀ ਪੈਂਦ ਉੱਤੇ ਬੈਠ ਗਿਆ। ਮੈਂ ਕਿਹਾ ਪੈਂਦ ਤੇ ਕਾਹਨੂੰ ਬਹਿਣਾ, ਏਧਰ ਨੂੰ ਹੋ ਜਾ। ਉਹ ਕਹਿੰਦਾ ਕਿਉਂ ਇੱਥੇ ਕੀ ਆ ? ਮੈਂ ਹੁਣ ਉਸ ਨੂੰ ਕੀ ਦੱਸਾਂ ਵੀ ਸਾਡੀ ਵੱਡੀ ਅੰਬੋ ਕਹਿੰਦੀ ਹੁੰਦੀ ਸੀ ਬਈ ਆਏ ਮਹਿਮਾਨ ਨੂੰ ਪੈਂਦ ਤੇ ਨਹੀਂ ਬਹਾਉਂਦੇ ਹੁੰਦੇ, ਇਹ ਉਸ ਦਾ ਨਿਰਾਦਰ ਹੁੰਦਾ। ਮੈਂ ਪਾਲ ਨੂੰ ਕਿਹਾ ਆਰਾਮਦਾਇਕ ਨਹੀਂ ਹੋਵੇਗੀ ਸੋ ਤੂੰ ਜਾ ਕੇ ਕਹੇਗਾ ਕਿ ਪੰਜਾਬੀਆਂ ਦੇ ਮੰਜੇ 'ਤੇ ਬੈਠਣਾ ਤਾਂ ਬਹੁਤ ਔਖਾ। ਗੱਲ ਮੰਜੇ ਦੀ ਤੁਰ ਪਈ ਉਨਾਂ ਦੀ ਜਗਿਆਸਾ ਸੀ ਕਿ ਇਹ ਕਿੱਥੇ, ਕਿਉਂ ਅਤੇ ਕਾਹਤੋਂ ਵਰਤਦੇ ਹਨ ? ਮੈਂ ਸੋਚਿਆ ਜੇ ਜ਼ਿਆਦਾ ਖੁੱਲ ਕੇ ਦੱਸਣ ਲੱਗ ਪਿਆ ਤਾਂ ਮੇਰੀ ਅੰਗਰੇਜ਼ੀ ਮੁੱਕ ਜਾਣੀ ਆ। ਸੋ ਏਸ ਰੱਸੇ ਦੀ ਸਿਰੇ ਆਲ਼ੀ ਗੰਢ ਇਹ ਹੈ ਕਿ ਜਦੋਂ ਅਸੀਂ ਇਸ ਤੇ ਬਹਿ ਜਾਂਦੇ ਹਾਂ ਤਾਂ ਬਾਈ ਮੱਖਣ ਬਰਾੜ ਦੀ ਲਿਖਤ ਵਾਂਗ ਆਪਣੇ ਆਪ ਨੂੰ ਨਵਾਬ ਜਿਹਾ ਸਮਝਣ ਲੱਗ ਪੈਂਦੇ ਹਾਂ। ਉਹ ਹੈਰਾਨ ਜਿਹੇ ਹੋ ਕੇ ਕਹਿੰਦੇ ਤੂੰ ਕਹਿੰਦਾ ਕਿ ਇਹ ਮੰਜਾ ਹਰ ਘਰੇ ਹੁੰਦਾ ਅਤੇ ਇਕ ਘਰੇ ਕਈ-ਕਈ ਹੁੰਦੇ ਆ ? ਮੈਂ ਕਿਹਾ ਹਾਂ। ਉਹ ਕਹਿੰਦਾ ਫੇਰ ਤਾਂ **Too Many** ਨਵਾਬ ਹੋਣੇ ਆ ਤੁਹਾਡੇ ਪੰਜਾਬ 'ਚ ਤਾਂ। ਇਹ ਕਹਿ ਕੇ ਜ਼ੋਰ ਦੀ ਹੱਸ ਪਏ। ਮੈਂ ਕੀ ਦੱਸਾਂ ਕਿ ਬੱਸ ਆਹ ਨਵਾਬੀ ਵਾਲਾ ਭਰਮ ਹੀ ਤਾਂ ਹੈ ਸਾਡੇ ਪੱਲੇ।

ਮਾਹੌਲ ਹਲਕਾ ਫੁਲਕਾ ਬਣ ਗਿਆ ਸੀ ਪਰ ਉਹ ਬੈਠਣ ਦੀ ਥਾਂ ਔਚਵੀਂ ਜਿਹੀ ਕਰ ਰਹੇ ਸਨ ਤੇ ਬਾਰ ਬਾਰ ਕਹਿ ਰਹੇ ਸਨ ਅਸੀਂ ਤੇਰਾ ਕੰਮ ਖੜਾ ਦਿੱਤਾ, ਸਾਨੂੰ ਹੁਣ ਜਾਣਾ ਚਾਹੀਦਾ।

ਮੈਂ ਗੱਲ ਛੇੜੀ ਪੱਛਮੀ ਆਸਟ੍ਰੇਲੀਆ ਦੇ ਇਕ ਵੱਡੇ ਜ਼ਿਮੀਂਦਾਰ ਤੇ 'ਸਪੱਡ ਸ਼ੈੱਡ' ਜਰਨਲ ਸਟੋਰਾਂ ਦੀ ਲੜੀ ਦੇ ਮਾਲਕ ਟੋਨੀ ਗੁਲਾਟੀ ਬਾਰੇ। ਜਦੋਂ ਮੈਂ ਜਾਣਨਾ ਚਾਹਿਆ ਤਾਂ ਉਹ ਕਹਿੰਦੇ ਬੰਦੇ ਦੀ ਸਿਰੜ ਅਤੇ ਮਿਹਨਤ ਵੱਡੇ-ਵੱਡੇ ਪਹਾੜ ਚੀਰ ਦਿੰਦੀ ਹੈ। ਟੋਨੀ ਨੇ ਜਿੱਥੇ ਮੁਫ਼ਤ ਵਿਚ ਆਲੂ ਵੰਡ ਕੇ ਵੱਡੇ ਘਰਾਣਿਆਂ ਨੂੰ ਵਕਤ ਪਾ ਦਿੱਤਾ ਸੀ, ਉੱਥੇ ਸਰਕਾਰ ਦੀ ਧੌਣ 'ਤੇ ਗੋਡਾ ਰੱਖ ਕੇ ਆਪਣੀ ਹੋਂਦ ਮਨਵਾਉਣ ਵਿਚ ਵੀ ਕਾਮਯਾਬ ਹੋਇਆ। ਉਹ ਅਸਲ ਵਿਚ ਇਕ ਦਲੇਰ, ਸਾਦਾ ਅਤੇ ਮਿਹਨਤੀ ਇਨਸਾਨ ਹੈ ਤੇ ਅੱਜ ਵੀ ਤੁਸੀਂ ਉਸ ਨੂੰ ਕਾਲੀ ਲੰਮੀ ਨਿੱਕਰ ਪਾਇਆ ਆਪਣੇ ਕਿਸੇ ਖੇਤ ਜਾਂ ਵਪਾਰ 'ਤੇ ਮਿਹਨਤ ਕਰਦਾ ਦੇਖ ਸਕਦੇ ਹੋ। ਭਾਵੇਂ ਹੁਣ ਉਹ ਇਕ ਸਾਮਰਾਜ ਦਾ ਮਾਲਕ ਹੈ ਪਰ ਉਸ ਨੇ ਕਦੇ ਆਪਣੇ ਪੈਰ ਜ਼ਮੀਨ ਤੋਂ ਨਹੀਂ ਚੱਕੇ। (ਇੱਥੇ ਜ਼ਿਕਰਯੋਗ ਹੈ ਕਿ ਟੋਨੀ ਇਕ ਸਧਾਰਨ ਜ਼ਿਮੀਂਦਾਰ ਸੀ ਤੇ ਉਸ ਨੇ ਆਪਣੀ ਮਿਹਨਤ ਨਾਲ ਉਗਾਈ ਫ਼ਸਲ ਮੰਡੀਆਂ ਵਿਚ ਰੋਲਣ ਦੀ ਥਾਂ ਸਿੱਧੀ ਲੋਕਾਂ ਵਿਚ ਮੁਫ਼ਤ ਵੰਡਣ ਨੂੰ ਤਰਜੀਹ ਦਿੱਤੀ ਤੇ ਅੱਜ ਉਹ 'ਸਪੱਡ ਸ਼ੈੱਡ' ਨਾਂ ਦੇ ਸਟੋਰਾਂ ਦੀ ਇਕ ਲੜੀ ਦਾ ਮਾਲਕ ਹੈ ਜਿਸ ਵਿਚ ਤੁਸੀਂ ਸਿੱਧੇ ਖੇਤੋਂ ਪੈਦਾ ਕੀਤੀਆਂ ਤਾਜ਼ੀਆਂ ਚੀਜ਼ਾਂ ਬਿਨਾਂ ਵਿਚੋਲਿਆਂ ਦੇ ਮੁਨਾਫ਼ੇ ਤੋਂ ਖ਼ਰੀਦ ਸਕਦੇ ਹੋ) ਤੁਰਦੇ ਤੁਰਦਿਆਂ ਨੂੰ ਮੈਂ ਪੁੱਛਿਆ ਕਿ ਤੁਹਾਡੇ ਪੱਛਮੀ ਆਸਟ੍ਰੇਲੀਆ ਵਿਚ ਤਾਂ ਸੀ.ਬੀ.ਐੱਚ. ਗਰੁੱਪ ਕਿਸਾਨਾਂ ਦਾ ਆਪਣਾ ਗਰੁੱਪ ਹੈ ਤੇ ਮੈਂ ਸੁਣਿਆ ਜਦੋਂ ਦਾ ਉਹ ਹੋਂਦ ਵਿਚ ਆਇਆ ਕਿਸਾਨ ਸੌਖੇ ਹੋ ਗਏ ? ਕਹਿੰਦੇ, ਹੁੰਦਾ ਸੀ ਕਦੇ, ਹੁਣ ਤਾਂ ਬਲੱਡੀ ਕਾਰਪੋਰੇਟ ਘਰਾਨਿਆਂ ਦੇ ਹੱਥ ਚੜ ਗਿਆ। ਹੁਣ ਤਾਂ ਜੋ ਉਹ ਕਹਿੰਦੇ ਆ ਉਹੀ ਕਰਦੇ ਆ। ਮੇਰੇ ਮੂੰਹੋਂ ਅਚਨਚੇਤ ਨਿਕਲ ਗਿਆ ਕਿ ਅੱਛਾ ਇੱਥੇ ਵੀ ਅਡਾਨੀ ਤੇ ਅੰਬਾਨੀ ਆ ਗਏ। ਉਹ ਮੇਰੇ ਵੱਲ ਅਜੀਬ ਜਿਹਾ ਮੂੰਹ ਬਣਾ ਕੇ ਕਹਿੰਦਾ ਨਹੀਂ 'ਤੁਹਾਡਾ' ਅਡਾਨੀ ਤਾਂ ਕੋਲੇ ਦੀਆਂ ਖ਼ਾਨਾਂ ਵਿਚ ਮੂੰਹ ਮਾਰਦਾ ਫਿਰਦਾ। ਇੱਥੇ ਤਾਂ ਕਣਕ ਅਤੇ ਦਾਲਾਂ ਵਿਚ ਹੋਰ ਹੀ ਅਡਾਨੀ ਪੈਦਾ ਹੋਏ ਫਿਰਦੇ ਹਨ। ਪਿਛਲੇ ਦਿਨਾਂ 'ਚ ਸੀ.ਬੀ. ਐੱਚ. ਗਰੁੱਪ ਬਾਰੇ ਕਾਫ਼ੀ ਕੁਝ ਚੰਗਾ ਸੁਣਿਆ ਸੀ ਪਰ ਕਹਿੰਦੇ ਹਨ ਕਿ ਰਾਹ ਪਏ ਜਾਣੀਏ ਜਾਂ ਵਾਹ ਪਏ। ਜੌਨ ਕਹਿੰਦਾ ਮੈਨੂੰ ਤਾਂ ਲਗਦਾ ਗਿਆਨ ਸਾਡੀ ਕੁਆਲਿਟੀ ਲਾਈਫ਼ ਨੂੰ ਖਾ ਗਿਆ। ਸਾਡੇ ਪਿਓ ਦਾਦੇ ਅਨਪੜ ਸਨ। ਉਨਾਂ ਕੋਲ ਭਾਵੇਂ ਵਸੀਲਿਆਂ ਦੀ ਘਾਟ ਸੀ ਪਰ ਚੰਗੀ ਸਿਹਤ ਅਤੇ ਸ਼ਾਹੀ ਜ਼ਿੰਦਗੀ ਸੀ। ਜੌਨ ਦੀਆਂ ਗੱਲਾਂ ਦਾ ਦਰਦ ਅੱਜ ਕੱਲ ਪੜ-ਲਿਖ ਗਿਆਨਵਾਨ ਕਹਾਉਂਦੀ ਪੀੜੀ 'ਤੇ ਸਵਾਲੀਆ ਨਿਸ਼ਾਨ ਲਾ ਰਿਹਾ ਸੀ।

ਅਡਾਨੀ ਦੀ ਗੱਲ ਆਉਣ ਤੇ ਮੈਂ ਕਿਹਾ ਕਿ ਉਹ ਤਾਂ ਵਪਾਰੀ ਆ ਪਰ ਜਿਸ ਨੇ ਉਸ ਨੂੰ ਇਹ ਵਣਜ ਸ਼ੁਰੂ ਕਰਵਾਉਣ ਵਿਚ ਦਲਾਲੀ ਖਾਧੀ ਹੈ ਉਸ ਦਾ ਤਾਂ ਛੇਤੀ ਹੀ ਮੂੰਹ ਕਾਲਾ ਹੋਵੇਗਾ। ਕਿਉਂਕਿ ਮੇਰਾ ਮੰਨਣਾ ਹੈ ਕਿ ਕਹਾਵਤਾਂ ਕਦੇ ਝੂਠੀਆਂ ਨਹੀਂ ਹੁੰਦੀਆਂ। ਉਹ ਹੈਰਾਨ ਜਿਹੇ ਹੋ ਕੇ ਕਹਿੰਦੇ ਤੂੰ ਜਾਣਦਾ ਉਸ ਦਲਾਲ ਨੂੰ ? ਮੈਂ ਕਿਹਾ ਹਾਂ ਉਸੇ ਦੇ ਸਤਾਏ ਸਾਡੇ ਕਿਸਾਨ ਨੂੰ ਵੀ ਸੱਤ ਮਹੀਨੇ ਹੋ ਗਏ ਸੜਕਾਂ ਤੇ ਰੁਲਦੇ ਨੂੰ। ਉਹ ਕਹਿੰਦੇ ਕੀ ਇਹ ਸੱਚ ਹੈ ਕਿ ਉਹ ਸਿਰਫ਼ ਦੋ ਘਰਾਨਿਆਂ ਦਾ ਪ੍ਰਧਾਨ ਮੰਤਰੀ ਹੈ। ਮੈਂ ਕਿਹਾ ਨਹੀਂ ਇਹ ਸੱਚ ਨਹੀਂ ਅਸਲ ਵਿਚ ਤਾਂ ਉਹ ਸਾਰੇ ਭਾਰਤ ਦਾ ਪ੍ਰਧਾਨ ਮੰਤਰੀ ਹੈ ਪਰ ਪਾਲਤੂ ਸਿਰਫ਼ ਦੋ ਘਰਾਂ ਦਾ। ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਦੀ ਗੂੰਜ ਇਨਾਂ ਦੇ ਕੰਨਾਂ ਤੱਕ ਪਹਿਲਾਂ ਹੀ ਪੁੱਜ ਚੁੱਕੀ ਸੀ।

ਜੌਨ ਤੇ ਪਾਲ ਸਿਰ ਮਾਰ ਕੇ (ਗੋਰਿਆਂ ਦਾ ਕਿਸੇ ਗੱਲ ਪ੍ਰਤੀ ਹਮਦਰਦੀ ਜਤਾਉਣ ਦਾ ਇਹ ਵੱਖਰਾ ਅੰਦਾਜ਼ ਹੈ) ਆਪਣੇ ਭਾਵ ਪ੍ਰਗਟਾਉਂਦੇ ਹੋਏ ਵਾਹੇ ਵਾਹਣ ਵਿਚ ਦੀ ਤੁਰ ਪਏ। ਮੈਂ ਨਾਲ ਤੁਰ ਪਿਆ ਗਿੱਠ ਗਿੱਠ ਲੰਮੀਆਂ ਮਿਰਚਾਂ ਮਿੱਟੀ 'ਚ ਦੱਬੀਆਂ ਦੇਖ ਕੇ ਕਹਿੰਦੇ ਅੱਛਾ ਹੁਣ ਇੱਥੇ ਦਫ਼ਨਾ ਦਿੱਤਿਆਂ ਵਿੰਗੀਆਂ ਮਿਰਚਾਂ ? ਇਹ ਸੁਣ ਅਸੀਂ ਸਾਰੇ ਦਰਦ ਨਾਲ ਲਬਰੇਜ਼ ਹਾਸਾ ਹੱਸ ਪਏ ਤੇ ਹਾਸਤੇ-ਹਾਸਤੇ ਸੰਤਰਿਆਂ ਕੋਲ ਆ ਗਏ। ਮੈਂ ਕਿਹਾ ਸੰਤਰੇ ਲੈਂਦੇ ਜਾਓ। ਉਹ ਕਹਿੰਦੇ ਹੈਗੇ ਸਾਡੀ ਜੇਬ ਵਿਚ। ਮੈਂ ਕਿਹਾ ਇਕ-ਇਕ ਨਾਲ ਕੀ ਬਣੂ ? ਮੈਂ ਤੋੜ ਕੇ ਦਿੰਦਾ ਤੁਹਾਨੂੰ, ਮਿੱਠੇ ਜਿਹੇ। ਮੈਂ ਤੋੜੀ ਜਾਵਾਂ ਤੇ ਉਹ ਕਹੀ ਜਾਣ ਬੱਸ ਬਹੁਤ ਆ, ਪਹਿਲਾਂ ਹੀ ਇਸ ਬਾਰ ਤੇਰਾ ਖਰਚਾ ਤੁੜਵਾਈ 'ਤੇ ਬਹੁਤ ਹੋਇਆ। ਮੈਂ ਆਲਾ ਦੁਆਲਾ ਦੇਖ ਰਿਹਾ ਸੀ ਕਿ ਕਾਹਦੇ ਵਿਚ ਪਾਵਾਂ ਤਾਂ ਜੌਨ ਨੇ ਆਪਣੀ ਕੋਟੀ ਦੀ ਝੋਲੀ ਬਣਾ ਲਈ ਮੈਂ ਉਸ ਦੀ ਝੋਲੀ ਵਿਚ ਸੰਤਰੇ ਪਾ ਕੇ ਉਨਾਂ ਨੂੰ ਅਲਵਿਦਾ ਕਹੀ ਤੇ ਸੋਚ ਰਿਹਾ ਸੀ ਦੁਨੀਆ 'ਚ ਸਭ ਤੋਂ ਪਹਿਲਾਂ ਸਾਰੇ ਰਿਸ਼ਤੇ ਇਨਸਾਨੀਅਤ ਦੇ ਹੁੰਦੇ ਹਨ। ਫੇਰ ਉਹ ਰਿਸ਼ਤੇ ਕਿੱਤਿਆਂ ਦੇ ਹਿਸਾਬ ਵਿਚ ਜੋਖੇ ਜਾਂਦੇ ਹਨ ਅਤੇ ਉਨਾਂ ਵਿਚੋਂ ਹੀ ਇਕ 'ਕਿਸਾਨੀਅਤ' ਦਾ ਰਿਸ਼ਤਾ ਜੌਨ ਤੇ ਪਾਲ ਨੂੰ ਮੇਰੇ ਕੋਲ ਖਿੱਚ ਲਿਆਇਆ ਸੀ।

## ਕੁਦਰਤ ਦੀਆਂ ਬਣਾਈਆਂ ਰੂਹਾਂ ਵਿਚ ਇਲਾਹੀ ਰਮਜ਼ਾਂ

ਕਲਮਾਂ ਦੇ ਜਜ਼ਬਾਤ




ਕੁਦਰਤ ਦਾ ਭੇਦ ਕਿਸੇ ਨਹੀਂ ਪਾਇਆ, ਰਜ਼ਾ ਵਿਚ ਜੀਵਨ ਜਿਊਣ ਵਾਲੇ ਜਰੂਰ ਦੁੱਖਾਂ ਤੋਂ ਮੁਕਤੀ ਪਾ ਲੈਂਦੇ ਹਨ।

ਮੇਰਾ ਇਹ ਬੇਟਾ ਸਰੀਰਕ ਤੌਰ 'ਤੇ 100% ਅਪੰਗ ਹੈ। ਮੈਂ ਇਸਦੀ ਚੜਦੀ ਕਲਾ ਤੇ ਤੰਦਰੁਸਤੀ ਲਈ ਅਣ-ਗਿਣਤ ਅਰਦਾਸਾਂ ਕੀਤੀਆਂ, ਦਰ-ਦਰ ਮੱਥੇ ਟੇਕੇ ਜੋ ਕਿਸੇ ਨੇ ਰਾਇ ਦਿੱਤੀ ਉਹੀ ਮੰਨੀ।

ਆਖਿਰ ਨੂੰ ਸਮਝ ਆਇਆ ਕੇ ਹੁਣ ਤੱਕ ਜੋ ਕੀਤਾ ਉਹ ਸਭ ਗ਼ਲਤ ਸੀ। ਕਿਉਂਕਿ ਕੁਦਰਤ ਸ਼ਬਦਾਂ ਦੀਆਂ ਅਰਦਾਸਾਂ ਪ੍ਰਵਾਨ ਨਹੀਂ ਕਰਦੀ, ਇਹ ਸਾਡੀਆਂ ਭਾਵਨਾਵਾਂ ਤੇ ਕਾਰਜਾਂ ਨੂੰ ਸਮਝਦੀ ਹੈ। ਹੁਣ ਪੂਰੀ ਤਰਾਂ ਪੱਲੇ ਪੈ ਚੁੱਕਿਆ ਕਿ ਬੱਚੇ ਦੀ ਆਤਮਾ ਤੰਦਰੁਸਤ ਹੈ, ਪੂਰੀ ਨਰੋਈ ਹੈ, ਕਿਉਂ ਨਾ ਜਿੰਨਾ ਚਿਰ ਇਹ ਹੈ, ਇਸ ਦੀ ਆਤਮਾ ਨੂੰ ਪਿਆਰ ਤੇ ਸਤਿਕਾਰ ਦਿੱਤਾ ਜਾਵੇ, ਸਰੀਰ ਤਾਂ ਸਾਡੇ ਸਭ ਦੇ ਆਰਜ਼ੀ ਹਨ, ਹੁਣ ਸਾਨੂੰ ਆਪਣਾ ਇਹ ਪੁੱਤਰ ਦੂਜਿਆਂ ਬੱਚਿਆਂ ਵਾਗੂੰ ਤੰਦਰੁਸਤ ਨਜ਼ਰ ਆਉਂਦਾ ਹੈ। ਕੁਦਰਤ ਵਰਗਾ ਜਾਪਦਾ ਸਾਨੂੰ ਸਾਡਾ 'ਤਰਨਵੀਰ', ਸਾਡੇ ਸਾਰੇ ਜਜ਼ਬਾਤ ਉਹ ਆਪਣੇ ਅੰਦਰ ਸਮਾਈ ਬੈਠਾ ਹੈ, ਕਹਿੰਦਾ ਕੁਝ ਵੀ ਨਹੀਂ, ਬਸ ਅਰਜੋਈ ਕਰਦਾ ਹੈ। ਅਸੀਂ ਤਾਂ ਇਵੇਂ ਮਹਿਸੂਸ ਕਰਦੇ ਆਂ ਜਿਵੇਂ ਇਹ ਸਾਡਾ ਅੰਸ਼ ਨਹੀਂ ਅਸੀਂ ਇਹਦੇ ਅੰਸ਼ ਹੋਈਏ।

ਕੁਦਰਤ ਨੇ ਸਬਰ ਤੇ ਅਕਲ ਬਖਸ਼ਿਸ਼ ਕੀਤੀ ਕਿ ਜੋ ਸਾਨੂੰ ਮਿਲਿਆ, ਆਪਣੇ ਹਿੱਸੇ ਦਾ ਮਿਲਿਆ ਹੈ। ਦੁਨੀਆਦਾਰ ਤਾਂ ਸਭ ਹਾਲਾਤਾਂ ਦੇ ਯਾਰ ਨੇ, ਇੱਥੇ ਜਜ਼ਬਾਤਾਂ ਦਾ ਯਾਰ ਕੋਈ ਨਹੀਂ। ਆਖਿਰ ਥੱਕ-ਹਾਰ ਕੇ ਖੱਬਲ ਬਣ ਗਏ ਆ, ਪੁਟਣ ਵਾਲਿਆਂ ਬਹੁਤ ਜੜਾਂ ਪੁੱਟੀਆਂ, ਕੁਦਰਤ ਨੇ ਸਾਨੂੰ ਫਿਰ ਵੀ ਜ਼ਿੰਦਾਦਿਲੀ ਦਿੱਤੀ ਹੈ।

ਕਹਿਣਾ ਮੈਂ ਇਹ ਚਾਹੁੰਦਾ ਹਾਂ ਕਿ ਜ਼ਿੰਦਗੀ ਨੂੰ ਮਾਣਨਾ ਜਾਂ ਨਾ-ਮਾਣਨਾ ਕਾਫ਼ੀ ਹੱਦ ਤੱਕ ਸਾਡੇ ਹੱਥ ਹੈ, ਦੁੱਖਾਂ ਤੋਂ ਮੁਕਤ ਇੱਥੋਂ ਕੋਈ ਵੀ ਨਹੀਂ ਗਿਆ।

ਜੀਵਨ ਨੂੰ ਜਿਊਂਣਾ ਕਿਤੋਂ ਵੀ ਸ਼ੁਰੂ ਕੀਤਾ ਜਾ ਸਕਦੇ ਹੈ। ਜੇ ਸਾਨੂੰ ਆਪਣੇ ਮਨ ਦੀ ਸੁਣ ਕੇ ਅਮਲ ਕਰਨਾ ਆ ਜਾਵੇ। ਦੁਨੀਆ ਸਾਡੇ ਨਾਲ ਨਹੀਂ ਸਾਡੇ ਹਲਾਤਾਂ ਨਾਲ ਹੱਥ ਮਿਲਾਉਂਦੀ ਹੈ। ਇੱਥੇ ਹਰ ਹਲਾਤ ਵਿਚ ਚੜਦੀ ਕਲਾ ਵਿਚ ਰਹਿਣ ਵਾਲਿਆਂ ਨੂੰ ਸਵੀਕਾਰਿਆ ਜਾਂਦਾ ਹੈ। ਰੋਣਾ-ਧੋਣਾ ਤਾਂ ਲੋਕਾਂ ਕੋਲ ਆਪਣਾ ਹੀ ਵਥੇਰਾ ਹੈ। ਜਿਸ ਵੀ ਇਨਸਾਨ ਨਾਲ ਦਿਲ ਦੀ ਗੱਲ ਕੀਤੀ ਜਾਵੇ ਉਹ ਅੱਗੋਂ ਆਪਣੇ ਦੁੱਖਾਂ ਦੀ ਪੰਡ ਧਰ ਦਿੰਦਾ ਹੈ । ਹਰ ਇਕ ਇਨਸਾਨ ਇਹੀ ਸੋਚਦਾ ਹੈ ਕਿ ਉਸ ਦੇ ਦੁੱਖ ਨਾਲੋਂ ਹੋਰ ਕਿਸੇ ਦਾ ਵੀ ਦੁੱਖ ਵੱਡਾ ਨਹੀਂ ਹੈ, ਪਰ ਜੇਕਰ ਅਸੀਂ ਨਾਨਕ ਪਾਤਸ਼ਾਹ ਦੇ ਦਿੱਤੇ ਉਪਦੇਸ਼ ਨੂੰ ਯਾਦ ਕਰੀਏ 'ਨਾਨਕ ਦੁਖੀਆ ਸਭ ਸੰਸਾਰ' ਭਾਵ ਇਸ ਦੁਨੀਆਂ ਵਿੱਚ ਕੋਈ ਵੀ ਇਨਸਾਨ ਸੁਖੀ ਨਹੀਂ ਹੈ । ਸੁਖੀ ਇਨਸਾਨ ਉਹ ਹੀ ਹੈ ਜਿਸ ਨੇ ਸਬਰ ਤੇ ਸੰਤੋਖ ਨਾਲ ਆਪਣੀ ਜ਼ਿੰਦਗੀ ਨੂੰ ਕੁਦਰਤ ਦੇ ਹੁਕਮ ਅਨੁਸਾਰ ਜਿਊਣਾ ਸ਼ੁਰੂ ਕੀਤਾ ਹੈ । ਕੁਦਰਤ ਦੀਆਂ ਇਹ ਇਨਸਾਨੀ ਰੂਹਾਂ ਦੁਨਿਆਵੀ ਵਾਵਰੋਲਿਆਂ ਵਿੱਚ ਪੈ ਕੇ ਜੀਵਨ ਦੇ ਅਸਲ ਸੱਚ ਨੂੰ ਦਰ ਕਿਨਾਰ ਕਰ ਗਈਆਂ ਹਨ । ਇਸੇ ਲਈ ਜਦੋਂ ਅਸੀਂ ਜੀਵਨ ਦੇ ਅਸਲ ਸੱਚ ਨੂੰ ਅੱਖੋਂ ਓਹਲੇ ਕਰ ਕੇ ਜੀਵਨ ਬਸਰ ਕਰਦੇ ਹਾਂ ਤਾਂ ਸਾਨੂੰ ਉਸ ਦੀ ਜੀਵਨ ਵਿੱਚ ਦੁੱਖ ਤੋਂ ਸਿਵਾਏ ਕੁਝ ਨਹੀਂ ਮਿਲਦਾ। ਜਦੋਂ ਕੁਦਰਤ ਦੀ ਬਣਾਈ ਹਰ ਇੱਕ ਸ਼ੈਅ ਉਸ ਦੇ ਭਾਣੇ ਵਿਚ ਰਹਿ ਕੇ ਉਸ ਦਾ ਸ਼ੁਕਰਗੁਜ਼ਾਰ ਕਰਦੀ ਹੈ ਤਾਂ ਇਨਾਂ ਵਿੱਚੋਂ ਹੀ ਉਸ ਇਲਾਹੀ ਰਮਜ਼ ਦੀਆਂ, ਉਹ ਧੁਨਾਂ ਨਿਕਲਦੀਆਂ ਹਨ ਜੋ ਚਾਰ ਚੁਫ਼ੇਰੇ ਨੂੰ ਆਪਣੇ ਰੰਗ ਵਿੱਚ ਰੰਗ ਦੀਆਂ ਹੋਈਆਂ ਆਨੰਦਮਈ ਬਿਰਤੀ ਪ੍ਰਦਾਨ ਕਰਦੀਆਂ ਹਨ।

**ਹਰਫੂਲ ਭੁੱਲਰ**

**ਮੰਡੀ ਕਲਾਂ ੯੮੭੬੮੭੦੧੫੭**

# ਨਿਘਾਰ ਵੱਲ ਜਾ ਰਹੀ ਹੈ ਮਾਂ-ਬੋਲੀ ਪੰਜਾਬੀ

**ਐਸ ਕੇ ਸੰਧੂ**
**ਸਾਬਕਾ ਆਈ.ਏ.ਐਸ. ਅਧਿਕਾਰੀ**

ਨੈਲਸਨ ਮੰਡੇਲਾ ਨੇ ਕਿਹਾ ਸੀ ਕਿ 'ਜੇ ਤੁਸੀਂ ਕਿਸੇ ਵਿਅਕਤੀ ਨਾਲ ਉਸ ਦੇ ਸਮਝਣ ਵਾਲੀ ਬੋਲੀ ਵਿਚ ਗੱਲ ਕਰੋਗੇ ਤਾਂ ਉਹ ਸਿੱਧੀ ਉਸ ਦੇ ਦਿਮਾਗ ਨੂੰ ਜਾਵੇਗੀ, ਪਰ ਜੇ ਤੁਸੀਂ ਉਸ ਦੀ ਜਬਾਨ ਵਿਚ ਗੱਲ ਕਰੋਗੇ ਤਾਂ ਉਹ ਉਸ ਦੇ ਦਿਲ ਨੂੰ ਛੂਹੇਗੀ।' ਜਨਗਣਨਾ 2011 ਵਿਚ ਦਿੱਤੀ ਪਰਿਭਾਸ਼ਾ ਅਨੁਸਾਰ 'ਮਾਂ-ਬੋਲੀ ਉਹ ਜਬਾਨ ਹੈ ਜੋ ਬਚਪਨ ਵਿਚ ਮਾਂ ਬੱਚੇ ਨਾਲ ਬੋਲਦੀ ਹੈ।' ਪਹਿਲੇ ਪਿਆਰ ਭਿੰਨੇ ਲਫ਼ਜ਼ ਜੋ ਜਨਮ ਤੋਂ ਬਾਅਦ ਸਾਡੇ ਕੰਨਾਂ ਵਿਚ ਪੈਂਦੇ ਹਨ ਉਹ ਮਾਂ-ਬੋਲੀ ਦੇ ਹੀ ਹੁੰਦੇ ਹਨ। ਮਾਂ-ਬੋਲੀ ਅਤੇ ਬੋਲੀ ਵਿਚ ਫ਼ਰਕ ਹੈ। ਅਸੀਂ ਕਈ ਬੋਲੀਆਂ ਬੋਲਣ ਦੇ ਮਾਹਰ ਹੋ ਸਕਦੇ ਹਾਂ ਪਰ ਮਾਂ-ਬੋਲੀ ਇਕੋ ਹੀ ਹੋਵੇਗੀ। ਜਿਵੇਂ ਮਾਂ ਇਕ ਹੀ ਹੋ ਸਕਦੀ ਹੈ, ਇਵੇਂ ਮਾਂ-ਬੋਲੀ ਵੀ। ਬੋਲੀ ਵਿਚਾਰ, ਭਾਵਨਾ, ਫ਼ਲਸਫ਼ਾ ਅਤੇ ਗਿਆਨ ਦੇ ਸੰਚਾਰ ਦਾ ਮਾਧਿਅਮ ਹੈ। ਬੋਲੀ ਇਕ ਸਮੂਹ ਨੂੰ ਵਿਲੱਖਣ ਸੱਭਿਆਚਾਰਕ ਪਹਿਚਾਣ ਦਿੰਦੀ ਹੈ। ਮਾਂ-ਬੋਲੀ ਸੰਚਾਰ ਮਾਧਿਅਮ ਦੇ ਇਲਾਵਾ ਇਕ ਕੌਮ ਦਾ ਸੱਭਿਆਚਾਰ, ਗੌਰਵ, ਰੀਤੀ-ਰਿਵਾਜ, ਕਦਰਾਂ-ਕੀਮਤਾਂ ਅਤੇ ਵਿਰਸਾ ਵੀ ਸੰਭਾਲਦੀ ਹੈ।

ਭਾਰਤ ਦੀ 2011 ਦੀ ਜਨਗਣਨਾ ਦੇ ਕੱਚੇ ਡਾਟੇ 'ਤੇ ਆਧਾਰਿਤ 19,569 ਮਾਂ-ਬੋਲੀਆਂ ਦੀ ਸ਼ਨਾਖਤ ਕੀਤੀ ਗਈ। ਇਨ੍ਹਾਂ ਦੀ ਅੱਗੇ ਛਾਣਬੀਣ ਕਰਦਿਆਂ 1369 ਤਰਕਸੰਗਤ ਮਾਂ-ਬੋਲੀਆਂ ਮਿੱਥੀਆਂ ਗਈਆਂ। 1971 ਵਿਚ ਲਾਗੂ ਕੀਤੇ ਇਕ ਨਵੇਂ ਨਿਯਮ ਅਨੁਸਾਰ 10,000 ਜਾਂ ਇਸ ਤੋਂ ਵੱਧ ਬੋਲਣ ਵਾਲੇ ਲੋਕਾਂ ਦੀਆਂ 121 ਮਾਂ-ਬੋਲੀਆਂ ਹਨ, ਜਿਨ੍ਹਾਂ ਵਿਚੋਂ 22 ਭਾਰਤੀ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿਚ ਹਨ। ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ, ਭਾਰਤ ਵਲੋਂ 2011 ਦੀ ਜਨਗਣਨਾ ਅਨੁਸਾਰ ਬੋਲੀਆਂ ਸਬੰਧੀ ਜੋ ਅੰਕੜੇ ਜੂਨ 2018 ਵਿਚ ਜਾਰੀ ਕੀਤੇ ਗਏ, ਉਸ ਅਨੁਸਾਰ ਹਿੰਦੀ ਤੋਂ ਬਾਅਦ ਦੂਸਰੇ ਨੰਬਰ 'ਤੇ ਬੋਲੀ ਜਾਣ ਵਾਲੀ ਬੋਲੀ ਬੰਗਾਲੀ ਹੈ, ਤੀਜੀ ਮਰਾਠੀ, ਚੌਥੀ ਤੇਲਗੂ ਅਤੇ ਗਿਆਰਵੇਂ ਨੰਬਰ 'ਤੇ ਪੰਜਾਬੀ ਹੈ। 25000 ਦੇ ਕਰੀਬ ਲੋਕ ਸੰਸਕ੍ਰਿਤ ਬੋਲਦੇ ਹਨ। ਇਸੇ ਜਨਗਣਨਾ ਅਨੁਸਾਰ ਦੇਸ਼ ਵਿਚ 3.31 ਕਰੋੜ ਲੋਕ ਪੰਜਾਬੀ ਬੋਲਦੇ ਹਨ ਜੋ ਦੇਸ਼ ਦੀ ਜਨਸੰਖਿਆ ਦਾ 2.74 ਫ਼ੀਸਦੀ ਹੈ। ਪੰਜਾਬ ਦੀ ਜਨਸੰਖਿਆ 2.77 ਕਰੋੜ ਹੈ। ਦੇਸ਼ ਦੀ ਕੁੱਲ ਵਸੋਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਪ੍ਰਤੀਸ਼ਤਤਾ ਨਿਯਮਤ ਤਰੀਕੇ ਨਾਲ ਨਹੀਂ ਰਹੀ। ਪਿਛਲੇ 30 ਸਾਲਾਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਸਮੁੱਚੀ ਸੰਖਿਆ ਤਾਂ ਵਧੀ ਹੈ ਪਰ ਪ੍ਰਤੀਸ਼ਤਤਾ ਘਟੀ ਹੈ। ਜੇ ਇਹ 1971 ਵਿਚ ਦੇਸ਼ ਦੀ ਜਨਸੰਖਿਆ ਦਾ 2.57 ਫ਼ੀਸਦੀ ਸੀ ਤਾਂ 1981 ਵਿਚ ਇਹ ਵਧ ਕੇ 2.95 ਫ਼ੀਸਦੀ ਹੋ ਗਈ ਪਰ 1991 ਵਿਚ ਘਟ ਕੇ 2.79 ਫ਼ੀਸਦੀ ਹੋ ਗਈ, ਫਿਰ 2001 ਵਿਚ 2.83 ਫ਼ੀਸਦੀ ਹੋ ਗਈ ਤੇ ਫਿਰ ਘਟ ਕੇ 2011 ਵਿਚ 2.74 ਫ਼ੀਸਦੀ ਰਹਿ ਗਈ। ਇਸ ਦੇ ਦੋ ਕਾਰਨ ਹੋ ਸਕਦੇ ਹਨ। ਹੋਰ ਜਬਾਨਾਂ ਬੋਲਣ ਵਾਲਿਆਂ ਦੀ ਗਿਣਤੀ ਵਿਚ ਤੁਲਨਾਤਮਿਕ ਵਾਧਾ ਜ਼ਿਆਦਾ ਹੋਇਆ ਹੋਵੇ ਜਾਂ ਫਿਰ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਬੇਸ਼ੱਕ ਵਧੀ ਹੈ ਪਰ ਓਨੀ ਨਹੀਂ ਕਿ ਪ੍ਰਤੀਸ਼ਤਤਾ ਬਰਕਰਾਰ ਰਹਿ ਸਕੇ।

**ਮਾਂ-ਬੋਲੀਆਂ ਵਿਚ ਅਖ਼ਬਾਰ**

ਹੇਠਾਂ ਦਿੱਤੀ ਸਾਰਣੀ ਜੋ 'ਰਜਿਸਟਰਾਰ ਆਫ ਨਿਊਜ਼ ਪੇਪਰਜ਼ ਫਾਰ ਇੰਡੀਆ' ਦੀ 2019-20 ਦੀ 64ਵੀਂ 'ਰਿਪੋਰਟ ਆਫ ਪ੍ਰੈੱਸ ਇਨ ਇੰਡੀਆ' ਅਤੇ ਭਾਰਤ ਦੀ 20 11 ਜਨਗਣਨਾ 'ਤੇ ਆਧਾਰਿਤ ਹੈ ਅਨੁਸਾਰ ਮਾਂ-ਬੋਲੀਆਂ ਮਰਾਠੀ, ਮਲਿਆਲਮ, ਤੇਲਗੂ, ਗੁਜਰਾਤੀ, ਕੰਨੜ, ਤਮਿਲ , ਬੰਗਾਲੀ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਸੰਖਿਆ ਦਾ ਵਿਸ਼ਲੇਸ਼ਣ ਕਰੀਏ ਤਾਂ ਹੇਠ ਅਨੁਸਾਰ ਪਤਾ ਚਲਦਾ ਹੈ।

(1) ਪੰਜਾਬੀ ਵਿਚ ਛਪਣ ਵਾਲੇ ਰੋਜ਼ਾਨਾ, ਹਫ਼ਤਾਵਾਰ, ਪੰਦਰਵਾੜੀ, ਮਾਸਿਕ ਅਖ਼ਬਾਰਾਂ/ਮੈਗਜ਼ੀਨਾਂ ਅਤੇ ਕੁੱਲ ਪ੍ਰਕਾਸ਼ਨਾ ਦੀ ਛਪਣ-ਗਿਣਤੀ ਇਨ੍ਹਾਂ 7 ਜਬਾਨਾਂ ਦੇ ਮੁਕਾਬਲੇ ਸਭ ਤੋਂ ਘੱਟ ਹੈ।

(2) ਭਾਵੇਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੀ ਇਨ੍ਹਾਂ ਤੋਂ ਘੱਟ ਹੈ ਪਰ ਕਿੰਨੇ ਵਿਅਕਤੀਆਂ ਪ੍ਰਤੀ ਇਕ ਅਖ਼ਬਾਰ ਛਪਦਾ ਹੈ, ਦਾ ਮਾਪਦੰਡ ਇਕ ਤਰਕਸੰਗਤ ਪੈਮਾਨਾ ਹੋਵੇਗਾ। ਇਸ ਅਨੁਸਾਰ ਭਾਰਤ ਦੀਆਂ ਇਨ੍ਹਾਂ ਭਾਸ਼ਾਵਾਂ ਵਿਚ ਛਪਦੇ ਰੋਜ਼ਾਨਾ, ਹਫ਼ਤਾਵਾਰੀ, ਪੰਦਰਵਾੜੀ, ਮਾਸਿਕ ਅਖ਼ਬਾਰਾਂ/ਮੈਗਜ਼ੀਨਾਂ ਮਰਾਠੀ ਭਾਸ਼ਾ ਵਿਚ ਹਰ 3.6 ਵਿਅਕਤੀਆਂ ਪ੍ਰਤੀ, ਮਲਿਆਲਮ ਭਾਸ਼ਾ ਵਿਚ ਹਰ 4.2 ਵਿਅਕਤੀਆਂ ਪ੍ਰਤੀ, ਤੇਲਗੂ ਭਾਸ਼ਾ ਵਿਚ ਹਰ 4.5 ਵਿਅਕਤੀਆਂ ਪ੍ਰਤੀ, ਗੁਜਰਾਤੀ ਵਿਚ ਹਰ 5 ਵਿਅਕਤੀਆਂ ਪ੍ਰਤੀ, ਕੰਨੜ ਭਾਸ਼ਾ ਵਿਚ ਹਰ 5.8 ਵਿਅਕਤੀਆਂ ਪ੍ਰਤੀ, ਤਮਿਲ ਵਿਚ ਹਰ 13 ਵਿਅਕਤੀਆਂ ਪ੍ਰਤੀ ਅਤੇ ਬੰਗਾਲੀ ਵਿਚ ਹਰ 24 ਵਿਅਕਤੀਆਂ ਪ੍ਰਤੀ ਇਕ ਅਖ਼ਬਾਰ ਛਪਦਾ ਹੈ। ਪੰਜਾਬੀ ਵਿਚ 14 ਵਿਅਕਤੀਆਂ ਪ੍ਰਤੀ ਇਕ ਅਖ਼ਬਾਰ ਛਪਦਾ ਹੈ। ਸਪੱਸ਼ਟ ਹੈ ਕਿ ਪੰਜਾਬੀ ਭਾਸ਼ਾ ਵਿਚ ਛਪਣ ਵਾਲੇ ਅਖ਼ਬਾਰ ਪ੍ਰਤੀ ਵਿਅਕਤੀ ਮਰਾਠੀ, ਮਲਿਆਲਮ, ਤੇਲਗੂ, ਗੁਜਰਾਤੀ, ਕੰਨੜ ਅਤੇ ਤਮਿਲ ਤੋਂ ਕਿਤੇ ਘੱਟ ਹਨ।

(3) ਕੁੱਲ ਪੰਜਾਬੀ ਪ੍ਰਕਾਸ਼ਨਾਂ ਦੀ ਗਿਣਤੀ ਵੀ ਸਭ ਤੋਂ ਘੱਟ ਤਾਂ ਹੈ ਹੀ, ਪ੍ਰਤੀ ਵਿਅਕਤੀ/ਪ੍ਰਕਾਸ਼ਨ ਵੀ ਸਿਵਾਏ ਬੰਗਾਲੀ ਦੇ ਬਾਕੀ ਬੋਲੀਆਂ ਤੋਂ ਬਹੁਤ ਘੱਟ ਹੈ। ਤੇਲਗੂ ਵਿਚ ਹਰ 2.9 ਵਿਅਕਤੀਆਂ ਲਈ, ਮਰਾਠੀ ਵਿਚ ਹਰ 2.4 ਵਿਅਕਤੀਆਂ ਲਈ, ਮਲਿਆਲਮ ਵਿਚ ਹਰ 2.5 ਵਿਅਕਤੀਆਂ ਲਈ, ਗੁਜਰਾਤੀ ਵਿਚ ਹਰ 2 ਵਿਅਕਤੀਆਂ, ਕੰਨੜ ਵਿਚ ਹਰ 4.5 ਵਿਅਕਤੀਆਂ ਲਈ, ਤਮਿਲ ਵਿਚ ਹਰ 6.9 ਵਿਅਕਤੀਆਂ ਅਤੇ ਬੰਗਾਲੀ ਵਿਚ ਹਰ 10.8 ਵਿਅਕਤੀਆਂ ਲਈ ਇਕ ਪ੍ਰਕਾਸ਼ਨ ਹੈ। ਪੰਜਾਬੀ ਵਿਚ 10.3 ਵਿਅਕਤੀਆਂ ਪ੍ਰਤੀ ਇਕ ਪ੍ਰਕਾਸ਼ਨ ਹੈ।

(4) ਮਲਿਆਲਮ ਅਤੇ ਪੰਜਾਬੀ ਬੋਲਣ ਵਾਲਿਆਂ ਦੀ 20 11 ਦੀ ਜਨਗਣਨਾ ਅਨੁਸਾਰ ਗਿਣਤੀ ਤਕਰੀਬਨ ਬਰਾਬਰ ਹੈ। ਪਰ ਮਲਿਆਲਮ ਭਾਸ਼ਾ ਵਿਚ ਛਪਣ ਵਾਲਿਆਂ ਰੋਜ਼ਾਨਾ, ਹਫ਼ਤਾਵਾਰੀ, ਪੰਦਰਵਾੜੀ ਅਤੇ ਮਾਸਿਕ ਅਖ਼ਬਾਰਾਂ/ਮੈਗਜ਼ੀਨ ਦੀ ਗਿਣਤੀ ਪੰਜਾਬੀ ਵਿਚ ਛਪਣ ਵਾਲਿਆਂ ਤੋਂ ਕ੍ਰਮਵਾਰ 3.5, 4.8, 8.0 ਅਤੇ 7.8 ਗੁਣਾ ਹੈ। ਕਾਰਨ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਕੇਰਲਾ ਦੀ ਪ੍ਰਤੀ ਵਿਅਕਤੀ ਆਮਦਨ ਵੱਧ ਹੈ। (2018-19 ਦੇ ਅੰਕੜਿਆਂ ਅਨੁਸਾਰ, ਕੇਰਲਾ ਦੀ ਪ੍ਰਤੀ ਵਿਅਕਤੀ ਆਮਦਨ 2,04,105 ਰੁਪਏ ਅਤੇ ਪੰਜਾਬ ਦੀ 1,53,940 ਰੁਪਏ ਹੈ)। ਕੇਰਲਾ ਦਾ ਸਾਖਰਤਾ ਪੱਧਰ ਵੀ ਪੰਜਾਬ ਤੋਂ ਕਿਤੇ ਅੱਗੇ ਹੈ। ਪਰ ਇਹ ਦੋਵੇਂ ਤੱਥ ਫਿਰ ਵੀ ਮਲਿਆਲਮ ਅਖ਼ਬਾਰਾਂ/ਮੈਗਜ਼ੀਨਾਂ ਦੀ ਬਹੁਲਤਾ ਦਾ ਸਿਰਫ ਅਤੇ ਸਿਰਫ ਕਾਰਨ ਨਹੀਂ ਹੋ ਸਕਦੇ।

(5) ਦੇਸ਼ ਵਿਚ ਸਭ ਤੋਂ ਵੱਧ ਇਕ ਅਡੀਸ਼ਨ ਵਿਚ ਪ੍ਰਕਾਸ਼ਿਤ ਹੋਣ ਵਾਲਾ ਰੋਜ਼ਾਨਾ ਅਖ਼ਬਾਰ ਬੰਗਲਾ ਭਾਸ਼ਾ ਵਿਚ ਕੋਲਕਾਤਾ ਤੋਂ 'ਅਨੰਦ ਬਾਜ਼ਾਰ ਪੱਤ੍ਰਿਕਾ' ਹੈ, ਜਿਸ ਦੀਆਂ 10,72,342 ਕਾਪੀਆਂ ਪ੍ਰਕਾਸ਼ਿਤ ਹੁੰਦੀਆਂ ਹਨ। ਦੂਜੇ ਨੰਬਰ 'ਤੇ ਮਲਿਆਲਮ ਦਾ ਰੋਜ਼ਾਨਾ ਅਖ਼ਬਾਰ 'ਵਿਨੋਥਾ' ਹੈ, ਜਿਸ ਦੀਆਂ ਰੋਜ਼ਾਨਾ 4,26,469 ਕਾਪੀਆਂ ਛਪਦੀਆਂ ਹਨ।

(6) ਆਡਿਓ ਵਿਜ਼ੂਅਲ ਅਤੇ ਡਿਜੀਟਲ ਮੀਡੀਆ ਦੇ ਵਧਣ ਦੇ ਬਾਵਜੂਦ ਭਾਰਤ ਵਿਚ ਅਖ਼ਬਾਰਾਂ ਅਤੇ ਰਸਾਲਿਆਂ ਦੀ ਗਿਣਤੀ ਵਧ ਰਹੀ ਹੈ। (ਓਮ ਪ੍ਰਕਾਸ਼ ਚੌਟਾਲਾ ਦੀ ਰਿਹਾਈ ਤੇ ਹਰਿਆਣੇ ਦੀ ਸਿਆਸਤ

ਹਰਿਆਣਾ ਦੇ ਪੰਜ ਵਾਰ ਰਹਿ ਚੁੱਕੇ ਮੁੱਖ ਮੰਤਰੀ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਪ੍ਰਧਾਨ ਸ੍ਰੀ ਓਮ ਪ੍ਰਕਾਸ਼ ਚੌਟਾਲਾ ਦੀ ਤਿਹਾੜ ਜੇਲ ਤੋਂ ਰਿਹਾਈ ਤੋਂ ਬਾਅਦ ਹਰਿਆਣਾ ਦੀ ਰਾਜਨੀਤੀ ਵਿਚ ਸਿਆਸੀ ਕਿਆਸ ਅਰਾਈਆਂ ਦਾ ਸਿਲਸਿਲਾ ਤੇਜ਼ ਹੋ ਗਿਆ ਹੈ।

'ਯੂਨੈਸਕੋ ਐਟਲਸ ਆਫ ਦਾ ਵਰਲਡ ਲੈਂਗੂਏਜਿਜ਼ ਇੰਨ ਡੇਂਜਰ' ਅਨੁਸਾਰ ਭਾਰਤ ਵਿਚ 1950 ਤੋਂ 2010 ਤੱਕ 230 ਬੋਲੀਆਂ ਅਲੋਪ ਹੋ ਗਈਆਂ ਹਨ। ਸੰਯੁਕਤ ਰਾਸ਼ਟਰ ਅਨੁਸਾਰ ਸੰਸਾਰ ਦੀਆਂ ਲਗਭਗ 6700 ਜਬਾਨਾਂ ਵਿਚੋਂ ਤਕਰੀਬਨ 40 ਫ਼ੀਸਦੀ ਖ਼ਤਮ ਹੋਣ ਕਿਨਾਰੇ ਹਨ। ਅੱਜ ਇਕ ਤਿਹਾਈ ਸੰਸਾਰ ਦੀਆਂ ਬੋਲੀਆਂ ਦੇ ਬੋਲਣ ਵਾਲਿਆਂ ਦੀ ਗਿਣਤੀ 1000 ਤੋਂ ਘੱਟ ਹੈ। ਯੂਨੈਸਕੋ ਅਨੁਸਾਰ ਸੰਸਾਰ ਦੀਆਂ ਸਭ ਤੋਂ ਜ਼ਿਆਦਾ ਖ਼ਤਰੇ ਅਧੀਨ ਬੋਲੀਆਂ ਜਿਨ੍ਹਾਂ ਦੇ ਅਲੋਪ ਹੋਣ ਦਾ ਡਰ ਹੈ ਉਹ ਭਾਰਤ ਵਿਚ ਹਨ ਅਤੇ ਉਨ੍ਹਾਂ ਦੀ ਗਿਣਤੀ 197 ਹੈ। ਜਿਨ੍ਹਾਂ ਜਬਾਨਾਂ ਨੂੰ ਖ਼ਤਰਾ ਹੈ ਉਨ੍ਹਾਂ ਵਿਚ ਬਹੁਗਿਣਤੀ ਦੇਸੀ ਜਬਾਨਾਂ ਦੀ ਹੈ। ਸੰਯੁਕਤ ਰਾਸ਼ਟਰ ਅਨੁਸਾਰ ਹਰ 2 ਹਫ਼ਤੇ ਵਿਚ ਇਕ ਜਬਾਨ ਅਲੋਪ ਹੋ ਜਾਂਦੀ ਹੈ ਅਤੇ ਉਸ ਨਾਲ ਉਸ ਜਬਾਨ ਦੀ ਸੱਭਿਆਚਾਰਕ ਅਤੇ ਬੌਧਿਕ ਵਿਰਾਸਤ ਵੀ। ਜਦੋਂ ਇਕ ਜਬਾਨ ਮਰਦੀ ਹੈ ਤਾਂ ਉਹ ਉਸ ਕੌਮ ਦੀਆਂ ਕਦਰਾਂ-ਕੀਮਤਾਂ ਅਤੇ ਰੀਤੀ ਰਿਵਾਜਾਂ ਨੂੰ ਵੀ ਆਪਣੇ ਨਾਲ ਲੈ ਜਾਂਦੀ ਹੈ। ਬਸਤੀਵਾਦੀ ਵਿਸਥਾਰ ਨੇ ਵੀ ਦੇਸੀ ਬੋਲੀਆਂ ਦੀ ਕੀਮਤ 'ਤੇ ਵਿਦੇਸ਼ੀ ਬੋਲੀਆਂ ਲੋਕਾਂ 'ਤੇ ਥੋਪੀਆਂ। ਕਿਸੇ ਵੀ ਕੌਮ ਨੂੰ ਸਵਾਧੀਨ ਕਰਨ ਦਾ ਇਕ ਮੁਢਲਾ ਤਰੀਕਾ ਹੈ ਉਨ੍ਹਾਂ ਦੀ ਜ਼ਬਾਨ ਨੂੰ ਖ਼ਤਮ ਕਰੋ। ਜਾਪਾਨ ਨੇ ਕੋਰੀਆ ਉੱਪਰ ਕਬਜ਼ੇ ਬਾਅਦ 1905 ਦੀ ਕੋਰੀਆ-ਜਾਪਾਨ ਸੰਧੀ ਅਧੀਨ ਜਾਪਾਨੀ ਭਾਸ਼ਾ ਵਿਉਂਤਬੱਧ ਢੰਗ ਨਾਲ ਸਕੂਲ ਤੋਂ ਲੈ ਕੇ ਹਰ ਪੱਧਰ 'ਤੇ 40 ਸਾਲ ਲਾਗੂ ਕੀਤੀ। ਜੇ ਦੂਸਰੇ ਵਿਸ਼ਵ ਯੁੱਧ ਵਿਚ ਜਾਪਾਨ ਨਾ ਹਾਰਦਾ ਤਾਂ ਅੱਜ ਕੋਰੀਆਈ ਭਾਸ਼ਾ ਖ਼ਤਮ ਹੋ ਚੁੱਕੀ ਹੁੰਦੀ।




ਸੰਯੁਕਤ ਰਾਸ਼ਟਰ ਵਲੋਂ 2019 ਦਾ ਵਰ੍ਹਾ ਦੇਸੀ ਜਬਾਨਾਂ ਦਾ ਅੰਤਰਰਾਸ਼ਟਰੀ ਵਰ੍ਹਾ ਐਲਾਨਿਆ ਗਿਆ ਸੀ। ਯੂਨੈਸਕੋ ਵਲੋਂ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾ ਨੂੰ ਹੁਲਾਰਾ ਦੇਣ ਵਾਸਤੇ 20 ਸਾਲਾਂ ਤੋਂ 21 ਫਰਵਰੀ ਦਾ ਦਿਨ ਹਰ ਸਾਲ ਮਾਂ-ਬੋਲੀ ਦਿਵਸ ਵਜੋਂ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਦੇਸੀ ਜਬਾਨਾਂ ਜਾਂ ਮਾਂ-ਬੋਲੀ ਨੂੰ ਵਿਸ਼ਵੀਕਰਨ, ਕੁਝ ਸੱਭਿਆਚਾਰਕ ਤੌਰ 'ਤੇ ਪ੍ਰਭਾਵਸ਼ਾਲੀ ਬੋਲੀਆਂ ਦੀ ਚੜ੍ਹਤ, ਰਾਜਨੀਤਕ ਦਮਨ, ਅਸੁਰੱਖਿਅਤ ਮਾਹੌਲ, ਮਾਈਗਰੇਸ਼ਨ, ਬਹੁ-ਭਾਸ਼ਾਈਕਰਨ, ਸਰਕਾਰਾਂ ਵਲੋਂ ਮਾਂ-ਬੋਲੀ ਪ੍ਰਤੀ ਉਦਾਸੀਨਤਾ ਭਰਿਆ ਰਵੱਈਆ ਅਤੇ ਦੇਸੀ ਜ਼ਬਾਨਾਂ ਬੋਲਣ ਵਾਲਿਆਂ ਦੀ ਆਪਣੀ ਭਾਸ਼ਾ ਪ੍ਰਤੀ ਬੇ-ਰੁੱਖੀ ਨੇ ਢਾਅ ਲਾਈ ਹੈ।

**ਜ਼ਿੰਮੇਵਾਰੀ, ਭਵਿੱਖ ਅਤੇ ਪ੍ਰਫੁਲਤਾ**

ਆਪਣੀ ਮਾਂ-ਬੋਲੀ ਪ੍ਰਤੀ ਸਾਡੀ ਜ਼ਿੰਮੇਵਾਰੀ ਦੇ ਕਈ ਪਹਿਲੂ ਅਤੇ ਪਰਤਾਂ ਹਨ। ਬੋਲਣ ਤੋਂ ਪ੍ਰਫੁੱਲਤ ਕਰਨ ਤੱਕ। ਵਿਅਕਤੀਗਤ ਤੋਂ ਸਮੂਹਿਕ ਪੱਧਰ ਤੱਕ। ਹਰ ਵਰਗ ਆਪਣੇ ਢੰਗ ਨਾਲ ਆਪਣੀ ਇਹ ਜ਼ਿੰਮੇਵਾਰੀ ਨਿਭਾਅ ਸਕਦਾ ਹੈ। ਮਾਂ ਅਤੇ ਪਰਿਵਾਰ, ਅਧਿਆਪਕ, ਲੇਖਕ, ਬੁੱਧੀਜਨ, ਇਤਿਹਾਸਕਾਰ, ਪੱਤਰਕਾਰ, ਅਰਥ-ਸ਼ਾਸਤਰੀ, ਅਫਸਰਸ਼ਾਹੀ, ਸਰਕਾਰ, ਰਾਜਨੀਤਕ ਲੋਕ, ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ, ਇਹ ਸਭ ਆਪਣੀ ਆਪਣੀ ਪੱਧਰ 'ਤੇ ਮਾਂ-ਬੋਲੀ ਨੂੰ ਲੋਕਪ੍ਰਿਆ, ਸਾਰਥਿਕ ਅਤੇ ਪ੍ਰਫੁੱਲਿਤ ਕਰ ਸਕਦੇ ਹਨ। ਮਾਂ ਦਾ ਫਰਜ਼ ਹੈ ਕਿ ਉਹ ਬੱਚਿਆਂ ਨਾਲ ਪੰਜਾਬੀ ਵਿਚ ਗੱਲ ਕਰੇ। ਆਮ ਆਦਮੀ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਪੰਜਾਬੀ ਬੋਲੇ, ਪੜ੍ਹੇ ਅਤੇ ਲਿਖੇ। ਬੁੱਧੀਜੀਵੀ, ਲੇਖਕ, ਪ੍ਰਤਿਭਾਸ਼ਾਲੀ ਲੋਕ ਚਲੰਤ ਵਿਸ਼ਿਆਂ ਤੇ ਪੰਜਾਬੀ ਵਿਚ ਵੀ ਭਰਪੂਰ ਲਿਖਣ ਤਾਂ ਕਿ ਇਸ ਦੀ ਪ੍ਰਵੀਨਤਾ ਹੀ ਨਾ ਵਧੇ ਸਗੋਂ ਪੜ੍ਹਨ ਵਾਲਿਆਂ ਦਾ ਬੌਧਿਕ ਵਿਕਾਸ ਵੀ ਹੋ ਸਕੇ। ਸਰਕਾਰੀ ਮੀਟਿੰਗਾਂ ਵਿਚ ਪੰਜਾਬੀ ਬੋਲਣ ਦਾ ਕੋਈ ਵਿਰੋਧ ਤਾਂ ਨਹੀਂ ਹੈ ਪਰ ਅੰਗਰੇਜ਼ੀ ਦੀ ਆਦਤ ਜਿਹੀ ਬਣ ਗਈ ਹੈ। ਸਾਨੂੰ ਆਪਣੀ ਬੋਲੀ ਦੀ ਹਰ ਵਿਸ਼ੇ ਵਿਚ ਸਮਰੱਥਾ ਵਿਚ ਯਕੀਨ ਹੋਣਾ ਚਾਹੀਦਾ ਹੈ। ਅੱਜ ਤੋਂ ਤਕਰੀਬਨ 800 ਸਾਲ ਪਹਿਲਾਂ ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਰਚ ਕੇ ਇਸ ਪ੍ਰਤੀ ਸਭ ਸ਼ੰਕੇ ਨਿਵਾਰਨ ਕਰ ਦਿੱਤੇ ਸਨ। ਇਹ ਇਸ ਬੋਲੀ ਦੀ ਸੰਪਨਤਾ ਅਤੇ ਕੁਸ਼ਲਤਾ ਹੀ ਤਾਂ ਹੈ ਕਿ ਮਹਾਨ ਸਿੱਖ ਗੁਰੂਆਂ, ਸੰਤਾਂ ਅਤੇ ਸੂਫ਼ੀਆਂ ਨੇ ਰੂਹਾਨੀਅਤ ਅਤੇ ਰਹੱਸਵਾਦ ਦੇ ਸੂਖਮ, ਡੂੰਘੇ ਅਤੇ ਉਚੇਰੇ ਭਾਵਾਂ ਨੂੰ ਇਸ ਬੋਲੀ ਵਿਚ ਇਸ ਸਰਲਤਾ ਅਤੇ ਸਪੱਸ਼ਟਤਾ ਨਾਲ ਪੇਸ਼ ਕੀਤਾ ਕਿ ਆਮ ਆਦਮੀ ਦੀ ਸਮਝ ਆ ਸਕੇ।

ਅਸੀਂ ਆਪਣੇ ਪਰਿਵਾਰ, ਕੌਮ, ਧਰਮ, ਦੇਸ਼ ਅਤੇ ਸੰਸਾਰ ਪ੍ਰਤੀ ਫਰਜ਼ਾਂ ਬਾਰੇ ਸੁਚੇਤ ਹਾਂ ਅਤੇ ਨਿਭਾਉਂਦੇ ਵੀ ਹਾਂ। ਪਰ ਕੀ ਕਦੀ ਮਾਂ-ਬੋਲੀ ਪ੍ਰਤੀ ਫਰਜ਼ਾਂ ਬਾਰੇ ਗੰਭੀਰਤਾ ਨਾਲ ਸੋਚਿਆ ਹੈ? ਅਸੀਂ ਇਨ੍ਹਾਂ ਨੂੰ ਅਦਾ ਕਰਨ ਵਿਚ ਕਿਥੋਂ ਤੱਕ ਸਫਲ ਹਾਂ? ਇਕ ਸੈਨਿਕ ਦਾ ਫਰਜ਼ ਹੈ ਕਿ ਉਹ ਆਪਣੇ ਦੇਸ਼ ਦੀ ਪ੍ਰਭੁਸੱਤਾ ਕਾਇਮ ਰੱਖੇਗਾ, ਬਾਰਡਰ ਅੰਦਰ ਘੁਸਪੈਠ ਰੋਕੇਗਾ, ਇਸ ਤੇ ਕਿਸੇ ਦਾ ਕਬਜ਼ਾ ਨਹੀਂ ਹੋਣ ਦੇਵੇਗਾ। ਕੀ ਅਸੀਂ ਸਾਰੇ ਪੰਜਾਬੀ ਆਪਣੀ ਮਾਂ-ਬੋਲੀ ਦੇ ਸੈਨਿਕ ਨਹੀਂ ਹਾਂ? ਜੋ ਆਪਣੇ ਫਰਜ਼ ਨਹੀਂ ਨਿਭਾਉਂਦਾ ਉਸ ਨੂੰ ਅਸੀਂ ਕੀ ਆਖਦੇ ਹਾਂ? ਉਸ ਨੂੰ ਸਮੂਹਿਕ ਅਤੇ ਕੌਮੀ ਨਜ਼ਰੀਏ ਤੋਂ ਕਿਵੇਂ ਵੇਖਦੇ ਹਾਂ? ਅਜਿਹਾ ਵਿਅਕਤੀ ਸਾਡੇ ਵਿਚ ਮਨ ਕਿੰਨੀ ਇੱਜ਼ਤ-ਮਾਨ ਦਾ ਅਧਿਕਾਰੀ ਹੁੰਦਾ ਹੈ? ਇਹ ਜ਼ਿੰਮੇਵਾਰੀ ਕਿਸੇ ਹੋਰ ਵਿਅਕਤੀ ਜਾਂ ਕਿਸੇ ਵਿਸ਼ੇਸ਼ ਸਮੂਹ ਦੀ ਜਾਂ ਸਰਕਾਰ ਦੀ ਹੈ, ਇਹ ਸੋਚ ਕੇ ਮੈਂ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦਾ। ਆਮ ਮੁਹਾਵਰਾ ਹੈ ਕਿ ਮਾਪੇ ਕੁਮਾਪੇ ਨਹੀਂ ਹੁੰਦੇ, ਪੁੱਤ ਕਪੁੱਤ ਹੋ ਜਾਂਦੇ ਹਨ। ਇਹ ਮਾਂ-ਬੋਲੀ ਤੇ ਵੀ ਢੁੱਕਦਾ ਹੈ। ਜਿਹੜੀ ਔਲਾਦ ਪੁਰਖਾਂ ਦੀ ਵਿਰਾਸਤ ਅਤੇ ਜਾਇਦਾਦ ਵਧਾਉਣ ਦੀ ਬਜਾਏ ਸੰਭਾਲ ਵੀ ਨਾ ਸਕੇ ਉਨ੍ਹਾਂ ਦਾ ਨਾਂਅ ਵੀ ਗੁੰਮ ਹੋ ਜਾਂਦਾ ਹੈ।

ਸਰਕਾਰ ਦੇ ਵੀ ਇਸ ਪ੍ਰਤੀ ਫਰਜ਼ ਹਨ ਕਿ ਉਹ ਪੰਜਾਬੀ ਨੂੰ ਤਰਜੀਹ ਹੀ ਨਹੀਂ ਸਗੋਂ ਇਸ ਦੇ ਚਹੁ-ਮੁਖੀ ਵਿਕਾਸ ਨੂੰ ਯਕੀਨੀ ਬਣਾਵੇ। ਕਾਨੂੰਨ ਦੁਆਰਾ ਅਤੇ ਵੈਸੇ ਵੀ। ਸਰਕਾਰੀ ਕਾਰ-ਵਿਹਾਰ ਮਾਂ-ਬੋਲੀ ਵਿਚ ਕਰਨ ਨਾਲ ਹੀ ਮੰਤਵ ਹੱਲ ਨਹੀਂ ਹੁੰਦਾ। ਇਹ ਤਾਂ ਜੀਵਨ ਦੇ ਹਰ ਪਹਿਲੂ ਵਿਚ ਰਮ ਜਾਣੀ ਚਾਹੀਦੀ ਹੈ। ਸਰਕਾਰ ਦੀਆਂ ਸਕੀਮਾਂ ਤੱਕ ਸੀਮਤ ਨਹੀਂ। ਹਰ ਵਿਅਕਤੀ, ਸੰਸਥਾ, ਵਿਅਕਤੀ-ਸਮੂਹ ਅਤੇ ਸਰਕਾਰ ਨੂੰ ਮਾਂ-ਬੋਲੀ ਪ੍ਰਤੀ ਸੁਹਿਰਦ ਹੋਣ ਦੀ ਅਤਿ ਲੋੜ ਹੈ। ਨਹੀਂ ਤਾਂ ਕਿਤੇ ਸਾਂਝਾ ਪ੍ਰਾਹੁਣਾ ਭੁੱਖਾ ਹੀ ਨਾ ਰਹਿ ਜਾਵੇ। ਅਮੀਰ ਅਤੇ ਖ਼ੁਸ਼ਹਾਲ ਪੰਜਾਬੀ ਵੀ ਮੁਫ਼ਤ ਦੀ ਕਿਤਾਬ ਪਸੰਦ ਕਰਦੇ ਹਨ। ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਤਾਂ ਘੱਟ ਨਹੀਂ ਹੈ। ਸਾਡੇ ਕੋਲ ਸਾਧਨਾਂ ਦੀ ਕਮੀ ਨਹੀਂ ਹੈ। ਸਾਡੇ ਦਿਲ ਵੀ ਖੁੱਲ੍ਹੇ ਹਨ, ਅਸੀਂ ਉਦਾਰ ਵੀ ਹਾਂ, ਬਿਨਾਂ ਲੋੜ ਤੋਂ ਖ਼ਰਚ ਕਰਨ ਲਈ ਵੀ ਮਸ਼ਹੂਰ ਹਾਂ। ਫਿਰ ਕਿਹੜੀ ਅਜਿਹੀ ਅੜਚਨ ਹੈ ਕਿ ਪੰਜਾਬੀ ਦੀਆਂ ਕਿਤਾਬਾਂ ਨਹੀਂ ਵਿਕਦੀਆਂ? ਇਸ ਦੇ ਕਾਰਨ ਆਪਣੀ ਮਾਂ-ਬੋਲੀ ਪ੍ਰਤੀ ਸੁਹਿਰਦਤਾ ਦੀ ਘਾਟ ਅਤੇ ਬੇਰੁਖ਼ੀ ਵਾਲਾ ਰਵੱਈਆ ਹੀ ਹੋ ਸਕਦੇ ਹਨ। ਇਸ ਰਵੱਈਏ ਨੂੰ ਤਬਦੀਲ ਕਰਨ ਦੀ ਲੋੜ ਹੈ। ਲੋੜ ਹੈ ਕਿ ਅਸੀਂ ਪੰਜਾਬੀ ਦੀਆਂ ਅਖ਼ਬਾਰਾਂ, ਰਸਾਲੇ ਅਤੇ ਕਿਤਾਬਾਂ ਖ਼ਰੀਦਣ ਦੀ ਆਦਤ ਬਣਾਈਏ। ਪੰਜਾਬੀ ਦੀ ਕਿਤਾਬ ਹੱਥ ਵਿਚ ਫੜਨ ਨਾਲ ਹੀਣਭਾਵਨਾ ਮਹਿਸੂਸ ਨਾ ਕਰੀਏ। ਇਹ ਠਾਣ ਲਈਏ ਕਿ ਹਰ ਘਰ, ਪਿੰਡ ਅਤੇ ਕਸਬੇ ਵਿਚ ਪੰਜਾਬੀ ਕਿਤਾਬਾਂ ਦੀ ਲਾਇਬ੍ਰੇਰੀ ਹੋਵੇ। ਆਪਣੇ ਜਨਮ ਦਿਨ ਤੇ ਪੰਜਾਬੀ ਦੀਆਂ ਕਿਤਾਬਾਂ ਹਰ ਸਾਲ ਇਨ੍ਹਾਂ ਲਾਇਬ੍ਰੇਰੀਆਂ ਨੂੰ ਦਾਨ ਕਰੀਏ।

ਦੱਖਣੀ ਰਾਜਾਂ ਅਤੇ ਪੱਛਮੀ ਬੰਗਾਲ ਦੇ ਲੋਕਾਂ ਦੇ ਮੁਕਾਬਲੇ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਵਿਚ ਗੱਲ ਕਰਨ ਤੋਂ ਝਿਜਕਦੇ ਹਾਂ। ਸ਼ਾਇਦ ਅਸੀਂ ਅੰਗਰੇਜ਼ੀ ਵਿਚ ਗੱਲ ਕਰਨ ਨੂੰ ਵਧੇਰੇ ਸੱਭਿਅਕ ਸਮਝਦੇ ਹਾਂ। ਸਾਨੂੰ ਪੰਜਾਬੀ ਵਿਚ ਪੜ੍ਹਨ ਦੀ ਰੁਚੀ ਅਤੇ ਇਸ ਉੱਪਰ ਫ਼ਖ਼ਰ ਕਰਨ ਅਤੇ ਆਪਣੀ ਮਾਂ-ਬੋਲੀ ਨੂੰ ਵਧੇਰੇ ਇੱਜ਼ਤ ਨਾਲ ਵੇਖਣ ਦੀ ਲੋੜ ਹੈ। ਵਿਅਕਤੀਗਤ ਅਤੇ ਸਮੂਹਿਕ ਦ੍ਰਿਸ਼ਟੀਕੋਣ ਵਿਚ ਤਬਦੀਲੀ ਦੀ ਲੋੜ ਹੈ। ਬੋਲੀ ਦੀ ਭਵਿੱਖੀ ਸੁਰੱਖਿਆ ਅਤੇ ਪ੍ਰਫੁੱਲਿਤਾ ਲਈ ਜ਼ਰੂਰੀ ਹੈ ਕਿ ਆਧੁਨਿਕ ਤਬਦੀਲੀਆਂ ਅਤੇ ਨਵੀਆਂ ਲੋੜਾਂ ਲਈ ਇਸ ਦਾ ਸੁਚੇਤ ਅਤੇ ਸੰਸਥਾਗਤ ਰੂਪ ਵਿਚ ਵਿਕਾਸ ਕਰਦੇ ਰਹੀਏ। ਮਾਂ-ਬੋਲੀ ਦੀ ਸ਼ਬਦਾਵਲੀ, ਮੁਹਾਵਰਾ ਅਤੇ ਸਮਰੱਥਾ ਵਿਚ ਭਵਿੱਖੀ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਿਰੰਤਰ ਵਿਕਾਸ ਦੀ ਲੋੜ ਹੈ। ਪੰਜਾਬੀ ਨੂੰ ਮਰਦਮਸ਼ੁਮਾਰੀ ਵਿਚ ਦਰਜ ਹੋਣਾ ਯਕੀਨੀ ਬਣਾਇਆ ਜਾਵੇ। ਪੰਜਾਬੀ ਦਾ ਡਿਜੀਟਲ ਮੀਡੀਆ ਵਿਚ ਜ਼ੋਰ ਸ਼ੋਰ ਨਾਲ ਪ੍ਰਯੋਗ ਕਰੀਏ। ਸਾਇੰਸ, ਡਾਕਟਰੀ ਖੋਜ, ਦਰਸ਼ਨ ਸ਼ਾਸਤਰ, ਇੰਜੀਨੀਅਰਿੰਗ ਵਰਗੇ ਸਾਰੇ ਮਜ਼ਮੂਨ ਪੰਜਾਬੀ ਵਿਚ ਪੜ੍ਹਾਏ ਜਾ ਸਕਦੇ ਹਨ। ਪੂਰਬੀ ਯੂਰਪ ਦੇ ਮੁਲਕਾਂ, ਚੀਨ ਅਤੇ ਰੂਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅੰਗਰੇਜ਼ੀ ਤੋਂ ਇਲਾਵਾ ਵੀ ਹੋਰ ਜਬਾਨਾਂ ਵਿਚ ਉਚੇਰੀ ਸਿੱਖਿਆ ਦਿੱਤੀ ਜਾ ਸਕਦੀ ਹੈ।

ਜੇ ਪੜ੍ਹਨ ਵਾਲੇ ਹੀ ਨਾ ਹੋਣ ਤਾਂ ਲਿਖਣ ਵਾਲਿਆਂ ਦੇ ਹੌਂਸਲੇ ਕਿਵੇਂ ਬੁਲੰਦ ਰਹਿਣਗੇ? ਜਿਸ ਜਬਾਨ ਦੇ ਬੋਲਣ, ਲਿਖਣ ਅਤੇ ਪੜ੍ਹਨ ਵਾਲਿਆਂ ਦੀ ਗਿਣਤੀ ਘਟ ਜਾਵੇ ਉਸ ਬੋਲੀ ਵਿਚ ਰਚਿਆ ਸਾਹਿਤ ਅਤੇ ਵਿਰਸਾ ਅਲੋਪ ਹੋਣਾ ਸ਼ੁਰੂ ਹੋ ਜਾਂਦਾ ਹੈ। ਫਿਰ ਇਹ ਸਾਹਿਤ ਅਤੇ ਵਿਰਸਾ ਲਾਇਬ੍ਰੇਰੀਆਂ ਅਤੇ ਨੁਮਾਇਸ਼ਘਰਾਂ ਦੀਆਂ ਚਾਰਦੀਵਾਰੀਆਂ ਅੰਦਰ ਸੀਮਤ ਹੋ ਕੇ ਰਹਿ ਜਾਂਦਾ ਹੈ। ਪੰਜਾਬੀ ਕੌਮ ਪੂਰੇ ਸੰਸਾਰ ਵਿਚ ਆਪਣੇ ਗੌਰਵ ਤੇ ਸੱਭਿਆਚਾਰ ਲਈ ਜਾਣੀ ਜਾਂਦੀ ਹੈ। ਸਾਨੂੰ ਪੰਜਾਬੀ ਹੋਣ ਦਾ ਮਾਣ ਹੈ। ਆਓ ਅਸੀਂ ਮਿਲ ਕੇ ਇਹ ਮਾਣ ਆਪਣੀ ਮਾਂ-ਬੋਲੀ ਨੂੰ ਵੀ ਦੇਈਏ।

# 21 ਮੀਟਰ ਗੋਲਾ ਸੁੱਟਣ ਵਾਲਾ ਗੱਭਰੂ ਤੇਜਿੰਦਰਪਾਲ ਸਿੰਘ ਤੂਰ

**ਡਾਕਟਰ ਬਰਜਿੰਦਰ ਸਿੰਘ**

ਸੰਸਾਰ ਪੱਧਰ ’ਤੇ ਸ਼ਾਟਪੁੱਟ ਵਿਚ ਆਪਣੀ ਧਾਂਕ ਜਮਾਉਣ ਵਾਲਾ ਤੇਜਿੰਦਰਪਾਲ ਸਿੰਘ ਤੂਰ ਮੋਗੇ ਜ਼ਿਲੇ ਦੀ ਹੱਦ ਵਿਚ ਪੈਂਦੇ ਪਿੰਡ ਖੋਸਾ ਪਾਡੋਂ ਦਾ ਜੰਮਪਲ ਹੈ। ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਮਾਲਵਾ ਕਾਲਜ ਬਠਿੰਡਾ ਵਿਚ ਤੂਰ ਨੇ ਬੀ.ਪੀ. ਐੱਡ ਵਿਚ ਦਾਖ਼ਲਾ ਲਿਆ ਸੀ ਅਤੇ ਨਾਲ ਹੀ ਉਸਤਾਦ ਮਹਿੰਦਰ ਸਿੰਘ ਢਿਲੋਂ ਤੋਂ ਸ਼ਾਟਪੁਟ ਦੇ ਗੁਰ ਹਾਸਲ ਕਰਨ ਲੱਗਾ। ਕਹਿੰਦੇ ਨੇ ‘ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ’ ਇਸ ਦੀ ਮਿਸਾਲ ਸੰਨ 2013 ਵਿਚ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਅਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਦੇਖਣ ਨੂੰ ਮਿਲੀ ਸੀ, ਜਿਸ ਦੀ ਮੇਜ਼ਬਾਨੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕੀਤੀ ਗਈ ਸੀ। ਇਸ ਮੁਕਾਬਲੇ ਵਿਚ ਤੇਜਿੰਦਰਪਾਲ ਸਿੰਘ ਤੂਰ ਮੇਜ਼ਬਾਨ ਯੂਨੀਵਰਸਿਟੀ ਵਲੋਂ ਖੇਡਦਿਆਂ ਸ਼ਾਟਪੁੱਟ ਮੁਕਾਬਲੇ ਵਿਚ ਅੱਵਲ ਆਇਆ ਸੀ। ਉਸ ਵਲੋਂ ਲਾਈ ਇਕ ਜਾਨਦਾਰ ਥ੍ਰੋਅ ਨੇ ਅੰਤਰ ਯੂਨੀਵਰਸਿਟੀ ਰਿਕਾਰਡ ਨੂੰ ਦਰਸਾਉਂਦੀ ਰਿਕਾਰਡ ਲਾਈਨ ਦੇ ਚੂਨੇ ਨੂੰ ਹਵਾ ਵਿਚ ਉਡਾ ਦਿੱਤਾ ਸੀ। ਉਸ ਵੇਲੇ ਯੂਨੀਵਰਸਿਟੀ ਰਿਕਾਰਡ 18.45 ਸੀ ਅਤੇ ਤੂਰ ਨੇ 18.43 ਗੋਲਾ ਸੁੱਟਿਆ ਗਿਆ ਸੀ। ਇਸ ਰੌਚਕ ਘਟਨਾ ਦਾ ਬਤੌਰ ਅਥਲੈਟਿਕਸ ਟੈਕਨੀਕਲ ਆਫ਼ੀਸ਼ੀਅਲ ਮੈਂ ਗਵਾਹ ਬਣਿਆ ਜੋ ਉਸ ਸਮੇਂ ਉੱਥੇ ਡਿਊਟੀ ਕਰ ਰਿਹਾ ਸੀ। ਉਸਤਾਦ ਮਹਿੰਦਰ ਸਿੰਘ ਢਿਲੋਂ ਦੇ ਚੰਡੇ ਚੇਲੇ ਨੇ ਆਖ਼ਰ ਜੂਨ 2017 ਵਿਚ ਪਟਿਆਲੇ



ਵਿਖੇ ਹੋਈ ਫੈਡਰੇਸ਼ਨ ਕੱਪ ਸੀਨੀਅਰ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪ ਵਿਚ 20.40 ਮੀਟਰ ਗੋਲਾ ਲਾ ਕੇ ਨਵਾਂ ਮੀਟ ਰਿਕਾਰਡ ਬਣਾਇਆ। ਤੂਰ ਉਸ ਵੇਲੇ 20 ਮੀਟਰ ਬੈਂਚ ਮਾਰਕ ਪਾਰ ਕਰਨ ਵਾਲਾ ਪੰਜਾਂ ਦਰਿਆਵਾਂ ਦੀ ਧਰਤੀ ਦਾ ਤੀਜਾ ਸ਼ਾਟਪੁਟਰ ਬਣ ਗਿਆ। ਇਸ ਤੋਂ ਪਹਿਲਾਂ ਸਾਬਕਾ ਏਸ਼ੀਆਈ ਚੈਂਪੀਅਨ ਬਹਾਦਰ ਸਿੰਘ ਸੱਗੂ ਅਤੇ ਸ. ਇੰਦਰਜੀਤ ਸਿੰਘ ਨੂੰ ਇਹ ਮਾਣ ਹਾਸਲ ਸੀ। ਬੁਲੰਦੀਆਂ ਨੂੰ ਸਰ ਕਰ ਰਹੇ ਤੇਜਿੰਦਰਪਾਲ ਸਿੰਘ ਤੂਰ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦ ਉਸ ਦੇ ਪਿਤਾ ਸ. ਕਰਮ ਸਿੰਘ ਨੂੰ ਕੈਂਸਰ ਦੀ ਬਿਮਾਰੀ ਨੇ ਜਕੜ ਲਿਆ। ਇਸੇ ਕਸ਼ਮਕਸ਼ ਵਿਚ ਉਸ ਨੇ ਭੁਵਨੇਸ਼ਵਰ ਵਿਖੇ 2017 ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿਚ 19.77 ਮੀ. ਗੋਲਾ ਸੁੱਟਿਆ। ਤੂਰ 19.42 ਮੀ. ਦੀ ਥ੍ਰੋਅ ਨਾਲ 2018 ਦੀਆਂ ਰਾਸ਼ਟਰਮੰਡਲ ਖੇਡਾਂ ਦੇ ਫਾਈਨਲ ਵਿਚ ਅੱਠਵੇਂ ਸਥਾਨ ’ਤੇ ਰਿਹਾ। ਐਨ.ਆਈ.ਐਸ. ਪਟਿਆਲਾ ਵਿਖੇ ਚੱਲ ਰਹੀ ਇੰਡੀਅਨ ਗ੍ਰਾਂਡ ਪ੍ਰਿਕਸ-੯੦ ਵਿਚ ਤੂਰ ਨੇ 21 ਜੂਨ, 2021 ਨੂੰ 21.49 ਮੀਟਰ ਲੋਹੇ ਦੀ ਗੇਂਦ ਸੁੱਟ ਕੇ ਟੋਕੀਓ ਉਲੰਪਿਕ ਖੇਡਾਂ ਲਈ ਕੁਆਲੀਫਾਈ ਤਾਂ ਕੀਤਾ ਹੀ ਹੈ, ਪਰ ਇਸ ਪ੍ਰਾਪਤੀ ਸਦਕਾ ਉਹ ਪੰਜਾਬ ਅਤੇ ਭਾਰਤ ਦਾ 21 ਮੀਟਰ ਬੈਰੀਅਰ ਨੂੰ ਪਾਰ ਕਰਨ ਵਾਲਾ ਪਹਿਲਾ ਸ਼ਾਟਪੁਟਰ ਬਣ ਗਿਆ ਹੈ। ਭਾਰਤ ਸਮੇਤ ਪੂਰੀ ਦੁਨੀਆ ਦੀਆਂ ਨਜ਼ਰਾਂ ਮੋਗੇ ਜ਼ਿਲੇ ਦੇ ਛੋਟੇ ਜਿਹੇ ਪਿੰਡ ਖੋਸਾ ਪਾਡੋਂ ਦੇ ਇਸ ਗੱਭਰੂ ’ਤੇ ਟਿਕੀਆਂ ਹਨ ਸ਼ਾਇਦ ਉਹ ਟੋਕੀਓ ਉਲੰਪਿਕ ਵਿਚ ਗੋਲੇ ਦਾ ਸੋਨ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਹੋਣ ਦਾ ਮਾਣ ਹਾਸਲ ਕਰ ਸਕੇ।

# ਮਾਸਟਰ ਅਥਲੀਟ ਮਾਨ ਕੌਰ ਦੇ ਬੇਟੇ ਗੁਰਦੇਵ ਸਿੰਘ ਬੋਲੇ - ਮਾਂ ਦੇ ਇਲਾਜ ਲਈ ਸਰਕਾਰ ਨੇ ਨਹੀਂ ਕੀਤੀ ਮਦਦ

**✪ ਮਾਨ ਕੌਰ ਗਾਲ ਬਲੈਡਰ ਕੈਂਸਰ ਨਾਲ ਪੀੜਤ ✪ ਪ੍ਰਾਪਤੀਆਂ ਲਈ ਮਿਲ ਚੁੱਕਾ ਹੈ ਰਾਸ਼ਟਰਪਤੀ ਐਵਾਰਡ**

**ਚੰਡੀਗੜ/ਏ.ਟੀ.ਨਿਊਜ਼ :** ਅੰਤਰਰਾਸ਼ਟਰੀ ਮਾਸਟਰ ਅਥਲੀਟ 105 ਸਾਲਾ ਮਾਨ ਕੌਰ ਦੀ ਤਬੀਅਤ ਲਗਾਤਾਰ ਵਿਗੜਦੀ ਜਾ ਰਹੀ ਹੈ। ਉਹ ਪੀਜੀਆਈ ਚੰਡੀਗੜ ’ਚ ਇਲਾਜ ਅਧੀਨ ਹੈ। ਉਨਾਂ ਦੇ ਬੇਟੇ ਗੁਰਦੇਵ ਸਿੰਘ ਨੇ ਦੱਸਿਆ ਕਿ ਮਾਂ ਦੇ ਇਲਾਜ ਲਈ ਉਨਾਂ ਨੇ ਸਰਕਾਰ ਤੋਂ ਮਦਦ ਦੀ ਅਪੀਲ ਕੀਤੀ ਸੀ, ਪਰ ਕਿਸੇ ਨੇ ਮਦਦ ਤਾਂ ਦੂਰ ਭਰੋਸਾ ਤਕ ਨਹੀਂ ਦਿੱਤਾ। ਮਾਨ ਕੌਰ ਸਾਲਾਂ ਤੋਂ ਲੋਕਾਂ ਨੂੰ ਫਿਟਨੈੱਸ ਪ੍ਰਤੀ ਜਾਗਰੂਕ ਕਰ ਰਹੀ ਸੀ। ਬਾਵਜੂਦ ਇਸਦੇ ਸਰਕਾਰ ਦਾ ਰਵੱਈਆ ਬੇਹੱਦ ਉਦਾਸੀਨ ਰਿਹਾ ਹੈ। ਦੱਸ ਦੇਈਏ ਕਿ ਮਾਨ ਕੌਰ ਗਾਲ ਬਲੈਡਰ ਕੈਂਸਰ ਨਾਲ ਜੂਝ ਰਹੀ ਹੈ। ਹਾਲੇ ਪੀਜੀਆਈ ’ਚ ਉਨਾਂ ਦਾ ਇਲਾਜ ਚੱਲ ਰਿਹਾ ਹੈ, ਪਰ ਉਮਰ ਜ਼ਿਆਦਾ ਹੋਣ ਕਾਰਨ ਡਾਕਟਰ ਉਨਾਂ ਨੂੰ ਕੀਮੋ ਥੈਰੇਪੀ ਨਹੀਂ ਦੇ ਪਾ ਰਹੇ ਹਨ। ਪਰਿਵਾਰ ਦੀ ਮੰਗ ਹੈ ਕਿ ਉਨਾਂ ਦਾ ਇਲਾਜ ਨੈਚੁਰਲ ਥੈਰੇਪੀ ਨਾਲ ਕੀਤਾ ਜਾਵੇ।

ਮਾਨ ਕੌਰ ਮੂਲ ਰੂਪ ਨਾਲ ਪਟਿਆਲਾ ਦੀ ਰਹਿਣ ਵਾਲੀ ਹੈ ਅਤੇ ਉਹ ਪੰਜਾਬ ਦੇ ਮੁੱਖ



ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਿਤਾ ਮਹਾਰਾਜਾ ਭੁਪੇਂਦਰ ਸਿੰਘ ਦੇ ਰਾਜ ਮਹਿਲ ’ਚ ਕੰਮ ਕਰ ਚੁੱਕੀ ਹੈ। ਇਸ ਤੋਂ ਇਲਾਵਾ ਉਨਾਂ ਦੇ ਪਤੀ ਹਰਿਆਣਾ ਸਰਕਾਰ ’ਚ ਕੰਮ ਕਰਦੇ ਸਨ, ਜਿਸ ਨਾਲ ਉਨਾਂ ਨੂੰ 10 ਹਜ਼ਾਰ ਰੁਪਏ ਪੈਨਸ਼ਨ ਮਿਲਦੀ ਹੈ। ਬੇਟੇ ਗੁਰਦੇਵ ਨੇ ਕਿਹਾ ਕਿ ਉਨਾਂ ਦੀ ਮਾਂ ਨੇ ਦੇਸ਼ ਦੀ ਸ਼ਾਨ ਨੂੰ ਵਧਾਇਆ ਹੈ। ਅਜਿਹੇ ’ਚ ਸਰਕਾਰ ਉਨਾਂ ਨੂੰ ਸਨਮਾਨਯੋਗ ਪੈਨਸ਼ਨ ਦੇਵੇ, ਜਿਸ ਨਾਲ ਉਨਾਂ ਦਾ ਇਲਾਜ ਚੰਗੇ ਤਰੀਕੇ ਨਾਲ ਹੋ ਸਕੇ।

ਮਾਸਟਰ ਅਥਲੀਟ ਮਾਨ ਕੌਰ ਅੰਤਰਰਾਸ਼ਟਰੀ ਪੱਧਰ ’ਤੇ 35 ਮੈਡਲ ਜਿੱਤ ਚੁੱਕੀ ਹੈ। ਕੋਵਿਡ-19 ਤੋਂ ਪਹਿਲਾਂ ਤਕ ਲਗਾਤਾਰ ਮੈਡਲ ਜਿੱਤ ਕੇ ਉਹ ਤਿਰੰਗੇ ਦੀ ਸ਼ਾਨ ਵਧਾਉਂਦੀ ਰਹੀ ਹੈ। ਮਾਨ ਕੌਰ ਦੀਆਂ ਉਪਲੱਬਧੀਆਂ ਨੂੰ ਦੇਖਦਿਆਂ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਸਾਲ 2019 ’ਚ ਉਨਾਂ ਨੂੰ ਨਾਰੀ ਸ਼ਕਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ। ਰਾਸ਼ਟਰਪਤੀ ਭਵਨ ’ਚ ਸਨਮਾਨ ਲੈਣ ਲਈ ਮਾਨ ਕੌਰ ਜਿਸ ਫੁਰਤੀ ਨਾਲ ਸਟੇਜ ’ਤੇ ਪਹੁੰਚੀ ਸੀ, ਉਸ ਨੂੰ ਦੇਖ ਕੇ ਰਾਸ਼ਟਰਪਤੀ ਵੀ ਹੈਰਾਨ ਰਹਿ ਗਏ ਸਨ। ਉਥੇ ਹੀ ਪ੍ਰਧਾਨ ਮੰਤਰੀ ਦਫਤਰ ’ਤੇ ਇਕ ਮੁਲਾਕਾਤ ਦੌਰਾਨ ਪੀਐੱਮ ਮੋਦੀ ਉਨਾਂ ਦੇ ਅੱਗੇ ਦੋਵੇਂ ਹੱਥ ਜੋੜ ਕੇ ਖੜੇ ਹੋ ਗਏ ਸੀ। ਇਸ ਤੋਂ ਇਲਾਵਾ ਉਹ ਦੁਨੀਆ ਦੇ ਅਥਲੀਟਾਂ ਲਈ ਪ੍ਰੇਰਨਾ ਸ੍ਰੋਤ ਹੈ।

# ਟੋਕਿਓ ਓਲੰਪਿਕ ਖੇਡਾਂ ਦੀ ਅੱਗ ਪੁੱਜੀ ਟੋਕਿਓ

**ਦਿੱਲੀ/ਏ.ਟੀ.ਨਿਊਜ਼ :** ਓਲੰਪਿਕ ਦੀ ਅੱਗ ਸ਼ੁੱਕਰਵਾਰ ਨੂੰ ਟੋਕੀਓ ਪਹੁੰਚੀ । ਕੋਰੋਨਾਵਾਇਰਸ ਦੇ ਡਰ ਕਾਰਨ ਆਮ ਲੋਕ ਇਸ ਸਵਾਗਤ ਸਮਾਰੋਹ ਤੋਂ ਦੂਰ ਰਹੇ। ਦਰਸ਼ਕਾਂ ਨੂੰ ਭਾਰੀ ਇਕੱਠ ਨਾ ਕਰਨ ਇਸ ਦੇ “ਦਿਲ ਦਹਿਲਾ ਦੇਣ ਵਾਲੇ“ ਇਸ ਐਲਾਨ ਤੋਂ ਅਗਲੇ ਦਿਨ ਕਿਹਾ ਗਿਆ ਕਿ ਖੇਡਾਂ ਦੇ ਬਹੁਤੇ ਸਮਾਗਮਾਂ ‘ਤੇ ਦਰਸਕਾਂ‘ ਤੇ ਪਾਬੰਦੀ ਲਗਾਈ ਜਾਵੇਗੀ। ਮਹਾਂਮਾਰੀ ਦੀ ਸੁਰੂਆਤ ਤੋਂ ਸਭ ਤੋਂ ਵੱਡੇ ਖੇਡ ਪ੍ਰੋਗਰਾਮਾਂ ਦੇ ਇਸ ਉਦਘਾਟਨੀ ਸਮਾਰੋਹ ਤੋਂ ਠੀਕ ਦੋ ਹਫਤੇ ਪਹਿਲਾਂ ਅੱਗ ਨੂੰ ਇੱਕ ਲਾਲਟੇਨ ਵਿੱਚ ਸਟੇਜ ਤੇ ਲਿਆਂਦਾ ਗਿਆ ਅਤੇ ਟੋਕਿਓ ਦੇ ਰਾਜਪਾਲ ਯੂਰਿਕੋ ਕੋਇਕੇ ਨੂੰ ਦਿੱਤਾ ਗਿਆ. ਟੋਕਿਓ 2020 ਦੇ ਪ੍ਰਬੰਧਕਾਂ ਅਤੇ ਸਰਕਾਰੀ ਅਧਿਕਾਰੀਆਂ ਨੇ ਵੀਰਵਾਰ ਰਾਤ ਨੂੰ ਰਾਜਧਾਨੀ ਵਿੱਚ ਓਲੰਪਿਕ ਸਮਾਗਮਾਂ ਵਿੱਚ ਪ੍ਰਸੰਸਕਾਂ ਨੂੰ ਰੋਕਣ ਦੇ ਆਪਣੇ ਫੈਸਲੇ ਦੀ ਘੋਸਣਾ ਕੀਤੀ, ਜੋ ਸਾਰੇ ਖੇਡਾਂ ਵਿੱਚ ਇੱਕ ਵਾਇਰਸ ਸੰਕਟਕਾਲ ਵਿੱਚ ਰਹੇਗਾ।

ਇਸਦਾ ਅਰਥ ਹੈ ਕਿ ਮਹਾਂਮਾਰੀ ਰੱਦ ਹੋਣ ਵਾਲੀਆਂ ਖੇਡਾਂ ਪਹਿਲੇ ਦਰਜੇ ਦੇ ਬੰਦ ਦਰਵਾਜਿਆਂ ਦੇ ਪਿੱਛੇ ਹੋਣਗੀਆਂ. ਰਾਜਧਾਨੀ ਦੇ ਬਾਹਰ ਮੁੱਠੀ ਭਰ ਮੁਕਾਬਲੇ ਹੋਣਗੇ. ਟਾਰਚ ਰਿਲੇਅ ਖੇਡਾਂ ਲਈ ਉਤਸਾਹ ਵਧਾਉਣ ਲਈ ਸੀ, ਪਰੰਤੂ ਇਸ ਨੂੰ ਰਾਜਧਾਨੀ ਦੀਆਂ ਜਨਤਕ ਸੜਕਾਂ ਤੋਂ ਖਿੱਚਿਆ ਗਿਆ ਹੈ ਤਾਂ ਕਿ ਲਾਗ ਦੇ ਵੱਧਣ ਨਾਲ ਵਾਇਰਸ ਫੈਲਣ ਵਾਲੀਆਂ ਭੀੜ ਨੂੰ ਰੋਕਿਆ ਜਾ ਸਕੇ। ਰਾਜਧਾਨੀ ਦੇ ਦੱਖਣ-ਪੂਰਬੀ ਉਪਨਗਰ ਦੇ ਕੋਮਾਜਵਾ ਓਲੰਪਿਕ ਪਾਰਕ ਸਟੇਡੀਅਮ ਵਿੱਚ ਇਹ ਸਟੈਂਡ ਖਾਲੀ ਸੀ, ਜਿਸਦੀ ਵਰਤੋਂ 1964 ਦੇ ਟੋਕਿਓ ਓਲੰਪਿਕ ਵਿੱਚ ਕੀਤੀ ਗਈ ਸੀ.

ਪ੍ਰਸੰਸਕਾਂ ‘ਤੇ ਰੋਕ ਲਗਾਉਣ ਦਾ ਫੈਸਲਾ ਉਦੋਂ ਆਇਆ ਜਦੋਂ ਸਰਕਾਰ ਨੇ ਕਿਹਾ ਕਿ ਟੋਕਿਓ ਵਿਚ ਸੰਕਟਕਾਲੀਨ ਸਥਿਤੀ ਨੂੰ ਪੂਰੀ ਖੇਡਾਂ ਦੌਰਾਨ ਲਗਾਇਆ ਜਾਵੇਗਾ ਤਾਂ ਜੋ ਡੈਲਟਾ ਦੇ ਹੋਰ ਛੂਤ ਫੈਲਣ ਕਾਰਨ ਸੰਕਰਮਣਾਂ ਅਤੇ ਡਰਾਂ‘ ਤੇ ਕਾਬੂ ਪਾਇਆ ਜਾ ਸਕੇ।

ਜਦੋਂ ਮਹਾਂਮਾਰੀ ਮਹਾਂਮਾਰੀ ਦਾ ਪੈਮਾਨਾ ਸਪੱਸਟ ਹੋ ਗਿਆ, ਤਾਂ ਪਿਛਲੇ ਸਾਲ 2020 ਦੀਆਂ ਖੇਡਾਂ ਮੁਲਤਵੀ ਕਰ ਦਿੱਤੀਆਂ ਗਈਆਂ ਸਨ, ਇਸ ਗੱਲ ਦੀ ਚਰਚਾ ਹੋ ਰਹੀ ਸੀ ਕਿ ਉਨ੍ਹਾਂ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਵਿਸਵ ਨੇ ਵਾਇਰਸ ਨੂੰ ਪਛਾੜ ਦਿੱਤਾ ਹੈ।

ਪਰ ਇਸ ਜਿੱਤ ਦੇ ਸੁਰ ਨੇ ਨਵੇਂ ਇਨਫੈਕਸਨ ਦੇ ਵਾਧੇ ਅਤੇ ਹੋਰ ਛੂਤਕਾਰੀ ਰੂਪਾਂ ਦੀ ਸਖਤ ਅਸਲੀਅਤ ਨੂੰ ਅੱਗੇ ਵਧਾ ਦਿੱਤਾ ਹੈ, ਡੈਲਟਾ ਦੇ ਦਬਾਅ ਦੇ ਕਾਰਨ ਜੋ ਬਹੁਤ ਸਾਰੇ ਦੇਸਾਂ ਵਿਚ ਵਾਇਰਸ ਦੇ ਪੁਨਰ-ਉਭਾਰ ਦਾ ਕਾਰਨ ਬਣਿਆ ਹੈ।


DIAMOND TRANSPORTATION

DIAMOND

Transportation Logistics, Inc.

Dry Van ਤੇ Reefer ਦੇ ਕੰਮ ਲਈ

Owner Operators ਦੀ ਲੋੜ

Good Pay

Dedicated Routs

Weekly Payment

ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

## ਟੀਕਾਕਰਨ ਤੋਂ ਰਹਿ ਗਈ...

ਹੋ ਜਾਣ ਦੀ ਆਸ ਹੈ ਜੋ ਕੁਲ ਯੋਗ ਅਬਾਦੀ ਦਾ 55% ਤੋਂ ਵੱਧ ਬਣਦੇ ਹਨ। ਉਨਾਂ ਕਿਹਾ ਕਿ ਅਸੀਂ ਆਪਣੇ ਇਤਿਹਾਸ ਦੇ ਇਕ ਬਹੁਤ ਹੀ ਬੁਰੇ ਸਾਲ ਤੋਂ ਉਭਰੇ ਹਾਂ। ਹੁਣ ਸਾਨੂੰ ਲਾਪ੍ਰਵਾਹ ਨਹੀਂ ਹੋਣਾ ਚਾਹੀਦਾ ਤੇ ਅਸੀਂ ਟੀਕਾਕਰਨ ਕਰਵਾ ਕੇ ਆਪਣੇ ਆਪ ਨੂੰ, ਪਰਿਵਾਰ ਤੇ ਹੋਰ ਲੋਕਾਂ ਨੂੰ ਸੁਰੱਖਿਅਤ ਕਰ ਸਕਦੇ ਹਾਂ।

ਇਸੇ ਦੌਰਾਨ ਸੈਂਟਰ ਫਾਰ ਡਸੀਜ਼ ਕੰਟਰੋਲ (ਸੀ ਡੀ ਸੀ) ਨੇ ਕਿਹਾ ਹੈ ਕਿ ਇਸ ਸਮੇਂ ਡੈਲਟਾ ਵਾਇਰਸ ਬਹੁਤ ਖਤਰਨਾਕ ਰੂਪ ਧਾਰਨ ਕਰ ਰਿਹਾ ਹੈ ਤੇ ਨਵੇਂ ਮਰੀਜ਼ਾਂ ਵਿਚੋਂ 52% ਇਸ ਵਾਇਰਸ ਤੋਂ ਪੀੜਤ ਹਨ। ਜੌਹਨਜ ਹੋਪਕਿਨਜ ਯੂਨੀਵਰਸਿਟੀ ਦੇ ਅਨੁਸਾਰ ਅਮਰੀਕਾ ਵਿਚ ਕੋਵਿਡ ਕਾਰਨ ਹੁਣ ਤੱਕ 6,05,800 ਮੌਤਾਂ ਹੋ ਚੁੱਕੀਆਂ ਹਨ।

## ਫਾਈਜ਼ਰ ਜਾਂ ਮੋਡਰਨਾ...

**ਵਾਚਟਰ:** ਭਾਵੇਂ ਤੁਹਾਡੇ ਉਤੇ ਮਾੜੇ ਪ੍ਰਭਾਵ ਪਏ ਸਨ, ਤਾਂ ਵੀ ਖੁਰਾਕ ਲੈਣਾ ਮਹੱਤਵਪੂਰਨ ਹੈ।ਗੰਭੀਰ ਐਲਰਜੀ ਦੇ ਪ੍ਰਤੀਕਰਮ ਬਹੁਤ ਘੱਟ ਹੁੰਦੇ ਹਨ ਇਸ ਲਈ ਹਰੇਕ ਨੂੰ ਖੁਰਾਕ 2 ਲੈਣੀ ਚਾਹੀਦੀ ਹੈ।

**ਈਐਮਐਸ:** ਉਦੋਂ ਕੀ ਜੇ ਤੁਸੀਂ ਆਪਣੀ ਦੂਜੀ ਟੀਕਾ ਲਗਵਾਉਣ ਤੋਂ ਖੁੰਝ ਗਏ ਹੋ? ਕੀ ਤੁਸੀਂ ਬਾਅਦ ਵਿਚ ਲੈ ਸਕਦੇ ਹੋ?

**ਵਾਚਟਰ :** ਹਾਂ, ਇਸ ਨੂੰ ਬਾਅਦ ਵਿਚ ਲੈਣ ਵਿਚ ਕੋਈ ਨੁਕਸਾਨ ਨਹੀਂ ਹੈ. ਸਭ ਤੋਂ ਵੱਡਾ ਜੋਖਮ ਇਹ ਹੈ ਕਿ ਲੰਬੇ ਸਮੇਂ ਲਈ ਇਕ ਖੁਰਾਕ ਦੇ ਨਾਲ ਜਾਣਾ, ਜੋ ਕਿ ਡੈਲਟਾ ਵਰਗੇ ਰੂਪਾਂ ਤੋਂ ਬਚਾ ਨਹੀਂ ਸਕਦਾ।

**ਈਐਮਐਸ:** ਤੁਸੀਂ ਉਨਾਂ ਲੋਕਾਂ ਨੂੰ ਕੀ ਕਹੋਗੇ ਜੋ ਦੂਜੀ ਖੁਰਾਕ ਦੀ ਜ਼ਰੂਰਤ ਨਹੀਂ ਸਮਝਦੇ?

**ਵਾਚਟਰ :** ਅਸਲ ਵਾਇਰਸ ਨਾਲ ਪਹਿਲੀ ਖੁਰਾਕ ਦੀ ਕੁਸ਼ਲਤਾ ਲਗਭਗ 80% ਸੀ. ਦੂਜੀ ਖੁਰਾਕ ਤੁਹਾਨੂੰ 95% ਤੇ ਲੈ ਜਾਂਦੀ ਹੈ ਅਤੇ ਤੁਹਾਨੂੰ ਬਿਹਤਰ ਅਤੇ ਵਧੇਰੇ ਸੁਰੱਖਿਆ ਪ੍ਰਦਾਨ ਕਰੇਗੀ।

**ਈਐਮਐਸ:** ਕੀ ਮੌਜੂਦਾ ਟੀਕੇ ਬ੍ਰਾਜ਼ੀਲ ਵਿਚ ਪਛਾਣ ਕੀਤੇ ਗਏ ਡੈਲਟਾ ਵੇਰੀਐਂਟ ਅਤੇ ਪੀ-1 ਵੇਰੀਐਂਟ ਦੇ ਵਿਰੁੱਧ ਕਾਫ਼ੀ ਸੁਰੱਖਿਆ ਪ੍ਰਦਾਨ ਕਰਦੇ ਹਨ?

**ਵਾਚਟਰ :** ਇਸ ਸਮੇਂ ਮਨਜ਼ੂਰਸ਼ੁਦਾ ਟੀਕਿਆਂ (ਫਾਈਜ਼ਰ, ਮੋਡਰਨਾ, ਅਤੇ ਜੌਨਸਨ ਐਂਡ ਜੌਨਸਨ) ਦੇ ਨਾਲ ਪੂਰੀ ਟੀਕਾਕਰਨ ਜਾਣੇ ਜਾਂਦੇ ਰੂਪਾਂ ਦੇ ਵਿਰੁੱਧ ਸਖਤ ਸੁਰੱਖਿਆ ਦਿੰਦੇ ਦਿਖਾਈ ਦਿੰਦੇ ਹਨ, ਪਰ ਤੁਹਾਨੂੰ ਪੂਰੀ ਟੀਕਾਕਰਨ ਦੀ ਜ਼ਰੂਰਤ ਹੈ।

## ਪੰਜਾਬ ਤੇ ਹਰਿਆਣਾ 'ਚ...

ਦੀਆਂ ਰਣਨੀਤੀਆਂ ਅਜੇ ਵੀ ਬਹੁਤ ਪੁਰਾਣੀਆਂ ਹਨ।' ਅਧਿਐਨ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਵਿੱਚ ਝੋਨੇ ਦੀ ਕਾਸ਼ਤ ਵਾਲਾ ਖੇਤਰ 1966-67 ਵਿਚ 1,92,000 ਹੈਕਟੇਅਰ ਤੋਂ ਵਧ ਕੇ 2017-18 ਵਿੱਚ 14,22,000 ਹੈਕਟੇਅਰ ਹੋ ਗਿਆ। ਪੰਜਾਬ ਵਿਚ ਇਹ 2017-18 ਵਿਚ 30,64,000 ਹੈਕਟੇਅਰ ਹੋ ਗਿਆ ਹੈ, ਜੋ 1960-61 ਵਿਚ 2,27,000 ਸੀ। ਮੰਗ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਪਾਣੀ ਦੀ ਮੰਗ ਵੱਧ ਗਈ। ਇਸ ਤੋਂ ਇਲਾਵਾ ਧਰਤੀ ਦੇ ਪਾਣੀ ਦੇ ਪੱਧਰ ਵਿਚ ਸਭ ਤੋਂ ਮਹੱਤਵਪੂਰਨ ਗਿਰਾਵਟ ਘੱਗਰ-ਹਕਰਾ ਪੈਲੀਓਚੈਨਲ (ਕੁਰੂਕਸ਼ੇਤਰ, ਪਟਿਆਲਾ ਅਤੇ ਫਤਿਹਾਬਾਦ ਜ਼ਿਲੇ) ਅਤੇ ਯਮੁਨਾ ਨਦੀ ਬੇਸਿਨ (ਪਾਣੀਪਤ ਅਤੇ ਕਰਨਾਲ ਜ਼ਿਲਿਆਂ ਦੇ ਹਿੱਸੇ) ਵਿਚ ਦਰਜ ਕੀਤੀ ਗਈ ਹੈ। ਇਹ ਖੋਜ ਕੇਂਦਰੀ ਜਲ ਸ਼ਕਤੀ ਮੰਤਰਾਲੇ ਤਹਿਤ ਜ਼ਮੀਨੀ ਜਲ ਬੋਰਡ (ਸੀਜੀਡਬਲਯੂਬੀ), ਧਰਤੀ ਵਿਗਿਆਨ ਮੰਤਰਾਲੇ ਅਤੇ ਕੁਦਰਤੀ ਵਾਤਾਵਰਣ ਖੋਜ ਪਰਿਸ਼ਦ (ਐਨਈਆਰਸੀ) ਬਰਤਾਨੀਆ ਵੱਲੋਂ ਮਿਲੇ ਫੰਡ ਤਹਿਤ ਕੀਤੀ ਗਈ।

## ਸਿਰਸਾ ਉਪਰ ਲੱਗੇ ਦੋਸ਼...

**ਮਨਮੀਤ ਕੌਰ ਦਾ ਮਾਮਲਾ**

ਦਨਮੀਤ ਕੌਰ ਦੇ ਘਰ ਮਹਜੂਰ ਨਗਰ ਤੋਂ ਸੱਤ ਕਿਲੋਮੀਟਰ ਦੂਰ ਰੈਨਾਵਾਰੀ ਇਲਾਕੇ ਦੀ ਵਸਨੀਕ 19 ਸਾਲਾ ਸਿੱਖ ਕੁੜੀ ਮਨਮੀਤ ਕੌਰ ਦਾ ਵੀ ਇਸ ਤਰਾਂ ਦਾ ਹੀ ਮਾਮਲਾ ਸ਼ਨੀਵਾਰ 27 ਜੂਨ ਨੂੰ ਸਾਹਮਣੇ ਆਇਆ ਹੈ। ਦਨਮੀਤ ਆਪਣੇ ਵੀਡੀਓ ਵਿੱਚ ਜਿਸ ਦੂਜੀ ਸਿੱਖ ਕੁੜੀ ਦਾ ਜ਼ਿਕਰ ਕਰ ਰਹੀ ਹੈ, ਉਹ ਮਨਮੀਤ ਕੌਰ ਹੀ ਹੈ। ਮਨਮੀਤ ਕੌਰ ਦਾ ਦਾਅਵਾ ਹੈ ਕਿ ਉਸ ਨੇ 28 ਸਾਲਾ ਸ਼ਾਹਿਦ ਮਜ਼ੀਰ ਨਾਂ ਦੇ ਵਿਅਕਤੀ ਨਾਲ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਹੈ। ਹਾਲਾਂਕਿ ਮਨਮੀਤ ਦੇ ਪਰਿਵਾਰ ਨੂੰ ਇਹ ਰਿਸ਼ਤਾ ਸਵੀਕਾਰ ਨਹੀਂ ਸੀ ਅਤੇ ਉਨਾਂ ਨੇ ਪੁਲਿਸ ਕੋਲ ਆਪਣੀ ਧੀ ਦੇ ਅਗਵਾ ਹੋਣ, ਜ਼ਬਰਦਸਤੀ ਧਰਮ ਪਰਿਵਰਤਨ ਅਤੇ ਨਿਕਾਹ ਕਰਵਾਉਣ ਦਾ ਮਾਮਲਾ ਦਰਜ ਕਰਵਾਇਆ ਹੈ। ਸ਼ਾਹਿਦ ਨਜ਼ੀਰ ਅਤੇ ਮਨਮੀਤ ਕੌਰ ਦੋਵੇਂ ਹੀ ਰੈਨਾਵਾਰੀ ਇਲਾਕੇ ਵਿਚ ਰਹਿੰਦੇ ਹਨ। ਸ਼ਾਹਿਦ ਟ੍ਰੈਵਲ ਏਜੰਸੀ ਵਿੱਚ ਡਰਾਈਵਰ ਹੈ।

ਪੁਲਿਸ ਨੇ ਦੱਸਿਆ ਕਿ ਮਨਮੀਤ ਦੇ ਪਿਤਾ ਨੇ ਸ਼ਾਹਿਦ ਦੇ ਖ਼ਿਲਾਫ ਲਿਖਤੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਸ਼ਾਹਿਦ ਨਜ਼ੀਰ ਨੇ ਉਨਾਂ ਦੀ ਧੀ ਨੂੰ ਅਗਵਾ ਕੀਤਾ ਸੀ। ਮਨਮੀਤ ਕੌਰ ਅਤੇ ਸ਼ਾਹਿਦ ਨਜ਼ੀਰ ਨੇ ਆਪਣੇ ਆਪ ਨੂੰ 23 ਜੂਨ, 2021 ਨੂੰ ਪੁਲਿਸ ਅੱਗੇ ਪੇਸ਼ ਕੀਤਾ ਸੀ। ਬਹਿਰਹਾਲ ਪੁਲਿਸ ਨੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਕੇ ਬੀਤੇ ਸ਼ਨੀਵਾਰ (26 ਜੂਨ) ਨੂੰ ਸ੍ਰੀਨਗਰ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤਾ ਸੀ। ਇਸ ਦੌਰਾਨ ਦਰਜਨਾਂ ਹੀ ਸਿੱਖਾਂ ਨੇ ਅਦਾਲਤ ਦੇ ਅੱਗੇ ਰੋਸ ਪ੍ਰਦਰਸ਼ਨ ਕਰਕੇ ਮੰਗ ਸੀ ਕਿ ਦੋਵੇਂ ਕੁੜੀਆਂ ਨੂੰ ਉਨਾਂ ਦੇ ਮਾਪਿਆਂ ਦੇ ਹਵਾਲੇ ਕੀਤਾ ਜਾਵੇ। ਗੁਰਦੁਆਰਾ ਪ੍ਰਬੰਧਕ ਕਮੇਟੀ ਬਡਗਾਮ ਦੇ ਪ੍ਰਧਾਨ ਸੰਤਪਾਲ ਸਿੰਘ ਨੇ ਇਸ ਬਾਰੇ ਵਿੱਚ ਆਪਣੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਜਦੋਂ ਕੁੜੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਦੇ ਬਿਆਨ ਦਰਜ ਕੀਤੇ ਗਏ, ਉਸ ਸਮੇਂ ਕੁੜੀ ਦੇ ਮਾਪਿਆਂ ਨੂੰ ਅੰਦਰ ਕਿਉਂ ਨਹੀਂ ਜਾਣ ਦਿੱਤਾ ਗਿਆ?

ਹਾਲਾਂਕਿ ਕਸ਼ਮੀਰ ਦੇ ਸੀਨੀਅਰ ਵਕੀਲ ਰਿਆਜ਼ ਖ਼ਾਵਰ ਨੇ ਦੱਸਿਆ ਕਿ ਅਦਾਲਤ ਜਦੋਂ ਕਿਸੇ ਦਾ ਬਿਆਨ ਰਿਕਾਰਡ ਕਰਦੀ ਹੈ ਤਾਂ ਕਿਸੇ ਨੂੰ ਵੀ ਰਿਕਾਰਡਿੰਗ ਰੂਮ ਵਿੱਚ ਜਾਣ ਦੀ ਆਗਿਆ ਨਹੀਂ ਹੁੰਦੀ ਹੈ। ਹਾਲਾਂਕਿ ਪੁਲਿਸ ਸੂਤਰਾਂ ਨੇ ਦੱਸਿਆ ਕਿ ਜੱਜ ਨੇ ਅਦਾਲਤ ਵਿੱਚ ਮਨਮੀਤ ਨੂੰ ਕਿਹਾ ਸੀ ਕਿ ਉਸ ਨੂੰ ਇਸ ਗੱਲ ਦੀ ਪੂਰੀ ਅਜ਼ਾਦੀ ਹੈ ਕਿ ਉਹ ਜਿੱਥੇ ਵੀ ਜਾਣਾ ਚਾਹੁੰਦੀ ਹੈ, ਉਹ ਜਾ ਸਕਦੀ ਹੈ। ਆਖ਼ਰਕਾਰ ਅਦਾਲਤ ਨੇ ਸ਼ਨੀਵਾਰ ਨੂੰ ਮਨਮੀਤ ਨੂੰ ਉਸ ਦੇ ਮਾਪਿਆਂ ਦੇ ਹਵਾਲੇ ਕਰ ਦਿੱਤਾ। ਹੁਣੇ ਜਿਹੇ ਨੂੰ ਮਨਮੀਤ ਦਾ ਵਿਆਹ ਇੱਕ ਸਿੱਖ ਨਾਲ ਕਰਵਾ ਦਿੱਤਾ। ਇਸ ਵਿਆਹ ਤੋਂ ਬਾਅਦ ਉਨਾਂ ਨੂੰ ਦਿੱਲੀ ਲਿਆਂਦਾ ਗਿਆ। ਮਨਮੀਤ ਦੇ ਇਸ ਵਿਆਹ ਦੀ ਪੁਸ਼ਟੀ ਸ੍ਰੀਨਗਰ ਵਿਚ ਅਕਾਲੀ ਦਲ ਦੇ ਆਗੂਆਂ ਨੇ ਇੱਕ ਪ੍ਰੈਸ ਕਾਨਫਰੰਸ ਰਾਹੀਂ ਕੀਤੀ। ਮਨਮੀਤ ਕੌਰ ਦੇ ਪਿਤਾ ਰਾਜਿੰਦਰ ਸਿੰਘ ਬੱਲੀ ਨਾਲ ਗੱਲਬਾਤ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ, ਪਰ ਉਨਾਂ ਦਾ ਫੋਨ ਬੰਦ ਆ ਰਿਹਾ ਸੀ।

**ਵਿਰਹਪਾਲ ਕੌਰ ਦੀ ਕਹਾਣੀ**

ਜਿੱਥੇ ਮਨਮੀਤ ਕੌਰ ਅਤੇ ਦਨਮੀਤ ਕੌਰ ਦੀਆਂ ਕਹਾਣੀਆਂ ਸੁਰਖੀਆਂ ਵਿੱਚ ਹਨ, ਉੱਥੇ ਹੀ ਵਿਰਹਪਾਲ ਕੌਰ ਨਾਮ ਦੀ ਇੱਕ ਹੋਰ ਸਿੱਖ ਕੁੜੀ ਦਾ ਮਾਮਲਾ ਕੁਝ ਦਿਨ ਪਹਿਲਾਂ ਸਾਹਮਣੇ ਆਇਆ ਸੀ।

ਵਿਰਹਪਾਲ ਕੌਰ ਨੇ ਇਕ ਵੀਡੀਓ ਜਾਰੀ ਕਰਕੇ ਆਪਣੇ ਵਿਆਹ ਦਾ ਜ਼ਿਕਰ ਕੀਤਾ ਸੀ ਅਤੇ ਸਿੱਖ ਕੁੜੀਆਂ ਦੇ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਵਿਆਹ ਦੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਿਆ ਸੀ। 28 ਸਾਲਾ ਵਿਰਹਪਾਲ ਕੌਰ ਨੇ ਕਿਹਾ ਹੈ ਕਿ ਉਸ ਨੇ ਵੀ ਸਾਲ 2021 ਵਿੱਚ ਆਪਣੀ ਮਰਜ਼ੀ ਨਾਲ ਇਸਲਾਮ ਕਬੂਲਿਆ ਹੈ ਅਤੇ ਵਿਆਹ ਵੀ ਕੀਤਾ ਹੈ। ਵਿਰਹਪਾਲ ਕੌਰ ਨੇ ਇਸਲਾਮ ਕਬੂਲਣ ਤੋਂ ਬਾਅਦ ਆਪਣਾ ਨਾਮ ਖ਼ਦੀਜਾ ਰੱਖਿਆ ਹੈ। ਉਸ ਦਾ ਵਿਆਹ ਬਡਗਾਮ ਦੇ ਪੰਜਾਨ ਪਿੰਡ ਵਿੱਚ 32 ਸਾਲਾ ਮੰਜ਼ੂਰ ਅਹਿਮਦ ਨਾਲ ਹੋਇਆ ਹੈ।

ਮੰਜ਼ੂਰ ਨੇ ਦੱਸਿਆ ਕਿ ਦੋਵਾਂ ਵਿਚਾਲੇ ਪ੍ਰੇਮ ਸਬੰਧ ਸਾਲ 2012 ਵਿੱਚ ਸ਼ੁਰੂ ਹੋਏ ਸਨ। ਖ਼ਦੀਜਾ ਇਸ ਸਮੇਂ ਆਪਣੇ ਪਤੀ ਮੰਜ਼ੂਰ ਨਾਲ ਉਸ ਦੇ ਘਰ ਵਿਚ ਹੀ ਰਹਿ ਰਹੀ ਹੈ।ਖ਼ਦੀਜਾ ਨੇ ਦੱਸਿਆ, 'ਮੈਂ ਸਾਲ 2014 ਤੋਂ ਹੀ ਇਸਲਾਮ ਧਰਮ ਦੀ ਪਾਲਣਾ ਕਰ ਰਹੀ ਸੀ। ਮੈਂ ਆਪਣੇ ਘਰ ਵਿੱਚ ਪੰਜ ਵੇਲੇ ਦੀ ਨਮਾਜ਼ ਵੀ ਅਦਾ ਕਰਦੀ ਸੀ ਅਤੇ ਰੋਜ਼ੇ ਵੀ ਰੱਖਦੀ ਸੀ।'

'ਮੇਰੇ ਘਰ ਵਿੱਚ ਮੇਰੀ ਮਾਂ ਅਤੇ ਭੈਣ ਨੂੰ ਮੇਰੇ ਲਵ ਅਫ਼ੇਅਰ ਬਾਰੇ ਪਹਿਲਾਂ ਹੀ ਪਤਾ ਸੀ। ਬਾਕੀ ਹੁਣ ਜੋ 'ਲਵ ਜੇਹਾਦ' ਦੀਆਂ ਗੱਲਾਂ ਹੋ ਰਹੀਆਂ ਹਨ, ਉਨਾਂ ਵਿੱਚ ਰਤਾ ਵੀ ਸੱਚਾਈ ਨਹੀਂ ਹੈ। ਮੈਂ ਨਾ ਤਾਂ ਬੰਦੂਕ ਦੀ ਨੋਕ 'ਤੇ ਇਸਲਾਮ ਕਬੂਲਿਆ ਹੈ ਅਤੇ ਨਾ ਵਿਆਹ ਕਰਵਾਇਆ ਹੈ।'

ਖ਼ਦੀਜਾ ਦੇ ਪਤੀ ਮੰਜ਼ੂਰ ਨੇ ਸਾਨੂੰ ਦੱਸਿਆ ਕਿ ਉਨਾਂ ਦਾ ਵਿਆਹ ਇਸੇ ਸਾਲ ਜਨਵਰੀ ਮਹੀਨੇ ਹੋਇਆ ਹੈ। ਮੰਜ਼ੂਰ ਨੇ ਕਿਹਾ ਕਿ ਜੇਕਰ ਵਿਰਹਪਾਲ ਸਿੱਖ ਧਰਮ ਛੱਡ ਕੇ ਇਸਲਾਮ ਧਰਮ ਨਹੀਂ ਵੀ ਕਬੂਲਦੀ ਤਾਂ ਵੀ ਉਹ ਉਸ ਨਾਲ ਵਿਆਹ ਜ਼ਰੂਰ ਕਰਵਾਉਂਦਾ।

ਮੰਜ਼ੂਰ ਨੇ ਐਮਐਸਸੀ ਕੀਤੀ ਹੈ ਜਦਕਿ ਖ਼ਦੀਜਾ ਨੇ ਪੌਲੀਟੈਕਨੀਕ ਤੋਂ ਡਿਪਲੋਮਾ ਕੀਤਾ ਹੈ।

**ਮਨਮੀਤ ਕੌਰ ਨਿਕਾਹਨਾਮਾ**

ਮਨਮੀਤ ਕੌਰ ਦੇ ਵਿਆਹ ਦਾ ਵਿਰੋਧ ਕਰ ਰਹੇ ਸਿੱਖ ਸੰਗਠਨਾਂ ਨੇ ਕਿਹਾ ਸੀ ਕਿ ਸ਼ਾਹਿਦ ਦੀ ਉਮਰ 50 ਸਾਲ ਤੋਂ ਉੱਪਰ ਹੈ ਅਤੇ ਕੁੜੀ ਮਹਿਜ਼ 17-18 ਸਾਲ ਦੀ ਹੈ। ਪਰ ਸ਼ਾਹਿਦ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਸ਼ਾਹਿਦ ਦਾ ਜਨਮ 1991 ਵਿੱਚ ਹੋਇਆ ਸੀ। ਸ਼ਾਹਿਦ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨਾਂ ਦਾ ਮੁੰਡਾ ਅਜੇ ਵੀ ਪੁਲਿਸ ਹਿਰਾਸਤ ਵਿੱਚ ਹੈ ਅਤੇ ਉਸ ਦੀ ਜ਼ਿੰਦਗੀ ਖ਼ਤਰੇ ਵਿੱਚ ਹੈ, ਇਸ ਲਈ ਉਹ ਇਸ ਮਾਮਲੇ ਬਾਰੇ ਕੋਈ ਗੱਲ ਨਹੀਂ ਕਰ ਸਕਦੇ ਹਨ।

ਨਿਕਾਹਨਾਮੇ ਅਨੁਸਾਰ ਮਨਮੀਤ ਕੌਰ ਅਤੇ ਸ਼ਾਹਿਦ ਦਾ ਵਿਆਹ ਪੰਜ ਜੂਨ ਨੂੰ ਹੋਇਆ ਹੈ। ਵਿਆਹ ਤੋਂ ਬਾਅਦ ਦੋਵਾਂ ਨੇ ਬਾਰਾਮੂਲਾ ਦੀ ਜ਼ਿਲਾ ਅਦਾਲਤ ਵਿੱਚ 22 ਜੂਨ, 2021 ਨੂੰ ਇਕ ਸਮਝੌਤਾ ਸਹੀਬੱਧ ਵੀ ਕੀਤਾ ਹੈ। ਇਸ ਸਮਝੌਤੇ ਵਿੱਚ ਮਨਮੀਤ ਨੇ ਕਿਹਾ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਹੈ ਅਤੇ ਨਾਲ ਹੀ ਸ਼ਾਹਿਦ ਨਾਲ ਵਿਆਹ ਕਰਵਾਉਣ ਦਾ ਫ਼ੈਸਲਾ ਵੀ ਉਸ ਦਾ ਖ਼ੁਦ ਦਾ ਹੈ।

**ਸਿੱਖ ਸੰਗਠਨਾਂ ਦੇ ਇਲਜ਼ਾਮ**

ਪਿਛਲੇ ਸ਼ਨੀਵਾਰ ਨੂੰ ਸ੍ਰੀਨਗਰ ਦੀ ਹੇਠਲੀ ਅਦਾਲਤ ਦੇ ਬਾਹਰ ਸਿੱਖਾਂ ਵੱਲੋਂ ਕੀਤੇ ਗਏ ਹੰਗਾਮੇ ਅਤੇ ਪ੍ਰਦਰਸ਼ਨ ਤੋਂ ਬਾਅਦ ਅਗਲੇ ਹੀ ਦਿਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਸ੍ਰੀਨਗਰ ਪਹੁੰਚੇ ਅਤੇ ਸਥਾਨਕ ਸਿੱਖ ਆਗੂਆਂ ਨਾਲ ਪ੍ਰਦਰਸ਼ਨ ਵਿੱਚ ਸ਼ਾਮਲ ਵੀ ਹੋਏ। ਉਨਾਂ ਨੇ ਇਲਜ਼ਾਮ ਲਗਾਇਆ ਕਿ ਕਸ਼ਮੀਰ ਵਿੱਚ ਸਿੱਖ ਕੁੜੀਆਂ ਨੂੰ ਬੰਦੂਕ ਦੀ ਨੋਕ 'ਤੇ ਪਹਿਲਾਂ ਅਗਵਾ ਕੀਤਾ ਜਾ ਰਿਹਾ ਹੈ ਅਤੇ ਫਿਰ ਧਰਮ ਪਰਿਵਰਤਨ ਕਰਵਾ ਕੇ ਜ਼ਬਰਦਸਤੀ ਮੁਸਲਮਾਨ ਮੁੰਡਿਆਂ ਨਾਲ ਉਨਾਂ ਦਾ ਵਿਆਹ ਕੀਤਾ ਜਾ ਰਿਹਾ ਹੈ। ਸਿਰਸਾ ਨੇ ਸ੍ਰੀਨਗਰ ਵਿੱਚ ਪ੍ਰਦਰਸ਼ਨ ਦੌਰਾਨ ਮੰਗ ਕੀਤੀ ਕਿ ਜੰਮੂ-ਕਸ਼ਮੀਰ ਵਿਚ ਵੀ ਭਾਰਤ ਦੇ ਕੁਝ ਦੂਜੇ ਸੂਬਿਆਂ ਵਿੱਚ ਮੌਜੂਦ ਕਾਨੂੰਨ ਦੀ ਤਰਜ਼ 'ਤੇ ਸਖ਼ਤ ਕਾਨੂੰਨ ਲਾਗੂ ਕੀਤਾ ਜਾਵੇ।

ਸਿਰਸਾ ਨੇ ਸਭ ਤੋਂ ਪਹਿਲਾਂ 26 ਜੂਨ ਨੂੰ ਟਵੀਟ ਕਰਦਿਆਂ ਕਿਹਾ ਸੀ ਕਿ ਜਿਸ ਸਿੱਖ ਕੁੜੀ ਦੀ ਗੱਲ ਕੀਤੀ ਜਾ ਰਹੀ ਹੈ, ਉਹ ਪਿਆਰ ਦਾ ਮਾਮਲਾ ਨਹੀਂ ਬਲਕਿ ਜ਼ਬਰੀ ਵਿਆਹ ਦਾ ਮਾਮਲਾ ਹੈ ਅਤੇ ਮੁੰਡੇ ਦੀ ਉਮਰ 60 ਸਾਲ ਹੈ।

ਸਿਰਸਾ ਨੇ ਉਪ ਰਾਜਪਾਲ ਮਨੋਜ ਸਿਨਹਾ ਨੂੰ ਟੈਗ ਕਰਦਿਆਂ ਕਿਹਾ ਕਿ ਅਦਾਲਤ ਨੇ ਕੁੜੀ ਦੀ ਕਸਟੱਡੀ ਗ਼ਲਤ ਤਰੀਕੇ ਨਾਲ ਇੱਕ ਮੁਸਲਿਮ ਮੁੰਡੇ ਨੂੰ ਦੇ ਦਿੱਤੀ ਹੈ। ਉਨਾਂ ਨੇ ਕੁੜੀ ਨੂੰ ਮਾਨਸਿਕ ਤੌਰ 'ਤੇ ਸਹੀ ਨਹੀਂ ਦੱਸਿਆ।ਉਨਾਂ ਨੇ ਉਪ-ਰਾਜਪਾਲ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ।27 ਜੂਨ, ਐਤਵਾਰ ਦੇ ਦਿਨ ਸਿਰਸਾ ਸ੍ਰੀਨਗਰ ਪਹੁੰਚੇ ਅਤੇ ਸਥਾਨਕ ਸਿੱਖਾਂ ਨਾਲ ਮਿਲ ਕੇ ਪ੍ਰਦਰਸ਼ਨ ਕੀਤਾ ਅਤੇ ਭਾਰਤ ਸਰਕਾਰ ਨੂੰ ਇਸ ਤਰਾਂ ਦੇ ਮਾਮਲਿਆਂ ਨਾਲ ਸਖ਼ਤੀ ਨਾਲ ਨਜਿੱਠਣ ਦੀ ਅਪੀਲ ਵੀ ਕੀਤੀ। ਉਨਾਂ ਨੇ ਦਾਅਵਾ ਕੀਤਾ ਹੈ ਕਿ ਉਨਾਂ ਨੇ ਇਸ ਮਾਮਲੇ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਗੱਲਬਾਤ ਕੀਤੀ ਅਤੇ ਨਾਲ ਹੀ ਅਪੀਲ ਕੀਤੀ ਹੈ ਕਿ ਉਹ ਮੱਧ-ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗਾ ਇਕ ਅਜਿਹਾ ਕਾਨੂੰਨ ਬਣਾਇਆ ਜਾਵੇ, ਜੋ ਕਿ ਅੰਤਰ-ਧਾਰਮਿਕ ਵਿਆਹ ਦੇ ਮਾਮਲੇ ਵਿੱਚ ਕੁੜੀਆਂ ਨੂੰ ਆਪਣੇ ਮਾਪਿਆਂ ਦੀ ਮਨਜ਼ੂਰੀ ਲੈਣਾ ਲਾਜ਼ਮੀ ਹੋਵੇ।

ਸਿਰਸਾ ਅਤੇ ਉਮਰ ਅਬਦੁੱਲਾ ਵੀ ਟਵਿੱਟਰ 'ਤੇ ਹੋਏ ਆਹਮੋ-ਸਾਹਮਣੇ

ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ 'ਕਸ਼ਮੀਰ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਵਿੱਚ ਮਤਭੇਦ ਪੈਦਾ ਕਰਨ ਦੀ ਕੋਈ ਵੀ ਕੋਸ਼ਿਸ਼ ਜੰਮੂ-ਕਸ਼ਮੀਰ ਰਾਜ ਦੇ ਲਈ ਨਾਲ ਪੂਰਾ ਹੋਣ ਵਾਲਾ ਘਾਟਾ ਸਿੱਧ ਹੋਵੇਗੀ। ਦੋਵਾਂ ਭਾਈਚਾਰਿਆਂ ਨੇ ਹਰ ਚੰਗੇ-ਮਾੜੇ ਸਮੇਂ ਵਿਚ ਇੱਕ ਦੂਜੇ ਦਾ ਸਾਥ ਦਿੱਤਾ ਹੈ ਅਤੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਆਪਸੀ ਸਬੰਧਾਂ ਨੇ ਅਜਿਹੇ ਨੁਕਸਾਨ ਪਹੁੰਚਾਉਣ ਵਾਲੀਆਂ ਕੋਸ਼ਿਸ਼ਾਂ ਦਾ ਹਮੇਸ਼ਾ ਟਾਕਰਾ ਕੀਤਾ ਹੈ। ਉਨਾਂ ਨੇ ਕਿਹਾ ਕਿ ਜੇਕਰ ਕਿਸੇ ਨੇ ਵੀ ਕਾਨੂੰਨ ਦੀ ਉਲੰਘਣਾ ਕੀਤੀ ਹੈ ਤਾਂ ਉਸ ਦੇ ਖ਼ਿਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਸਿਰਸਾ ਨੇ ਉਮਰ ਅਬਦੁੱਲਾ ਨੂੰ ਜਵਾਬ ਦਿੰਦਿਆਂ ਕਿਹਾ, 'ਕੋਈ ਵੀ ਮਤਭੇਦ ਪੈਦਾ ਨਹੀਂ ਕਰ ਰਿਹਾ ਹੈ, ਪਰ ਹੁਣ ਸਮਾਂ ਆ ਗਿਆ ਹੈ ਕਿ ਤੁਹਾਡੇ ਭਾਈਚਾਰੇ ਦੇ ਅਜਿਹੇ ਲੋਕਾਂ ਦਾ ਬਾਈਕਾਟ ਕੀਤਾ ਜਾਵੇ ਅਤੇ ਵਾਦੀ ਵਿੱਚ ਹੋ ਰਹੇ ਜ਼ਬਰਦਸਤੀ ਧਰਮ ਪਰਿਵਰਤਨ ਨੂੰ ਰੋਕਿਆ ਜਾਵੇ।'

**ਕਸ਼ਮੀਰ ਦੀਆਂ ਸਥਾਨਕ ਸਿੱਖ ਜਥੇਬੰਦੀਆਂ ਦੀ ਰਾਇ**

ਸਿਰਸਾ ਵੱਲੋਂ ਲਗਾਏ ਗਏ ਇਲਜ਼ਾਮਾਂ ਦਾ ਖੰਡਨ ਕਰਦਿਆਂ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਦਾ ਕਹਿਣਾ ਹੈ , 'ਬੰਦੂਕ ਦੀ ਨੋਕ ਵਾਲੀ ਤਾਂ ਗੱਲ ਹੀ ਨਹੀਂ ਹੈ। ਇਹ ਗ਼ਲਤ ਬਿਆਨਬਾਜ਼ੀ ਹੈ। ਅਸੀਂ ਇਸ ਦੀ ਜਾਂਚ ਕਰ ਰਹੇ ਹਾਂ ਕਿ ਇਹ ਬਿਆਨ ਆਇਆ ਕਿੱਥੋਂ ਹੈ।'

'ਅਸੀਂ ਚਾਹੁੰਦੇ ਹਾਂ ਕਿ ਇਸ ਬਿਆਨ ਦੀ ਜਾਂਚ ਹੋਣੀ ਚਾਹੀਦੀ ਹੈ। ਬਾਹਰ ਤੋਂ ਕੁਝ ਸਿੱਖ ਆਗੂ ਕਸ਼ਮੀਰ ਵਿੱਚ ਆ ਕੇ ਸਿੱਖਾਂ ਅਤੇ ਮੁਸਲਮਾਨਾਂ ਵਿਚਾਲੇ ਭਾਈਚਾਰੇ ਨੂੰ ਤੋੜਨਾ ਚਾਹੁੰਦੇ ਹਨ, ਜਿਸ ਦੀ ਆਗਿਆ ਅਸੀਂ ਬਿਲਕੁੱਲ ਨਹੀਂ ਦੇਵਾਂਗੇ।'

**ਅਣਸੁਲਝੇ ਸਵਾਲ**

ਸਿਰਸਾ ਅਤੇ ਕੁਝ ਹੋਰ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਅਦਾਲਤ ਨੇ ਗ਼ਲਤ ਤਰੀਕੇ ਨਾਲ ਮਨਮੀਤ ਦੀ ਕਸਟਡੀ ਇੱਕ ਮੁਸਲਿਮ ਵਿਅਕਤੀ ਨੂੰ ਸੌਂਪ ਦਿੱਤੀ ਸੀ। ਸਿਰਸਾ ਨੇ ਟਵੀਟ ਕਰਕੇ ਕਿਹਾ, 'ਸ੍ਰੀਨਗਰ ਵਿੱਚ ਸਿੱਖ ਕੁੜੀਆਂ ਦੇ ਜ਼ਬਰਦਸਤੀ ਵਿਆਹ ਦੇ ਮਾਮਲੇ ਵਿੱਚ ਤੁਰੰਤ ਨਿਰਦੇਸ਼ ਜਾਰੀ ਕਰਨ ਲਈ ਮੈਂ ਉਪ-ਰਾਜਪਾਲ ਮਨੋਜ ਸਿਨਹਾ ਦਾ ਦਿਲੋਂ ਧੰਨਵਾਦ ਕਰਦਾ ਹਾਂ। ਉਨਾਂ ਨੇ ਮੈਨੂੰ ਭਰੋਸਾ ਦਿੱਤਾ ਹੈ ਕਿ ਸਿੱਖ ਕੁੜੀ ਜਿਸ ਦਾ ਕਿ ਜ਼ਬਰਦਸਤੀ ਧਰਮ ਬਦਲਵਾਇਆ ਗਿਆ ਹੈ, ਨੂੰ ਉਸ ਦੇ ਪਰਿਵਾਰ ਦੇ ਹਵਾਲੇ ਕਰ ਦਿੱਤਾ ਜਾਵੇਗਾ।'

ਹੁਣ ਸਵਾਲ ਇਹ ਉੱਠਦਾ ਹੈ ਕਿ ਅਦਾਲਤ ਨੇ ਪਹਿਲਾਂ ਕੁੜੀ ਦੀ ਕਸਟਡੀ ਮੁਸਲਮਾਨ ਵਿਅਕਤੀ (ਜਿਸ ਨਾਲ ਉਸ ਕੁੜੀ ਨੇ ਵਿਆਹ ਕਰਨ ਦਾ ਦਾਅਵਾ ਕੀਤਾ ਹੈ) ਨੂੰ ਦਿੱਤੀ ਅਤੇ ਫਿਰ ਅਦਾਲਤ ਨੇ ਕਿਸ ਸਥਿਤੀ ਵਿੱਚ ਆਪਣੇ ਹੀ ਫ਼ੈਸਲੇ ਨੂੰ ਬਦਲਦਿਆਂ ਕੁੜੀ ਦੀ ਕਸਟਡੀ ਉਸ ਦੇ ਮਾਪਿਆਂ ਨੂੰ ਦੇ ਦਿੱਤੀ?

ਕੀ ਉਪ-ਰਾਜਪਾਲ ਦੇ ਦਫ਼ਤਰ ਤੋਂ ਇਸ ਸਬੰਧੀ ਕੋਈ ਹੁਕਮ ਦਿੱਤੇ ਗਏ ਸਨ, ਜਿਵੇਂ ਕਿ ਸਿਰਸਾ ਵੱਲੋਂ ਦਾਅਵਾ ਕੀਤਾ ਗਿਆ ਹੈ।

ਸ਼ਨੀਵਾਰ ਤੋਂ ਬਾਅਦ ਮਨਮੀਤ ਦੀ ਕਿਸੇ ਵੀ ਮੀਡੀਆ ਨਾਲ ਗੱਲਬਾਤ ਨਹੀਂ ਹੋ ਸਕੀ ਹੈ। ਜਿਸ ਮੁਸਲਿਮ ਵਿਅਕਤੀ ਸ਼ਾਹਿਦ ਨਜ਼ੀਰ ਨਾਲ ਮਨਮੀਤ ਦੇ ਵਿਆਹ ਦੀ ਗੱਲ ਕੀਤੀ ਜਾ ਰਹੀ ਹੈ, ਉਹ ਇਸ ਸਮੇਂ ਪੁਲਿਸ ਹਿਰਾਸਤ ਵਿੱਚ ਹੈ।

ਸ਼ਾਹਿਦ ਦੇ ਪਰਿਵਾਰ ਵਾਲੇ ਏਨਾ ਡਰੇ ਹੋਏ ਹਨ ਕਿ ਕੁਝ ਵੀ ਬੋਲਣ ਤੋਂ ਝਿਜਕ ਰਹੇ ਹਨ। ਇੰਨਾ ਸਭ ਕੁਝ ਵਾਪਰਨ ਤੋਂ ਬਾਅਦ ਵੀ ਪੁਲਿਸ ਦਾ ਕੋਈ ਵੀ ਅਧਿਕਾਰੀ ਮੀਡੀਆ ਸਾਹਮਣੇ ਆ ਕੇ ਕੁਝ ਵੀ ਬੋਲਣ ਨੂੰ ਤਿਆਰ ਨਹੀਂ ਹੈ।

ਦਲ ਖ਼ਾਲਸਾ ਨੇ ਕਿਹਾ ਕਿ ਅਕੀਦੇ ਤੋਂ ਬਾਹਰ ਵਿਆਹ ਨਿੱਜੀ ਮਸਲਾ, ਸਿਆਸਤ ਨਾ ਹੋਵੇ

ਸਿੱਖ ਸੰਗਠਨ ਦਲ ਖ਼ਾਲਸਾ ਨੇ ਇਸ ਮਾਮਲੇ ਵਿੱਚ ਕਿਹਾ ਹੈ ਕਿ ਸਿੱਖ ਕੁੜੀਆਂ ਦਾ ਧਰਮ ਤੋਂ ਬਾਹਰ ਵਿਆਹ ਕਰਵਾਉਣਾ ਇੱਕ ਨਿੱਜੀ ਅਤੇ ਸਮਾਜਿਕ ਮੁੱਦਾ ਹੈ। ਉਨਾਂ ਨੇ ਇਸ ਮਾਮਲੇ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਭੂਮਿਕਾ ਨੂੰ ਸ਼ਰਾਰਤ ਦੱਸਿਆ।

ਦਲ ਖ਼ਾਲਸਾ ਦਾ ਕਹਿਣਾ ਹੈ ਕਿ ਉਹ ਜ਼ਬਰਦਸਤੀ ਧਰਮ ਬਦਲਵਾਉਣ ਦਾ ਭਾਵੇਂ ਉਹ ਮੁੰਡਾ ਹੋਵੇ ਜਾਂ ਕੁੜੀ ਦਾ ਵਿਰੋਧ ਕਰਦੇ ਹਨ। ਹਾਲਾਂਕਿ ਇੱਥੇ ਤਾਂ ਸਪੱਸ਼ਟ ਤੌਰ 'ਤੇ ਇਸ ਮਸਲੇ ਨੂੰ ਇੱਕ ਸ਼ਰਾਰਤ ਵਜੋਂ ਉਭਾਰਿਆ ਜਾ ਰਿਹਾ ਹੈ। ਇੱਕ ਸੱਤ ਸਾਲ ਪੁਰਾਣੇ ਵਿਆਹ ਦੇ ਮਸਲੇ ਨੂੰ ਝੂਠ ਦੇ ਸਹਾਰੇ ਖੰਭਾਂ ਦੀ ਡਾਰ ਬਣਾ ਦਿੱਤਾ ਗਿਆ ਹੈ।

ਦਲ ਖ਼ਾਲਸਾ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਐੱਚਐੱਸ ਧਾਮੀ ਨੇ ਕਿਹਾ ਕਿ ਉਹ 'ਇਸ ਮੁਸ਼ਕਲ ਸਮੇਂ ਵਿੱਚ ਜੰਮੂ-ਕਸ਼ਮੀਰ ਦੇ ਲੋਕਾਂ ਦੇ ਨਾਲ ਖੜੇ ਹਨ ਅਤੇ ਜੰਮੂ-ਕਸ਼ਮੀਰ ਦੇ ਕੁਝ ਸਿੱਖਾਂ ਵੱਲੋਂ ਇਸਲਾਮ ਦੇ ਸਿਧਾਂਤਾਂ ਦੇ ਖ਼ਿਲਾਫ਼ ਦਿੱਤੇ ਬਿਆਨਾਂ ਦੀ ਨਿੰਦਾ ਕਰਦੇ ਹਨ।'

ਦਲ ਖ਼ਾਲਸਾ ਦੇ ਬੁਲਾਰੇ ਕੰਵਰ ਪਾਲ ਸਿੰਘ ਨੇ ਕਿਹਾ ਕਿ ਕਸ਼ਮੀਰ ਦੇ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਾਂਝੇ ਦਮਨਕਾਰੀ (ਨਵੀਂ ਦਿੱਲੀ) ਨਾਲ ਰਲ ਕੇ ਲੜਾਈ ਲੜਨ ਨਾ ਕਿ ਸਿੱਖ ਕਸ਼ਮੀਰੀ ਮੁਸਲਮਾਨ ਏਕੇ ਨੂੰ ਖ਼ਰਾਬ ਕਰਨਾ। ਉਨਾਂ ਨੇ ਹਿੰਦੁਤਵ ਤਾਕਤਾਂ ਵੱਲੋਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਘੜੇ ਸ਼ਬਦ 'ਲਵ ਜੇਹਾਦ' ਨੂੰ ਵੀ ਰੱਦ ਕੀਤਾ।

## ਖੁਫੀਆ ਏਜੰਸੀਆਂ ਨੇ ...

ਵਾਲੇ ਲੋਕਾਂ ਦੇ ਬੈਗ ਚੈੱਕ ਕੀਤੇ ਗਏ। ਟ੍ਰੇਨ ਦੇ ਅੰਦਰ ਬੈਠੇ ਲੋਕਾਂ ਤੋਂ ਵੀ ਪੁੱਛਗਿੱਛ ਕਰ ਕੇ ਉਨਾਂ ਦੇ ਸਮਾਨ ਦੀ ਤਲਾਸ਼ੀ ਲਈ ਗਈ। ਇਸ ਤੋਂ ਬਾਅਦ ਦੁਪਹਿਰ ਨੂੰ ਨਗਰ ਨਿਗਮ ਦੇ ਜ਼ੋਨ-ਏ ਦੇ ਕੋਲ ਸਥਿਤ ਮਲਟੀਸਟੋਰੀ ਪਾਰਕਿੰਗ ਦੀ ਚੈਕਿੰਗ ਕੀਤੀ ਗਈ। ਪਾਰਕਿੰਗ 'ਚ ਆਉਣ-ਜਾਣ ਵਾਲੀਆਂ ਗੱਡੀਆਂ ਦੀ ਸਰਚ ਅਤੇ ਉਨਾਂ ਦੇ ਦਸਤਾਵੇਜ਼ ਚੈੱਕ ਕਰਨ ਦੇ ਨਾਲ ਹੀ ਰਜਿਸਟ੍ਰੇਸ਼ਨ ਨੰਬਰ ਵੀ ਨੋਟ ਕੀਤੇ ਗਏ। ਇਸੇ ਤਰਾਂ ਸ਼ਹਿਰ 'ਚ ਮਾਲਜ਼, ਧਾਰਮਿਕ ਅਸਥਾਨਾਂ 'ਤੇ ਵੀ ਪੁਲਿਸ ਦਾ ਪਹਿਰਾ ਰਿਹਾ।

## ਸ਼੍ਰੋਮਣੀ ਅਕਾਲੀ ਦਲ (ਅ)..

ਆਉਣ ਵਾਲੇ ਦਿਨਾਂ ਵਿੱਚ ਬਾਈਡਨ ਸਰਕਾਰ ਇਸ ਮੁੱਦੇ ਨੂੰ ਗਹਿਰਾਈ ਨਾਲ ਵਿਚਾਰੇਗੀ ਅਤੇ ਉਨਾਂ ਸਿੱਖ ਅਤੇ ਘੱਟ ਗਿਣਤੀ ਪਰਿਵਾਰਾਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰੇਗੀ। ਅਫਗਾਨਿਸਤਾਨ ਦੇ ਸਿੱਖਾਂ ਦੇ ਸਬੰਧ ਵਿੱਚ ਪਿਛਲੇ ਸਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਕਨਵੀਨਰ ਸਿੱਖ ਆਗੂ ਬੂਟਾ ਸਿੰਘ ਖੜੌਦ ਦੀ ਪ੍ਰਧਾਨਗੀ ਹੇਠ ਚੇਅਰਮੈਨ ਫੌਰਨ ਰਿਲੇਸ਼ਨ ਬੋਬ ਮਨੇਂਡਜ ਜੋ ਨਿਊਜਰਸੀ ਸਟੇਟ ਅਸੈਂਬਲੀ ਵਿੱਚ ਚੇਅਰਮੈਨ ਹਨ, ਨੂੰ ਇਸ ਬਾਬਤ ਇਕ ਮਤਾ ਪਾ ਕੇ ਪੇਸ਼ ਕੀਤਾ ਗਿਆ।

## ਪੰਜਾਬੀ ਚੋਣ ਏਜੰਡੇ...

ਪ੍ਰਵਾਸੀਆਂ ਨੂੰ ਵੋਟ ਮਿਲਣ ਦੇ ਅਧਿਕਾਰ ਨੇ ਪ੍ਰਵਾਸੀਆਂ ਦਾ ਕੀ ਸੁਆਰਿਆ, ਜੇਕਰ ਉਹ ਇਲੈਕਟ੍ਰੋਨਿਕ ਵੋਟ ਦੇ ਹਕਦਾਰ ਹੀ ਨਹੀਂ ਬਣੇ? ਕਿੰਨੇ ਕੁ ਪ੍ਰਵਾਸੀ ਪੀ.ਆਰ.ਕਾਰਡ ਦਾ ਫਾਇਦਾ ਲੈ ਸਕੇ ਹਨ? ਇਹ ਸਹੂਲਤਾਂ ਦੇ ਕੇ ਸਰਕਾਰ ਨੇ ਪ੍ਰਵਾਸੀਆਂ ਤੋਂ ਬੱਲੇ-ਬੱਲੇ ਕਰਾਉਣ ਦਾ ਯਤਨ ਕੀਤਾ।

ਪ੍ਰਵਾਸੀ ਭਾਰਤੀਆਂ ਦੇ ਮਸਲੇ ਬਹੁਤ ਵਡੇ ਹਨ। ਇਹ ਮਸਲੇ ਜਿੱਥੇ ਉਨਾਂ ਦੀ ਜਾਇਦਾਦ ਨਾਲ ਜੁੜੇ ਹੋਏ ਹਨ, ਉਥੇ ਉਨਾਂ ਦੀ ਭਾਰਤ ਫੇਰੀ ਦੌਰਾਨ ਉਨਾਂ ਨਾਲ ਹੁੰਦੇ ਵਿਵਹਾਰ, ਉਨਾਂ ਦੇ ਜੀਵਨ ਦੀ ਸੁਰਖਿਆ, ਉਨਾਂ ਵਲੋਂ ਉਦਯੋਗ ਜਾਂ ਵਪਾਰ ਵਿਚ ਲਗਾਏ ਗਏ ਜਾਂ ਲਗਾਏ ਜਾਣ ਵਾਲੇ ਧਨ ਨਾਲ ਜੁੜੇ ਹੋਏ ਹਨ ਤੇ ਉਨਾਂ ਦੇ ਬੱਚਿਆਂ ਦੇ ਭਵਿੱਖ ਨਾਲ ਵੀ ਜਿਹੜੇ ਦੇਸ਼ ਦੀ ਭੈੜੀ ਸਿਆਸੀ, ਸਮਾਜਿਕ, ਆਰਥਿਕ ਸਥਿਤੀ ਕਾਰਨ ਦੇਸ਼ ਵੱਲ ਨੂੰ ਮੂੰਹ ਵੀ ਨਹੀਂ ਕਰਨਾ ਚਾਹੁੰਦੇ।

ਪੰਜਾਬ ਵਿਚ ਜ਼ਮੀਨਾਂ-ਜਾਇਦਾਦਾਂ ਦੀ ਸਾਂਭ-ਸੰਭਾਲ ਉਨਾਂ ਦੇ ਜੀਅ ਦਾ ਜੰਜਾਲ ਬਣ ਗਈ। ਪਿੱਛੇ ਰਹੇ ਕੁਝ ਰਿਸ਼ਤੇਦਾਰਾਂ, ਕੁਝ ਦੋਸਤਾਂ-ਮਿਤਰਾਂ, ਸੰਗੀਆਂ-ਸਾਥੀਆਂ ਉਨਾਂ ਨਾਲ ਠੱਗੀਆਂ-ਠੋਰੀਆਂ ਕੀਤੀਆਂ। ਜਾਅਲੀ ਮੁਖਤਾਰਨਾਮੇ ਤਿਆਰ ਕਰਕੇ, ਜਾਅਲੀ ਬੰਦੇ ਖੜੇ ਕਰਕੇ ਉਨਾਂ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆ ਲਈਆਂ ਜਾਂ ਹਥਿਆਉਣ ਦਾ ਯਤਨ ਕੀਤਾ। ਇਨਾਂ ਮਸਲਿਆਂ ਨਾਲ ਸਬੰਧਤ ਸੈਂਕੜੇ ਨਹੀਂ ਹਜ਼ਾਰਾਂ ਕੇਸ ਪੁਲਿਸ, ਅਦਾਲਤਾਂ ਕੋਲ ਇਨਸਾਫ ਦੀ ਉਡੀਕ ਵਿਚ ਵਰਿਆਂ ਤੋਂ ਪਏ ਹਨ। ਕਈ ਵੇਰ ਜਦੋਂ ਪ੍ਰਵਾਸੀ ਆਪਣੀਆਂ ਜਾਇਦਾਦਾਂ ਦੀ ਦੇਖ-ਭਾਲ, ਸੰਭਾਲ ਜਾਂ ਕੇਸਾਂ ਸਬੰਧੀ ਜਾਣਕਾਰੀ ਲਈ ਦੇਸ਼ ਪਰਤਦੇ ਹਨ ਤਾਂ ਭੂ-ਮਾਫੀਏ ਨਾਲ ਜੁੜੇ ਲੋਕ ਉਨਾਂ ਨੂੰ ਡਰਾਕੇ, ਧਮਕਾ ਕੇ, ਉਨਾਂ ਨਾਲ ਜ਼ਮੀਨੀ ਸੌਦੇ ਕਰਦੇ ਹਨ। ਕਾਨੂੰਨ ਤੋਂ ਉਲਟ ਜਾ ਕੇ, ਪ੍ਰਵਾਸੀਆਂ ਨੂੰ ਬਿਨਾਂ ਦੱਸੇ ਉਨਾਂ ਤੋਂ ਅਸ਼ਟਾਮਾਂ ਜਾਂ ਹੋਰ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਕੇ ਸਰਕਾਰੀ ਮਿਲੀਭੁਗਤ ਨਾਲ ਉਨਾਂ ਦੀ ਕਰੋੜਾਂ ਦੀ ਜਾਇਦਾਦ ਕੌਡੀਆਂ ਦੇ ਭਾਅ ਲੁਟ ਲੈਂਦੇ ਹਨ ਅਤੇ ਵਿਰੋਧ ਕਰਨ ਤੇ ਉਨਾਂ ਖਿਲਾਫ਼ ਕਿਧਰੇ ਫੌਜਦਾਰੀ, ਕਿਧਰੇ ਅਪਰਾਧਿਕ ਮਾਮਲਿਆਂ ਦਾ ਅਤੇ ਕਿਧਰੇ ਗੈਰ-ਕਾਨੂੰਨੀ ਢੰਗ ਨਾਲ ਜਾਇਦਾਦ ਦੀ ਵੇਚ-ਵਟਤ ਦਾ ਕੇਸ ਦਰਜ ਕਰਵਾ ਦਿੰਦੇ ਹਨ ਤਾਂ ਕਿ ਉਹ ਪੰਜਾਬ ਪਰਤਣ ਜੋਗੇ ਹੀ ਨਾ ਰਹਿਣ।

ਐਨ.ਆਰ.ਆਈ. ਥਾਣਿਆਂ ਅਤੇ ਐਨ.ਆਰ.ਆਈ. ਅਦਾਲਤਾਂ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਰਹੀਂ ਕਿਉਂਕਿ ਇਸ ਸਰਕਾਰ ਦਾ ਮੰਤਵ ਤਾਂ ਅੰਦਰੋਂ ਪ੍ਰਵਾਸੀ ਪੰਜਾਬੀਆਂ ਦੇ ਉਨਾਂ ਦੇ ਪ੍ਰਭਾਵ ਵਾਲੀਆਂ ਵੋਟਾਂ ਪ੍ਰਾਪਤ ਕਰਨ ਦਾ ਪਤਾ ਖੇਡਣਾ ਸੀ। ਵਿਦੇਸ਼ ਰਹਿੰਦੇ ਪੁਤਰ ਧੀਆਂ, ਆਪਣੇ ਮਾਪਿਆਂ, ਰਿਸ਼ਤੇਦਾਰਾਂ ਨੂੰ ਪੰਜਾਬ ਵਿਚੋਂ ਬਾਹਰ ਲੈ ਜਾਣ ਲਈ ਤਰਲੋ-ਮੱਛੀ ਹੋਏ ਪਏ ਹਨ ਕਿਉਂਕਿ ਉਨਾਂ ਨੂੰ ਪੰਜਾਬ ਆਪਣਿਆਂ ਲਈ ਸੁਰਖਿਅਤ ਨਹੀਂ ਦਿਸਦਾ। ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੀ ਜਨਮ ਭੂਮੀ, ਪੰਜਾਬ ਦੀ ਨਸ਼ਿਆਂ, ਬੇਰੁਜ਼ਗਾਰੀ, ਹਫਰਾ-ਤਫੜੀ ਨਾਲ ਮਾਰੀ, ਨਸ਼ਾ-ਭੂ ਮਾਫੀਆ, ਅਫ਼ਸਰਸ਼ਾਹੀ ਅਤੇ ਸਿਆਸੀ ਲੋਕਾਂ ਦੀ ਤਿਕੜੀ ਦੀ ਜਕੜ ਵਿਚ ਆਈ ਪੰਜਾਬ ਦੀ ਧਰਤੀ ਉਤੇ ਪੈਰ ਰੱਖਣੋਂ ਆਕੀ ਹਨ। ਦੇਸ਼ ਦੀ ਕੇਂਦਰੀ ਸਰਕਾਰ ਕਹਿਣ ਨੂੰ ਤਾਂ ਉਨਾਂ ਲਈ ਅੰਮ੍ਰਿਤਸਰ, ਚੰਡੀਗੜ੍ਹ ਵਿਚ ਅੰਤਰਰਾਸ਼ਟਰੀ ਹਵਾਈ ਅਡੇ ਬਣਾਉਣ ਦਾ ਦਮ ਭਰਦੀ ਹੈ, ਪਰ ਇਨਾਂ ਹਵਾਈ ਅੱਡਿਆਂ ਉਤੋਂ ਅੰਤਰਰਾਸ਼ਟਰੀ ਉਡਾਣਾਂ ਭਰਨ ਦੀ ਆਗਿਆ ਨਹੀਂ ਦਿੰਦੀ ਅਤੇ ਉਨਾਂ ਨੂੰ ਆਪਣੇ ਪਿੰਡ, ਆਪਣੇ ਸ਼ਹਿਰ ਪੁੱਜਣ ਲਈ 24 ਘਟੇ ਤੋਂ 36 ਤੱਕ ਬੇ-ਘਰੇ ਹੋ ਕੇ, ਪਹਿਲਾਂ ਹਵਾ ਵਿਚ ਫਿਰ ਦਿੱਲੀ ਤੋਂ ਘਰ ਵਾਲੀਆਂ ਆਉਂਦੀਆਂ ਘਟੀਆ ਸੜਕਾਂ 'ਤੇ ਹੀ ਨਹੀਂ ਲਟਕਣਾ ਪੈਂਦਾ, ਸਗੋਂ ਦਿੱਲੀ ਹਵਾਈ ਅੱਡੇ ਉੱਤੇ ਕੁਰੱਖਤ ਬੋਲਾਂ, ਸ਼ੱਕੀ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਉਹ ਪ੍ਰਵਾਸੀ ਪੰਜਾਬੀ ਜਿਨਾਂ ਨੇ ਡਾਕਟਰੀ, ਉਦਯੋਗ, ਇੰਜੀਨੀਰਿੰਗ, ਖੇਤੀਬਾੜੀ, ਕਿਤਿਆਂ ਵਿਚ ਵਿਦੇਸ਼ਾਂ 'ਚ ਚੰਗਾ ਨਾਮਣਾ ਖਟਿਆ ਹੈ, ਉਹ ਜਦੋਂ ਪੰਜਾਬ ਵਿਚ ਆਪਣਾ ਉਦਯੋਗ ਖੋਲਦੇ ਹਨ, ਕਾਰੋਬਾਰ ਕਰਨਾ ਚਾਹੁੰਦੇ ਹਨ, ਉਹ ਇਥੇ ਹੁੰਦੇ ਵਿਵਹਾਰ ਅਤੇ ਇੰਸਪੈਕਟਰੀ ਰਾਜ ਦੀਆਂ ਜਿਆਦਤੀਆਂ ਤੋਂ ਤੰਗ ਆ ਕੇ ਆਪਣੇ ਕੰਮ, ਆਪਣੇ ਕਾਰੋਬਾਰ ਸਮੇਟ ਮੁੜ ਪ੍ਰਵਾਸ ਹੰਡਾਉਣ ਲਈ ਹੋ ਤੁਰਦੇ ਹਨ। ਮੋਹਾਲੀ, ਜਲੰਧਰ, ਲੁਧਿਆਣਾ ਵਰਗੇ ਸ਼ਹਿਰਾਂ ਵਿਚ ਉਦਯੋਗ ਚਲਾਉਣ ਲਈ ਕਈ ਪ੍ਰਵਾਸੀ ਪੰਜਾਬੀਆਂ ਹੱਥ ਅਜਮਾਏ, ਪਰ ਸਰਕਾਰੀ ਸੁਸਤੀ ਅਤੇ ਉਦਾਸੀਨਤਾ ਦਾ ਸ਼ਿਕਾਰ ਹੋ ਕਰੋੜਾਂ ਰੁਪਏ ਗੁਆ ਬੈਠੇ।

ਬਾਹਰ ਬੈਠੇ ਪ੍ਰਵਾਸੀ ਪੰਜਾਬੀਆਂ ਦੇ ਮਨਾਂ 'ਚ ਪੰਜਾਬ ਬਾਰੇ ਨਿਰਾਸ਼ਤਾ ਹੈ। ਉਹ ਟੁਟ ਰਹੇ ਪੰਜਾਬ ਨੂੰ ਉਵੇਂ ਵੇਖ ਰਹੇ ਹਨ, ਜਿਵੇਂ ਉਨਾਂ ਦਾ ਆਪਣਾ ਜੱਦੀ ਘਰ ਢਹਿ ਢੇਰੀ ਹੋ ਰਿਹਾ ਹੋਵੇ। ਉਨਾਂ ਦੇ ਮਨਾਂ ਵਿਚ ਇਸ ਦੀ ਮੁੜ ਉਸਾਰੀ ਦੀ ਤਾਂਘ ਹੈ। ਜੇਕਰ ਮੌਜੂਦਾ ਪੰਜਾਬ ਦੇ ਸਿਆਸਤਦਾਨ ਸਰਕਾਰ ਕੁਝ ਇਹੋ ਜਿਹੇ ਉਪਰਾਲੇ ਕਰੇ ਜਿਸ ਨਾਲ ਉਨਾਂ ਦੇ ਉਚੜੇ ਜਖਮਾਂ ਉਤੇ ਮਲਮ ਲਗ ਸਕੇ ਤਾਂ ਪ੍ਰਵਾਸੀ ਪੰਜਾਬੀ ਕੁਝ ਰਾਹਤ ਮਹਿਸੂਸ ਕਰ ਸਕਦੇ ਹਨ।

ਪ੍ਰਵਾਸੀ ਪੰਜਾਬੀਆਂ ਦੀ ਜ਼ਮੀਨ ਜਾਇਦਾਦ ਦੀ ਸੰਭਾਲ ਅਤੇ ਰਾਖੀ ਲਈ ਸਖ਼ਤ ਕਾਨੂੰਨ ਬਨਣਾ ਚਾਹੀਦਾ ਹੈ, ਜਿਸ ਬਾਰੇ ਮੌਜੂਦਾ ਸਰਕਾਰ ਨੇ ਐਲਾਨ ਵੀ ਕੀਤਾ ਹੋਇਆ ਹੈ। ਉਨਾਂ ਸਾਰੇ ਕੇਸਾਂ, ਜਿਨਾਂ ਵਿਚ ਪ੍ਰਵਾਸੀ ਪੰਜਾਬੀਆਂ ਦੀਆਂ ਜਾਅਲੀ ਵਸੀਅਤਾਂ, ਮੁਖਤਾਰਨਾਮਿਆਂ ਕਾਰਨ ਉਨਾਂ ਨਾਲ ਜਾਅਲਸਾਜੀ ਕੀਤੀ ਗਈ ਹੈ, ਸਬੰਧੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਵਰਗਾ ਇਕ ਕਮਿਸ਼ਨ ਬਨਣਾ ਚਾਹੀਦਾ ਹੈ, ਜੋ ਇਨਾਂ ਕੇਸਾਂ ਦੀ ਘੋਖ ਪੜਤਾਲ ਕਰੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਵੇ।

**ਜਾਰੀ ਕਰਤਾ: ਪਰਮਿੰਦਰ ਪਾਲ ਸਿੰਘ ਖਾਲਸਾ ਸੂਬਾ ਪਧਾਨ**

## ਹਾਈਬ੍ਰਿਡ ਜੇਹਾਦੀ ਕਸ਼ਮੀਰ..

ਕਈ ਦੇਸ਼ ਖ਼ੁਦ ਵੀ ਬਣਾ ਰਹੇ ਹਨ। ਅਮਰੀਕੀ ਡਰੋਨ ਨੂੰ ਖ਼ਰੀਦਣ ਵਿਚ ਅਸਮਰੱਥ ਰਹੇ ਤੁਰਕੀ ਨੇ ਆਪਣੇ ਖ਼ੁਦ ਦੇ ਡਰੋਨ ਬਣਾਏ ਅਤੇ ਉਨਾਂ ਦੀ ਵਰਤੋਂ ਉਸ ਨੇ ਸੀਰੀਆ ਦੇ ਕੁਰਦਿਸ਼ ਟੀਚੇ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ। ਸਾਧਾਰਨ ਤਕਨੀਕੀ ਤਾਕਤ ਰੱਖਣ ਵਾਲਾ ਕੋਈ ਵੀ ਦੇਸ਼ ਸੌਖਿਆਂ ਹੀ ਹਮਲਾਵਰ ਡਰੋਨ ਬਣਾ ਸਕਦਾ ਹੈ। ਈਰਾਨ ਨੂੰ ਹੀ ਲੈ ਲਓ। ਹਥਿਆਰ ਬਣਾਉਣ ਤੋ ਰੋਕਣ ਦੇ ਬਾਵਜੂਦ ਈਰਾਨ ਨੇ ਹਥਿਆਰ ਵਾਲਾ ਡਰੋਨ ਵਿਕਸਿਤ ਕਰਨ ਦੀ ਤਾਕਤ ਵਿਕਸਿਤ ਕੀਤੀ। ਈਰਾਨ ਅਤੇ ਇਸ ਦੇ ਸਹਿਯੋਗੀ ਸੰਗਠਨ ਹਿਜ਼ਬੁੱਲਾਹ ਅਤੇ ਹੂਤੀ ਦੇ ਕੋਲ ਵੀ ਹੁਣ ਇਹ ਤਕਨੀਕ ਹੈ। ਹੁਣ ਸਥਿਤੀ ਇਹ ਹੈ ਕਿ ਦਹਿਸ਼ਤਵਾਦ ਵਿਰੁੱਧ ਅਖੌਤੀ ਜੰਗ ਵਿਚ ਸ਼ਸਤਰ ਡਰੋਨ ਜਾਂ ਯੂ.ਏ.ਵੀ. ਇਕ ਜ਼ਰੂਰਤ ਅਨੁਸਾਰ ਵਿਕਸਤ ਕੀਤਾ ਗਿਆ ਇਕ ਕਾਰਗਰ ਹਥਿਆਰ ਤਾਂ ਬਣ ਗਿਆ ਹੈ ਪਰ ਹੁਣ ਇਹ ਤਕਨੀਕ ਜਿਹਾਦੀਆਂ ਦੇ ਹੱਥਾਂ ਵਿਚ ਵੀ ਆ ਚੁੱਕੀ ਹੈ। ਸੋ, ਕਿਸੇ ਵੱਡੇ ਹਮਲੇ ਤੋਂ ਪਹਿਲਾਂ ਐਂਟੀ ਡਰੋਨ ਸਿਸਟਮ ਦਾ ਮਜ਼ਬੂਤ ਇੰਤਜ਼ਾਮ ਕਰਨਾ ਹੀ ਪਵੇਗਾ।

ਹਮਲਾਵਰ ਡਰੋਨ ਹੁਣ ਸਿਰਫ਼ ਇਜ਼ਰਾਈਲ, ਚੀਨ, ਪਾਕਿਸਤਾਨ, ਰੂਸ, ਤੁਰਕੀ, ਭਾਰਤ, ਈਰਾਨ, ਇਟਲੀ, ਪੋਲੈਂਡ ਹੀ ਨਹੀਂ ਬਣਾਉਂਦੇ, ਸਗੋਂ ਇਸ ਨੂੰ ਬਣਾਉਣਾ, ਵੇਚਣਾ, ਚਲਾਉਣਾ, ਸੌਖਾ ਅਤੇ ਬਹੁਤ ਸਸਤਾ ਹੈ। ਸੋ, ਦਹਿਸ਼ਤਗਰਦ ਸੰਗਠਨ ਵੀ ਬਣਾਉਂਦੇ ਹਨ। ਉਨਾਂ ਦੇ ਡਰੋਨ ਫ਼ੌਜੀ ਟਿਕਾਣਿਆਂ, ਸੰਵੇਦਨਸ਼ੀਲ ਥਾਵਾਂ, ਮਹੱਤਵਪੂਰਨ ਅੱਡਿਆਂ ਅਤੇ ਜ਼ਰੂਰੀ ਸੇਵਾ ਸੰਸਥਾਵਾਂ ਲਈ ਖ਼ਤਰਨਾਕ ਹਨ। ਡਰੋਨ ਤਾਂ ਹਵਾਈ ਜਹਾਜ਼ ਲਈ ਵੀ ਖ਼ਤਰਾ ਬਣ ਸਕਦੇ ਹਨ। ਡਰੋਨ ਰੇਡੀਓ, ਕੈਮੀਕਲ, ਬਾਇਓਲੋਜੀਕਲ ਵਰਗੇ ਖ਼ਤਰਨਾਕ ਹਥਿਆਰ ਲਿਜਾ ਸਕਦਾ ਹੈ। ਕਈ ਵਾਰ ਹਮਲੇ ਨੂੰ ਜ਼ਿਆਦਾ ਹਮਲਾਵਾਰੀ ਬਣਾਉਣ ਲਈ ਕਈ ਡਰੋਨਾਂ ਨੂੰ ਇਕੱਠਿਆਂ ਟਕਰਾ ਦਿੱਤਾ ਜਾਂਦਾ ਹੈ, ਇਸ ਨੂੰ 'ਡਰੋਨ ਸਵਾਰਮ' ਹਮਲਾ ਕਹਿੰਦੇ ਹਨ। ਆਰਾਮਕੋ ਵਿਚ 10 ਡਰੋਨ ਟਕਰਾਏ ਸਨ। ਆਪਣੇ ਆਕਾਸ਼ ਨੂੰ ਡਰੋਨ ਤੋਂ ਬਚਾਉਣਾ ਬਹੁਤ ਸੌਖਾ ਨਹੀਂ ਹੈ ਪਰ ਇਸ ਦੇ ਬਚਾਅ ਦੇ ਢੰਗ ਲੱਭੇ ਜਾ ਰਹੇ ਹਨ।

ਰੱਖਿਆ ਸੰਸਥਾਵਾਂ, ਸਰਹੱਦੀ ਖੇਤਰ, ਹਵਾਈ ਅੱਡੇ ਵਰਗੀਆਂ ਥਾਵਾਂ 'ਤੇ ਡਰੋਨ ਹਮਲੇ ਰੋਕੂ ਪ੍ਰਣਾਲੀ ਹੋਣੀ ਹੀ ਚਾਹੀਦੀ ਹੈ। ਵਿਗਿਆਨੀ ਚਾਹੁੰਦੇ ਹਨ ਕਿ ਡਰੋਨ ਹਮਲੇ ਰੋਕੂ ਪ੍ਰਣਾਲੀ ਬਿਲਕੁਲ ਏਨੀ ਸਮਰੱਥ ਹੋਵੇ ਜਿਸ ਨਾਲ ਉਹ ਹਮਲਾਵਰ ਡਰੋਨ ਦੇ ਹਰ ਪਹਿਲੂ ਅਤੇ ਉਸ ਦੀ ਹਰੇਕ ਤਕਨੀਕ ਨੂੰ ਜਾਣ ਕੇ ਡਰੋਨ ਦੇ ਹਮਲੇ ਦੀ ਸੰਭਾਵਨਾ ਵਾਲੇ ਖੇਤਰ ਦੀ ਸੁਰੱਖਿਅਤ ਘੇਰਾਬੰਦੀ ਕਰ ਸਕੇ ਅਤੇ ਡਰੋਨ ਹਮਲੇ ਨੂੰ ਨਕਾਰਾ ਬਣਾ ਸਕੇ। ਵੱਖ-ਵੱਖ ਦੇਸ਼ ਇਸ ਨੂੰ ਵਿਕਸਤ ਕਰਨ ਵਿਚ ਲੱਗੇ ਹੋਏ ਹਨ। ਕਮਾਂਡ, ਕੰਟਰੋਲ, ਇੰਟੈਲੀਜੈਂਸ, ਕੰਪਿਊਟਰ, ਕਮਿਊਨੀਕੇਸ਼ਨ, ਸਾਈਬਰ ਇੰਟੈਲੀਜੈਂਸ, ਨਿਗਰਾਨੀ ਅਤੇ ਸਰਵੇਖਣ ਕੇਂਦਰ ਸਾਰਿਆਂ ਨੂੰ ਮਿਲਾ ਕੇ ਇਹ ਡਰੋਨ ਹਮਲਾ ਰੋਕੂ ਪ੍ਰਣਾਲੀ ਕੰਮ ਕਰੇਗੀ। ਜੇਕਰ ਛੋਟੇ-ਛੋਟੇ ਟਿੱਡੀ ਦਲ ਵਰਗੇ ਡਰੋਨ ਸਮੂਹਾਂ ਦਾ ਹਮਲਾ ਹੋ ਜਾਵੇ ਤਾਂ ਸੂਖ਼ਮ ਤਰੰਗਾਂ ਜਾਂ ਮਾਈਕਰੋਵੇਵ ਤਕਨੀਕ ਹੀ ਇਕ ਪ੍ਰਭਾਵਸ਼ਾਲੀ ਉਪਾਅ ਹੈ ਇਸ ਨਾਲ ਨਿਪਟਣ ਲਈ।

## ਪੰਜਾਬ ਦੀਆਂ ਸਮੱਸਿਆਵਾਂ...

ਪੈਟਰੋਲ, ਡੀਜ਼ਲ, ਤੇਲ ਕੰਪਨੀਆਂ ਨੂੰ ਉਸ ਵਲੋਂ ਤੇਲ ਦੇ ਭਾਅ ਨਿੱਤ ਪ੍ਰਤੀ ਮਹਿੰਗੇ ਕਰੀ ਰੱਖਣ ਦੀ ਖੁੱਲ ਦਿੱਤੀ ਹੋਈ ਹੈ। ਲੋਕ ਬੇਰੁਜ਼ਗਾਰੀ ਦੇ ਮਾਰੇ ਪ੍ਰੇਸ਼ਾਨੀਆਂ ਵਿੱਚ ਜ਼ਿੰਦਗੀ ਬਸਰ ਕਰ ਰਹੇ ਹਨ, ਪਰ ਉਹਨਾਂ ਨੂੰ ਰਾਹ ਕੋਈ ਨਹੀਂ ਦਿਸਦਾ, ਕਿਉਂਕਿ ਉਹਨਾਂ ਦੇ ਰਾਹ ਦਸੇਰੇ ਸਿਆਸਤਦਾਨ ਲੰਮੀਆਂ ਤਾਣ ਕੇ ਸੁੱਤੇ ਪਏ ਹਨ। ਉਹ ਇਸ ਆਸ ਵਿੱਚ ਬੈਠੇ ਹਨ ਕਿ ਪੰਜਾਬੀਆਂ ਨੂੰ ਮੁਫ਼ਤ ਰਾਸ਼ਨ, ਪਾਣੀ, ਬਿਜਲੀ ਅਤੇ ਹੋਰ ਸਹੂਲਤਾਂ ਦੇ ਕੇ ਉਹ ਵੋਟਾਂ ਬਟੋਰ ਲੈਣਗੇ।

ਪਰ ਜਿਹੋ ਜਿਹੀ ਲਹਿਰ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਉਸਾਰੀ ਹੈ, ਜਿੱਥੇ ਲੋਕ ਆਪ ਮੁਹਾਰੇ ਆਪਣੇ ਹੱਕਾਂ ਦੀ ਰਾਖੀ ਲਈ ਤਤਪਰ ਹੋਏ ਦਿਸਦੇ ਹਨ, ਸ਼ਾਂਤਮਈ ਸੰਘਰਸ਼ ਦੇ ਰਸਤੇ ਉੱਤੇ ਹਨ-ਉਹੋ ਜਿਹੀ ਚਿਣਗ ਪੰਜਾਬ ਵਿੱਚ ਉਸਾਰਨ ਲਈ ਕਿਸੇ ਪੰਜਾਬ ਹਿਤੈਸ਼ੀ ਸਿਆਸੀ ਧਿਰ ਦੀ ਹੋਂਦ ਖਟਕਦੀ ਹੈ। ਪੰਜਾਬ ਦੇ ਲੋਕ ਮਸਲੇ ਸਿਰਫ਼ ਚੋਣ ਯੁੱਧ ਨਾਲ ਹੱਲ ਨਹੀਂ ਹੋਣੇ। ਪੰਜਾਬ ਦੀ ਖੇਤੀ ਮੁਨਾਫ਼ੇ ਦੀ ਹੋਵੇ। ਪੰਜਾਬ ਵਿੱਚ ਖੇਤੀ ਅਧਾਰਤ ਵੱਡੇ ਉਦਯੋਗ ਲੱਗਣ। ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਦੀ, ਫਸਲਾਂ ਦੀ ਪੈਦਾਇਸ਼ ਦੀ ਰਾਖੀ ਹੋਵੇ। ਬੇਰੁਜ਼ਗਾਰੀ ਜੜ੍ਹੋਂ ਪੁੱਟਣ ਲਈ ਕਦਮ ਚੁੱਕੇ ਜਾਣ ਤਾਂ ਕਿ ਦੇਸ਼ ਦਾ ਬਰੇਨ ਅਤੇ ਮਨੀ (ਦਿਮਾਗ ਅਤੇ ਪੈਸਾ) ਡਰੇਨ (ਬਾਹਰ ਜਾਣਾ) ਨਾ ਹੋਵੇ। ਪੰਜਾਬ ਦੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਰੁਕੇ। ਨਸ਼ਿਆਂ ਦਾ ਵਗਦਾ ਦਰਿਆ ਬੰਦ ਹੋਵੇ ਅਤੇ ਪੰਜਾਬ ਨੂੰ ਆਪਣੇ ਭੈੜੇ ਹਾਲਾਤ ਸੁਧਾਰਨ ਲਈ ਵਧੇਰੇ ਸੂਬਾਈ ਅਧਿਕਾਰ ਮਿਲਣ। ਇਹ ਸਮੇਂ ਦੀ ਮੰਗ ਹੈ।

ਕੀ ਲੋਕ ਵੋਟ ਮੰਗਣ ਆਉਣ ਵਾਲੇ ਨੇਤਾਵਾਂ ਨੂੰ ਇਹ ਸਵਾਲ ਪੁੱਛਣਗੇ ਕਿ ਉਨਾਂ ਕੋਲ ਲੋਕਾਂ ਨੂੰ ਘੱਟੋ-ਘੱਟ ਜੀਵਨ ਜੋਗੀਆਂ ਸਹੂਲਤਾਂ ਦੇਣ ਜੋਗਾ ਕੋਈ ਅਜੰਡਾ ਹੈ? ਕੀ ਲੋਕਾਂ ਦੀ ਸਖਸ਼ੀ ਅਜ਼ਾਦੀ ਦੇ ਉਹ ਪਹਿਰੇਦਾਰ ਬਣਨਗੇ? ਕੀ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਉਹ ਕੋਈ ਉਪਰਾਲੇ ਕਰਨਗੇ?

ਤੁਰੰਡਿਆ-ਮਰੁੰਡਿਆ, ਹਫਦਾ-ਰੋਂਦਾ ਪੰਜਾਬ ਹਾਲ ਦੀ ਘੜੀ ਤਾਂ ਦੁੱਖ ਦੀ ਚਾਦਰ ਤਾਣੀ ਬੈਠਾ ਹੈ। ਕੀ ਉੱਠੇਗਾ ਪੰਜਾਬ?

## ਕਿਸਾਨ ਅੰਦੋਲਨ ਅਤੇ..

ਸਾਨੂੰ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਭੁੱਲਣਾ ਨਹੀਂ ਚਾਹੀਦਾ:

**'ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ' (ਆਸਾ ਮਹਲਾ ਪਹਿਲਾ/417)**

ਸਾਡੀ ਸਮਝ ਇਹ ਬਣੀ ਹੈ ਕਿ ਪੰਜਾਬ ਵਿਚ ਸਰਕਾਰ ਜਾਂ ਕਿਸਾਨਾਂ, ਮਜ਼ਦੂਰਾਂ ਤੇ ਵਪਾਰੀਆਂ ਦੀ ਕਰਜ਼ ਦੀ ਸਮੱਸਿਆ ਸਿਰਫ ਕੇਂਦਰੀ ਗ੍ਰਾਂਟ ਨਾਲ ਨਹੀਂ ਮੁੱਕਣੀ ਸਗੋਂ ਜੀਐਸਟੀ ਅਤੇ ਕੇਂਦਰ ਦੀਆਂ ਕਈ ਹੋਰ ਚੋਰ ਚਲਾਕੀਆਂ ਰਾਹੀਂ ਹਾਸਲ ਗਵਾਏ ਮਾਲੀਏ ਵਿਚੋਂ ਆਪਣਾ ਹਿੱਸਾ ਲੈਣ ਲਈ ਹੋਰਨਾਂ ਸੂਬਿਆਂ ਨਾਲ ਮਿਲ ਕੇ ਸਾਂਝਾ ਸੰਘਰਸ਼ ਕਰਨ ਨਾਲ ਹੀ ਖ਼ਤਮ ਕੀਤੀ ਜਾ ਸਕਦੀ ਹੈ। ਉਂਜ, ਮੁੱਖ ਟੀਚਾ ਇਹੀ ਹੋਣਾ ਚਾਹੀਦਾ ਹੈ ਕਿ ਕੇਂਦਰ ਵਿਚ ਸੱਤਾ ਵਿਚ ਭਾਵੇਂ ਕੋਈ ਵੀ ਹੋਵੇ, ਕੇਂਦਰੀ ਨਿਰਭਰਤਾ ਘਟਾ ਕੇ ਪੰਜਾਬ ਵੱਧ ਤੋਂ ਵੱਧ ਸਵੈ-ਨਿਰਭਰ ਬਣ ਸਕੇ। ਮਾਲੀ ਵਸੀਲੇ ਜੁਟਾ ਕੇ, ਉਪਰ ਬਿਆਨੀ ਵਿਉਂਤ ਮੁਤਾਬਕ ਪੰਜਾਬ ਦੀ ਤਬਦੀਲੀ ਦੇ ਅਮਲ ਲਈ ਫੰਡ ਹਾਸਲ ਹੋ ਸਕਣਗੇ। ਪਾਰਦਰਸ਼ਤਾ ਵਧਾ ਕੇ ਤੇ ਭ੍ਰਿਸ਼ਟਾਚਾਰ ਨੂੰ ਘਟਾਉਣ ਨਾਲ ਵੀ ਸਰਕਾਰੀ ਵਸੀਲਿਆਂ ਦੀ ਲੀਕੇਜ ਘਟਾਈ ਜਾ ਸਕੇਗੀ। ਪੰਜਾਬ ਦੀ ਮੁੜ ਸਿਰਜਣਾ ਵਾਸਤੇ ਇਸ ਨੂੰ ਨਵੀਂ ਸੋਚ, ਨਵੇਂ ਆਗੂਆਂ, ਰਾਜਨੀਤੀ ਵਿਚ ਨਵੀਂ ਦਿਸ਼ਾ ਅਤੇ ਨਵੇਂ ਪ੍ਰੋਗਰਾਮ ਦੀ ਲੋੜ ਹੈ। ਇਤਿਹਾਸ ਨੇ ਪੰਜਾਬ ਦੇ ਮੁੜ ਨਿਰਮਾਣ ਦਾ ਜ਼ਿੰਮਾ ਕਿਸਾਨ ਲੀਡਰਸ਼ਿਪ ਦੇ ਮੋਢਿਆਂ 'ਤੇ ਪਾਇਆ ਹੈ ਤੇ ਉਨਾਂ ਨੂੰ ਇਸ ਤੋਂ ਭੱਜਣਾ ਨਹੀਂ ਚਾਹੀਦਾ।

ਸਮਾਪਤ

## ਕਿਸਾਨ ਅੰਦੋਲਨ ਦੀਆਂ ...

ਅਤੇ ਹੋ ਪ੍ਰਭਾਵ ਪਾਵੇਗਾ। ਅਸਲ ਵਿੱਚ ਲੋਕਾਂ ਨੂੰ ਵੀ ਇਹ ਸਮਝ ਆ ਗਈ ਹੈ ਕਿ ਵੋਟ ਦੀ ਤਾਕਤ ਵਰਤਣੀ ਬਹੁਤ ਜ਼ਰੂਰੀ ਹੈ। ਸਿੱਧੇ ਤੌਰ 'ਤੇ ਕਿਸਾਨਾਂ ਨੇ ਸਿਆਸਤ ਵਿੱਚ ਅਜੇ ਤਕ ਕੁਝ ਵੀ ਨਾ ਕਰਨ ਦੀ ਗੱਲ ਕੀਤੀ ਹੈ। ਪਰ ਜਦੋਂ ਕੇਂਦਰ ਦੀ ਮੌਜੂਦਾ ਸਰਕਾਰ ਨੂੰ ਹਿਲਾਉਣਾ ਹੈ ਤਾਂ ਲੋਕਾਂ ਨੂੰ ਉਸ ਨੂੰ ਵੋਟ ਨਾ ਪਾਉਣ ਦੀ ਗੱਲ ਤਾਂ ਸਮਝਾਉਣ ਵਿੱਚ ਸਫਲ ਹੋ ਹੀ ਰਹੇ ਹਨ। ਯੂ.ਪੀ. ਵਿੱਚ ਪੰਚਾਇਤੀ ਚੋਣਾਂ 'ਤੇ ਅਸਰ ਸਾਫ ਵਿਖਾਈ ਦਿੱਤਾ ਹੈ। ਪੰਜਾਬ ਵਿੱਚ ਨਗਰ ਕੌਂਸਲ, ਨਗਰ ਨਿਗਮ ਦੀਆਂ ਚੋਣਾਂ ਵਿੱਚ ਵੀ ਇਸ ਅੰਦੋਲਨ ਦਾ ਸਾਫ ਅਸਰ ਵਿਖਾਈ ਦਿੱਤਾ। ਬਹੁਤ ਥਾਵਾਂ 'ਤੇ ਤਾਂ ਬੀ ਜੇ ਪੀ ਵਾਲਿਆਂ ਨੂੰ ਬੈਠਣ ਲਈ ਪ੍ਰਬੰਧ ਵੀ ਨਹੀਂ ਕਰਨ ਦਿੱਤੇ। ਪੰਜਾਬ, ਹਰਿਆਣਾ ਅਤੇ ਯੂ.ਪੀ. ਵਿੱਚ ਸਿਆਸੀ ਪਾਰਟੀਆਂ ਦਾ ਖੁੱਲ ਕੇ ਵਿਰੋਧ ਹੋ ਰਿਹਾ ਹੈ। ਜੇਕਰ ਲੋਕ ਪਿੰਡਾਂ, ਸ਼ਹਿਰਾਂ ਵਿੱਚ ਵੜਨ ਹੀ ਨਹੀਂ ਦੇਣਗੇ ਤਾਂ ਵੋਟਾਂ ਕਿੱਥੋਂ ਅਤੇ ਕਿਵੇਂ ਲੈਣੀਆਂ ਹਨ, ਇਹ ਵੀ ਫਿਕਰ ਸਿਆਸਤਦਾਨਾਂ ਨੂੰ ਅੰਦਰੋਂ ਖਾ ਰਿਹਾ ਹੋਏਗਾ। ਅੰਦੋਲਨ ਪੂਰੀ ਦੁਨੀਆਂ ਵਿੱਚ ਆਪਣੇ ਆਪ ਵਿੱਚ ਖਾਸ ਬਣ ਚੁੱਕਿਆ ਹੈ। ਵਿਦੇਸ਼ੀ ਸਰਕਾਰਾਂ ਵਲੋਂ ਵੀ ਇਸ ਬਾਰੇ ਚਰਚਾ ਕੀਤੀ ਗਈ ਹੈ। ਇਸ ਅੰਦੋਲਨ ਨੂੰ ਸੰਸਾਰ ਭਰ ਤੋਂ ਸਮਰਥਨ ਮਿਲ ਰਿਹਾ ਹੈ। ਸਰਕਾਰਾਂ ਲੋਕਾਂ ਲਈ ਹੁੰਦੀਆਂ ਹਨ, ਇਹ ਤਾਂ ਕਿੱਧਰੇ ਇਸ ਵਕਤ ਵਿਖਾਈ ਹੀ ਨਹੀਂ ਦੇ ਰਿਹਾ। ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਸੀ। ਇਸ ਅੰਦੋਲਨ ਨੇ ਇਸ ਪਾਸੇ ਵੀ ਲੋਕਾਂ ਨੂੰ ਸੋਚਣ ਲਾ ਦਿੱਤਾ ਹੈ। ਇਹ ਅੰਦੋਲਨ ਸਫਲ ਅਤੇ ਪ੍ਰਭਾਵਸ਼ਾਲੀ ਅੰਦੋਲਨ ਹੈ।

## ਕੈਨੇਡਾ ਦੇ ਮੂਲਵਾਸੀਆਂ

ਮੋਹਾਕ ਇਨਸਟੀਟਿਊਟ ਆਫ਼ ਰੈਜ਼ੀਡੈਂਸ਼ੀਅਲ ਸਕੂਲ ਰਾਹੀਂ, ਬੜੇ ਸ਼ਾਤੁਰਾਨਾ ਢੰਗ ਨਾਲ ਕਾਬੂ ਕੀਤਾ ਗਿਆ ਸੀ। ਤਰਕ ਇਹ ਦਿੱਤਾ ਗਿਆ ਕਿ 'ਪਿਛੜੇ ਲੋਕਾਂ ਦੇ ਬੱਚਿਆਂ ਨੂੰ ਸਭਿਅਕ' ਬਣਾਉਣ ਲਈ ਇਹ ਸਕੂਲ ਖੋਲੇ ਗਏ ਹਨ, ਪਰ ਅਸਲ ਵਿੱਚ ਮੂਲਵਾਸੀਆਂ ਦੀ ਬੋਲੀ ਤੇ ਸਭਿਆਚਾਰ ਦਾ 'ਬੀ ਨਾਸ਼' ਕਰਨ ਦੀ ਇਹ ਨਸਲਵਾਦੀ ਸਾਜ਼ਿਸ਼ ਸੀ। ਅਠਾਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਤੱਕ ਇਹ ਸਿਲਸਿਲਾ ਚਲਦਾ ਰਿਹਾ। ਇਨਾਂ ਰੈਜ਼ੀਡੈਂਸ਼ੀਅਲ ਅਤੇ ਬੋਰਡਿੰਗ ਸਕੂਲਾਂ ਵਿੱਚ ਬੱਚਿਆਂ ਦੇ ਲਿੰਗਕ ਸ਼ੋਸ਼ਣ ਤੋਂ ਲੈ ਕੇ ਹੱਤਿਆਵਾਂ ਤੱਕ ਦੀਆਂ ਜਾਬਰਾਨਾਂ ਘਟਨਾਵਾਂ ਦੇ ਵੇਰਵੇ ਮਿਲਦੇ ਹਨ। ਇਕ ਖੋਜ ਅਨੁਸਾਰ ਰੋਮਨ ਕੈਥੋਲਿਕ ਚਰਚ ਵੱਲੋਂ 44, ਇੰਗਲੈਂਡ ਚਰਚ ਵੱਲੋਂ 21, ਯੂਨਾਈਟਿਡ ਚਰਚ ਵੱਲੋਂ 13 ਅਤੇ ਕਈ ਹੋਰਨਾਂ ਵੱਲੋਂ ਵੀ ਅਜਿਹੇ ਕਰੀਬ 139 ਸਕੂਲ ਖੋਲੇ ਗਏ ਸਨ, ਜੋ ਕਿ 20 ਵੀਂ ਸਦੀ ਤੱਕ ਚਲਦੇ ਰਹੇ। ਮੂਲਵਾਸੀ ਲੋਕਾਂ ਦੇ ਡੇਢ ਲੱਖ ਬੱਚਿਆਂ ਨੂੰ ਇਨਾਂ ਵਿਚ ਬੰਦ ਰੱਖਿਆ ਗਿਆ, ਜਿਨਾਂ 'ਚ 3200 ਤੋਂ ਲੈ ਕੇ 6000 ਤੋਂ ਵੱਧ ਮੌਤਾਂ ਜਾਂ ਹੱਤਿਆਵਾਂ ਹੋਈਆਂ।

ਰੌਇਲ ਕੈਨੇਡੀਅਨ ਮੌਂਟੇਡ ਪੁਲਿਸ ਵੱਲੋਂ ਸਕੂਲਾਂ ਵਿਚ ਭਰਤੀ ਕਰਨ ਲਈ ਮੂਲਵਾਸੀਆਂ ਦੇ ਬੱਚੇ ਜਬਰੀ ਚੁੱਕੇ ਜਾਂਦੇ ਸਨ। ਪੁਲਿਸ ਦੀਆਂ ਨਸਲਵਾਦੀ ਤੇ ਧੱਕੇਸ਼ਾਹੀ ਦੀਆਂ ਰੌਂਗਟੇ ਖੜੇ ਕਰਨ ਵਾਲੀ ਦਰਦਨਾਕ ਕਹਾਣੀਆਂ ਕੈਨੇਡਾ ਦੀ ਆਰ.ਸੀ.ਐਮ.ਪੀ. ਦਾ ਕਾਲਾ ਇਤਿਹਾਸ ਹਨ। ਆਰ ਸੀ ਐੱਮ ਪੀ ਦੇ ਮੂਲ ਵਾਸੀਆਂ 'ਤੇ ਤਸ਼ੱਦਦ ਦੀ ਬ੍ਰਿਟਿਸ਼ ਕੋਲੰਬੀਆ 'ਚ ਵਾਪਰੀ 'ਗਸਟੈਫਸਨ ਲੇਕ' ਵਾਲੀ ਜ਼ਾਲਮਾਨਾ ਘਟਨਾ ਇਤਿਹਾਸ ਦੇ ਪੰਨਿਆਂ ਤੋਂ ਕਦੀ ਵੀ ਮਿਟ ਨਹੀਂ ਸਕੇਗੀ, ਜਿਸ ਵਿੱਚ ਕੈਨੇਡਾ ਦੇ ਮੂਲਵਾਸੀ ਭਾਈਚਾਰੇ ਦੇ ਲੋਕਾਂ ਉਪਰ ਹਜ਼ਾਰਾਂ ਗੋਲੀਆਂ ਚਲਾ ਕੇ ਉਨਾਂ ਦੀ ਜੱਦੀ-ਪੁਸ਼ਤੀ ਜ਼ਮੀਨ 'ਤੇ ਉਨਾਂ ਦੇ ਰਵਾਇਤੀ ਤਿਉਹਾਰ ਰੋਕਣ ਦੀ ਸਾਜ਼ਿਸ਼ ਰਚੀ ਗਈ ਅਤੇ ਪੂੰਜੀਪਤੀਆਂ ਦਾ ਪੱਖ ਪੂਰਿਆ ਗਿਆ। ਬੀ.ਸੀ. ਦੇ ਤਤਕਾਲੀ ਅਟਾਰਨੀ ਜਨਰਲ ਉੱਜਲ ਦੁਸਾਂਝ ਦੀ ਅਗਵਾਈ ਵਿੱਚ ਹੋਇਆ ਇਹ 'ਆਰ ਸੀ ਐੱਮ ਪੀ ਦਾ ਪੁਲਿਸ ਅਪ੍ਰੇਸ਼ਨ' ਕੈਨੇਡਾ ਦੇ ਇਤਿਹਾਸ ਵਿੱਚ, ਕਿਸੇ ਛੋਟੇ ਜਿਹੇ ਮੂਲਵਾਸੀ ਸਮੂਹ 'ਤੇ ਹੋਈ, ਹੁਣ ਤੱਕ ਦੀ ਸਭ ਤੋਂ ਵੱਡੀ ਹਥਿਆਰਬੰਦ ਪੁਲਿਸ ਕਾਰਵਾਈ ਮੰਨੀ ਜਾਂਦੀ ਹੈ। ਵੈਨਕੂਵਰ ਦੇ ਉਤਰ ਪੂਰਬ ਵਾਲੇ ਪਾਸੇ 850 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਮੂਲਵਾਸੀ ਲੋਕਾਂ ਦੀ ਜਗਾ ਗਸਟੈਫਸਨ ਲੇਕ 'ਤੇ ਛੋਟੇ ਜਿਹੇ ਮੂਲਵਾਸੀ ਵਿਅਕਤੀਆਂ ਦੇ ਗਰੁੱਪ ਉੱਪਰ ਮੌਕੇ ਦੇ ਅਟਾਰਨੀ ਜਨਰਲ ਉੱਜਲ ਦੁਸਾਂਝ ਦੇ ਹੁਕਮ ਅਧੀਨ, 15 ਸਤੰਬਰ 1995 ਨੂੰ ਵੱਡੀ ਹਥਿਆਰਬੰਦ ਕਾਰਵਾਈ ਹੋਈ ਸੀ। ਦੁਸਾਂਝ ਨੇ ਖ਼ੁਦ ਮੰਨਿਆ ਕਿ ਛੋਟੇ ਜਿਹੇ 'ਮਿਲੀਟੈਂਟ ਗਰੁਪ' ਨੂੰ ਖਦੇੜਨ ਲਈ ਇਹ ਕਾਰਵਾਈ ਅਤਿ ਜ਼ਰੂਰੀ ਸੀ, ਪਰ ਮੂਲਵਾਸੀਆਂ 'ਤੇ ਏਡੀ ਵੱਡੀ ਫੌਜੀ ਤਾਕਤ ਨੂੰ ਵਰਤਣ ਦੀ ਕਾਰਵਾਈ ਦੀ ਕੈਨੇਡਾ ਭਰ ਦੀਆਂ ਸਮੂਹ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਇੰਡੀਜੀਨੀਅਸ ਸੰਸਥਾਵਾਂ ਸਦਾ ਹੀ ਨਿੰਦਾ ਕਰਦੀਆਂ ਹਨ। ਇਹ ਗੱਲ ਹੋਰ ਵੀ ਦੁਖਾਂਤਕ ਹੈ ਕਿ ਇੱਕ ਰੰਗਦਾਰ ਭਾਈਚਾਰੇ ਦੇ ਵਿਅਕਤੀ ਦੀ ਅਗਵਾਈ ਵਿੱਚ ਆਰਸੀਐਮਪੀ ਦੀ ਇਹ ਨਸਲਵਾਦੀ ਅਤੇ ਨਫ਼ਰਤ ਭਰੀ ਕਾਰਵਾਈ ਹੋਈ, ਜਿਸ ਦੀ ਅਜੇ ਤੱਕ ਉੱਜਲ ਦੁਸਾਂਝ ਨੇ ਮਾਫ਼ੀ ਮੰਗ ਕੇ ਕਲੰਕ ਨੂੰ ਮਿਟਾਉਣ ਦੀ ਕਦੇ ਵੀ ਕੋਸ਼ਿਸ਼ ਨਹੀਂ ਕੀਤੀ। ਕੈਨੇਡਾ ਵਿਚ ਮੂਲ ਵਾਸੀਆਂ ਪ੍ਰਤੀ ਨਸਲਵਾਦ ਦੀਆਂ ਹੋਰ ਵੀ ਅਨੇਕਾਂ ਘਟਨਾਵਾਂ ਹਨ, ਜਿਨਾਂ ਵਿੱਚ ਆਰਸੀਐਮਪੀ ਨੇ ਵਿਤਕਰੇ ਵਾਲੀ ਪਹੁੰਚ ਦੀ ਵਰਤੋਂ ਕੀਤੀ।

ਅੱਜ ਦੀ ਤਾਰੀਖ਼ ਵਿੱਚ ਵੀ ਇਹ ਨਸਲਵਾਦ ਜਾਰੀ ਹੈ। ਕੈਨੇਡਾ ਦੀ ਟੋਰੀ ਪਾਰਟੀ ਦੇ ਆਗੂ ਐਰਿਨ ਓਟੂਲ ਦੇ ਬਿਆਨ ਇਸ ਦੀ ਗਵਾਹੀ ਦਿੰਦੇ ਹਨ, ਜਿਹੜੇ ਕੈਨੇਡਾ ਦੇ ਜਸ਼ਨਾਂ ਨੂੰ ਕਿਸੇ ਵੀ ਪੱਧਰ 'ਤੇ ਮਨਾਉਣ ਦੇ ਵਿਰੋਧ ਦੇ ਉਲਟ ਹਨ। ਆਪਣੀ ਸੌੜੀ ਸੋਚ ਰਾਹੀਂ ਉਹ ਵਿਰੋਧ ਕਰਨ ਵਾਲਿਆਂ ਨੂੰ ਨਿੱਕੇ-ਨਿੱਕੇ ਗਰੁੱਪ ਕਰਾਰ ਦੇ ਕੇ, ਲਗਾਤਾਰ ਧੌਂਸ ਜਮਾ ਰਹੇ ਹਨ। ਦੂਜੇ ਪਾਸੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਮੂਲਵਾਸੀਆਂ ਦੇ ਦਰਦ ਨੂੰ ਜਾਣਦੇ ਹੋਏ ਉਨਾਂ ਲਈ ਹਾਅ ਦਾ ਨਾਅਰਾ ਮਾਰ ਰਹੇ ਹਨ । ਜਗਮੀਤ ਸਿੰਘ ਵੱਲੋਂ ਨਸਲਵਾਦ ਖ਼ਿਲਾਫ਼ ਕੈਨੇਡਾ ਦੀ ਪਾਰਲੀਮੈਂਟ ਵਿੱਚ ਇਹ ਮਤਾ ਪੇਸ਼ ਕਰਨਾ ਵਿਸ਼ੇਸ਼ ਮਹੱਤਵ ਦਾ ਲਿਖਾਇਕ ਹੋ ਨਿਬੜਿਆ ਸੀ। ਉਹ ਅੱਜ ਦੇ ਦੌਰ ਵਿਚ ਮਾਨਵਵਾਦ ਦਾ ਦੂਤ ਅਤੇ ਨਸਲਵਾਦ ਵਿਰੋਧੀ ਆਗੂ ਬਣ ਕੇ, ਵਿਸ਼ਵ ਰਾਜਨੀਤੀ ਦੇ ਮੰਚ 'ਤੇ ਉਜਾਗਰ ਹੋਏ ਹਨ। ਉਨਾਂ ਦਾ ਇਹ ਕਦਮ ਜਿੱਥੇ ਰੰਗ-ਨਸਲ ਦਾ ਵਿਤਕਰਾ ਖਤਮ ਵਿੱਚ ਸਹਾਈ ਹੋਵੇਗਾ, ਉੱਥੇ ਲੋਕ ਮਨਾਂ 'ਚੋਂ ਨਫ਼ਰਤ ਕੱਢਣ ਵਿੱਚ ਵੀ ਮਹੱਤਵਪੂਰਨ ਸਿੱਧ ਹੋਏਗਾ। ਅਸੀਂ ਭੁੱਲੀਏ ਨਾ ਕਿ ਸਾਡੇ ਵੱਡੇ-ਵਡੇਰਿਆਂ 'ਗ਼ਦਰੀ ਬਾਬਿਆਂ' ਨੇ ਕੈਨੇਡਾ ਦੀ ਧਰਤੀ 'ਤੇ ਮੂਲਵਾਸੀਆਂ ਨੂੰ 'ਤਾਏ ਕੇ' ਆਖਦਿਆਂ 'ਵੱਡਿਆਂ' ਵਜੋਂ ਸਤਿਕਾਰ ਦਿੱਤਾ ਸੀ। ਅੱਜ ਸਾਡਾ ਫ਼ਰਜ਼ ਵੀ ਬਣਦਾ ਹੈ ਕਿ ਇਨਾਂ ਦੇ ਦੁੱਖ ਵੰਡਾਉਣ ਲਈ ਵਧ- ਚੜ ਕੇ ਅੱਗੇ ਆਈਏ। 'ਲਾਲ ਭਾਰਤੀ' (ਰੈੱਡ ਇੰਡੀਅਨ) ਵਰਗੇ ਅਪਮਾਨਜਨਕ ਸ਼ਬਦਾਂ ਨਾਲ ਸੰਬੋਧਨ ਕਰਨ ਵਾਲੀ ਨਸਲਵਾਦੀ ਅਤੇ ਜਾਤੀਵਾਦੀ ਵਿਤਕਰੇ ਵਾਲੀ ਸੋਚ ਤਿਆਗ ਕੇ, ਇੰਡਿਜਨਸ ਭਾਈਚਾਰੇ ਦਾ ਸਤਿਕਾਰ ਕਰੀਏ ਕਿਉਂਕਿ :

'ਰੰਗ ਨਸਲ ਦਾ ਵਿਤਕਰਾ, ਮਾਨਵਵਾਦ ਖ਼ਿਲਾਫ਼।
ਭਿੰਨ ਭੇਦ ਦੇ ਲੱਛਣੀ, ਜੀਵਨ ਬਣੇ ਸਰਾਪ।'

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**